ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ

SADE LOK

sadelok.com

6-12 ਅਗਸਤ 2025

ਸਾਲ 16ਵਾਂ - ਅੰਕ 32

email : info@sadelok.com

Ph. : 510-706-1300

Fax : 925-373-1300

## ਹਿਮਾਚਲ 'ਚ ਮੌਤ ਦਾ ਤਾਂਡਵ

### ਉਤਰਾਖੰਡ 'ਚ ਬੱਦਲ ਫਟਣ ਕਾਰਨ ਮਚੀ ਭਾਰੀ ਤਬਾਹੀ



(ਦੇਖੋ ਸਫ਼ਾ 27 'ਤੇ)

## ਭੈਣ ਕੋਲੋਂ ਵੀਰ ਵੇ ਬੰਨਾ ਲੈ ਰੱਖੜੀ, ਸੋਹਣੇ ਜਹੇ ਗੁੱਟ ਤੇ ਸਜਾ ਲੈ ਰੱਖੜੀ। ਰੱਖੜੀ ਦੀ ਲੱਖ-ਲੱਖ ਵਧਾਈ



(ਦੇਖੋ ਸਫ਼ਾ 30-31 'ਤੇ)

## ਟਰੰਪ ਦੀਆਂ ਨੀਤੀਆਂ ਕਾਰਨ ਵੱਡੀਆਂ ਕੰਪਨੀਆਂ ਮੁੜ ਅਮਰੀਕਾ ਆਉਣ ਲੱਗੀਆਂ

### ਐਪਲ ਵੱਲੋਂ ਅਮਰੀਕਾ 'ਚ $600 ਬਿਲੀਅਨ ਤੋਂ ਵੱਧ ਨਿਵੇਸ਼ ਅਤੇ 20,000 ਨੌਕਰੀਆਂ ਦੇਣ ਦਾ ਦਾ ਐਲਾਨ

**Make America Great Again**

ਵਾਸ਼ਿੰਗਟਨ : ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਐਪਲ ਦੇ ਸੀ.ਈ.ਓ. ਟਿਮ ਕੂਕ ਨੇ ਵ੍ਹਾਈਟ ਹਾਊਸ ਵਿੱਚ ਐਲਾਨ ਕੀਤਾ ਕਿ ਐਪਲ ਅਮਰੀਕਾ ਵਿੱਚ ਨਿਰਮਾਣ ਤੇ ਉਤਪਾਦਨ ਲਈ $600 ਬਿਲੀਅਨ ਦਾ ਨਿਵੇਸ਼ ਕਰੇਗਾ। ਇਹ ਫੈਸਲਾ ਉਨ੍ਹਾਂ ਦੇ ਸਪਲਾਈ ਚੇਨ ਨੂੰ ਅਮਰੀਕਾ ਵੱਲ ਲਿਆਉਣ ਅਤੇ ਟੈਰਿਫ ਤੋਂ ਬਚਣ ਦੇ ਉਦੇਸ਼ ਨਾਲ ਕੀਤਾ ਗਿਆ ਹੈ।

ਐਪਲ ਨੇ ਫਰਵਰੀ ਵਿੱਚ ਪਹਿਲਾਂ ਹੀ ਐਲਾਨ

(ਦੇਖੋ ਸਫ਼ਾ 27 'ਤੇ)



(ਫੋਟੋ : ਧੰਨਵਾਦ ਸਹਿਤ ਸੋਸ਼ਲ ਮੀਡੀਆ)

## ਅਮਰੀਕਾ ਨੇ ਭਾਰਤ 'ਤੇ ਟੈਰਿਫ ਵਧਾ ਕੇ 50 ਫ਼ੀਸਦ ਕੀਤਾ

### ਭਾਰਤ ਨੇ ਚੀਨ ਵੱਲ ਵਧਾਇਆ ਹੱਥ

ਵਾਸ਼ਿੰਗਟਨ : ਭਾਰਤ ਵੱਲੋਂ ਰੂਸ ਤੋਂ ਲਗਾਤਾਰ ਕੱਚਾ ਤੇਲ ਖ਼ਰੀਦੇ ਜਾਣ ਤੋਂ ਨਾਰਾਜ਼ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਜੁਰਮਾਨੇ ਵਜੋਂ ਭਾਰਤ ਤੋਂ ਆਉਣ ਵਾਲੀਆਂ ਵਸਤਾਂ 'ਤੇ ਟੈਰਿਫ 25 ਫ਼ੀਸਦ ਤੋਂ ਵਧਾ ਕੇ 50 ਫ਼ੀਸਦ ਕਰ ਦਿੱਤਾ ਹੈ। ਅਮਰੀਕਾ ਵੱਲੋਂ ਟੈਰਿਫ ਦੁੱਗਣਾ ਕੀਤੇ ਜਾਣ ਨਾਲ ਕੱਪੜਾ, ਸਮੁੰਦਰੀ ਉਤਪਾਦ



**ਅਮਰੀਕਾ ਦਾ ਵਿਰੋਧ ਕਰਨ 'ਤੇ ਮੈਨੂੰ ਤਾਰਨੀ ਪੈ ਸਕਦੀ ਹੈ ਭਾਰੀ ਕੀਮਤ, ਪਰ ਮੈਂ ਇਸ ਲਈ ਤਿਆਰ ਹਾਂ : ਸ੍ਰੀ ਨਰਿੰਦਰ ਮੋਦੀ**

ਅਤੇ ਚਮੜੇ ਨਾਲ ਬਣੀਆਂ ਵਸਤਾਂ ਦੀ ਬਰਾਮਦ ਜਿਹੇ ਖੇਤਰਾਂ 'ਤੇ ਮਾੜਾ ਅਸਰ ਪੈਣ ਦੀ ਸੰਭਾਵਨਾ ਹੈ। ਟਰੰਪ ਨੇ ਕਾਰਜਕਾਰੀ ਹੁਕਮਾਂ 'ਤੇ ਬੁੱਧਵਾਰ ਨੂੰ ਦਸਤਖ਼ਤ ਕੀਤੇ ਜਿਸ 'ਚ ਕਿਹਾ ਗਿਆ ਕਿ ਰੂਸੀ ਫੈਡਰੇਸ਼ਨ ਦੀ ਸਰਕਾਰ ਵੱਲੋਂ ਅਮਰੀਕਾ ਲਈ ਪੈਦਾ ਹੋ ਰਹੇ ਖ਼ਤਰਿਆਂ ਦੇ ਹੱਲ ਲਈ ਭਾਰਤ 'ਤੇ 25 ਫ਼ੀਸਦ ਵਾਧੂ ਟੈਰਿਫ

(ਦੇਖੋ ਸਫ਼ਾ 28 'ਤੇ)

## ਸਿੱਖਾਂ ਨਾਲ ਹਮੇਸ਼ਾ ਚੱਟਾਨ ਵਾਂਗ ਖੜ੍ਹਨ ਵਾਲੇ ਸਾਬਕਾ ਰਾਜਪਾਲ ਸਤਪਾਲ ਮਲਿਕ ਦਾ ਦੇਹਾਂਤ



ਨਵੀਂ ਦਿੱਲੀ : ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ (79) ਦਾ ਲੰਬੀ ਬਿਮਾਰੀ ਤੋਂ ਬਾਅਦ ਦਿੱਲੀ 'ਚ ਦਿਹਾਂਤ ਹੋ ਗਿਆ। ਉਹ ਪਿਛਲੇ ਲੰਬੇ ਸਮੇਂ ਤੋਂ ਗੁਰਦੇ ਦੀ ਬਿਮਾਰੀ ਤੋਂ ਪੀੜਤ ਸਨ ਅਤੇ ਜ਼ਿਆਦਾ

(ਦੇਖੋ ਸਫ਼ਾ 14 'ਤੇ)

## 1993 ਦੇ ਫ਼ਰਜ਼ੀ ਪੁਲਿਸ ਮੁਕਾਬਲੇ 'ਚ 5 ਪੁਲਿਸ ਅਧਿਕਾਰੀਆਂ ਨੂੰ ਉਮਰ ਕੈਦ, ਪੀੜਤ ਪਰਿਵਾਰਾਂ ਨੂੰ 3.5 ਲੱਖ ਹਰਜਨੇ ਵਜੋਂ ਦੇਣ ਦੇ ਹੁਕਮ



ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰੇ ਗਏ ਨੌਜਵਾਨਾਂ ਦੀਆਂ ਵਿਧਵਾਵਾਂ ਆਪਣੇ ਪਤੀਆਂ ਦੀਆਂ ਤਸਵੀਰਾਂ ਦਿਖਾਉਂਦੀਆਂ ਹੋਈਆਂ।

### 32 ਸਾਲਾਂ ਬਾਅਦ ਬੰਦੇ ਦੀ ਕੀਮਤ ਸਿਰਫ਼ 3.5 ਲੱਖ ਰੁਪਏ

ਐੱਸ. ਏ. ਐੱਸ. ਨਗਰ : ਇਕ ਇਤਿਹਾਸਕ ਅਤੇ ਨਜ਼ੀਰ ਬਣਾਉਣ ਵਾਲੇ ਫ਼ੈਸਲੇ 'ਚ ਮੁਹਾਲੀ ਸਥਿਤ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਨੇ 1993 ਦੇ ਇਕ ਫਰਜ਼ੀ ਪੁਲਿਸ ਮੁਕਾਬਲੇ ਦੇ ਮਾਮਲੇ ਵਿਚ 1 ਅਗਸਤ ਨੂੰ ਦੋਸ਼ੀ ਕਰਾਰ ਦਿੱਤੇ ਪੰਜ ਤਤਕਾਲੀ ਪੰਜਾਬ

(ਦੇਖੋ ਸਫ਼ਾ 24 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories
of nonimmigrant visas
Other Immigration Services
Citizenship
e-Verify, 1-9 and
Other Compliance
Other service -B-1/B-2
Visitor Visasextension
and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno, CA 93711 Tel : 559-271-5511
37-1873 Street Suite #401, Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
License # 24012019
Real Estate Broker
NORTHWEST REAL ESTATE
BERKSHIRE HATHAWAY
HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜ਼ਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਾਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com | cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC

SAN RAMON
Lathrop & Mani Street Manteca
URGENT CARE & CLINIC
Call US : 209-637-0210 | 612-578-8078 | 925-495-0207
CITIZENSHIP ELIGIBILITY AND GREEN CARD APPLICATION
Visit Us Now! Dr. Rajesh Maheshwari, MD
9140 Alcosta Boulevard Ste D San Ramon, CA 94583 (925) 361-5959
15810 Harlan Road #A Lathrop, CA 95330 (209) 983-9000
1040 North Main Street Manteca, CA 95336 (209) 825-51155
San Ramon URGENT CARE & CLINIC
Lathrop URGENT CARE
Main Street URGENT CARE
https ://www.sanramonurgentcare.com | Email us at info@sanramonucc.com

ਪੋਲੀਟੀਕਲ ਅਸਾਈਲਮ - Political Asylum
Deportation of Defense - BIA Appeal
9 Circuit Court - Federal Court
ਗਰੀਨਕਾਰਡ - ਸਿਟੀਜਨਸ਼ਿਪ
Green Card - Citizenship
ਡਾਈਵੋਰਸ - ਸਿਵਲ ਐਂਡ ਕਰੀਮੀਨਲ ਕੇਸ
Divorce - Civil and Criminal Cases
Family Petition Immigration
Travel document - Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
209-481-7750
209-624-3919
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਕੈਲੀਫੋਰਨੀਆਂ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਨੂੰ ਮਿਲਿਆ 24 ਖੇਡ ਕਲੱਬਾਂ ਦਾ ਸਮਰਥਨ

## ਤੀਰਥ ਗਾਖਲ ਫੈਡਰੇਸ਼ਨ ਦੀ ਅਗਵਾਈ 'ਚ ਟਰਾਂਟੋ ਕਬੱਡੀ ਕੱਪ 'ਚ ਲਵਾਂਗੇ ਭਾਗ : ਬਲਜੀਤ ਸੰਧੂ



ਸਾਨ ਫਰਾਂਸਿਸਕੋ, (ਐਸ ਅਸ਼ੋਕ ਭੌਰਾ) ਕੈਲੀਫੋਰਨੀਆਂ ਕਬੱਡੀ ਫੈਡਰੇਸ਼ਨ ਆਫ ਅਮਰੀਕਾ ਦੀ ਇੱਕ ਵਿਸ਼ੇਸ਼ ਇਕੱਤਰਤਾ ਇਥੇ ਮਡੈਸਟੋ ਵਿਖੇ ਪ੍ਰਧਾਨ ਤੀਰਥ ਸਿੰਘ ਗਾਖਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪ੍ਰਧਾਨ ਵਲੋਂ ਮੁੱਖ ਸਰਪ੍ਰਸਤ ਸ੍ਰ. ਸਤਵੰਤ ਸਿੰਘ ਸੰਘੇੜਾ ਤੇ ਸਲਾਹਕਾਰ ਕਮੇਟੀ ਤੇ ਹਾਜ਼ਰ ਖੇਡ ਕਲੱਬਾਂ ਦੇ ਮੁਖੀ, ਕਬੱਡੀ ਪ੍ਰੇਮੀ ਤੇ ਫੈਡਰੇਸ਼ਨ ਦੇ ਅਹੁਦੇਦਾਰਾਂ ਦਾ ਧੰਨਵਾਦ ਕਰਨ ਉਪਰੰਤ ਕਬੱਡੀ ਦੀ ਬਿਹਤਰੀ ਤੇ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਵਿਸ਼ਵ ਕਬੱਡੀ ਕੱਪਾਂ ਨੂੰ ਨਵੀਂ ਰੂਪ ਰੇਖਾ ਦੇਣ 'ਤੇ ਵਿਚਾਰ ਕਰਨ ਲਈ ਫੈਡਰੇਸ਼ਨ ਦੇ ਜਨਰਲ ਸਕੱਤਰ ਬਲਜੀਤ ਸਿੰਘ ਸੰਧੂ ਨੂੰ ਅਗਲੀ ਕਾਰਵਾਈ ਕਰਨ ਲਈ ਕਿਹਾ। ਸ੍ਰ. ਸੰਧੂ ਨੇ ਮਾਂ ਖੇਡ ਕਬੱਡੀ ਲਈ ਸਿਰਜੇ ਜਾ ਰਹੇ ਇਤਿਹਾਸਕ ਕਾਰਜ 'ਚ ਸਹਿਯੋਗ ਕਈ ਸਾਰਿਆਂ ਨੂੰ ਸਤਿਕਾਰ ਦੇਂਦਿਆ ਕਿਹਾਕਿ ਮਾਣ ਵਾਲੀ ਗੱਲ ਹੈ ਕਿ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਨਾਲ ਅਮਰੀਕਾ ਦੀਆਂ 24 ਖੇਡ ਕਲੱਬਾਂ ਜੁੜ ਗਈਆਂ ਨੇ ਜੋ ਵਿਸ਼ਵ ਵਿੱਚ ਕਬੱਡੀ ਨੂੰ ਹੋਰ ਬਿਹਤਰੀਨ ਸੇਵਾਵਾਂ ਦੇਣ ਲਈ ਫੈਡਰੇਸ਼ਨ ਦਾ ਸਹਿਯੋਗ ਕਰਨਗੀਆਂ। ਬਲਜੀਤ ਸਿੰਘ ਸੰਧੂ ਹੋਰਾਂ ਸਾਰੀਆਂ ਕਲੱਬਾਂ ਦਾ ਧੰਨਵਾਦ ਕਰਦੀਆਂ ਹਾਂ ਇਹ ਅਹਿਦ ਲਿਆ ਕਿ ਸਾਰੇ ਪ੍ਰਧਾਨ ਤੀਰਥ ਸਿੰਘ ਗਾਖਲ ਨਾਲ ਕਬੱਡੀ ਦੀ ਬੇਹਤਰੀ ਲਈ ਕੀਤੇ ਜਾ ਰਹੇ ਕਾਰਜਾਂ 'ਚ ਮੋਢੇ ਨਾਲ ਮੋਢਾ ਲਾ ਕੇ ਹਰ ਤਰ੍ਹਾਂ ਦਾ ਸਹਿਯੋਗ ਕਰਨਗੇ। ਮੀਟਿੰਗ ਵਿੱਚ ਫੈਡਰੇਸ਼ਨ ਦੇ ਬਾਕੀ ਅਹੁਦੇਦਾਰਾਂ ਦੀ ਚੋਣ ਕਰਨ ਦੇ ਨਾਲ ਨਾਲ ਸਮੂਹਿਕ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਹਿਯੋਗੀ ਕਲੱਬਾਂ ਵੱਲੋਂ ਫੰਡ ਦੇਣਾ, ਟੋਰਾਂਟੋ ਵਿੱਚ ਹੋਣ ਵਾਲੇ ਵਿਸ਼ਵ ਕਬੱਡੀ ਕੱਪ ਵਿੱਚ ਫੈਡਰੇਸ਼ਨ ਦੀ ਅਗਵਾਈ 'ਚ ਸ਼ਾਮਲ ਹੋਣਾ ਤੇ ਅਗਲੇ ਮਹੀਨਿਆਂ ਵਿੱਚ ਉੱਤਰੀ ਅਮਰੀਕਾ 'ਚ ਹੋਣ ਵਾਲੇ ਵਿਸ਼ਵ ਕਬੱਡੀ ਕੱਪਾਂ ਦੀ ਰੂਪ ਰੇਖਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਨੂੰ ਸਾਰਿਆਂ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦਿੱਤੀ। ਇਸ ਮੌਕੇ 'ਤੇ ਕਬੱਡੀ ਪ੍ਰਮੋਟਰ ਬਾਬਾ ਜੋਹਨ ਸਿੰਘ ਗਿੱਲ ਤੇ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਸੁਰਿੰਦਰ ਸਿੰਘ ਅਟਵਾਲ ਨੇ ਵੀ ਆਪਣੇ ਵਿਚਾਰਾਂ 'ਚ ਕਿਹਾ ਕਿ ਨਵੀਂ ਫੈਡਰੇਸ਼ਨ ਤੀਰਥ ਸਿੰਘ ਗਾਖਲ ਦੀ ਅਗਵਾਈ ਹੇਠ ਕਬੱਡੀ ਦੇ ਵਿਕਾਸ ਤੇ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਲਈ ਯੋਗ ਅਗਵਾਈ ਦੇਣ ਦੇ ਪੂਰਨ ਸਮਰੱਥ ਹੈ ਤੇ ਸਾਰਿਆਂ ਨੂੰ ਫੈਡਰੇਸ਼ਨ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ। ਜਨਰਲ ਸਕੱਤਰ ਬਲਜੀਤ ਸੰਧੂ ਨੇ ਕਿਹਾ ਕਿ ਪਿਛਲੇ ਲੰਬੇ ਅਰਸੇ ਤੋਂ ਉਹ ਕਬੱਡੀ ਨੂੰ ਸਮਰਪਿਤ ਨੇ ਤੇ ਉਹ ਇਹ ਅਹਿਮ ਜ਼ਿੰਮੇਵਾਰੀ ਨੂੰ ਨਿਭਾ ਕੇ ਹੋਰ ਵੀ ਖ਼ੁਸ਼ੀ ਮਹਿਸੂਸ ਕਰਨਗੇ ਤੇ ਤੀਰਥ ਸਿੰਘ ਗਾਖਲ ਨਾਲ ਕੰਮ ਕਰਕੇ ਕਬੱਡੀ ਨੂੰ ਹੋਰ ਅੱਗੇ ਲੈ ਕੇ ਜਾਣ ਵਿੱਚ ਉਨ੍ਹਾਂ ਹੌਸਲਾ ਤੇ ਬਲ ਵੀ ਮਿਲੇਗਾ।







# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ
ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ
DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਟਰੰਪ ਵਲੋਂ ਭਾਰਤ ਨੂੰ ਟੈਰਿਫ ਵਧਾਉਣ ਦੀ ਧਮਕੀ

## ਭਾਰਤ ਰੂਸ ਤੋਂ ਸਸਤਾ ਤੇਲ ਖਰੀਦ ਕੇ ਵੱਡਾ ਮੁਨਾਫ਼ਾ ਕਮਾ ਰਿਹੈ : ਟਰੰਪ



ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤ 'ਤੇ ਹੋਰ ਜ਼ਿਆਦਾ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਭਾਰਤ ਰੂਸ ਤੋਂ ਸਸਤਾ ਤੇਲ ਖ਼ਰੀਦ ਰਿਹਾ ਹੈ ਤੇ ਇਸ ਨੂੰ ਖੁੱਲ੍ਹੇ ਬਾਜ਼ਾਰ 'ਚ ਮੁਨਾਫ਼ੇ 'ਤੇ ਵੇਚ ਰਿਹਾ ਹੈ। ਟਰੰਪ ਨੇ ਕਿਹਾ ਕਿ ਭਾਰਤ ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਰੂਸ ਦੇ ਹਮਲੇ ਕਾਰਨ ਯੂਕਰੇਨ 'ਚ ਕਿੰਨੇ ਲੋਕ ਮਰ ਰਹੇ ਹਨ। ਇਸ ਕਾਰਨ ਮੈਂ ਭਾਰਤ 'ਤੇ ਲਗਾਏ ਗਏ ਟੈਰਿਫ 'ਚ ਭਾਰੀ ਵਾਧਾ ਕਰਾਂਗਾ। ਟਰੰਪ ਨੇ ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਕਿਹਾ ਕਿ ਭਾਰਤ ਨਾ ਸਿਰਫ਼ ਰੂਸ ਤੋਂ ਵੱਡੀ ਮਾਤਰਾ 'ਚ ਤੇਲ ਖਰੀਦ ਰਿਹਾ ਹੈ ਸਗੋਂ ਉਹ ਖਰੀਦੇ ਗਏ ਤੇਲ ਦੇ ਜ਼ਿਆਦਾਤਰ ਹਿੱਸੇ ਨੂੰ ਵੱਡੇ ਮੁਨਾਫ਼ੇ ਲਈ ਖੁੱਲ੍ਹੇ ਬਾਜ਼ਾਰ 'ਚ ਵੇਚ ਰਿਹਾ ਹੈ। ਇਸ ਕਾਰਨ ਮੈਂ ਭਾਰਤ 'ਤੇ ਲਗਾਏ ਟੈਰਿਫ ਨੂੰ ਕਾਫ਼ੀ ਹੱਦ ਤੱਕ ਵਧਾਵਾਂਗਾ। ਪਿਛਲੇ ਹਫ਼ਤੇ ਟਰੰਪ ਨੇ ਭਾਰਤ ਤੇ ਰੂਸ 'ਤੇ ਉਨ੍ਹਾਂ ਦੇ ਨੇੜਲੇ ਸੰਬੰਧਾਂ ਲਈ ਤਿੱਖਾ ਹਮਲਾ ਕੀਤਾ ਸੀ ਤੇ ਕਿਹਾ ਸੀ ਕਿ ਦੋਵਾਂ ਦੇਸ਼ਾਂ ਦੀਆਂ ਅਰਥਵਿਵਸਥਾਵਾਂ ਬੇਜਾਨ ਹਨ। ਇਸ ਟਿੱਪਣੀ ਤੋਂ ਬਾਅਦ ਨਵੀਂ ਦਿੱਲੀ ਨੂੰ ਇਹ ਕਹਿਣਾ ਪਿਆ ਸੀ ਕਿ ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਵੱਡੀ ਅਰਥਵਿਵਸਥਾ ਹੈ। ਵ੍ਹਾਈਟ ਹਾਊਸ ਨੇ ਪਿਛਲੇ ਹਫ਼ਤੇ ਐਲਾਨ ਕੀਤਾ ਸੀ ਕਿ ਭਾਰਤ ਨੂੰ ਨਿਰਯਾਤ 'ਤੇ 25 ਫੀਸਦੀ ਟੈਰਿਫ ਦਾ ਸਾਹਮਣਾ ਕਰਨਾ ਪਵੇਗਾ। ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਲਾਹਕਾਰ ਸਟੀਫਨ ਮਿੱਲਰ ਨੇ ਕਿਹਾ ਸੀ ਕਿ ਭਾਰਤ ਅਮਰੀਕਾ ਨਾਲ ਇਮਾਨਦਾਰੀ ਨਾਲ ਪੇਸ਼ ਨਹੀਂ ਆ ਰਿਹਾ। ਮਿੱਲਰ ਨੇ ਫੌਕਸ ਨਿਊਜ਼ 'ਤੇ ਇਕ ਇੰਟਰਵਿਊ 'ਚ ਕਿਹਾ ਕਿ ਭਾਰਤ ਆਪਣੇ-ਆਪ ਨੂੰ ਇਕ ਕਰੀਬੀ ਦੇਸ਼ ਕਹਿੰਦਾ ਹੈ, ਪਰ ਇਸ ਦੇ ਬਾਵਜੂਦ ਇਹ ਸਾਡੇ ਸਾਮਾਨ ਨੂੰ ਮਨਜ਼ੂਰ ਨਹੀਂ ਕਰਦਾ ਤੇ ਅਮਰੀਕੀ ਸਾਮਾਨ 'ਤੇ ਭਾਰੀ ਟੈਰਿਫ ਲਗਾਉਂਦਾ ਹੈ। ਮਿੱਲਰ ਨੇ ਅੱਗੇ ਕਿਹਾ ਕਿ ਭਾਰਤ ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀ ਦਾ ਗਲਤ ਫਾਇਦਾ ਉਠਾਉਂਦਾ ਹੈ ਤੇ ਹੁਣ ਰੂਸ ਤੋਂ ਤੇਲ ਖ਼ਰੀਦ ਕੇ ਯੂਕਰੇਨ ਯੁੱਧ ਨੂੰ ਅਸਿੱਧੇ ਤੌਰ 'ਤੇ ਫੰਡ ਦੇ ਰਿਹਾ ਹੈ। ਮਿੱਲਰ ਨੇ ਕਿਹਾ ਕਿ ਭਾਰਤ ਹੁਣ ਚੀਨ ਜਿੰਨਾ ਰੂਸ ਦਾ ਵੱਡਾ ਗਾਹਕ ਬਣ ਗਿਆ ਹੈ, ਜੋ ਹੈਰਾਨੀਜਨਕ ਹੈ। ਹਾਲਾਂਕਿ, ਸਟੀਫਨ ਮਿੱਲਰ ਨੇ ਇਹ ਵੀ ਮੰਨਿਆ ਕਿ ਟਰੰਪ ਤੇ ਮੋਦੀ ਦੇ ਸੰਬੰਧ ਬਹੁਤ ਚੰਗੇ ਰਹੇ ਹਨ, ਪਰ ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਜੇਕਰ ਭਾਰਤ ਸੰਤੁਲਨ ਨਹੀਂ ਬਣਾਉਂਦਾ ਤਾਂ ਅਮਰੀਕਾ ਲਈ ਸਾਰੇ ਬਦਲ ਖੁੱਲ੍ਹੇ ਹਨ।

# 13 ਸਾਲਾਂ ਬਾਅਦ ਵਿਸਕੌਨਸਨ ਦੇ ਗਵਰਨਰ ਵੱਲੋਂ ਓਕ ਕ੍ਰੀਕ 'ਚ ਸ਼ਹੀਦ ਹੋਏ 7 ਸਿੱਖਾਂ ਨੂੰ ਸ਼ਰਧਾਂਜਲੀ

## ਇਹ ਦਿਨ ਸ਼ਹੀਦ ਹੋਏ ਸਿੰਘ ਸਿੰਘਣੀਆਂ ਦੀ ਯਾਦ ਦੇ ਨਾਲ ਨਾਲ ਏਕਤਾ, ਸੁਰੱਖਿਆ ਅਤੇ ਨਫ਼ਰਤ ਖਿਲਾਫ਼ ਇੱਕਜੁੱਟ ਹੋਣ ਦਾ ਸੁਨੇਹਾ ਦਿੰਦਾ ਹੈ




ਓਕ ਕ੍ਰੀਕ (ਅਮਰੀਕਾ), (ਸਾਡੇ ਲੋਕ) 5 ਅਗਸਤ 2025 - ਅਮਰੀਕਾ ਦੇ ਵਿਸਕੌਨਸਨ ਰਾਜ ਦੇ ਗਵਰਨਰ ਟੋਨੀ ਏਵਰਸ ਨੇ ਅੱਜ ਓਕ ਕ੍ਰੀਕ ਗੁਰਦੁਆਰੇ 'ਚ 13 ਸਾਲ ਪਹਿਲਾਂ ਵਾਪਰੇ ਨਫਰਤ ਭਰੇ ਹਮਲੇ 'ਚ ਮਾਰੇ ਗਏ 7 ਸਿੱਖਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ। 5 ਅਗਸਤ 2012 ਨੂੰ ਇੱਕ ਗੋਰ੍ਹ ਚਮੜੀ ਵਾਲੇ ਉਗਰਪੰਥੀ ਨੇ ਗੋਲੀਬਾਰੀ ਕਰਕੇ ਸੱਤ ਸਿੱਖਾਂ ਦੀ ਹੱਤਿਆ ਕਰ ਦਿੱਤੀ ਸੀ ਤੇ ਕਈ ਹੋਰਾਂ ਨੂੰ ਜ਼ਖਮੀ ਕਰ ਦਿੱਤਾ ਸੀ।

ਗਵਰਨਰ ਏਵਰਸ ਨੇ ਇੱਕ ਪ੍ਰਕਾਸ਼ਨ ਜਾਰੀ ਕਰਦਿਆਂ ਕਿਹਾ, "ਇਹ ਵਰ੍ਹਾ ਸਾਨੂੰ ਯਾਦ ਦਿਲਾਉਂਦਾ ਹੈ ਕਿ ਅਮਰੀਕਾ 'ਚ ਵਧ ਰਹੇ ਨਫ਼ਰਤ ਤੇ ਟਾਰਗਟ ਹਿੰਸਾ ਦੇ ਖ਼ਤਰੇ ਖਿਲਾਫ਼ ਅਜੇ ਵੀ ਬਹੁਤ ਕੰਮ ਕਰਨਾ ਬਾਕੀ ਹੈ। ਇਹ ਸਾਨੂੰ ਮਜ਼ਬੂਤੀ, ਸੰਘਰਸ਼ ਅਤੇ ਉਮੀਦ ਦਾ ਪ੍ਰਤੀਕ ਵੀ ਦਿਖਾਉਂਦਾ ਹੈ।

ਉਨ੍ਹਾਂ ਕਿਹਾ ਕਿ ਰਾਜ ਉਨ੍ਹਾਂ ਬਚ ਜਾਣ ਵਾਲਿਆਂ ਦੀ ਹਿੰਮਤ ਤੋਂ ਪ੍ਰੇਰਿਤ ਹੈ ਅਤੇ "ਉਹ ਸੱਤ ਸਿੱਖ ਜੋ ਇਸ ਹਮਲੇ 'ਚ ਮਾਰੇ ਗਏ, ਆਪਣੇ ਪਰਿਵਾਰਾਂ ਅਤੇ ਭਾਈਚਾਰੇ ਦੀ ਯਾਦ ਵਿੱਚ ਸਦਾ ਲਈ ਜੀਵਤ ਰਹਿਣਗੇ।

ਇਸ ਮੌਕੇ ਤੇ ਕਈ ਸਿੱਖ ਸੰਸਥਾਵਾਂ ਵੱਲੋਂ ਵੀ ਸ਼ਹੀਦਾਂ ਦੀ ਯਾਦ ਵਿੱਚ ਸਮਾਗਮ ਕੀਤੇ ਜਾ ਰਹੇ ਹਨ। Sikh American Legal Defense and Education Fund (SALDEF) ਨੇ ਬਿਆਨ ਜਾਰੀ ਕਰਦਿਆਂ ਕਿਹਾ, "ਆਓ, ਸਿਰਫ਼ ਸੋਚਣ ਨਹੀਂ, ਸਗੋਂ ਕਾਰਵਾਈ ਕਰਕੇ ਉਹਨਾਂ ਦੀ ਯਾਦ ਨੂੰ ਹਮੇਸ਼ਾ ਤਾਜਾ ਕਰਦੇ ਰਹੀਏ।

Sikh Coalition ਨੇ ਵੀ ਗੁਰਦੁਆਰਿਆਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਅਤੇ ਮੰਦਰਾਂ, ਗੁਰਦੁਆਰਿਆਂ ਲਈ ਸਰਕਾਰ ਵੱਲੋਂ ਸੁਰੱਖਿਆ ਫੰਡ ਜਾਰੀ ਕਰਨ ਦੀ ਮੰਗ ਕੀਤੀ। ਹਮਲੇ 'ਚ ਜਾਨ ਗੁਆਉਣ ਵਾਲਿਆਂ ਦੇ ਨਾਂ ਹਨ:

1. ਬੀਬੀ ਪਰਮਜੀਤ ਕੌਰ, 2. ਭਾਈ ਸੀਤਾ ਸਿੰਘ, 3. ਭਾਈ ਰਣਜੀਤ ਸਿੰਘ, 4. ਪ੍ਰਕਾਸ਼ ਸਿੰਘ, 5. ਭਾਈ ਸ਼ੁਬੇਗ ਸਿੰਘ ਖਟਰਾ, 6. ਸਤਵੰਤ ਸਿੰਘ ਕਲੇਕਾ, 7. ਭਾਈ ਪੰਜਾਬ ਸਿੰਘ।

ਇਹ ਦਿਨ ਸ਼ਹੀਦ ਹੋਏ ਸਿੰਘ ਸਿੰਘਣੀਆਂ ਦੀ ਯਾਦ ਦੇ ਨਾਲ ਨਾਲ ਏਕਤਾ, ਸੁਰੱਖਿਆ ਅਤੇ ਨਫ਼ਰਤ ਖਿਲਾਫ਼ ਇੱਕਜੁੱਟ ਹੋਣ ਦਾ ਸੁਨੇਹਾ ਦਿੰਦਾ ਹੈ।

# ਭਾਰਤ ਵਰਗੇ ਮਜ਼ਬੂਤ ਸਹਿਯੋਗੀ ਦੇਸ਼ ਦੇ ਨਾਲ ਸਬੰਧ ਨਾ ਵਿਗਾੜੋ : ਤਜਰਬੇਕਾਰ ਭਾਰਤੀ-ਅਮਰੀਕੀ ਨੇਤਾ ਨਿੱਕੀ ਹੇਲੀ ਦੀ ਟਰੰਪ ਨੂੰ ਸਲਾਹ



ਵਾਸ਼ਿੰਗਟਨ, (ਰਾਜ ਗੋਗਨਾ) : ਸੰਯੁਕਤ ਰਾਸ਼ਟਰ ਵਿੱਚ ਸਾਬਕਾ ਅਮਰੀਕੀ ਰਾਜਦੂਤ ਨਿੱਕੀ ਹੇਲੀ ਨੇ ਡੋਨਾਲਡ ਟਰੰਪ ਦੇ ਭਾਰਤੀ ਸਾਮਾਨਾਂ 'ਤੇ ਭਾਰੀ ਟੈਰਿਫ ਲਗਾਉਣ ਦੇ ਪ੍ਰਸਤਾਵ ਦੀ ਸਖ਼ਤ ਆਲੋਚਨਾ ਕੀਤੀ ਹੈ। ਹੇਲੀ ਨੇ ਚੇਤਾਵਨੀ ਦਿੱਤੀ ਹੈ ਕਿ ਇਹ ਕਦਮ ਭਾਰਤ-ਅਮਰੀਕਾ ਦੇ ਸਬੰਧਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਜੋ ਇਸ ਸਮੇਂ ਬਹੁਤ ਹੀ ਨਾਜ਼ੁਕ ਮੋੜ 'ਤੇ ਹਨ। ਉਨ੍ਹਾਂ ਕਿਹਾ ਕਿ ਇੱਕ ਪਾਸੇ ਤੁਸੀਂ ਚੀਨ ਵਰਗੇ ਦੁਸ਼ਮਣ ਨੂੰ ਰਾਹਤ ਦੇ ਰਹੇ ਹੋ ਜਦੋਂ ਕਿ ਦੂਜੇ ਪਾਸੇ ਤੁਸੀਂ ਭਾਰਤ ਵਰਗੇ ਦੋਸਤ ਦੇਸ਼ ਵਿਰੁੱਧ ਸਖ਼ਤ ਕਾਰਵਾਈ ਕਰ ਰਹੇ ਹੋ, ਇਹ ਕਿਵੇਂ ਹੈ...? ਉਸ ਨੇ ਟਰੰਪ ਨੂੰ ਚੇਤਾਵਨੀ ਦਿੱਤੀ ਹੈ ਕਿ ਅਮਰੀਕਾ ਨੂੰ ਚੀਨ ਵਰਗੇ ਦੁਸ਼ਮਣ ਦੇਸ਼ ਨੂੰ ਰਿਆਇਤਾਂ ਨਹੀਂ ਦੇਣੀਆਂ ਚਾਹੀਦੀਆਂ ਅਤੇ ਭਾਰਤ ਵਰਗੇ ਸਹਿਯੋਗੀ ਦੇਸ਼ ਦੇ ਨਾਲ ਸਬੰਧਾਂ ਨੂੰ ਵਿਗਾੜਨਾ ਨਹੀਂ ਚਾਹੀਦਾ। ਨਿੱਕੀ ਹੇਲੀ ਨੇ ਟਰੰਪ ਪ੍ਰਸ਼ਾਸਨ 'ਤੇ ਦੋਹਰੇ ਮਾਪਦੰਡ ਅਪਣਾਉਣ ਦਾ ਵੀ ਦੋਸ਼ ਲਗਾਇਆ। ਉਸ ਨੇ ਕਿਹਾ ਕਿ ਅਮਰੀਕਾ ਨੇ ਚੀਨ ਨਾਲ ਵਪਾਰ ਲਈ 90 ਦਿਨਾਂ ਦੀ ਟੈਰਿਫ ਛੋਟ ਦਿੱਤੀ ਹੈ, ਜਦੋਂ ਕਿ ਭਾਰਤ ਵਿਰੁੱਧ ਸਖ਼ਤ ਰੁਖ਼ ਅਪਣਾਇਆ ਜਾ ਰਿਹਾ ਹੈ। ਹੇਲੀ ਨੇ ਐਕਸ (ਪਹਿਲਾਂ ਟਵਿੱਟਰ) 'ਤੇ ਲਿਖਿਆ, 'ਭਾਰਤ ਨੂੰ ਰੂਸ ਤੋਂ ਤੇਲ ਖਰੀਦਣਾ ਬੰਦ ਕਰ ਦੇਣਾ ਚਾਹੀਦਾ ਹੈ, ਪਰ ਚੀਨ, ਜੋ ਸਾਡਾ ਦੁਸ਼ਮਣ ਹੈ ਅਤੇ ਰੂਸੀ ਅਤੇ ਈਰਾਨੀ ਤੇਲ ਭੰਡਾਰਾਂ ਦਾ ਸਭ ਤੋਂ ਵੱਡਾ ਖ਼ਰੀਦਦਾਰ ਵੀ ਹੈ, ਨੂੰ 90 ਦਿਨਾਂ ਦੀ ਟੈਰਿਫ ਛੋਟ ਮਿਲੀ ਹੈ। ਇੱਕ ਪਾਸੇ ਚੀਨ ਨੂੰ ਰਿਆਇਤਾਂ ਦੇਣਾ ਅਤੇ ਦੂਜੇ ਪਾਸੇ ਭਾਰਤ ਵਰਗੇ ਮਜ਼ਬੂਤ ਸਹਿਯੋਗੀ ਦੇ ਨਾਲ ਸਬੰਧਾਂ ਨੂੰ ਵਿਗਾੜਨਾ ਸਹੀ ਨਹੀਂ ਹੈ। ਨਿੱਕੀ ਹੇਲੀ ਲੰਬੇ ਸਮੇਂ ਤੋਂ ਭਾਰਤ ਅਤੇ ਅਮਰੀਕਾ ਵਿਚਕਾਰ ਮਜ਼ਬੂਤ ਸਬੰਧਾਂ ਦੀ ਸਮਰਥਕ ਵੀ ਰਹੀ ਹੈ। ਉਸ ਦਾ ਮੰਨਣਾ ਹੈ ਕਿ ਚੀਨ ਦੇ ਵਧਦੇ ਪ੍ਰਭਾਵ ਦਾ ਮੁਕਾਬਲਾ ਕਰਨ ਲਈ ਭਾਰਤ ਵਰਗੇ ਲੋਕਤੰਤਰਾਂ ਨਾਲ ਮਜ਼ਬੂਤ ਸਾਂਝੇਦਾਰੀ ਜ਼ਰੂਰੀ ਹੈ। ਉਸ ਦੀਆਂ ਟਿੱਪਣੀਆਂ ਉਸ ਸਮੇਂ ਆਈਆਂ ਹਨ ਜਦੋਂ ਟਰੰਪ ਨੇ ਇੱਕ ਇੰਟਰਵਿਊ ਵਿੱਚ ਕਿਹਾ ਸੀ ਕਿ ਉਹ ਭਾਰਤੀ ਵਸਤੂਆਂ 'ਤੇ 25% ਟੈਰਿਫ ਵਧਾ ਦੇਣਗੇ।

# ਭਾਰਤੀ ਮੂਲ ਦੀ ਮਥੁਰਾ ਸ੍ਰੀਧਰਨ ਓਹਾਈਓ ਦੀ ਸਾਲਿਸਟਰ ਜਨਰਲ ਨਿਯੁਕਤ, ਸੋਸ਼ਲ ਮੀਡੀਆ ਉਪਰ ਨਸਲੀ ਟਿੱਪਣੀਆਂ



ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਭਾਰਤੀ ਮੂਲ ਦੀ ਮਥੁਰਾ ਸ੍ਰੀਧਰਨ ਨੂੰ ਓਹਾਈਓ ਦੀ 12 ਵੀਂ ਸਾਲਿਸਟਰ ਜਨਰਲ ਨਿਯੁੱਕਤ ਕੀਤਾ ਗਿਆ ਹੈ। ਅਟਰਾਨੀ ਜਨਰਲ ਡੇਵ ਯੋਸਟ ਨੇ ਸੋਸ਼ਲ ਮੀਡੀਆ ਐਕਸ ਉਪਰ ਇਹ ਜਾਣਕਾਰੀ ਦਿੰਦਿਆਂ ਉਸ ਵੱਲੋਂ ਰਾਜ ਤੇ ਸੰਘੀ ਅਦਾਲਤਾਂ ਵਿੱਚ ਕੀਤੇ ਕੰਮ ਦੀ ਸ਼ਲਾਘਾ ਕੀਤੀ ਹੈ। ਪ੍ਰੰਤੂ ਇਸ ਨਿਯੁੱਕਤੀ ਦੇ ਬਾਅਦ ਕੁਝ ਕੱਟੜਪੰਥੀ ਲੋਕਾਂ ਦੁਆਰਾ ਉਸ ਦੇ ਭਾਰਤੀ ਹੋਣ ਦਾ ਮਜ਼ਾਕ ਉਡਾਇਆ ਗਿਆ ਹੈ ਤੇ ਉਸ ਦੀ ਨਾਗਰਿਕਤਾ ਬਾਰੇ ਸਵਾਲ ਉਠਾਏ ਗਏ ਹਨ। ਮੱਥੇ ਉਪਰ ਲਾਈ ਬਿੰਦੀ ਉਪਰ ਵੀ ਟਿੱਪਣੀਆਂ ਕੀਤੀਆਂ ਗਈਆਂ ਹਨ। ਇੱਕ ਵਿਅਕਤੀ ਨੇ ਸੋਸ਼ਲ ਮੀਡੀਆ ਉਪਰ ਲਿੱਖਿਆ ਹੈ ਕਿ ਕੀ ਤੁਹਾਨੂੰ ਇਸ ਨੌਕਰੀ ਲਈ ਸਥਾਨਕ ਨਾਗਰਿਕ ਤੇ ਮੂਲ ਵਾਸੀ ਨਹੀਂ ਮਿਲਿਆ? ਦੂਸਰੇ ਨੇ ਉਸ ਦੀ ਬਿੰਦੀ ਬਾਰੇ ਪੁੱਛਿਆ ਹੈ ਕਿ ਉਸ ਦੇ ਮੱਥੇ ਉਪਰ ਕਾਹਦਾ ਨਿਸ਼ਾਨ ਹੈ? ਇੱਕ ਹੋਰ ਨੇ ਕਿਹਾ ਹੈ ਵਿਦੇਸ਼ੀਆਂ ਨੂੰ ਰਾਜ ਦੇ ਉੱਚ ਅਹੁੱਦਿਆਂ ਉਪਰ ਕਿਉਂ ਚੁਣਿਆ ਜਾ ਰਿਹਾ ਹੈ? ਅਟਾਰਨੀ ਜਨਰਲ ਯੋਸਟ ਨੇ ਸ੍ਰੀਧਰਨ ਦੇ ਹੱਕ ਵਿਚ ਨਿਤਰਦਿਆਂ ਤੁਰੰਤ ਜਵਾਬ ਦਿੱਤਾ ਤੇ ਕਿਹਾ ਕਿ "ਮਥੁਰਾ ਦੇ ਅਮਰੀਕੀ ਨਾ ਹੋਣ ਬਾਰੇ ਟਿੱਪਣੀਆਂ ਗਲਤ ਹਨ। ਉਹ ਅਮਰੀਕਾ ਦੀ ਨਾਗਰਿਕ ਹੈ ਤੇ ਉਸ ਨੇ ਇੱਕ ਅਮਰੀਕੀ ਨਾਗਰਿਕ ਨਾਲ ਵਿਆਹ ਕਰਵਾਇਆ ਹੈ ਤੇ ਉਹ ਇੱਕ ਬੱਚੇ ਦੀ ਮਾਂ ਹੈ ਜੋ ਅਮਰੀਕੀ ਨਾਗਰਿਕ ਹੈ। ਜੇਕਰ ਤੁਹਾਨੂੰ ਉਸ ਦੇ ਨਾਂ ਜਾਂ ਦਿੱਖ ਬਾਰੇ ਇਤਰਾਜ ਹੈ ਤਾਂ ਇਹ ਉਸ ਦੀ ਸਮੱਸਿਆ ਨਹੀਂ ਹੈ ਤੇ ਨਾ ਹੀ ਇਸ ਦਾ ਉਸ ਦੀ ਨਿਯੁੱਕਤੀ ਨਾਲ ਕੋਈ ਲੈਣਾ ਦੇਣਾ ਹੈ।" ਯੋਸਟ ਨੇ ਕਿਹਾ ਹੈ ਕਿ ਮੈਨੂੰ ਉਸ ਦੀਆਂ ਯੋਗਤਾਵਾਂ ਉਪਰ ਭਰੋਸਾ ਹੈ ਤੇ ਉਹ ਓਹਾਈਓ ਦੀ ਬਹੁਤ ਚੰਗੀ ਤਰਾਂ ਸੇਵਾ ਕਰੇਗੀ।

# ਜੰਗਲੀ ਅੱਗ ਦਾ ਕਹਿਰ, 450 ਤੋਂ ਵੱਧ ਘਰ ਖਤਰੇ 'ਚ, ਹਾਈ ਅਲਰਟ ਜਾਰੀ






ਨਿਊਯਾਰਕ, (ਰਾਜ ਗੋਗਨਾ) : ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿੱਚ ਭਿਆਨਕ ਜੰਗਲੀ ਅੱਗ ਫੈਲ ਗਈ ਹੈ। ਪਿਛਲੇ ਸ਼ੁੱਕਰਵਾਰ ਨੂੰ ਸ਼ੁਰੂ ਹੋਈ ਇਹ ਅੱਗ ਤੇਜ਼ੀ ਦੇ ਨਾਲ ਫੈਲ ਰਹੀ ਹੈ। ਅੱਗ ਕਾਰਨ ਸੰਘਣਾ ਧੂੰਆਂ ਫੈਲ ਗਿਆ ਹੈ ਅਤੇ ਹਵਾ ਦੀ ਗੁਣਵੱਤਾ ਵਿਗੜ ਰਹੀ ਹੈ। ਇਸ ਲਈ ਅਧਿਕਾਰੀ ਹਾਈ ਅਲਰਟ 'ਤੇ ਹਨ। 'ਗਿਫੋਰਡ ਫਾਇਰ' ਵਜੋਂ ਜਾਣੀ ਜਾਂਦੀ ਇਹ ਅੱਗ ਹੁਣ 65,000 ਏਕੜ ਤੋਂ ਵੱਧ ਰਕਬੇ ਵਿੱਚ ਫੈਲ ਗਈ ਹੈ।

ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ ਭਿਆਨਕ ਅੱਗ ਨੇ ਆਲੇ-ਦੁਆਲੇ ਦੇ ਇਲਾਕੇ ਵਿੱਚ ਸੰਘਣਾ ਧੂੰਆਂ ਫੈਲਾ ਦਿੱਤਾ। ਅਧਿਕਾਰੀਆਂ ਨੇ ਦੱਖਣੀ ਕੈਲੀਫੋਰਨੀਆ ਕਾਉਂਟੀਆਂ ਜਿਵੇਂ ਕਿ ਲਾਸ ਏਂਜਲਸ, ਵੈਂਚੁਰਾ ਅਤੇ ਕਰਨ ਦੇ ਨਾਲ-ਨਾਲ ਗੁਆਂਢੀ ਲਾਸ ਵੇਗਾਸ ਦੇ ਨਿਵਾਸੀਆਂ ਨੂੰ ਸੁਚੇਤ ਕਰ ਦਿੱਤਾ ਹੈ। ਹਵਾ ਦੀ ਗੁਣਵੱਤਾ ਵਿਗੜਨ ਕਾਰਨ ਕਈ ਸਲਾਹਾਂ ਜਾਰੀ ਕੀਤੀਆਂ ਗਈਆਂ ਹਨ। ਨੇੜਲੇ ਖੇਤਰਾਂ ਦੇ ਲੋਕਾਂ ਨੂੰ ਜੋ ਸਭ ਤੋਂ ਵੱਧ ਪ੍ਰਭਾਵਿਤ ਹਨ, ਉਨ੍ਹਾਂ ਨੂੰ ਖਾਲੀ ਕਰਵਾਇਆ ਜਾ ਰਿਹਾ ਹੈ। ਦੂਜੇ ਪਾਸੇ ਅਧਿਕਾਰੀ ਅੱਗ 'ਤੇ ਕਾਬੂ ਪਾਉਣ ਲਈ ਪੂਰੀ ਕੋਸ਼ਿਸ਼ ਕਰ ਰਹੇ ਹਨ। ਅਧਿਕਾਰੀਆਂ ਨੇ ਕਿਹਾ ਅੱਗ 'ਤੇ ਸਿਰਫ਼ 3 ਪ੍ਰਤੀਸ਼ਤ ਕਾਬੂ ਪਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਮੌਸਮ ਦੀ ਸਥਿਤੀ ਕਾਰਨ ਰੁਕਾਵਟਾਂ ਨੂੰ ਨਹੀਂ ਹਟਾਇਆ ਜਾ ਰਿਹਾ ਸੀ। ਅਧਿਕਾਰੀਆਂ ਨੇ ਅੱਗ ਕਾਰਨ ਆਲੇ-ਦੁਆਲੇ ਦੀਆਂ ਸੜਕਾਂ ਨੂੰ ਵੀ ਬੰਦ ਕਰ ਦਿੱਤਾ ਹੈ। ਇਸ ਨਾਲ ਆਵਾਜਾਈ ਵਿੱਚ ਵਿਘਨ ਪਿਆ ਹੈ। ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਮੌਸਮ ਗਰਮ ਹੋ ਜਾਵੇਗਾ ਅਤੇ ਹਾਲਾਤ ਹੋਰ ਵੀ ਗੰਭੀਰ ਹੋ ਜਾਣਗੇ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336

hsrotal.64@gmail.com

369 Pine Street, Suite 420, San Francisco, CA 94104


Enyinwalaw@gmail.com



## All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



# ਗਦਰ ਮੈਮੋਰੀਅਲ ਫਾਉਂਡੇਸ਼ਨ ਆਫ ਯੂ ਐਸ ਏ ਸੈਕਰਾਮੈਂਟੋ ਵੱਲੋਂ ਗਦਰੀ ਬਾਬਿਆਂ ਦਾ 25ਵਾਂ ਸਲਾਨਾ ਮੇਲਾ ਕਰਵਾਇਆ ਗਿਆ

## ਬੀਬੀ ਗੁਲਾਬ ਕੌਰ ਦੇ 100ਵੇਂ ਸ਼ਹੀਦੀ ਸਾਲ ਨੂੰ ਸੀ ਸਮਰਪਤ





ਸੈਕਰਾਮੈਂਟੋ, ਕੈਲੀਫੋਰਨੀਆ, (ਹੁਸਨ ਲੜੋਆ ਬੰਗਾ) : ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਯੂਐਸਏ ਵੱਲੋਂ ਗਦਰੀ ਬਾਬਿਆਂ ਦਾ 25ਵਾਂ ਸਲਾਨਾ ਮੇਲਾ ਹੋਟਲ ਹੋਲੀਡੇ ਇਨ ਐਕਸਪ੍ਰੈਸ ਸੈਕਰਾਮੈਂਟੋ ਵਿਖੇ ਕਰਾਇਆ ਗਿਆ ਜਿਸ ਵਿੱਚ ਭਾਈਚਾਰਕ ਸਾਂਝ ਨੂੰ ਦਰਸਾਉਂਦੇ ਹੋਏ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦੇ ਪਹੁੰਚੇ, ਇਸ ਉਪਰੰਤ ਇੰਡੀਆ ਤੋਂ ਲੈ ਕੇ ਕੈਨੇਡਾ ਅਮਰੀਕਾ ਤੋਂ ਵੱਖ-ਵੱਖ ਸੂਝਵਾਨ ਬੁਲਾਰਿਆਂ ਨੇ ਸ਼ਿਰਕਤ ਕੀਤੀ। ਗਦਰ ਪਾਰਟੀ ਦੇ ਸ਼ਹੀਦ ਤੇ ਸਮੂਹ ਇਨਕਲਾਬੀਆਂ ਤੇ ਦੇਸ਼ ਭਗਤਾਂ ਦੀ ਯਾਦ ਚ ਇਹ ਕਰਵਾਇਆ ਗਿਆ ਇਹ ਮੇਲਾ ਸਾਹਿਤਕ ਵਿਚਾਰਾਂ, ਦੇਸ਼ ਭਗਤੀ ਦੇ ਜਜ਼ਬਿਆਂ ਤੇ ਸੂਝਵਾਨ ਬੁਲਾਰਿਆਂ ਦੇ ਸੁਨੇਹੇ ਨਾਲ ਨੇਪੜੇ ਚੜਿਆ। ਖਾਸ ਤੌਰ ਤੇ ਇਸ ਗਦਰੀ ਬਾਬਿਆਂ ਦੇ ਸਮਾਗਮ ਦੇ ਵਿੱਚ ਥੀਨ ਹੋ ਡਿਸਟ੍ਰਿਕ ਅਟਾਰਨੀ ਸੈਕਰਾਮੈਂਟੋ ਕਾਊਂਟੀ, ਡਾ. ਪ੍ਰਿਥੀਪਾਲ ਸਿੰਘ ਸੋਹੀ, ਪਰਮਵੀਰ ਸਿੰਘ ਬਾਠ ਡਾ. ਹਰਿੰਦਰ ਕੌਰ ਸੋਹੀ ਤੇ ਪੰਜਾਬ ਤੋਂ ਸਪੈਸ਼ਲ ਤੌਰ ’ਤੇ ਵਿਧਾਇਕ ਨਰਿੰਦਰ ਕੌਰ ਭਾਰਜ ਤੇ ਐਮਐਲਏ ਫਰੀਦਕੋਟ ਗੁਰਦਿੱਤ ਸਿੰਘ ਸੇਖਾਵਾਂ ਤੋਂ ਇਲਾਵਾ ਐਲਕਰੋਵ ਦੇ ਮੇਅਰ ਬੌਬੀ ਸਿੰਘ ਐਲਨ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ ਇਸ ਸਾਰੇ ਸਮਾਗਮ ਦੀ ਯੋਜਨਾਬੰਦੀ ਪ੍ਰਬੰਧਕਾਂ ਵੱਲੋਂ ਸੁਚੱਜੇ ਢੰਗ ਨਾਲ ਕੀਤੀ ਗਈ ਸੀ ਇਸ ’ਚ ਖਾਣੇ ਦਾ ਪ੍ਰਬੰਧ ਸਾਹਿਤਕ ਕਿਤਾਬਾਂ ਸ਼ਹੀਦਾਂ ਦੀਆਂ ਫੋਟੋਆਂ ਦੀ ਪ੍ਰਦਰਸ਼ਨੀ ਤੇ ਵਿਸ਼ੇਸ਼ ਤੌਰ ’ਤੇ ਗਦਰੀ ਬਾਬਿਆਂ ਦੀ ਡਾਊਨ ਟਾਊਨ ਸੈਕਰਾਮੈਂਟੋ ਵਿੱਚ ਜੋ ਮਜਾਰ ਕਬਰ ਹੈ ਉੱਥੇ ਮਹਿਮਾਨਾਂ ਨੂੰ ਲਿਜਾਇਆ ਗਿਆ। ਇਸ ਸਮਾਗਮ ਦੇ ਮੁੱਖ ਬੁਲਾਰਿਆਂ ਵਿੱਚ ਬੌਬੀ ਸਿੰਘ ਐਲਨ ਮੇਅਰ ਐਲਕ ਗਰੋਵ ਨੇ ਆਪਣੇ ਵਿਚਾਰਾਂ ’ਚ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਦੇ ਨਾਲ ਨਾਲ ਦਰਬਾਰ ਸਾਹਿਬ ਦੇ ਅਟੈਕ ਨੂੰ ਤਾਜ਼ਾ ਕੀਤਾ। ਉਨ੍ਹਾਂ ਕਿਹਾ ਬੇਕਸੂਰ ਲੋਕਾਂ ਨੂੰ ਉੱਥੇ ਸ਼ਹੀਦ ਕਰਨਾ ਇੱਕ ਅਣਮਨੁੱਖੀ ਤੇ ਜੈਨੋਸਾਈਡ ਦਾ ਨਮੂਨਾ ਸੀ ਉਨ੍ਹਾਂ ਨੇ ਇਹ ਵੀ ਕਿਹਾ ਕਿ ਗਦਰੀ ਬਾਬਿਆਂ ਦਾ ਮਿਸ਼ਨ ਆਪਣੀ ਪਹਿਚਾਣ ਲਈ ਸੀ ਤੇ ਅੱਜ ਵੀ ਉਹੀ ਲੜਾਈ ਲੜ ਰਹੇ ਹਾਂ। ਉਹਨਾਂ ਕਿਹਾ ਕਿ ਜਦੋਂ ਤੱਕ ਸਾਰੇ ਸਿੱਖ ਸਮੂਹਿਕ ਤੌਰ ’ਤੇ ਇੱਕ ਨਹੀਂ ਹੁੰਦੇ ਉਦੋਂ ਤੱਕ ਕੋਈ ਵੀ ਲੜਾਈ ਨਾ ਹੀ ਸੰਪੂਰਨ ਹੋ ਸਕਦੀ ਹੈ ਤੇ ਨਾ ਹੀ ਲੜੀ ਜਾ ਸਕਦੀ ਹੈ। ਇਸ ਮੌਕੇ ਡਾ. ਹਰਿੰਦਰ ਕੌਰ ਸੋਹੀ ਜੋ ਰਾਏਕੋਟ ਕਾਲਜ ਦੇ ਸਾਬਕਾ ਅਧਿਆਪਕਾ ਸਨ, ਨੇ ਸ਼ਹੀਦ ਭਗਤ ਸਿੰਘ ਬਾਰੇ ਵਿਚਾਰ ਰੱਖੇ ਇਸ ਮੌਕੇ ਤੇ ਉਨ੍ਹਾਂ ਬੋਲਦਿਆਂ ਕਿਹਾ ਕਿ ਸ਼ਹੀਦ ਭਗਤ ਸਿੰਘ ਹਮੇਸ਼ਾ ਹੀ ਸਰਦਾਰ ਕਰਤਾਰ ਸਿੰਘ ਸਰਾਭੇ ਦੀ ਫੋਟੋ ਆਪਣੀ ਜੇਬ ਵਿੱਚ ਰੱਖਦਾ ਸੀ ਤੇ ਦੋਨੋਂ ਹੀ ਹਥਿਆਰਬੰਦ ਕ੍ਰਾਂਤੀ ਦੇ ਹਾਮੀ ਸਨ ਸੈਂਟਰਲ ਜੇਲ ਲਾਹੌਰ ਵਾਰਡ ਨੰਬਰ 14 ਵਿੱਚ ਨਜ਼ਰਬੰਦ ਸ਼ਹੀਦ ਭਗਤ ਸਿੰਘ ਨੇ ਜੋ ਜੇਲ ’ਚੋਂ ਚਿੱਠੀਆਂ ਲਿਖੀਆਂ ਉਹਨਾਂ ਨੂੰ ਵੀ ਪੜ੍ਹ ਕੇ ਸੁਣਾਇਆ। ਇਸ ਮੌਕੇ ਪ੍ਰਿਥੀਪਾਲ ਸਿੰਘ ਸੋਹੀ ਜਿਸ ਨੇ ਗਦਰੀ ਬਾਬਿਆਂ ਬਾਰੇ ਖੋਜਾਂ ਵੀ ਕੀਤੀਆਂ ਨੇ ਗਦਰੀ ਬਾਬਿਆਂ ਦੇ ਇਤਿਹਾਸ ਤੋਂ ਜਾਣੂ ਕਰਵਾਇਆ ਤੇ ਵਿਸਥਾਰ ਨਾਲ ਜਾਣਕਾਰੀ ਦਿੱਤੀ, ਬੀਬੀ ਗੁਲਾਬ ਕੌਰ ਜਿਸ ਦਾ ਕਿ ਸੌਵਾਂ ਸ਼ਹੀਦੀ ਸਾਲ ਹੈ ਨੂੰ ਸ਼ਰਧਾਂਜਲੀ ਭੇਂਟ ਕਰਨ ਤੋਂ ਬਾਅਦ ਗਦਰੀ ਬਾਬਿਆਂ ਦੇ ਇਤਿਹਾਸ ਬਾਰੇ ਭਰਪੂਰ ਜਾਣਕਾਰੀ ਦਿੱਤੀ, ਉਨ੍ਹਾਂ ਜਾਣਕਾਰੀ ਦਿੰਦਿਆਂ ਹੋਇਆ ਕਿਹਾ ਕਿ 5200 ਬੰਦਾ 1907 ਚ ਕਨੇਡਾ ਆਇਆ ਤੇ 1913 ਦੇ ਵਿੱਚ 7 ਹਜਾਰ ਪੰਜਾਬੀ ਅਮਰੀਕਾ ਆਏ ਸਨ। 1 ਨਵੰਬਰ 1913 ’ਚ ਗਦਰ ਅਖਬਾਰ ਕੱਢਿਆ ਗਿਆ 1914 ’ਚ ਵਰਲਡ ਵਾਰ ਲੱਗੀ ਦਾ ਫਾਇਦਾ ਚੁੱਕਦੇ ਹੋਏ ਗਦਰੀ ਬਾਬੇ ਭਾਰਤ ਨੂੰ ਗਏ ਤੇ ਦੇਸ਼ ਦੀ ਆਜ਼ਾਦੀ ਦੇ ਵਿੱਚ ਵਡਮੁੱਲਾ ਯੋਗਦਾਨ ਪਾਇਆ। ਸੋਹੀ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਬਾਕੀ ਬੁਲਾਰਿਆਂ ਦੇ ਵਿੱਚ ਥੀਨ ਹੋ ਡਿਸਟਕ੍ਰਿਟ ਅਟਾਰਨੀ ਸੈਕਰਾਮੈਂਟੋ, ਪ੍ਰਾਈਮ ਏਸ਼ੀਆ ਦੇ ਪੱਤਰਕਾਰ ਪਰਮਵੀਰ ਬਾਠ ਨੇ ਵੀ ਆਪਣੇ ਵਿਚਾਰ ਰੱਖੇ। ਨਰਿੰਦਰ ਕੌਰ ਭਾਰਜ, ਗੁਰਦਿੱਤ ਸਿੰਘ ਐਮ ਐਲ ਏ ਫਰੀਦਕੋਟ ਸੇਖਾਵਾਂ ਸਥਾਨਕ ਸਿਆਸੀ ਬੰਦਸ਼ਾਂ ਕਰਕੇ ਭਾਵੇਂ ਆਪਣੇ ਵਿਚਾਰ ਨਹੀਂ ਰੱਖ ਸਕੇ ਪਰ ਪ੍ਰਬੰਧਕਾਂ ਵੱਲੋਂ ਉਨ੍ਹਾਂ ਨੂੰ ਸਟਾਕਟਨ ਗੁਰਦੁਆਰਾ ਸਾਹਿਬ ਜੋ ਗਦਰੀ ਬਾਬਿਆਂ ਦਾ ਪਹਿਲਾ ਗੁਰਦੁਆਰਾ ਤੇ ਡਾਊਨ ਟਾਊਨ ਸੈਕਰਾਮੈਂਟੋ ਜਿੱਥੇ ਗਦਰੀ ਬਾਬਿਆਂ ਦੀਆਂ ਕਬਰਾਂ ਹਨ, ਉੱਥੇ ਲਿਜਾਇਆ ਗਿਆ ਉੱਥੇ ਉਹਨਾਂ ਨੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਅਤੇ ਆਪਣੇ ਵਿਚਾਰ ਰੱਖੇ। ਇਸ ਸਮਾਗਮ ਨੂੰ ਉਸ ਵੇਲੇ ਭਾਗ ਲੱਗੇ ਜਦੋਂ ਯੂਸੀ ਡੇਵਸ ਦੀ ਵਿਦਿਆਰਥਣ ਰਸਲੀਨ ਕੌਰ ਨੇ ਇੱਕ ਗਦਰੀ ਬਾਬਿਆਂ ਦਾ ਲਿਖਿਆ ਗੀਤ ਆਪਣੀ ਮਧੁਰ ਆਵਾਜ਼ ਵਿੱਚ “ਉੱਠ ਲੜਾਂਗੇ ਕਰਾਂਗੇ ਕੁਝ ਹਾਸਲ” ਪੇਸ਼ ਕੀਤਾ। ਇਸ ਤੋਂ ਇਲਾਵਾ ਜੀਵਨ ਰੱਤੂ ਪੰਮੀ ਮਾਨ ਨੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਵਜੋਂ ਪੰਜਾਬੀ ਗੀਤ ਪੇਸ਼ ਕੀਤੇ। ਇਸ ਸਮਾਗਮ ਦੇ ਮੁੱਖ ਪ੍ਰਬੰਧਕਾਂ ਵਿੱਚ ਗੁਲਿੰਦਰ ਸਿੰਘ ਗਿੱਲ, ਗੁਰਦੀਪ ਸਿੰਘ ਗਿੱਲ, ਜਸਮੀਤ ਸਿੰਘ ਹੁੰਦਲ, ਗੁਰਿੰਦਰ ਸਿੰਘ ਘੁੰਮਣ, ਬਲਰਾਜ ਸਿੰਘ ਹੁੰਦਲ, ਬਲਵਿੰਦਰ ਸਿੰਘ ਦੁਲਕੂ, ਕੁਲਜੀਤ ਸਿੰਘ ਸਿੱਧੂ, ਸੁਖਵਿੰਦਰ ਸਿੰਘ ਭੰਗੂ, ਬਖਸ਼ੀਸ਼ ਸਿੰਘ ਗਿੱਲ, ਬੂਟਾ ਸਿੰਘ ਸਿੱਧੂ, ਜਸਵੀਰ ਸਿੰਘ ਬਰਾੜ, ਜਨਕਰਾਜ ਸਿਧਰਾ, ਰੁਪਿੰਦਰ ਮਹਰੀਮ ਆਦਿ ਵੱਲੋਂ ਮੁੱਖ ਪਰੋਣਿਆਂ ਤੇ ਆਏ ਹੋਏ ਸਰੋਤਿਆਂ ਲਈ ਖਾਸ ਪ੍ਰਬੰਧ ਸਲਾਹੁਣਯੋਗ ਸੀ। ਇਸ ਸਮਾਗਮ ਦੀ ਸਟੇਜ ਕਾਰਵਾਈ ਬੀਬਾ ਜੋਤ ਰਣਜੀਤ ਨੇ ਸੁਚੱਜੇ ਢੰਗ ਨਾਲ ਤੇ ਤਰਤੀਬ ਨਾਲ ਨਿਭਾਈ। ਇਸ ਸਮਾਗਮ ਵਿੱਚ ਵੱਖ-ਵੱਖ ਗੁਰੂ ਘਰਾਂ ਜਿਨ੍ਹਾਂ ਵਿੱਚ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਗੁਰਦੁਆਰਾ ਸਾਹਿਬ ਰਿਓਲੀਂਡਾ, ਗੁਰਦੁਆਰਾ ਸਾਹਿਬ ਬਰਾਡਸ਼ਾਹ ਰੋਡ ਸੈਕਰਾਮੈਂਟੋ, ਗੁਰਦੁਆਰਾ ਸਾਹਿਬ ਲੋਡਾਈ ਆਦਿ ਤੋਂ ਇਲਾਵਾ ਚੜ੍ਹਦਾ ਪੰਜਾਬ ਰੋਜਵਿਲ ਪੰਜਾਬੀ ਹੈਰੀਟੇਜ ਸੁਸਾਇਟੀ ਯੂਬਾ ਸਿਟੀ, ਫਰਿਜਨੋ, ਬੇ ਏਰੀਆ ਯੂਬਾ ਸਿਟੀ ਆਦਿ ਵੱਖ-ਵੱਖ ਥਾਵਾਂ ਤੋਂ ਸਰੋਤਿਆਂ ਨੇ ਸ਼ਮੂਲੀਅਤ ਕੀਤੀ।

# ਰਿਵਾਇਤੀ ‘ਤੀਆਂ ਫਰਿਜ਼ਨੋ ਦੀਆ’ ਨੇ ਵਿਰਾਸਤੀ ਰੰਗਾਂ ਵਿੱਚ ਰੰਗਿਆ ਕਾਰਨੀ ਪਾਰਕ



ਫਰਿਜ਼ਨੋ, (ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ): ਸੈਂਟਰਲ ਵੈਲੀ ਕੈਲੀਫੋਰਨੀਆਂ ਦੇ ਵਿਚਕਾਰ ਵਸਦਾ ਸ਼ਹਿਰ ਫਰਿਜ਼ਨੋ ਪੰਜਾਬੀਅਤ ਦੀ ਭਰਪੂਰ ਵਸੋਂ ਹੋਣ ਕਰਕੇ ਕਿਸੇ ਜਾਣਕਾਰੀ ਦਾ ਮੁਹਤਾਜ਼ ਨਹੀਂ। ਬੇਸ਼ੱਕ ਪੰਜਾਬ ‘ਚੋ ਬਹੁਤ ਸਾਰੇ ਤਿਉਹਾਰ ਅਲੋਪ ਹੋ ਰਹੇ ਹਨ। ਪਰ ਇੱਥੇ ਪਿਛਲੇ ਤਿੰਨ ਦਹਾਕਿਆਂ ਦੇ ਲਗਭਗ ਕੈਲੇਫੋਰਨੀਆ ਵਿੱਚ ਸਭ ਤੋਂ ਪਹਿਲਾ ਰਾਜਪਾਲ ਕੌਰ ਬਰਾੜ, ਗੁੱਡੀ ਰਾਣੂ, ਗੁੱਡੀ ਸਿੱਧੂ ਅਤੇ ਹੋਰ ਸਹੇਲੀਆਂ ਨੇ ਸਮੂੰਹ ਪੰਜਾਬੀ ਔਰਤਾ ਨਾਲ ਰਲ ਕੇ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ ਖੁਲੇ ‘ਕਾਰਨੀ ਪਾਰਕ’ ਦੇ ਦਰੱਖਤਾਂ ਦੀ ਸੰਘਣੀ ਛਾਂ ਹੇਠ ਤੀਆਂ ਦੀ ਸੁਰੂਆਤ ਕੀਤੀ ਸੀ, ਜੋ ਅੱਜ ਵੀ ਬਰਕਰਾਰ ਹੈ। ਬੇਸ਼ੱਕ ਅੱਜ ਪਿੱਪਲਾ ਜਾਂ ਬਰੋਟਿਆਂ ਦੀ ਪੰਜਾਬ ਵਾਂਗ ਛਾਂ ਨਹੀਂ ਹੈ। ਪਰ ਹੋਰ ਬਹੁਤ ਸੋਹਣੇ ਸੰਘਣੇ ਦਰੱਖਤਾਂ ਦੀ ਛਾਂ ਅਤੇ ਆਪਸੀ ਸੱਭਿਆਚਾਰ ਪ੍ਰਤੀ ਪਿਆਰ ਸਦਕਾ ਅੱਜ ਵੀ ਉਸੇ ਤਰ੍ਹਾਂ ਇਹ ਤੀਆਂ ਪਰੰਪਰਾਗਤ ਤਰੀਕੇ ਨਾਲ ਹਰ ਸਾਲ ਲਗਦੀਆਂ ਹਨ। ਜਿੰਨ੍ਹਾਂ ਵਿੱਚ ਮਰਦਾ ਨੂੰ ਆਉਣ ਦੀ ਹਮੇਸਾ ਹੀ ਮਨਾਹੀ ਹੁੰਦੀ ਹੈ।

ਬੇਸ਼ੱਕ ਅੱਜ ਸਾਡੇ ਤਿਉਹਾਰ ਮਨੁੱਖੀ ਜ਼ਿੰਦਗੀ ਸੂਖਮ ਹੋਣ ਕਰਕੇ ਬਾਹਰੀ ਮਹੌਲ ਤੋਂ ਸਟੇਜ਼ ’ਤੇ ਸਿਰਫ ਨੁਮਾਇਸਨੁਮਾ ਹੀ ਰਹਿ ਗਏ ਹਨ। ਜਿੰਨ੍ਹਾਂ ਨੂੰ ਆਮ ਤੌਰ ‘ਤੇ ਕਮਰਸੀਅਲ ਢੰਗ ਨਾਲ ਮਨਾਇਆ ਜਾਦਾ ਹੈ। ਜਿਸ ਵਿੱਚ ਰਿਵਾਇਤਾ ਨੂੰ ਛੱਡ, ਮੁਨਾਫੇ, ਦਿਖਾਵੇ ਅਤੇ ਪਹਿਰਾਵੇ ਉੱਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਪਰ ਇਹ ਗੱਲ ਬੜੇ ਫਖਰ ਦੀ ਹੈ ਕਿ ਫਰਿਜ਼ਨੋ ਦੀਆਂ “ਕਾਰਨੀ ਪਾਰਕ ਵਾਲੀਆਂ ਤੀਆਂ” ਉਸੇ ਤਰ੍ਹਾਂ ਖੁਲੀਆਂ ਗਰਾਉਂਡਾ ਵਿੱਚ ਪਰੰਪਰਾਗਤ (ਰਵਾਇਤੀ) ਤਰੀਕੇ ਲੱਗਦੀਆਂ ਹਨ। ਜਿੱਥੇ ਵੱਖ-ਵੱਖ ਸ਼ਹਿਰਾ ਤੋਂ ਬੀਬੀਆਂ ਭੈਣਾਂ ਰਲ ਆਪਣੇ ਵੱਖ-ਵੱਖ ਗਰੁੱਪਾ ਵਿੱਚ ਗੀਤ ਗਾ, ਗਿੱਧੇ ਦੇ ਮੁਕਾਬਲੇ ਦਾ ਭਰਪੂਰ ਮਨੋਰੰਜ਼ਨ ਕਰਦੀਆਂ ਹੋਈਆ ਆਪਣੀਆਂ ਸਹੇਲੀਆਂ ਨੂੰ ਵੀ ਮਿਲਦੀਆ ਹਨ। ਤੀਆਂ ਦੌਰਾਨ ਪਾਰਕ ਵਿੱਚ ਪੰਜਾਬੀ ਸੱਭਿਆਚਾਰ ਦੇ ਅਨੁਸਾਰ ਵੱਖ-ਵੱਖ ਗਰੁੱਪਾ ਵਿੱਚ ਪੈ ਰਹੇ ਗਿੱਧੇ ਅਤੇ ਬੋਲੀਆਂ ਪੰਜਾਬ ਦੇ ਅਮੀਰ ਵਿਰਸੇ ਨੂੰ ਸਿਰਜ ਕੇ ਪੰਜਾਬੀਅਤ ਦੇ ਇਤਿਹਾਸਕਤਾ ਦਾ ਰੂਪ ਪੇਸ਼ ਕਰ ਰਹੀਆਂ ਸਨ। ਇਸੇ ਤਰ੍ਹਾਂ ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾ ਦੀਆਂ ਰੰਗ-ਬਰੰਗੀਆਂ ਪੁਸ਼ਾਕਾ, ਲਹਿੰਗੇ, ਘੱਗਰੇ ਅਤੇ ਗਹਿਣੇ ਇਸ ਤੀਆਂ ਦੀ ਰੌਣਕ ਨੂੰ ਪੰਜਾਬੀਅਤ ਦੇ ਮਹੌਲ ਵਿੱਚ ਹੋਰ ਵੀ ਰੰਗੀਨ ਬਣਾ ਰਹੇ ਸਨ।

ਤੀਆਂ ਦੌਰਾਨ ਪ੍ਰਬੰਧਕਾਂ ਵੱਲੋਂ ਸਮਾਪਤੀ ’ਤੇ ਖੁੱਲੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਨਵੀਂ ਪੀੜ੍ਹੀ ਦੀ ਮੰਗ ’ਤੇ ਡੀ.ਜੇ. ਦਾ ਵੀ ਖਾਸ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਸਾਲ ਹਮੇਸ਼ਾ ਵਾਂਗ ਤੀਆਂ ਦਾ ਮਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਕਰਵਾ ਰਿਹਾ ਸੀ। ਜਿੱਥੇ ਇੱਕ ਹਜ਼ਾਰ ਦੇ ਲਗਭਗ ਬੀਬੀਆਂ-ਭੈਣਾਂ ਅਤੇ ਬੱਚੀਆਂ ਨੇ ਲਾਈਵ ਗਿੱਧੇ ਅਤੇ ਬੋਲੀਆਂ ਰਾਹੀਂ ਅਮੀਰ ਪੰਜਾਬੀ ਸੱਭਿਆਚਾਰ ਵਿਰਸੇ ਨੂੰ ਸਿੱਜਦਾ ਕਰਦੇ ਹੋਏ ਖੂਬ ਰੌਣਕਾਂ ਲਾਈਆਂ। ਜੋ ਕਿ ਅਜੋਕੇ ਸਮੇਂ ਅੰਦਰ ਅਜਿਹੇ ਤਿਉਹਾਰਾ ਨੂੰ ਪਰੰਪਰਾਗਤ ਤਰੀਕੇ ਨਾਲ ਮਨਾਉਣ ਦੀ ਲੋੜ ਵੀ ਹੈ, ਜਿਸ ਨਾਲ ਆਉਣ ਵਾਲੀ ਨਵੀਂ ਪੀੜੀ ਨੂੰ ਸਹੀ ਢੰਗ ਨਾਲ ਆਪਣੇ ਪਿਛੋਕੜ ਤੋਂ ਜਾਣੂ ਕਰਵਾਉਦੇ ਹੋਏ ਜੀਵਤ ਰੱਖਿਆ ਜਾ ਸਕੇ।

ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਗੁੱਡੀ ਰਾਣੂ, ਰਾਜਪਾਲ ਕੌਰ ਬਰਾੜ, ਰਾਜਿੰਦਰ ਕੌਰ ਢਿੱਲੋਂ, ਪਰਮਜੀਤ ਕੌਰ ਅਤੇ ਸਮੂੰਹ ਸਹਿਯੋਗੀਆਂ ਬੀਬੀਆਂ ਨੂੰ ਜਾਦਾ ਹੈ। ਜਿੰਨਾਂ ਨੇ ਆਪਣੇ ਯਤਨਾਂ ਅਤੇ ਅਣਥੱਕ ਮਿਹਨਤ ਰਾਹੀ ਪੰਜਾਬੀ ਸੱਭਿਆਚਾਰ ਦੀ ਇਸ ਰਵਾਇਤ ਨੂੰ ਕਾਇਮ ਰੱਖਦੇ ਹੋਏ, ਇਸ ਤੀਆਂ ਇਕੱਠ ਨੂੰ ਯਾਦਗਾਰੀ ਬਣਾਇਆ। ਅੰਤ ਆਪਸੀ ਮੇਲ-ਮਿਲਾਪ ਦੀਆਂ ਸਾਂਝਾਂ ਪਾਉਂਦਾ ਇਹ ਰਵਾਇਤੀ ਤੀਆਂ ਦਾ ਇਕੱਠ ਫਿਰ ਤੋਂ ਅਗਲੇ ਸਾਲ ਇਸ ਤਰ੍ਹਾਂ ਕਾਰਨੀ ਪਾਰਕ ਵਿੱਚ ਮਿਲਣ ਦੇ ਵਾਅਦੇ ਨਾਲ ਯਾਦਗਾਰੀ ਹੋ ਨਿਬੜਿਆਂ।

# ਅਮਰੀਕਾ ਨੇ ਭਾਰਤੀ ਵਿਦਿਆਰਥੀਆਂ ਲਈ ਜਾਰੀ ਕੀਤੀ ਨਵੀਂ ਚੇਤਾਵਨੀ



ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਇਮੀਗ੍ਰੇਸ਼ਨ ਨੀਤੀ ਨੂੰ ਸਖ਼ਤ ਕਰਦੇ ਜਾ ਰਹੇ ਹਨ। ਹਾਲ ਹੀ ਵਿਚ ਅਮਰੀਕੀ ਦੂਤਘਰ ਨੇ ਭਾਰਤੀ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਖ਼ਤ ਚੇਤਾਵਨੀ ਜਾਰੀ ਕੀਤੀ ਹੈ। ਚੇਤਾਵਨੀ ਮੁਤਾਬਕ ਜੇਕਰ ਵਿਦਿਆਰਥੀ ਆਪਣੀਆਂ ਸੰਸਥਾਵਾਂ ਨੂੰ ਸੂਚਿਤ ਕੀਤੇ ਬਿਨਾਂ ਕਲਾਸਾਂ ਛੱਡ ਦਿੰਦੇ ਹਨ ਜਾਂ ਆਪਣੇ ਅਕਾਦਮਿਕ ਪ੍ਰੋਗਰਾਮ ਛੱਡ ਦਿੰਦੇ ਹਨ ਤਾਂ ਉਨ੍ਹਾਂ ਦਾ ਵਿਦਿਆਰਥੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਇਹ ਚੇਤਾਵਨੀ ਉਨ੍ਹਾਂ ਵਿਦਿਆਰਥੀਆਂ ਲਈ ਹੈ ਜੋ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਅਮਰੀਕਾ ਵਿਚ ਹਨ। ਦੂਤਘਰ ਨੇ ਇਹ ਵੀ ਕਿਹਾ ਹੈ ਕਿ ਵੀਜ਼ਾ ਇੱਕ ਵਿਸ਼ੇਸ਼ ਅਧਿਕਾਰ ਹੈ, ਅਧਿਕਾਰ ਨਹੀਂ ਅਤੇ ਜੇਕਰ ਕਾਨੂੰਨ ਤੋੜਿਆ ਜਾਂਦਾ ਹੈ ਤਾਂ ਇਸਨੂੰ ਰੱਦ ਕੀਤਾ ਜਾ ਸਕਦਾ ਹੈ।

ਅਮਰੀਕੀ ਦੂਤਘਰ ਨੇ ਸੋਸ਼ਲ ਮੀਡੀਆ ’ਤੇ ਇੱਕ ਸਲਾਹ ਜਾਰੀ ਕਰਦਿਆਂ ਵਿਦਿਆਰਥੀਆਂ ਨੂੰ ਵੀਜ਼ਾ ਨਿਯਮਾਂ ਦੀ ਪਾਲਣਾ ਕਰਨ ਲਈ ਕਿਹਾ ਹੈ। ਦੂਤਘਰ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਨਿਯਮਿਤ ਤੌਰ ’ਤੇ ਕਲਾਸਾਂ ਵਿੱਚ ਜਾਣਾ ਚਾਹੀਦਾ ਹੈ ਅਤੇ ਕਿਸੇ ਵੀ ਅਕਾਦਮਿਕ ਜਾਂ ਨਿੱਜੀ ਸਮੱਸਿਆ ਦੀ ਸਥਿਤੀ ਵਿੱਚ ਆਪਣੇ ਮਨੋਨੀਤ ਸਕੂਲ ਅਧਿਕਾਰੀ (DSO) ਨੂੰ ਸੂਚਿਤ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਵਿਦਿਆਰਥੀਆਂ ਨੂੰ ਅਣਅਧਿਕਾਰਤ ਰੁਜ਼ਗਾਰ ਤੋਂ ਬਚਣਾ ਚਾਹੀਦਾ ਹੈ ਅਤੇ ਆਪਣੀਆਂ ਵੀਜ਼ਾ ਜ਼ਿੰਮੇਵਾਰੀਆਂ ਤੋਂ ਜਾਣੂ ਹੋਣਾ ਚਾਹੀਦਾ ਹੈ। ਇਹ ਚੇਤਾਵਨੀ ਖਾਸ ਤੌਰ ’ਤੇ ਉਨ੍ਹਾਂ ਵਿਦਿਆਰਥੀਆਂ ਲਈ ਮਹੱਤਵਪੂਰਨ ਹੈ ਜੋ F-1 ਵੀਜ਼ਾ ’ਤੇ ਅਮਰੀਕਾ ਵਿੱਚ ਪੜ੍ਹ ਰਹੇ ਹਨ, ਕਿਉਂਕਿ ਇਸ ਵੀਜ਼ਾ ਤਹਿਤ ਵਿਦਿਆਰਥੀਆਂ ਨੂੰ ਇੱਕ ਖਾਸ ਕੋਰਸ ਲੋਡ ਅਤੇ ਨਿਯਮਤ ਹਾਜ਼ਰੀ ਬਣਾਈ ਰੱਖਣੀ ਪੈਂਦੀ ਹੈ। ਜੇਕਰ ਕੋਈ ਵਿਦਿਆਰਥੀ ਇਨ੍ਹਾਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ, ਤਾਂ ਉਸਨੂੰ ਪ੍ਰੋਗਰਾਮ ਤੋਂ ਹਟਾ ਦਿੱਤਾ ਜਾ ਸਕਦਾ ਹੈ ਅਤੇ ਦੇਸ਼ ਵਿੱਚ ਉਸਦੀ ਕਾਨੂੰਨੀ ਸਥਿਤੀ ਨੂੰ ਖ਼ਤਰਾ ਹੋ ਸਕਦਾ ਹੈ।

ਜੁਲਾਈ 2025 ਤੋਂ ਲਾਗੂ ਹੋਣ ਵਾਲੇ ਨਵੇਂ ਨਿਯਮਾਂ ਤਹਿਤ ਵਿਦਿਆਰਥੀ ਵੀਜ਼ਾ ਧਾਰਕਾਂ, ਜਿਨ੍ਹਾਂ ਵਿੱਚ F-1 ਅਤੇ OPT ਸਥਿਤੀ ਵਾਲੇ ਵੀ ਸ਼ਾਮਲ ਹਨ ਨੂੰ ਪੂਰਾ ਸਮਾਂ ਦਾਖਲਾ ਅਤੇ ਅਕਾਦਮਿਕ ਸਥਿਤੀ ਬਣਾਈ ਰੱਖਣੀ ਚਾਹੀਦੀ ਹੈ। ਅਜਿਹਾ ਨਾ ਕਰਨ ’ਤੇ ਤੁਰੰਤ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਭਵਿੱਖ ਵਿੱਚ ਅਮਰੀਕੀ ਵੀਜ਼ਾ ਅਰਜ਼ੀਆਂ ’ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਦੂਤਘਰ ਨੇ ਇਹ ਵੀ ਕਿਹਾ ਹੈ ਕਿ ਜੇਕਰ ਕਿਸੇ ਵਿਦਿਆਰਥੀ ਨੂੰ ਅਮਰੀਕਾ ਵਿੱਚ ਹਮਲੇ, ਘਰੇਲੂ ਹਿੰਸਾ ਜਾਂ ਹੋਰ ਅਪਰਾਧਾਂ ਲਈ ਗ੍ਰਿਫ਼ਤਾਰ ਕੀਤਾ ਜਾਂਦਾ ਹੈ, ਤਾਂ ਉਸਦਾ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ ਅਤੇ ਉਸਨੂੰ ਭਵਿੱਖ ਵਿੱਚ ਅਮਰੀਕੀ ਵੀਜ਼ਾ ਲਈ ਅਯੋਗ ਘੋਸ਼ਿਤ ਕੀਤਾ ਜਾ ਸਕਦਾ ਹੈ। ਇਹ ਚੇਤਾਵਨੀ ਅਜਿਹੇ ਸਮੇਂ ਆਈ ਹੈ ਜਦੋਂ ਅਮਰੀਕੀ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਨਿਯਮਾਂ ਨੂੰ ਸਖ਼ਤ ਕਰ ਦਿੱਤਾ ਹੈ ਅਤੇ ਹਜ਼ਾਰਾਂ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਯੁੱਧ ਸਮੇਂ ਦੇ ਕਾਨੂੰਨ ਦੀ ਵਰਤੋਂ ਕਰ ਰਿਹਾ ਹੈ।

# ਪੁਲਾੜ ਵਿਚ 'ਇਸਰੋ' ਦੀ ਇਕ ਹੋਰ ਪ੍ਰਾਪਤੀ

ਭਾਰਤੀ ਪੁਲਾੜ ਖੋਜ ਦੇ ਨਕਸ਼ੇ 'ਤੇ ਬਿਨਾਂ ਸ਼ੱਕ ਇਹ ਇਕ ਨਾ ਭੁੱਲਣਯੋਗ ਅਤੇ ਇਤਿਹਾਸਕ ਪਲ ਰਿਹਾ ਹੋਏਗਾ, ਜਦੋਂ ਇਸਰੋ (ਭਾਰਤੀ ਪੁਲਾੜ ਖੋਜ ਸੰਸਥਾਨ) ਅਤੇ ਨਾਸਾ (ਰਾਸ਼ਟਰੀ ਹਵਾਬਾਜ਼ੀ ਅਤੇ ਪੁਲਾੜ ਪ੍ਰਸ਼ਾਸਨ, ਅਮਰੀਕਾ) ਦੇ ਸਹਿਯੋਗ ਨਾਲ ਦੁਨੀਆ ਦੇ ਸਭ ਤੋਂ ਮਹੱਤਵਪੂਰਨ ਅਤੇ ਬਹੁ-ਮੰਤਵੀ ਉਪਗ੍ਰਹਿ ਨਿਸਾਰ (ਐਨ.ਆਈ.ਐੱਸ.ਏ.ਆਰ.) ਨੂੰ ਸਫ਼ਲਤਾਪੂਰਵਕ ਲਾਂਚ ਕੀਤਾ ਗਿਆ। ਇਹ ਉਪਗ੍ਰਹਿ ਦੁਨੀਆ ਦੇ ਸਭ ਤੋਂ ਮਹਿੰਗੇ ਉਪਗ੍ਰਹਿਆਂ 'ਚੋਂ ਇਕ ਹੈ। ਇਸ ਉਪਗ੍ਰਹਿ ਦੀਆਂ ਵਿਸ਼ੇਸ਼ਤਾਵਾਂ 'ਚੋਂ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਵੀ ਹੈ ਕਿ ਇਹ ਧਰਤੀ ਦੇ ਸਭ ਤੋਂ ਸੰਘਣੇ, ਹਨੇਰੇ ਅਤੇ ਜੰਗਲੀ ਖੇਤਰਾਂ ਦੀਆਂ ਸਰਗਰਮੀਆਂ ਦੀ ਵੀ ਜਾਂਚ ਕਰ ਸਕਦਾ ਹੈ। ਨਿਸਾਰ ਦੇ ਸਫ਼ਲ ਲਾਂਚ ਤੋਂ ਬਾਅਦ ਇਸਰੋ ਅਤੇ ਨਾਸਾ ਧਰਤੀ 'ਤੇ ਕੁਦਰਤੀ ਆਫ਼ਤਾਂ ਦੀ ਨਿਗਰਾਨੀ ਵਧੇਰੇ ਕੁਸ਼ਲਤਾ ਅਤੇ ਤੇਜ਼ੀ ਨਾਲ ਕਰਨ ਯੋਗ ਹੋਣਗੇ। ਦੇਸ਼ ਦੇ ਸ੍ਰੀਹਰੀਕੋਟਾ ਸਥਿਤ ਸਤੀਸ਼ ਧਵਨ ਪੁਲਾੜ ਕੇਂਦਰ ਤੋਂ ਜੀ.ਐੱਸ.ਐੱਲ.ਵੀ. ਐੱਫ-16 ਰਾਕੇਟ ਰਾਹੀਂ ਲਾਂਚ ਕੀਤੇ ਗਏ ਇਸ ਉਪਗ੍ਰਹਿ ਦੇ ਪ੍ਰੋਗਰਾਮਾਂ 'ਚ ਧਰਤੀ 'ਤੇ ਹਰ ਛੋਟੀ-ਵੱਡੀ ਹਰਕਤ 'ਤੇ ਨਿਰੰਤਰ ਨਜ਼ਰ ਰੱਖਣਾ ਵੀ ਸ਼ਾਮਿਲ ਹੈ। ਇਸ ਸਫ਼ਲ ਲਾਂਚਿੰਗ ਤੋਂ ਬਾਅਦ ਇਸਰੋ ਨਾ ਸਿਰਫ਼ ਭੂਚਾਲ ਤੇ ਜ਼ਮੀਨ ਖਿਸਕਣ ਵਰਗੀਆਂ ਆਫ਼ਤਾਂ ਦਾ ਪਹਿਲਾਂ ਤੋਂ ਹੀ ਪਤਾ ਲਗਾ ਸਕੇਗਾ, ਸਗੋਂ ਗਲੇਸ਼ੀਅਰਾਂ ਦੇ ਪਿਘਲਣ ਦੀ ਹੱਦ ਨੂੰ ਵੀ ਜਾਣ ਸਕੇਗਾ। ਇਸ ਦੁਆਰਾ ਮੁਹੱਈਆ ਕੀਤੀਆਂ ਗਈਆਂ ਤਸਵੀਰਾਂ 'ਚ ਫ਼ਸਲੀ ਚੱਕਰ, ਜ਼ਮੀਨ ਦੀ ਨਮੀ, ਸਮੁੰਦਰੀ ਤਲ ਅਤੇ ਪਾਣੀ ਦੀ ਡੂੰਘਾਈ ਵੀ ਸਪੱਸ਼ਟ ਦਿਖਾਈ ਦੇਵੇਗੀ। ਹੜ੍ਹ, ਜਵਾਰਭਾਟਾ ਵਰਗੀਆਂ ਕੁਦਰਤੀ ਆਫ਼ਤਾਂ ਵੀ ਇਸ ਦੀ ਨਿਗਰਾਨੀ ਹੇਠ ਹੋਣਗੀਆਂ। ਨਿਸਾਰ ਲਾਂਚ ਕਰਨ ਦਾ ਇਹ ਸਾਂਝਾ ਮਿਸ਼ਨ ਪੁਲਾੜ ਅਤੇ ਧਰਤੀ 'ਤੇ ਵਿਗਿਆਨ ਦੇ ਖੇਤਰ 'ਚ ਇਕ ਨਵੀਂ ਅਤੇ ਵੱਡੀ ਕ੍ਰਾਂਤੀ ਲਿਆਉਣ ਦਾ ਆਧਾਰ ਵੀ ਬਣ ਸਕਦਾ ਹੈ। ਇਸ ਨਾਲ ਸਮੁੰਦਰ ਦੇ ਅੰਦਰ ਵੀ ਨਜ਼ਰ ਰੱਖਣ 'ਚ ਮਦਦ ਮਿਲ ਸਕਦੀ ਹੈ। ਇਸ ਉਪਗ੍ਰਹਿ 'ਚ ਜਲਵਾਯੂ ਪਰਿਵਰਤਨ ਤੇ ਮੌਸਮ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨ ਦੀ ਵਿਵਸਥਾ ਵੀ ਹੈ। ਬੇਸ਼ੱਕ ਨਿਸਾਰ ਨੂੰ ਭਾਰਤੀ ਪੁਲਾੜ ਖੋਜ ਕੇਂਦਰ ਇਸਰੋ ਤੋਂ ਲਾਂਚ ਕੀਤਾ ਗਿਆ ਹੈ, ਪਰ ਇਸ ਦੇ ਪ੍ਰਾਜੈਕਟ ਤੋਂ ਲੈ ਕੇ ਲਾਂਚਿੰਗ ਤੱਕ ਹਰ ਪੜਾਅ 'ਤੇ ਇਸਰੋ ਅਤੇ ਨਾਸਾ ਦਾ ਸਰਗਰਮ ਸਹਿਯੋਗ ਰਿਹਾ ਹੈ। ਨਿਸਾਰ ਦਾ ਸ਼ਾਬਦਿਕ ਅਰਥ ਵੀ ਕੁਰਬਾਨੀ ਤੋਂ ਲਿਆ ਗਿਆ ਹੈ, ਪਰ ਇੱਥੇ ਇਸ ਨੂੰ ਨਾਸ-ਇਸਰੋ ਸਿੰਥੈਟਿਕ ਅਪਰਚਰ ਰਡਾਰ ਦਾ ਨਾਂਅ ਦਿੱਤਾ ਗਿਆ ਹੈ।

ਭਾਰਤ ਦੇ ਪੁਲਾੜ ਖੋਜ ਮਿਸ਼ਨ ਨੇ ਇਸਰੋ ਤਹਿਤ ਆਪਣੇ ਸਫ਼ਰ 15 ਅਗਸਤ 1969 ਤੋਂ ਲੈ ਕੇ 30 ਜੁਲਾਈ 2025 ਤੱਕ ਦੇ ਸਮੇਂ 'ਚ ਅਨੇਕਾਂ ਪੜਾਅ ਤੈਅ ਕੀਤੇ ਹਨ। ਇਸਰੋ ਦੁਆਰਾ ਹੁਣ ਤੱਕ ਚਲਾਏ ਗਏ ਕੁੱਲ 131 ਮਿਸ਼ਨਾਂ 'ਚੋਂ 101 ਸਫ਼ਲਤਾਪੂਰਵਕ ਲਾਂਚ ਕੀਤੇ ਗਏ ਹਨ। ਉਂਝ ਵੀ ਇਸਰੋ ਨੂੰ ਆਪਣੀਆਂ ਪ੍ਰਾਪਤੀਆਂ ਦੇ ਮੱਦੇਨਜ਼ਰ ਦੁਨੀਆ ਦੇ ਸਭ ਤੋਂ ਵਧੀਆ ਕੇਂਦਰਾਂ 'ਚ ਗਿਣਿਆ ਜਾਣ ਲੱਗਾ ਹੈ। ਇਸਰੋ ਦੇ 2025 ਤੋਂ ਅਗਲੇ ਦਹਾਕੇ ਤੱਕ ਦੇ ਅਰਸੇ ਵਿਚ ਮਿਸ਼ਨ 'ਗਗਨਯਾਨ' ਦਾ ਸੰਚਾਲਨ ਕਰਨਾ ਮੁੱਖ ਹੈ, ਜਿਸ ਦੀ ਚਰਚਾ ਅੱਜ ਵਿਸ਼ਵ ਪੱਧਰ 'ਤੇ ਹੈ। ਅਗਲੇ ਦੋ ਸਾਲਾਂ 'ਚ ਚਾਰ ਪੜਾਵਾਂ ਤਹਿਤ ਮਿਸ਼ਨ 'ਗਗਨਯਾਨ' ਨੂੰ ਮੁੜ ਸੰਚਾਲਿਤ ਕਰਨ ਦੀ ਯੋਜਨਾ ਵੀ ਹੈ। ਇਸ ਤੋਂ ਪਹਿਲਾਂ 2008 ਤੋਂ 2009 ਤੱਕ ਇਸਰੋ ਵਲੋਂ ਮਿਸ਼ਨ 'ਚੰਦਰਯਾਨ' ਵੀ ਲਾਂਚ ਕੀਤਾ ਗਿਆ ਸੀ। ਇਸ ਸਾਲ ਜੂਨ ਵਿਚ ਭਾਰਤੀ ਪੁਲਾੜ ਯਾਤਰੀ ਸ਼ੁਭਾਂਸ਼ੂ ਸ਼ੁਕਲਾ ਲਗਭਗ ਦੋ ਹਫ਼ਤਿਆਂ ਦੇ ਮਿਸ਼ਨ ਨੂੰ ਸਫ਼ਲਤਾਪੂਰਵਕ ਪੂਰਾ ਕਰਨ ਤੋਂ ਬਾਅਦ ਧਰਤੀ 'ਤੇ ਵਾਪਸ ਆਏ ਹਨ। ਸ਼ੁਭਾਂਸ਼ੂ ਸ਼ੁਕਲਾ ਦਾ ਇਹ ਮਿਸ਼ਨ ਵੀ ਸਾਲ 2027 ਵਿਚ ਲਾਂਚ ਕੀਤੇ ਜਾਣ ਵਾਲੇ ਮਿਸ਼ਨ 'ਗਗਨਯਾਨ' ਦਾ ਇਕ ਹਿੱਸਾ ਹੈ। ਜਿੱਥੋਂ ਤੱਕ ਮਿਸ਼ਨ ਨਿਸਾਰ ਦੇ ਤਕਨੀਕੀ ਢਾਂਚੇ ਅਤੇ ਤਕਨੀਕੀ ਪਹਿਲੂਆਂ ਦਾ ਸੰਬੰਧ ਹੈ ਤਾਂ ਨਿਸਾਰ ਇਕ ਰਡਾਰ ਪ੍ਰਣਾਲੀ ਹੈ ਅਤੇ ਇਸ ਦੇ ਦੋਵੇਂ ਰਡਾਰ ਇਕੋ ਸਮੇਂ ਪੂਰੀ ਧਰਤੀ ਨੂੰ ਆਪਣੇ ਦਾਇਰੇ 'ਚ ਲੈਣ ਦੇ ਸਮਰੱਥ ਹਨ। ਨਿਸਾਰ ਧਰਤੀ ਤੋਂ 747 ਕਿੱਲੋਮੀਟਰ ਦੀ ਉਚਾਈ 'ਤੇ ਧਰਤੀ ਦਾ ਚੱਕਰ ਲਗਾਏਗਾ। ਇਸ ਵਿਚ ਪੂਰੀ ਧਰਤੀ ਹਰ 12 ਦਿਨਾਂ 'ਚ ਹਰ ਪਾਸਿਓਂ ਨਿਰੀਖਣ ਕਰਨ ਦੀ ਸਮਰੱਥਾ ਹੈ। ਇਸਰੋ ਦੇ ਡਾਇਰੈਕਟਰ ਨਿਲੇਸ਼ ਐਮ. ਦੇਸਾਈ ਅਨੁਸਾਰ ਨਿਸਾਰ ਦੀ ਲਾਂਚਿੰਗ ਇਕ ਵੱਡਾ ਬਦਲਾਅ ਸਿੱਧ ਹੋ ਸਕਦਾ ਹੈ। ਇਹ ਮਿਸ਼ਨ ਵਿਸ਼ਵ ਭਾਈਚਾਰੇ ਦੀ ਵਿਚਾਰਧਾਰਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਵਿਸ਼ਵ ਵਿਆਪੀ ਦ੍ਰਿਸ਼ਟੀਕੋਣ ਨੂੰ ਵੀ ਦਰਸਾਉਂਦਾ ਹੈ, ਕਿਉਂਕਿ ਨਿਸਾਰ ਦੀ ਪੂਰਨ ਪ੍ਰਾਪਤੀ ਮਨੁੱਖੀ ਭਲਾਈ ਨੂੰ ਸਮਰਪਿਤ ਹੈ। ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਨਿਸਾਰ ਦਾ ਪੂਰਾ ਡਾਟਾ ਪੂਰੀ ਦੁਨੀਆ ਲਈ ਲਾਭਦਾਇਕ ਸਿੱਧ ਹੋਵੇਗਾ।

ਅਸੀਂ ਸਮਝਦੇ ਹਾਂ ਕਿ ਬੇਸ਼ੱਕ ਨਿਸਾਰ ਦੀ ਲਾਂਚਿੰਗ ਜਿੱਥੇ ਪੁਲਾੜ ਖੋਜ ਵਿਚ ਭਾਰਤ ਦੀ ਵਧਦੀ ਸ਼ਕਤੀ ਤੇ ਸਥਿਤੀ ਦਾ ਪ੍ਰਤੀਕ ਹੈ, ਉੱਥੇ ਹੀ ਭਾਰਤ-ਅਮਰੀਕਾ ਵਿਚਾਲੇ ਇਹ ਪੁਲਾੜ ਖੋਜ ਖੇਤਰ ਵਿਚ ਵਧਦੇ ਸਹਿਯੋਗ ਦਾ ਵੀ ਪਛਾਣ ਚਿੰਨ੍ਹ ਹੈ। ਇਸ ਸਫ਼ਲਤਾ ਨਾਲ ਦੋਵੇਂ ਦੇਸ਼ਾਂ 'ਚ ਵਿਗਿਆਨ ਦੇ ਵੱਖ-ਵੱਖ ਖੇਤਰਾਂ ਵਿਚ ਸਹਿਯੋਗ ਹੋਰ ਵਧਣ ਦੀ ਸੰਭਾਵਨਾ ਹੈ। ਨਾਸਾ ਨੇ ਸੱਚਮੁੱਚ ਇਸ ਮਿਸ਼ਨ ਦੀ ਸਫ਼ਲਤਾ ਲਈ ਵੱਡੀ ਭੂਮਿਕਾ ਨਿਭਾਈ ਹੈ। ਇਸ ਸਮਝੌਤੇ ਅਨੁਸਾਰ ਨਿਸਾਰ ਤੋਂ ਪ੍ਰਾਪਤ ਹੋਣ ਵਾਲੇ ਡਾਟੇ ਨੂੰ ਦੋਵਾਂ ਦੇਸ਼ਾਂ ਵਿਚਾਲੇ ਜ਼ਰੂਰਤ ਤੇ ਵਰਤੋਂ ਦੇ ਆਧਾਰ 'ਤੇ ਵੰਡਿਆ ਜਾਵੇਗਾ। ਇਹ ਡਾਟਾ ਸਰਕਾਰ ਅਤੇ ਵਿਗਿਆਨੀਆਂ ਲਈ ਵੱਖ-ਵੱਖ ਪੱਧਰਾਂ 'ਤੇ ਉਪਲਬਧ ਰਹੇਗਾ। ਇਸ ਤਰ੍ਹਾਂ ਦੋਵੇਂ ਦੇਸ਼ ਉਪਲਬਧ ਡਾਟੇ ਦੀ ਵਰਤੋਂ ਖੇਤੀ ਸੁਧਾਰ, ਵਿਕਾਸ ਪ੍ਰੋਗਰਾਮਾਂ ਅਤੇ ਹੋਰ ਵਿਗਿਆਨਕ ਲੋੜਾਂ ਲਈ ਕਰ ਸਕਣਗੇ। ਸਾਡਾ ਮੰਨਣਾ ਹੈ ਕਿ ਬੇਸ਼ੱਕ ਨਿਸਾਰ ਦੀ ਸਫ਼ਲਤਾ ਨੇ ਦੇਸ਼ ਦੇ ਪੁਲਾੜ ਖੋਜ ਖੇਤਰ ਦੀਆਂ ਪ੍ਰਾਪਤੀਆਂ ਦੇ ਖੇਤਰ 'ਚ ਇਕ ਹੋਰ ਵੱਡਾ ਮੀਲ ਪੱਥਰ ਸਥਾਪਤ ਕੀਤਾ ਹੈ। ਇਸ ਨਾਲ ਨਾ ਸਿਰਫ਼ ਇਸਰੋ ਦੀ ਸਾਖ ਵਧੀ ਹੈ, ਸਗੋਂ ਦੇਸ਼ ਦੇ ਪੁਲਾੜ ਕਾਰੋਬਾਰ ਦਾ ਵੀ ਵਿਸਥਾਰ ਹੋਇਆ ਹੈ।

# ਜਦੋਂ ਲੋਕ ਐਟਮ ਬੰਬ ਦੇ ਤਾਪ ਨਾਲ ਭਾਫ਼ ਬਣ ਗਏ



6 ਅਤੇ 9 ਅਗਸਤ, 1945 ਦੇ ਦੋ ਅਜਿਹੇ ਕਾਲੇ ਦਿਨ ਸਨ ਜਿਨ੍ਹਾਂ ਦੌਰਾਨ ਅਮਰੀਕਾ ਵਲੋਂ ਜਾਪਾਨ ਦੇ ਦੋ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ ਉੱਪਰ ਐਟਮ ਬੰਬਾਂ ਨਾਲ ਹਮਲਾ ਕਰਕੇ ਲਗਭਗ 3 ਲੱਖ 50 ਹਜ਼ਾਰ ਤੋਂ ਵੀ ਜ਼ਿਆਦਾ ਜ਼ਿੰਦਗੀਆਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਗਿਆ ਸੀ। ਦੂਜੇ ਵਿਸ਼ਵ ਯੁੱਧ ਦੌਰਾਨ 1941 ਤੋਂ ਚੱਲ ਰਹੀ ਲਗਾਤਾਰ ਜੰਗ ਵਿਚ ਜਾਪਾਨ ਨੇ ਅਮਰੀਕਾ ਦੇ ਇਕ ਲੱਖ ਤੋਂ ਵੀ ਜ਼ਿਆਦਾ ਸੈਨਿਕ ਮਾਰ ਮੁਕਾਏ ਸਨ ਅਤੇ ਬਦਲੇ ਵਿਚ ਅਮਰੀਕਾ ਨੇ ਜਾਪਾਨ ਦੇ 15 ਲੱਖ ਤੋਂ ਜ਼ਿਆਦਾ ਆਮ ਲੋਕ, ਫ਼ੌਜੀ ਅਤੇ ਕਾਫੀ ਗਿਣਤੀ ਵਿਚ ਸ਼ਹਿਰ ਤਬਾਹ ਕਰ ਦਿੱਤੇ ਸਨ। 1944 ਦੇ ਅਖੀਰ ਵਿਚ ਅਮਰੀਕਾ ਨੇ ਮੈਰੀਆਨਾ ਟਾਪੂਆਂ 'ਤੇ ਕਬਜ਼ਾ ਕਰਕੇ ਜਾਪਾਨ ਦੇ ਜ਼ਿਆਦਾ ਸੰਘਣੀ ਆਬਾਦੀ ਵਾਲੇ ਖੇਤਰਾਂ ਅਤੇ ਉਦਯੋਗਿਕ ਥਾਵਾਂ 'ਤੇ ਲਗਾਤਾਰ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਅਤੇ ਲਗਭਗ ਅਜਿਹੇ ਅੱਧੇ ਸੈਂਕੜੇ ਤੋਂ ਵੀ ਜ਼ਿਆਦਾ ਸ਼ਹਿਰ ਨੇਸਤੋ-ਨਾਬੂਤ ਕਰ ਦਿੱਤੇ ਸਨ।ਜਾਪਾਨ ਦੀ ਹੋ ਰਹੀ ਅਜਿਹੀ ਤਬਾਹੀ ਦੇਖ ਕੇ ਅਮਰੀਕਾ ਨੂੰ ਉਮੀਦ ਸੀ ਕਿ ਹੁਣ ਜਾਪਾਨ ਆਤਮ ਸਮਰਪਣ ਕਰ ਦੇਵੇਗਾ ਪਰ ਜਾਪਾਨ ਨੇ ਅਜਿਹਾ ਨਾ ਕਰਕੇ ਕੈਟਸੂ-ਗੋ ਦੀ ਰਣ ਨੀਤੀ ਅਪਣਾ ਕੇ ਯੁੱਧ ਜਾਰੀ ਰੱਖਿਆ। ਜਿਸ ਕਾਰਨ ਅਮਰੀਕਾ ਵਲੋਂ ਜਾਪਾਨ ਦੇ ਦੋ ਪ੍ਰਮੁੱਖ ਸ਼ਹਿਰਾਂ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਦੁਨੀਆ ਦਾ ਪਹਿਲਾ ਐਟਮ ਹਮਲਾ ਕੀਤਾ ਗਿਆ।

ਇਸ ਜੰਗ ਦੌਰਾਨ ਅਮਰੀਕਾ ਨੂੰ ਡਰ ਸੀ ਕਿ ਜ਼ਮੀਨੀ ਹਮਲੇ ਰਾਹੀਂ ਅਮਰੀਕਾ ਦੇ ਬਹੁਤ ਜ਼ਿਆਦਾ ਸੈਨਿਕ ਮਾਰੇ ਜਾ ਸਕਦੇ ਹਨ, ਇਸ ਲਈ ਅਮਰੀਕਾ ਨੇ ਐਟਮ ਬੰਬ ਨਾਲ ਹਮਲਾ ਕਰਕੇ ਯੁੱਧ ਨੂੰ ਖਤਮ ਕਰਨ ਦਾ ਕਦੇ ਨਾ ਦੁਹਰਾਇਆ ਜਾਣ ਵਾਲਾ ਇਕ ਇਤਿਹਾਸਕ ਫੈਸਲਾ ਲਿਆ। ਅਮਰੀਕਾ ਇਹ ਚਾਹੁੰਦਾ ਸੀ ਕਿ ਜ਼ਮੀਨੀ ਹਮਲੇ ਵਿਚ ਸਾਡੀ ਫ਼ੌਜ ਨੂੰ ਜ਼ਿਆਦਾ ਨੁਕਸਾਨ ਹੋਣ ਤੋਂ ਬਚਾਇਆ ਜਾ ਸਕੇ ਅਤੇ ਨਾਲ ਹੀ ਅਮਰੀਕਾ ਆਪਣੇ ਬਣਾਏ ਪ੍ਰਮਾਣੂ ਹਥਿਆਰ ਵੀ ਪਰਖਣਾ ਚਾਹੁੰਦਾ ਸੀ।

**6 ਅਗਸਤ, 1945 ਦਾ ਦਿਨ** : ਅਮਰੀਕਾ ਨੇ ਐਟਮ ਬੰਬ 1945 ਤੱਕ ਤਿਆਰ ਕਰ ਲਿਆ ਤਾਂ ਇਸਦਾ ਨਿਸ਼ਾਨਾ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ ਨੂੰ ਰੱਖਿਆ ਗਿਆ। ਹਮਲੇ ਲਈ ਦਿਨ ਸੋਮਵਾਰ 6 ਅਗਸਤ 1945 ਦਾ ਸਮਾਂ ਤੈਅ ਕੀਤਾ ਗਿਆ। ਹਮਲੇ ਲਈ ਹੀਰੋਸ਼ੀਮਾ ਦੀ ਥਾਂ ਤਾਂ ਚੁਣੀ ਗਈ ਕਿਉਂਕਿ ਹੀਰੋਸ਼ੀਮਾ ਜਾਪਾਨ ਦਾ ਇਕ ਅਜਿਹਾ ਸ਼ਹਿਰ ਸੀ ਜਿਸ ਵਿਚ ਸਭ ਤੋਂ ਜ਼ਿਆਦਾ ਸਕੂਲ 'ਚ ਕਾਲਜ 'ਤੇ ਹੋਰ ਸੰਸਥਾਵਾਂ ਤੇ ਫ਼ੌਜੀ ਅਦਾਰੇ ਸਨ। ਅਮਰੀਕਾ ਨੇ ਜਾਪਾਨੀ ਸਮੇਂ ਦੇ ਅਨੁਸਾਰ 8:15 ਮਿੰਟ ਤੇ ਹਵਾਈ ਜਹਾਜ਼ ਨੰ: 7354 ਬੀ-29 ਰਾਹੀਂ 3 ਮੀ. ਲੰਬਾ ਤੇ 4 ਟਨ ਭਾਰਾ ਤੇ 0.7 ਡਾਇਆਮੀਟਰ ਵਾਲਾ ਐਟਮ ਬੰਬ ਸੁੱਟਿਆ, ਜਿਸਦਾ ਕੋਡ ਨਾਂਅ ਲਿਟਲ ਬੁਆਏ ਸੀ। ਬੰਬ ਸੁੱਟਣ ਸਮੇਂ ਜਹਾਜ਼ ਲਗਭਗ 1000 ਮੀ. ਦੀ ਉੱਚਾਈ 'ਤੇ ਉੱਡ ਰਿਹਾ ਸੀ। ਇਹ ਸਾਰੇ ਪਲਾਂ ਦੀ ਅਮਰੀਕਾ ਵਲੋਂ ਦੂਜੇ ਜਹਾਜ਼ਾਂ ਰਾਹੀਂ ਇਕ ਵੀਡੀਓ ਫ਼ਿਲਮ ਵੀ ਬਣਾਈ ਗਈ। ਜਹਾਜ਼ ਬੰਬ ਦੇ ਰਾਹੀਂ ਹੀਰੋਸ਼ੀਮਾਂ 'ਤੇ ਮੌਤ ਦਾ ਮੀਂਹ ਪਾ ਕੇ ਜਲਦੀ ਨਾਲ ਵਾਪਸੀ ਲਈ ਰਵਾਨਾ ਹੋ ਗਿਆ। ਐਟਮ ਬੰਬ ਦੇ ਵਿਸਫੋਟ ਨਾਲ ਜਾਪਾਨ ਵਿਚ ਉਸੇ ਦਿਨ ਵਿਚ ਲਗਭਗ 70,000 ਤੋਂ ਜ਼ਿਆਦਾ ਇਨਸਾਨਾਂ ਦੀ ਮੌਤ ਹੋ ਗਈ। ਬੰਬ ਦੀ 4500 ਡਿਗਰੀ ਤੋਂ ਵੀ ਜ਼ਿਆਦਾ ਦੀ ਗਰਮੀ ਨਾਲ ਹਜ਼ਾਰਾਂ ਲੋਕ ਪਲਾਂ ਵਿਚ ਹੀ ਭਾਫ਼ ਬਣ ਕੇ ਉੱਡ ਗਏ ਅਤੇ ਸ਼ਹਿਰ ਦੇ ਉੱਪਰ ਇਕ ਅੱਗ ਦਾ ਵੱਡਾ ਗੋਲਾ ਬਣ ਗਿਆ ਸੀ। ਕਿਸੇ ਨੂੰ ਵੀ ਭੱਜਣ ਲਈ ਜਗ੍ਹਾ ਨਹੀਂ ਸੀ ਲੱਭ ਰਹੀ ਕਿਉਂਕਿ ਚਾਰੇ ਪਾਸੇ ਮੌਤ ਮੌਤ ਹੀ ਮੌਤ ਸੀ। ਇਹ ਪਲ ਜਾਪਾਨ ਲਈ ਬਹੁਤ ਹੀ ਵੱਡੇ ਦੁੱਖ ਦੇ ਪਲ ਸਨ।

**9 ਅਗਸਤ ਦਾ ਹਮਲਾ** : ਤਿੰਨ ਦਿਨ ਪਹਿਲਾਂ ਕੀਤੇ ਐਟਮ ਬੰਬ ਦੇ ਹਮਲੇ ਤੋਂ ਬਾਅਦ ਵੀ ਜਦੋਂ ਜਾਪਾਨ ਨੇ ਹਾਰ ਨਾ ਕਬੂਲੀ ਤਾਂ ਅਮਰੀਕਾ ਵਲੋਂ 9 ਅਗਸਤ ਨੂੰ ਜਾਪਾਨ ਉੱਤੇ ਦੂਜਾ ਐਟਮੀ ਹਮਲਾ ਕਰਨ ਦੀ ਤਿਆਰੀ ਕੀਤੀ ਗਈ। 9 ਅਗਸਤ ਨੂੰ ਟੀਨੀਅਨ

**ਭੁਪਿੰਦਰਵੀਰ ਸਿੰਘ**

ਏਅਰਬੇਸ 'ਤੇ ਅਮਰੀਕਾ ਦੇ ਸੈਨਿਕ ਇਕੱਠੇ ਹੋਏ। ਇਨ੍ਹਾਂ ਵਲੋਂ ਜਾਪਾਨ ਦੇ ਕੋਕੂਰਾ ਸ਼ਹਿਰ 'ਤੇ ਫੈਟ ਮੈਨ ਨਾਮਕ ਐਟਮ ਬੰਬ ਨਾਲ ਹਮਲਾ ਕੀਤਾ ਜਾਣਾ ਸੀ। ਇਸ ਮਿਸ਼ਨ ਵਿਚ ਤਿੰਨ ਜਹਾਜ਼ ਸ਼ਾਮਿਲ ਸਨ ਪਹਿਲਾ ਸੀ ਗਰੇਟ ਆਰਟਿਸਟ। ਇਸ ਦਾ ਕੰਮ ਵਿਸਫੋਟ ਦੀ ਤਾਕਤ ਨੂੰ ਨਾਪਣਾ ਅਤੇ ਦੂਜਾ ਜਹਾਜ਼ ਸੀ, ਸਟਿੰਕ ਜਿਸ ਦਾ ਕੰਮ ਸੀ ਸਾਰੀ ਕਾਰਵਾਈ ਨੂੰ ਫ਼ਿਲਮਾਉਣਾ ਅਤੇ ਤੀਜਾ ਸੀ ਬੀ-29 ਬੋਕਸਕਾਰ ਇਸ ਜਹਾਜ਼ ਵਿਚ ਐਟਮ ਬੰਬ ਸੀ ਅਤੇ ਇਸ ਵਿਚ ਚਾਰ ਲੋਕ ਸਵਾਰ ਸਨ ਜਿਨ੍ਹਾਂ ਚਾਰਾਂ ਵਿਚੋਂ ਜਹਾਜ਼ ਦਾ ਪਾਇਲਟ ਅਤੇ ਮਿਸ਼ਨ ਦਾ ਲੀਡਰ ਮੇਜਰ ਸਵੀਨੀ ਸੀ, ਬਾਕੀ ਤਿੰਨ ਮਿਸ਼ਨ ਦੇ ਵੱਖਰੇ ਵੱਖਰੇ ਕੰਮਾਂ ਦੇ ਮਾਹਿਰ ਸਨ। ਇਨ੍ਹਾਂ ਤਿੰਨਾਂ ਜਹਾਜ਼ਾਂ ਨੇ ਯਾਕੂਸੀਮਾਂ ਟਾਪੂਆਂ ਰਾਹੀਂ ਹੋ ਕੇ ਕੋਕੂਰਾ ਸ਼ਹਿਰ ਉੱਪਰ ਐਟਮ ਹਮਲਾ ਕਰਨਾ ਸੀ। ਦੂਸਰੇ ਪਾਸੇ ਹੀਰੋਸ਼ੀਮਾ 'ਤੇ ਹੋਏ ਐਟਮ ਹਮਲੇ ਕਾਰਨ ਪੂਰੇ ਜਾਪਾਨ ਵਿਚ ਲੋਕ ਡਰ ਨਾਲ ਜੀਅ ਰਹੇ ਸੀ। ਦੁਬਾਰਾ ਹਮਲਾ ਹੋਣ ਦੇ ਡਰੋਂ ਲੋਕਾਂ ਨੂੰ ਏਅਰ ਰੇਡ ਸ਼ੈਲਟਰਾਂ ਵਿਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਸੀ। ਕੋਕੂਰਾ ਸ਼ਹਿਰ 'ਤੇ ਹਮਲੇ ਵਾਲੇ ਦਿਨ ਇਨ੍ਹਾਂ ਤਿੰਨ ਜਹਾਜ਼ਾਂ ਨੂੰ ਇਕੱਠੇ ਕਾਰਵਾਈ ਕਰਨ ਦਾ ਹੁਕਮ ਸੀ ਪਰ ਹਮਲੇ ਦੀ ਕਾਰਵਾਈ ਫਿਲਮਾਉਣ ਵਾਲੇ ਬਿਗ ਸਟਿੰਕ ਜਹਾਜ਼ ਦੇ ਸਹੀ ਸਮੇਂ 'ਤੇ ਨਾ ਪੁੱਜਣ ਕਾਰਨ ਅਤੇ ਬੰਬ ਵਾਲੇ ਜਹਾਜ਼ ਬੋਕਸਕਾਰ ਦੇ ਤੇਲ ਟੈਂਕ ਵਿਚ ਖਰਾਬੀ ਆ ਜਾਣ ਕਾਰਨ ਦੋ ਜਹਾਜ਼ ਹੀ ਸਵੇਰੇ 10.30 ਵਜੇ ਕੋਕੂਰਾ ਸ਼ਹਿਰ ਐਟਮ ਹਮਲੇ ਲਈ ਪਹੁੰਚੇ। ਉਸ ਸਮੇਂ ਸ਼ਹਿਰ ਦੇ ਮੌਸਮ ਵਿਚ ਜ਼ਿਆਦਾ ਖ਼ਰਾਬੀ ਹੋਣ ਕਾਰਨ ਕੋਕੂਰਾ ਸ਼ਹਿਰ ਉੱਤੇ ਐਟਮ ਬੰਬ ਨਾਲ ਹਮਲੇ ਦੀ ਕਾਰਵਾਈ ਰੋਕ ਦਿੱਤੀ ਗਈ ਅਤੇ ਜਹਾਜ਼ ਵਿਚ ਈਂਧਣ ਦੀ ਘਾਟ ਹੋਣ ਕਾਰਨ ਅਮਰੀਕੀ ਜਹਾਜ਼ਾਂ ਨੇ ਦੂਸਰੇ ਸਭ ਤੋਂ ਨੇੜਲੇ ਨਿਸ਼ਾਨੇ ਨਾਗਾਸ਼ਾਕੀ ਸ਼ਹਿਰ ਤੇ ਹਮਲਾ ਕਰਨ ਦਾ ਫੈਸਲਾ ਲਿਆ ਗਿਆ। ਸਵੇਰੇ 10.55 'ਤੇ ਅਮਰੀਕਾ ਦੇ ਦੋਵੇਂ ਜਹਾਜ਼ ਨਾਗਾਸਾਕੀ ਪਹੁੰਚ ਗਏ। ਉਸ ਦਿਨ ਨਾਗਾਸਾਕੀ ਸ਼ਹਿਰ ਵਿਚ ਅਣਗਹਿਲੀ ਕਾਰਨ ਅਮਰੀਕਾ ਦੇ ਇਨ੍ਹਾਂ ਜਹਾਜ਼ਾਂ ਨੂੰ ਮੌਸਮ ਦਾ ਹਾਲ ਜਾਣਨ ਵਾਲੇ ਜਹਾਜ਼ ਸਮਝ ਕੇ ਹਵਾਈ ਹਮਲੇ ਦਾ ਸੰਭਾਵਿਤ ਅਲਾਰਮ ਨਾ ਵਜਾਇਆ ਗਿਆ ਅਤੇ ਲੋਕ ਆਮ ਵਿਚਰ ਰਹੇ ਸਨ ਅਤੇ ਏਅਰ ਸ਼ੈਲਟਰਾਂ ਤੋਂ ਬਾਹਰ ਸਨ। ਇਸ ਕਾਰਨ ਅਚਨਚੇਤ ਹੋਏ ਹਮਲੇ ਵਿਚ ਲੋਕਾਂ ਨੂੰ ਬਚਾਅ ਕਰਨ ਦਾ ਮੌਕਾ ਨਹੀਂ ਮਿਲ ਸਕਿਆ। ਸਵੇਰੇ 11.02 ਮਿੰਟ 'ਤੇ ਅਮਰੀਕੀ ਜਹਾਜ਼ ਵਲੋਂ 22 ਕਿਲੋ ਟੀ.ਐਨ.ਟੀ. ਤਾਕਤ ਵਾਲਾ ਫੈਟ ਮੈਨ ਨਾਂਅ ਦਾ ਐਟਮ ਬੰਬ 28900 ਫੁੱਟ ਦੀ ਉਚਾਈ ਤੋਂ ਸ਼ਹਿਰ ਉੱਪਰ ਸੁੱਟਿਆ ਗਿਆ। ਇਸ ਐਟਮ ਬੰਬ ਦੇ ਫਟਣ ਨਾਲ 4500 ਡਿਗਰੀ ਤੋਂ ਜ਼ਿਆਦਾ ਗਰਮੀ ਅਤੇ ਲਗਭਗ 1100 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਵਾਲੀ ਗਰਮ ਹਵਾ ਨੇ ਲਗਭਗ 50 ਫੀਸਦੀ ਸ਼ਹਿਰ ਸਕਿੰਟਾਂ ਵਿਚ ਹੀ ਰਾਖ ਬਣਾ ਦਿੱਤਾ। 40 ਹਜ਼ਾਰ ਤੋਂ ਜ਼ਿਆਦਾ ਲੋਕ ਭਾਫ਼ ਬਣ ਕੇ ਮਾਰੇ ਗਏ। ਬਾਕੀ 70,000 ਹਜ਼ਾਰ ਤੋਂ ਜ਼ਿਆਦਾ ਲੋਕ ਜ਼ਖਮੀ ਹੋ ਗਏ। ਇਹ ਇਕ ਅਜਿਹਾ ਦਿਲ ਦਹਿਲਾ ਦੇਣ ਵਾਲਾ ਹਮਲਾ ਸੀ ਜਿਸ ਵਿਚ ਤਿੰਨ ਦਿਨ ਪਹਿਲਾਂ ਹੀਰੋਸ਼ੀਮਾ ਵਿਚ ਹੋਏ ਕਹਿਰ ਨੂੰ ਦੁਹਰਾਇਆ ਗਿਆ ਸੀ। ਹਮਲੇ ਤੋਂ ਬਾਅਦ ਇਨ੍ਹਾਂ ਬੰਬਾਂ ਵਿਚੋਂ ਨਿਕਲਣ ਵਾਲੀ ਰੇਡੀਏਸ਼ਨ ਕਾਰਨ ਅਗਲੇ ਕਈ ਸਾਲਾਂ ਤੱਕ ਲੋਕ ਮਰਦੇ ਰਹੇ। ਹੀਰੋਸ਼ੀਮਾ ਤੇ ਨਾਗਾਸਾਕੀ 'ਤੇ ਹਮਲੇ ਕਾਰਨ ਲੱਖਾਂ ਲੋਕਾਂ ਦੀ ਮੌਤ ਤੋਂ ਬਾਅਦ ਜਾਪਾਨ ਨੇ ਪੰਜ ਦਿਨਾਂ ਬਾਅਦ ਬਿਨ੍ਹਾਂ ਕਿਸੇ ਸ਼ਰਤ ਹਾਰ ਮੰਨ ਲਈ।

**ਵਧ ਰਹੀ ਹੈ ਹਥਿਆਰਾਂ ਦੀ ਦੌੜ** : ਜੇ ਦੇਖਿਆ ਜਾਵੇ ਤਾਂ ਅਜਿਹੇ ਵੱਡੇ ਦੁਖਾਂਤਾਂ ਤੋਂ ਬਾਅਦ ਵੀ ਦੁਨੀਆ ਦੇ ਦੇਸ਼ਾਂ ਵਿਚ ਇਕ ਦੂਜੇ ਤੋਂ ਵਧ ਚੜ੍ਹ ਕੇ ਮਾਰੂ ਹਥਿਆਰ ਬਣਾ ਕੇ ਪ੍ਰਦਸ਼ਨੀ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਅੱਜ ਪਾਕਿਸਤਾਨ ਅਤੇ ਭਾਰਤ ਸਮੇਤ ਲਗਭਗ ਅੱਠ ਦੇਸ਼ਾਂ ਕੋਲ ਅਜਿਹੇ ਮਾਰੂ ਪ੍ਰਮਾਣੂ ਹਥਿਆਰ ਮੌਜੂਦ ਸਨ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.

ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਲੈਂਡ ਕਰਦਿਆਂ ਹੀ ਜਹਾਜ਼ ਨੂੰ ਲੱਗ ਗਈ ਅੱਗ, 4 ਲੋਕਾਂ ਦੀ ਮੌਤ



ਅਮਰੀਕਾ ਵਿੱਚ ਇੱਕ ਵਾਰ ਫਿਰ ਜਹਾਜ਼ ਹਾਦਸਾ ਵਾਪਰਿਆ ਹੈ। ਉੱਤਰੀ ਐਰੀਜ਼ੋਨਾ ਵਿੱਚ ਇੱਕ ਮੈਡੀਕਲ ਟਰਾਂਸਪੋਰਟ ਜਹਾਜ਼ ਹਾਦਸਾਗ੍ਰਸਤ ਹੋ ਗਿਆ ਹੈ। ਹਾਦਸੇ ਤੋਂ ਤੁਰੰਤ ਬਾਅਦ ਜਹਾਜ਼ ਨੂੰ ਅੱਗ ਲੱਗ ਗਈ, ਜਿਸ ਨਾਲ 4 ਲੋਕਾਂ ਦੀ ਮੌਤ ਹੋ ਗਈ। ਨਿਊ ਮੈਕਸੀਕੋ ਦੇ ਐਲਬੂਕਰਕ ਵਿੱਚ ਸਥਿਤ ਸੀਐੱਸਆਈ ਏਵੀਏਸ਼ਨ ਕੰਪਨੀ ਦਾ ਇਹ ਜਹਾਜ਼ ਫਲੈਗਸਟਾਫ ਤੋਂ ਲਗਭਗ 200 ਮੀਲ (321 ਕਿਲੋਮੀਟਰ) ਉੱਤਰ-ਪੂਰਬ ਵਿੱਚ ਚਿਨਲੇ ਹਵਾਈ ਅੱਡੇ ਦੇ ਨੇੜੇ ਹਾਦਸਾਗ੍ਰਸਤ ਹੋ ਗਿਆ। ਜਹਾਜ਼ ਵਿੱਚ ਸਵਾਰ ਲੋਕ ਮੈਡੀਕਲ ਕਰਮਚਾਰੀ ਸਨ ਜੋ ਇੱਕ ਮਰੀਜ਼ ਨੂੰ ਲੈਣ ਲਈ ਹਸਪਤਾਲ ਜਾ ਰਹੇ ਸਨ।

**ਹਵਾਈ ਅੱਡੇ 'ਤੇ ਉਤਰਦੇ ਸਮੇਂ ਹੋਇਆ ਹਾਦਸਾ** : ਫੈਡਰਲ ਏਵੀਏਸ਼ਨ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਕਿਹਾ ਕਿ ਬੀਚਕ੍ਰਾਫਟ 300 ਦੁਪਹਿਰ ਨੂੰ ਹਵਾਈ ਅੱਡੇ 'ਤੇ ਉਤਰਦੇ ਸਮੇਂ ਹਾਦਸਾਗ੍ਰਸਤ ਹੋ ਗਿਆ। ਰਾਸ਼ਟਰੀ ਆਵਾਜਾਈ ਸੁਰੱਖਿਆ ਬੋਰਡ ਅਤੇ ਐੱਫਏਏ ਇਸਦੀ ਜਾਂਚ ਕਰ ਰਹੇ ਹਨ। ਹਾਦਸੇ ਦਾ ਕਾਰਨ ਅਜੇ ਪਤਾ ਨਹੀਂ ਲੱਗ ਸਕਿਆ ਹੈ।

ਨਵਾਜੋ ਟ੍ਰਾਈਬ ਦੇ ਚੇਅਰਮੈਨ ਬੂ ਨਾਈਗ੍ਰੇਨ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਉਹ ਹਾਦਸੇ ਬਾਰੇ ਜਾਣ ਕੇ ਬਹੁਤ ਹੈਰਾਨ ਹਨ। ਉਨ੍ਹਾਂ ਕਿਹਾ, "ਇਹ ਉਹ ਲੋਕ ਸਨ ਜਿਨ੍ਹਾਂ ਨੇ ਦੂਜਿਆਂ ਨੂੰ ਬਚਾਉਣ ਲਈ ਆਪਣੀ ਜਾਨ ਕੁਰਬਾਨ ਕੀਤੀ ਸੀ। ਨੁਕਸਾਨ ਨੂੰ ਡੂੰਘਾਈ ਨਾਲ ਮਹਿਸੂਸ ਕੀਤਾ ਜਾ ਰਿਹਾ ਹੈ।" ਜ਼ਿਲ੍ਹਾ ਪੁਲਸ ਕਮਾਂਡਰ ਐਮੇਟ ਯਾਜ਼ੀ ਨੇ ਕਿਹਾ, 'ਉਹ ਉੱਥੇ ਉਤਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਬਦਕਿਸਮਤੀ ਨਾਲ ਕੁਝ ਗਲਤ ਹੋ ਗਿਆ।'

**ਫਿਲਾਡੇਲਫੀਆ 'ਚ ਵੀ ਹੋਇਆ ਸੀ ਹਾਦਸਾ**

ਦੱਸਣਯੋਗ ਹੈ ਕਿ ਇਸ ਸਾਲ ਜਨਵਰੀ ਦੇ ਸ਼ੁਰੂ ਵਿੱਚ ਫਿਲਾਡੇਲਫੀਆ ਵਿੱਚ ਇੱਕ ਮੈਡੀਕਲ ਟਰਾਂਸਪੋਰਟ ਜਹਾਜ਼ ਹਾਦਸਾਗ੍ਰਸਤ ਹੋ ਗਿਆ ਸੀ, ਜਿਸ ਵਿੱਚ ਅੱਠ ਲੋਕ ਮਾਰੇ ਗਏ ਸਨ। ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ, ਜੋ ਹਾਦਸੇ ਦੀ ਜਾਂਚ ਕਰ ਰਿਹਾ ਹੈ, ਨੇ ਕਿਹਾ ਸੀ ਕਿ ਜਹਾਜ਼ ਦਾ ਵੌਇਸ ਰਿਕਾਰਡਰ ਕੰਮ ਨਹੀਂ ਕਰ ਰਿਹਾ ਸੀ। ਹਾਲ ਹੀ ਵਿੱਚ ਅਮਰੀਕਾ ਦੇ ਉੱਤਰੀ ਕੈਰੋਲੀਨਾ ਵਿੱਚ ਓਕ ਆਈਲੈਂਡ ਦੇ ਨੇੜੇ ਇੱਕ ਵਿਮਾਨਾ ਸਮੁੰਦਰ ਵਿੱਚ ਹਾਦਸਾਗ੍ਰਸਤ ਹੋ ਗਿਆ। ਇਹ ਹਾਦਸਾ ਉਦੋਂ ਵਾਪਰਿਆ ਜਦੋਂ ਲੋਕ ਟਾਪੂ ਦੇ ਕੰਢੇ 'ਤੇ ਸੈਰ ਕਰ ਰਹੇ ਸਨ। ਇਹ ਹਾਦਸਾ ਸ਼ਨੀਵਾਰ, 2 ਅਗਸਤ, 2025 ਦੀ ਸ਼ਾਮ ਨੂੰ ਵਾਪਰਿਆ ਸੀ।

# ਜੱਪ੍ਰੀਤ ਸਿੰਘ ਗਿੱਲ ਨੇ ਨਿੱਕੀ ਉਮਰੇ ਰਚਿਆ ਇਤਿਹਾਸ, ਗ੍ਰੈਜੂਏਸ਼ਨ ਅਤੇ ਬੈਚਲਰ ਇਕੱਠੇ ਪੂਰੇ ਕਰਕੇ ਹੁਣ ਕਰੇਗਾ ਲਾਅ



ਫਰਿਜ਼ਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾਛੀਕੇ) : ਫਰਿਜ਼ਨੋ ਨਿਵਾਸੀ ਅਤੇ ਮਸ਼ਹੂਰ ਸਾਈਕਲਿਸਟ ਕਿੱਟੀ ਗਿੱਲ ਦੇ ਬੇਟੇ ਜੱਪ੍ਰੀਤ ਸਿੰਘ ਗਿੱਲ ਨੇ ਨੌਜਵਾਨੀ ਵਿੱਚ ਹੀ ਇੱਕ ਸ਼ਾਨਦਾਰ ਇਤਿਹਾਸ ਰਚ ਦਿੱਤਾ ਹੈ। ਸਿਰਫ਼ 15 ਸਾਲ ਦੀ ਉਮਰ ਵਿੱਚ ਜੱਪ੍ਰੀਤ ਨੇ ਆਪਣੀ ਹਾਈ ਸਕੂਲ ਗ੍ਰੈਜੂਏਸ਼ਨ ਅਤੇ ਬੈਚਲਰ ਡਿਗਰੀ ਦੋਵੇਂ ਇੱਕਠੇ ਪੂਰੀ ਕਰਕੇ ਅਮਰੀਕਾ ਵਿੱਚ ਵੱਸਦੇ ਪੂਰੇ ਪੰਜਾਬੀ ਭਾਈਚਾਰੇ ਦਾ ਸਿਰ ਮਾਣ ਨਾਲ ਉੱਚਾ ਕਰ ਦਿੱਤਾ ਹੈ। ਉਸਦੇ ਇਸ ਕਾਰਨਾਮੇ ਨੇ ਉਸਦੀ ਪੜ੍ਹਾਈ ਦੇ ਅੱਠ ਸਾਲ ਘੱਟ ਕਰ ਦਿੱਤੇ ਹਨ। ਹੁਣ ਜੱਪ੍ਰੀਤ ਲਾਅ ਦੀ ਡਿਗਰੀ ਲਈ ਯੂਨੀਵਰਸਿਟੀ ਵਿੱਚ ਦਾਖਲਾ ਲੈ ਚੁੱਕਾ ਹੈ ਅਤੇ 18 ਸਾਲ ਦੀ ਉਮਰ ਵਿੱਚ ਵਕੀਲ ਬਣਨ ਦੀ ਤਿਆਰੀ ਵਿੱਚ ਹੈ। ਇਹ ਪ੍ਰਾਪਤੀ ਅਮਰੀਕਨ ਭਾਰਤੀਆਂ ਵਿੱਚ ਪਹਿਲੀ ਵਾਰੀ ਵੇਖਣ ਨੂੰ ਮਿਲ ਰਹੀ ਹੈ। ਕਾਲੇ-ਗੋਰੇ ਵੀ ਜੱਪ੍ਰੀਤ ਦੀ ਕਾਬਲੀਅਤ 'ਤੇ ਦਿਲੋਂ ਹੈਰਾਨ ਹਨ। ਜੱਪ੍ਰੀਤ ਸਿੰਘ ਗਿੱਲ ਦੀ ਇਹ ਉਪਲਬਧੀ ਸਿਰਫ਼ ਉਸਦੇ ਪਰਿਵਾਰ ਲਈ ਨਹੀਂ, ਸਗੋਂ ਪੂਰੇ ਭਾਰਤੀ ਅਤੇ ਪੰਜਾਬੀ ਸਮਾਜ ਲਈ ਪ੍ਰੇਰਣਾ ਹੈ।

ਉਸਦੇ ਪਿਤਾ ਕਿੱਟੀ ਗਿੱਲ ਆਪਣੇ ਸਮੇਂ ਦੇ ਮਸ਼ਹੂਰ ਸਾਈਕਲਿਸਟ ਰਹੇ ਹਨ। ਉਨ੍ਹਾਂ ਨੇ: 1. ਮਹਾਰਾਜਾ ਰਣਜੀਤ ਸਿੰਘ ਐਵਾਰਡ ਜਿੱਤਿਆ, 2. ਏਸ਼ੀਆਈ ਖੇਡਾਂ ਵਿੱਚ ਹਿੱਸਾ ਲਿਆ, 3. ਉਲੰਪਿਕ ਲਈ ਕੁਆਲੀਫਾਈ ਕੀਤਾ। ਪੰਜਾਬ ਦੇ ਅਬੋਹਰ ਸ਼ਹਿਰ ਨਾਲ ਸਬੰਧਤ ਕਿੱਟੀ ਗਿੱਲ ਲੰਮੇ ਸਮੇਂ ਤੋਂ ਆਪਣੀ ਵਾਈਫ ਦੇ ਨਾਲ ਮਿਲ ਕੇ ਫਰਿਜ਼ਨੋ ਵਿਖੇ "ਸੰਧੂ ਕਲੀਨਿਕ" ਚਲਾ ਰਹੇ ਹਨ। ਉਹ ਲੋੜਵੰਦ ਲੋਕਾਂ ਦੀ ਮਦਦ ਲਈ ਹਰ ਪਲ ਤਿਆਰ ਰਹਿੰਦੇ ਹਨ। ਜੱਪ੍ਰੀਤ ਦੀ ਕਾਮਯਾਬੀ 'ਤੇ ਹਰ ਪਾਸਿਓਂ ਗਿੱਲ ਪਰਿਵਾਰ ਨੂੰ ਵਧਾਈਆਂ ਮਿਲ ਰਹੀਆਂ ਹਨ।

# 80 ਦੇ ਦਹਾਕੇ ਦੀ ਆਈਕਨ ਲੋਨੀ ਐਂਡਰਸਨ ਦਾ ਦੇਹਾਂਤ



ਨਿਊਯਾਰਕ (ਰਾਜ ਗੋਗਨਾ) : ਮਸ਼ਹੂਰ ਅਦਾਕਾਰਾ ਲੋਨੀ ਐਂਡਰਸਨ ਦਾ 79 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਉਹ ਆਪਣੇ 80ਵੇਂ ਜਨਮਦਿਨ ਤੋਂ ਸਿਰਫ਼ ਦੋ ਦਿਨ ਦੂਰ ਸੀ, ਜੋ ਕਿ 5 ਅਗਸਤ ਨੂੰ ਸੀ; ਉਸਦਾ ਦੇਹਾਂਤ 3 ਅਗਸਤ ਨੂੰ ਹੋਇਆ। ਮਿੰਨੀਸੋਟਾ ਅਮਰੀਕਾ ਦੀ ਜੰਮਪਲ ਲੋਨੀ ਐਂਡਰਸਨ ਇੱਕ ਮਸ਼ਹੂਰ ਅਮਰੀਕੀ ਅਦਾਕਾਰਾ ਸੀ। ਉਸਨੂੰ ਮੁੱਖ ਤੌਰ 'ਤੇ ਟੀਵੀ ਸ਼ੋਅ 'WKRP ਇਨ ਸਿਨਸਿਨਾਟੀ' ਰਾਹੀਂ ਪਛਾਣ ਮਿਲੀ, ਜੋ ਕਿ 1978 ਤੋਂ 1982 ਤੱਕ ਚੱਲਿਆ। ਟੀਵੀ ਕਾਮੇਡੀ 'WKRP ਇਨ ਸਿਨਸਿਨਾਟੀ' ਵਿੱਚ ਰੇਡੀਓ ਸਟੇਸ਼ਨ ਰਿਸੈਪਸ਼ਨਿਸਟ ਦੀ ਭੂਮਿਕਾ ਲਈ ਮਸ਼ਹੂਰ ਅਦਾਕਾਰਾ ਨੂੰ ਪਛਾਣ ਮਿਲੀ।

ਲੋਨੀ ਐਂਡਰਸਨ 1980 ਦੇ ਦਹਾਕੇ ਦੀਆਂ ਮਸ਼ਹੂਰ ਅਭਿਨੇਤਰੀਆਂ ਵਿੱਚੋਂ ਇੱਕ ਸੀ, ਜੋ ਆਪਣੀ ਸੁੰਦਰਤਾ ਅਤੇ ਅਦਾਕਾਰੀ ਦੇ ਹੁਨਰ ਲਈ ਜਾਣੀ ਜਾਂਦੀ ਸੀ। ਉਸਦੇ ਪ੍ਰਸ਼ੰਸਕ ਹੁਣ ਉਸਨੂੰ ਸ਼ਰਧਾਂਜਲੀ ਦੇ ਰਹੇ ਹਨ। ਅਦਾਕਾਰਾ ਲੋਨੀ ਐਂਡਰਸਨ ਨੇ ਹਿੱਟ ਟੀਵੀ ਸ਼ੋਅ 'WKRP ਇਨ ਸਿਨਸਿਨਾਟੀ' ਵਿੱਚ ਇੱਕ ਸੰਘਰਸ਼ਸ਼ੀਲ ਰੇਡੀਓ ਸਟੇਸ਼ਨ 'ਤੇ ਰਿਸੈਪਸ਼ਨਿਸਟ ਦੀ ਭੂਮਿਕਾ ਨਿਭਾਈ। ਇਸ ਭੂਮਿਕਾ ਲਈ ਅਦਾਕਾਰਾ ਨੂੰ ਦੋ ਐਮੀ ਅਵਾਰਡ ਨਾਮਜ਼ਦਗੀਆਂ ਤੇ ਤਿੰਨ ਗੋਲਡਨ ਗਲੋਬ ਨਾਮਜ਼ਦਗੀਆਂ ਪ੍ਰਾਪਤ ਕੀਤੀਆਂ ਸਨ। ਐਂਡਰਸਨ ਨੂੰ ਉਸਦੀ ਅਦਾਕਾਰੀ ਲਈ ਪੁਰਸਕਾਰ ਮਿਲੇ, ਲੋਨੀ ਐਂਡਰਸਨ ਇੱਕ ਮਸ਼ਹੂਰ ਅਮਰੀਕੀ ਅਦਾਕਾਰਾ ਸੀ। ਉਸਨੇ 1983 ਦੀ ਕਾਮੇਡੀ ਫਿਲਮ ਸਟ ?ਰੋਕਰ ਏਸ ਵਿੱਚ ਅਭਿਨੇਤਾ ਬਰਟ ਰੇਨੋਲਡਜ਼ ਦੇ ਨਾਲ ਵੀ ਕੰਮ ਕੀਤਾ।


# CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524


LM Trans
LM RANS
Georgia
NC, SC, GA, FL, AL, LA, MS to CA, AZ, NV,
CA, AZ, NV to NC, SC, GA, FL, AL, LA, MS
• ਸਾਨੂੰ ਉਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
• ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
• ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
• ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।
ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ
Lokesh Kumar
470 334 0020
7437 avalon blvd, alpharetta, ga 30022
lmtrans868@gmail.com

# ਅਮਰੀਕਾ ਵਿੱਚ ਸੜਕ ਕਾਰ ਹਾਦਸੇ 'ਚ ਗੁਜਰਾਤੀ ਮੂਲ ਦੇ ਚਾਰ ਬਜ਼ੁਰਗਾਂ ਦੀ ਹੋਈ ਮੌਤ

## ਮ੍ਰਿਤਕਾਂ ਦੀ ਪਛਾਣ ਡਾ. ਕਿਸ਼ੋਰ ਦੀਵਾਨ, ਆਸ਼ਾ ਦੀਵਾਨ, ਸ਼ੈਲੇਸ਼ ਦੀਵਾਨ ਅਤੇ ਗੀਤਾ ਦੀਵਾਨ ਵਜੋਂ ਹੋਈ


ਮ੍ਰਿਤਕ ਦੀ ਫ਼ਾਈਲ ਫੋਟੋ

ਨਿਊਯਾਰਕ, (ਰਾਜ ਗੋਗਨਾ) : ਬੀਤੇ ਦਿਨ ਅਮਰੀਕਾ ਵਿੱਚ ਇੱਕ ਸੜਕ ਯਾਤਰਾ ਦੌਰਾਨ ਲਾਪਤਾ ਹੋਏ ਗੁਜਰਾਤੀ ਮੂਲ ਦੇ ਚਾਰ ਸੀਨੀਅਰ ਨਾਗਰਿਕ ਐਤਵਾਰ ਨੂੰ ਮ੍ਰਿਤਕ ਪਾਏ ਗਏ। ਮਾਰਸ਼ਲ ਕਾਉਂਟੀ ਸ਼ੈਰਿਫ਼ ਦੇ ਦਫ਼ਤਰ ਨੇ ਪੁਸ਼ਟੀ ਕੀਤੀ ਹੈ ਕਿ ਸਾਰੇ ਸੀਨੀਅਰ ਨਾਗਰਿਕਾਂ ਦੀ ਮੌਤ ਇੱਕ ਕਾਰ ਹਾਦਸੇ ਵਿੱਚ ਹੋਈ ਹੈ। ਸਾਰੇ ਮ੍ਰਿਤਕ 80 ਸਾਲ ਤੋਂ ਵੱਧ ਉਮਰ ਦੇ ਸਨ।

ਸ਼ੈਰਿਫ ਦੇ ਦਫ਼ਤਰ ਦੇ ਇੱਕ ਬਿਆਨ ਦੇ ਅਨੁਸਾਰ, ਉਨ੍ਹਾਂ ਦਾ ਵਾਹਨ ਬਿਗ ਵ੍ਹੀਲਿੰਗ ਕਰੀਕ ਰੋਡ ਤੋਂ ਇੱਕ ਢਲਾਣ 'ਤੇ ਨੁਕਸਾਨਿਆ ਹੋਇਆ ਮਿਲਿਆ। ਇਹ ਇਲਾਕਾ ਬਹੁਤ ਦੂਰ-ਦੁਰਾਡੇ ਸੀ, ਜਿਸ ਕਾਰਨ ਬਚਾਅ ਕਰਮਚਾਰੀਆਂ ਨੂੰ ਹਾਦਸੇ ਵਾਲੀ ਥਾਂ 'ਤੇ ਪਹੁੰਚਣ ਵਿੱਚ ਪੰਜ ਘੰਟੇ ਤੋਂ ਵੱਧ ਸਮਾਂ ਲੱਗਿਆ। ਉਨ੍ਹਾਂ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ 89 ਸਾਲਾ ਡਾ. ਕਿਸ਼ੋਰ ਦੀਵਾਨ, 85 ਸਾਲਾ ਆਸ਼ਾ ਦੀਵਾਨ, 86 ਸਾਲਾ ਸ਼ੈਲੇਸ਼ ਦੀਵਾਨ ਅਤੇ 84 ਸਾਲਾ ਗੀਤਾ ਦੀਵਾਨ ਵਜੋਂ ਹੋਈ ਹੈ।

ਮਿਲੀ ਜਾਣਕਾਰੀ ਅਨੁਸਾਰ, ਉਸਨੂੰ 29 ਜੁਲਾਈ ਨੂੰ ਪੈਨਸਿਲਵੇਨੀਆ ਦੇ ਏਰੀ ਵਿੱਚ ਪੀਚ ਸਟਰੀਟ 'ਤੇ ਇੱਕ ਬਰਗਰ ਕਿੰਗ ਆਊਟਲੈੱਟ 'ਤੇ ਦੇਖਿਆ ਗਿਆ ਸੀ। ਉਸਨੇ ਆਖਰੀ ਵਾਰ ਇੱਥੇ ਕ੍ਰੈਡਿਟ ਕਾਰਡ ਨਾਲ ਭੁਗਤਾਨ ਕੀਤਾ ਸੀ। ਸ਼ੈਰਿਫ਼ ਮਾਈਕ ਡੌਹਰਟੀ ਨੇ ਦੁੱਖ ਪ੍ਰਗਟ ਕੀਤਾ ਅਤੇ ਕਿਹਾ ਕਿ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ। ਇਹ ਸਾਰੇ ਲੋਕ ਮਾਰਸ਼ਲ ਕਾਉਂਟੀ ਦੇ ਪ੍ਰਸਿੱਧ ਧਾਰਮਿਕ ਸਥਾਨ ਪੈਲੇਸ ਆਫ਼ ਗੋਲਡ ਦੀ ਯਾਤਰਾ ਕਰ ਰਹੇ ਸਨ ਅਤੇ 29 ਜੁਲਾਈ ਨੂੰ ਉੱਥੇ ਰੁਕਣ ਦੀ ਯੋਜਨਾ ਬਣਾ ਰਹੇ ਸਨ। ਸਥਾਨਕ ਮੀਡੀਆ ਦੇ ਅਨੁਸਾਰ, ਚਾਰਾਂ ਸੀਨੀਅਰ ਨਾਗਰਿਕਾਂ ਵਿੱਚੋਂ ਕਿਸੇ ਨੇ ਵੀ 29 ਜੁਲਾਈ ਤੋਂ ਬਾਅਦ ਫ਼ੋਨ ਕਾਲਾਂ ਦਾ ਜਵਾਬ ਨਹੀਂ ਦਿੱਤਾ ਸੀ। ਸੈੱਲ ਟਾਵਰ ਡੇਟਾ ਨੂੰ ਆਖਰੀ ਵਾਰ ਬੁੱਧਵਾਰ ਦੁਪਹਿਰ 3 ਵਜੇ ਦੇ ਕਰੀਬ ਮਾਉਂਡਸਵਿਲੇ ਵਿੱਚ ਉਨ੍ਹਾਂ ਦੇ ਡਿਵਾਈਸਾਂ ਤੋਂ ਸਿਗਨਲ ਮਿਲੇ ਸਨ। ਪਿਛਲੇ ਚਾਰ ਦਿਨਾਂ ਵਿੱਚ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਜਾਂਚ ਕਾਰਜਾਂ ਲਈ ਹੈਲੀਕਾਪਟਰ ਅਤੇ ਵਾਧੂ ਟੀਮਾਂ ਤਾਇਨਾਤ ਕੀਤੀਆਂ ਹਨ।

# ਭਾਰਤ ਨੇ ਅਮਰੀਕਾ ਭਰ 'ਚ 8 ਨਵੇਂ ਭਾਰਤੀ ਕੌਂਸਲਰ ਐਪਲੀਕੇਸ਼ਨ ਸੈਂਟਰ ਖੋਲੇ

ਵਾਸ਼ਿੰਗਟਨ, ਡੀ.ਸੀ, (ਰਾਜ ਗੋਗਨਾ) : ਭਾਰਤ ਨੇ ਸੰਯੁਕਤ ਰਾਜ ਅਮਰੀਕਾ ਵਿੱਚ ਅੱਠ ਨਵੇਂ ਭਾਰਤੀ ਕੌਂਸਲਰ ਐਪਲੀਕੇਸ਼ਨ ਸੈਂਟਰ ਖੋਲ੍ਹੇ ਹਨ, ਜਿਸ ਨਾਲ ਭਾਰਤੀ ਪ੍ਰਵਾਸੀਆਂ ਲਈ ਕੌਂਸਲਰ ਸੇਵਾਵਾਂ ਤੱਕ ਪਹੁੰਚ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ। ਐਕਸ 'ਤੇ ਸਾਂਝੇ ਕੀਤੇ ਇੱਕ ਵੀਡੀਓ ਸੰਦੇਸ਼ ਵਿੱਚ, ਅਮਰੀਕਾ ਵਿੱਚ ਭਾਰਤ ਦੇ ਰਾਜਦੂਤ, ਵਿਨੈ ਕਵਾਤਰਾ ਨੇ ਐਲਾਨ ਕੀਤਾ ਕਿ ਨਵੇਂ ਕੇਂਦਰ ਬੋਸਟਨ, ਕੋਲੰਬਸ, ਡੱਲਾਸ, ਡੇਟ੍ਰੋਇਟ, ਐਡੀਸਨ, ਓਰਲੈਂਡੋ, ਰੈਲੇ ਅਤੇ ਸੈਨ ਜੋਸ ਵਿੱਚ ਸਥਿਤ ਹਨ। ਲਾਸ ਏਂਜਲਸ ਵਿੱਚ ਜਲਦੀ ਹੀ ਇੱਕ ਵਾਧੂ ਕੇਂਦਰ ਵੀ ਖੋਲਣ ਦੀ ਤਿਆਰੀ ਹੈ। ਇਹ ਨਵੇਂ ਕੇਂਦਰ ਭਾਰਤੀ ਭਾਈਚਾਰੇ ਨੂੰ ਸਮੇਂ ਸਿਰ ਅਤੇ ਕੁਸ਼ਲ ਕੌਂਸਲਰ ਸੇਵਾਵਾਂ ਪ੍ਰਦਾਨ ਕਰਨ ਦੀ ਸਾਡੀ ਯੋਗਤਾ ਨੂੰ ਬਹੁਤ ਵਧਾ ਦੇਣਗੇ,÷ ਕਵਾਤਰਾ ਨੇ ਕਿਹਾ।'ਇਹ ਸਾਡੇ ਜੀਵੰਤ ਡਾਇਸਪੋਰਾ ਲਈ ਸੇਵਾ ਪ੍ਰਦਾਨ ਕਰਨ ਨੂੰ ਤੇਜ਼ ਅਤੇ ਵਧੇਰੇ




ਪਹੁੰਚਯੋਗ ਬਣਾਉਣ ਵਿੱਚ ਵੀ ਮਦਦ ਕਰਨਗੇ। ਲੰਘੀ 1 ਅਗਸਤ ਤੋਂ, ਇਹ ਸਾਰੇ ਭਾਰਤੀ ਕੌਂਸਲਰ ਐਪਲੀਕੇਸ਼ਨ ਸੈਂਟਰ ਸੇਵਾ ਉਪਲਬਧਤਾ ਨੂੰ ਬਿਹਤਰ ਬਣਾਉਣ ਲਈ ਸ਼ਨੀਵਾਰ ਤੋ ਕੰਮ ਕਰ ਰਹੇ ਹਨ। ਸਰਕਾਰ ਨੇ ਕਈ ਫੁਟਕਲ ਕੌਂਸਲਰ ਸੇਵਾਵਾਂ ਨੂੰ ਸੁਚਾਰੂ ਬਣਾਇਆ ਹੈ, ਜਿਨ੍ਹਾਂ ਤੱਕ ਹੁਣ ਇਹਨਾਂ ਕੇਂਦਰਾਂ ਰਾਹੀਂ ਪਹੁੰਚ ਕੀਤੀ ਜਾ ਸਕਦੀ ਹੈ, ਹਾਲਾਂਕਿ ਕੁਝ ਮੁੱਖ ਸੇਵਾਵਾਂ ਸਿੱਧੇ ਦੂਤਾਵਾਸ ਦੁਆਰਾ ਸੰਭਾਲੀਆਂ ਜਾਂਦੀਆਂ ਰਹਿਣਗੀਆਂ। ਅਮਰੀਕਾ ਚ' ਰਾਜਦੂਤ ਕਵਾਤਰਾ ਨੇ ਮਜ਼ਬੂਤ ਭਾਈਚਾਰਕ ਸਬੰਧਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ, ਅਤੇ 'ਲੋਕਾਂ ਦੇ ਸੰਪਰਕ ਭਾਰਤ-ਅਮਰੀਕਾ ਭਾਈਵਾਲੀ ਦੇ ਮੂਲ ਵਿੱਚ ਹਨ। ਜਿੰਨਾਂ ਵਿੱਚ ਬੋਸਟਨ ਅਤੇ ਲਾਸ ਏਂਜਲਸ ਵਿੱਚ ਪੂਰੇ ਭਾਰਤੀ ਕੌਂਸਲੇਟ ਖੋਲ੍ਹਣਾ, ਜਿਵੇਂ ਕਿ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਦੁਆਰਾ ਐਲਾਨ ਕੀਤਾ ਗਿਆ ਸੀ, ਉਨ੍ਹਾਂ ਸਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ। ਖਾਸ ਕਰਕੇ ਉਨ੍ਹਾਂ ਦੋਵਾਂ ਸ਼ਹਿਰਾਂ ਵਿੱਚ। ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਅਨੁਸਾਰ, ਲਗਭਗ 5.4 ਮਿਲੀਅਨ ਭਾਰਤੀ ਮੂਲ ਦੇ ਲੋਕ ਅਮਰੀਕਾ ਵਿੱਚ ਰਹਿੰਦੇ ਹਨ, ਜੋ ਕਿ ਦੇਸ਼ ਦਾ ਤੀਜਾ ਸਭ ਤੋਂ ਵੱਡਾ ਏਸ਼ੀਆਈ ਸਮੂਹ ਹੈ।

# ਟਰੰਪ ਰਾਜ 'ਚ ਚੀਨੀ ਅਵੈਧ ਇਮੀਗ੍ਰੈਂਟਾਂ ਦੇ ਸਾਹਮਣੇ ਵਧ ਰਿਹਾ ਭਾਰੀ ਡਰ

## ਅਮਰੀਕਾ ਛੱਡਕੇ ਚਲੇ ਜਾਣ ਜਾਂ ਠਹਿਰਣ ਦੀ ਵੱਡੀ ਉਲਝਣ ਵਿੱਚ

ਅਮਰੀਕਾ 'ਚ ਚੀਨ ਤੋਂ ਆਏ ਹਜ਼ਾਰਾਂ ਲੋਕ ਹੁਣ ਟਰੰਪ ਸਰਕਾਰ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਕਾਰਨ ਡਰੇ ਹੋਏ ਹਨ। ਲਾਸ ਏਂਜਲਸ ਕੈਲੀਫੋਰਨੀਆ ਵਿੱਚ ਰਹਿ ਰਹੇ ਇਮੀਗਰਾਂਟ ਦਾ ਕਹਿਣਾ ਹੈ ਜੋ ਕਿ ਚੀਨ ਵਿੱਚ ਇੱਕ ਅਖ਼ਬਾਰ ਚਲਾਉਂਦੇ ਸਨ, ਦੂਜੇ ਸਾਲ ਅਮਰੀਕਾ ਆ ਗਏ ਸਨ। ਹੁਣ ਉਹ ਇਮੀਗ੍ਰੇਸ਼ਨ ਦੀਆਂ ਛਾਪੇਮਾਰੀਆਂ ਤੋਂ ਬਚਣ ਲਈ ਘਰ ਵਿੱਚ ਛੁਪੇ ਹੋਏ ਹਨ।

ਉਹ ਚੀਨ ਦੀ ਸਖ਼ਤ ਸਰਕਾਰ ਤੋਂ ਬਚ ਕੇ ਆਏ ਸਨ, ਪਰ ਹੁਣ ਟਰੰਪ ਦੀ ਵਾਪਸੀ ਤੋਂ ਬਾਅਦ ਉਨ੍ਹਾਂ ਲਈ ਅਮਰੀਕਾ ਵੀ ਅਸੁਰੱਖਿਅਤ ਲੱਗਣ ਲੱਗਾ ਹੈ। 2023 ਤੋਂ ਬਾਅਦ 63,000 ਤੋਂ



ਵੱਧ ਚੀਨੀ ਨਾਗਰਿਕ ਅਮਰੀਕਾ ਦੀ ਦੱਖਣੀ ਸਰਹੱਦ ਰਾਹੀਂ ਗੈਰਕਾਨੂੰਨੀ ਤੌਰ 'ਤੇ ਆਏ ਹਨ। ਕਈ ਚੀਨੀ ਇਮੀਗ੍ਰੈਂਟ ਕੈਨੇਡਾ ਜਾਂ ਕਿਸੇ ਹੋਰ ਦੇਸ਼ ਜਾਣ ਦੀ ਸੋਚ ਰਹੇ ਹਨ, ਜਦਕਿ ਕੁਝ ਮਜ਼ਬੂਰੀ 'ਚ ਵਾਪਸ ਚੀਨ ਜਾਣ ਦਾ ਵੀ ਵਿਚਾਰ ਕਰ ਰਹੇ ਹਨ। ਪਰ ਜੇਕਰ ਅਮਰੀਕਾ ਵੱਲੋਂ ਉਨ੍ਹਾਂ ਨੂੰ ਡਿਪੋਰਟ ਕੀਤਾ ਜਾਂਦਾ ਹੈ ਤਾਂ ਚੀਨ 'ਚ ਉਨ੍ਹਾਂ 'ਤੇ ਕਾਨੂੰਨੀ ਕਾਰਵਾਈ ਹੋ ਸਕਦੀ ਹੈ।

ਇਮੀਗ੍ਰੇਸ਼ਨ ਵਕੀਲ ਨੇ ਕਿਹਾ ਕਿ ਚੀਨ ਅਮਰੀਕਾ ਵਿੱਚੋਂ ਆਉਣ ਵਾਲਿਆਂ ਨੂੰ 'ਅੱਧ ਸਰਹੱਦ ਪਾਰ ਕਰਨ ਵਾਲਾ' ਮੰਨ ਕੇ ਸਜ਼ਾ ਦੇ ਸਕਦਾ ਹੈ।

ਫਿਲਹਾਲ, ਕਈ ਚੀਨੀ ਇਮੀਗ੍ਰੈਂਟ ਅਮਰੀਕਾ ਵਿੱਚ ਰਹਿ ਕੇ ਨਵੀਂ ਜ਼ਿੰਦਗੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਟਰੰਪ ਦੀ ਨੀਤੀ ਹੇਠ ਉਹ ਸੋਚ ਰਹੇ ਹਨ ਕੀ ਹੁਣ ਉਹ—ਰੁਕਣਾ ਜਾਂ ਵਾਪਸ ਪਰਤ ਜਾਣ।





ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਨਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)


**ਵਿਆਖਿਆ**

ਇਹ ਮੱਦ ਬਹੁਤ ਹੀ ਮਹੱਤਵਪੂਰਨ ਹੈ। ਲੋੜ ਹੈ ਇਸ ਨੂੰ ਚੰਗੀ ਤਰ੍ਹਾਂ ਦ੍ਰਿੜ ਕਰਨ ਦੀ। ਇਸ ਮੱਦ ਰਾਹੀਂ ਗੁਰੂ ਪੰਥ ਦੀ ਵਿਆਖਿਆ ਕੀਤੀ ਗਈ ਹੈ। ਤਿਆਰ-ਬਰ-ਤਿਆਰ ਯਾਨੀਕਿ ਅੰਮ੍ਰਿਤਧਾਰੀ ਸਿੰਘਾਂ ਦਾ ਸਮੂਹ ਹੀ ਗੁਰੂ ਪੰਥ ਅਖਵਾ ਸਕਦਾ ਹੈ। ਪੰਥ ਦਾ ਆਗਾਜ਼ ਤਾਂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕਰ ਦਿੱਤਾ ਸੀ। "ਮਾਰਿਆ ਸਿਕਾ ਜਗਤ੍ਰਿ ਵਿਚਿ ਨਾਨਕ ਨਿਰਮਲ ਪੰਥ ਚਲਾਇਆ॥" (ਵਾਰ ੧, ਪਉੜੀ 45) ਅਤੇ ਇਸ ਦੀ ਪਰਵਰਿਸ਼ ਦਸਾਂ ਗੁਰੂ ਸਾਹਿਬਾਨਾਂ ਨੇ ਕੀਤੀ। ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੋ ਕਾਰਜ ਕੀਤੇ। ਪਹਿਲਾ - ਇਸ ਨਿਰਮਲ ਪੰਥ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਇਸ ਦਾ ਅੰਤਮ ਸਰੂਪ ਬੰਨ੍ਹਿਆ ਅਤੇ ਦੂਸਰਾ - ਇਸ ਪੰਥ ਨੂੰ ਗੁਰਦੁਆਈ ਸੌਂਪ ਕੇ ਇਸ ਨੂੰ ਗੁਰੂ ਪੰਥ ਬਣਾ ਦਿੱਤਾ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਗੁਰੂ ਪੰਥ ਦਾ ਅੰਤਮ ਸਰੂਪ ਬੰਨ੍ਹ ਕੇ ਇਸ ਨੂੰ ਗੁਰਿਆਈ ਸੌਂਪਣੀ ਗੁਰੂ ਗ੍ਰੰਥ ਅਤੇ ਗੁਰੂ ਪੰਥ ਦੇ ਸਿਧਾਂਤਾਂ ਦੇ ਦੋ ਬੁਨਿਆਦੀ ਥੰਮ੍ਹ ਹਨ। ਇਸ 'ਤੇ ਕਿਸੇ ਕਿਸਮ ਦਾ ਸਮਝੌਤਾ ਜਾਂ ਇਸ ਸਿਧਾਂਤ ਤੋਂ ਕੋਈ ਮਾਫ਼ੀ ਨਹੀਂ ਹੈ। ਹਰ ਸਿੱਖ ਭਾਵੇਂ ਉਹ ਆਜ਼ਾਦ ਵਿਚਰਦਾ ਹੈ ਜਾਂ ਕਿਸੇ ਜਥੇਬੰਦੀ, ਟਕਸਾਲ, ਸੰਪਰਦਾ, ਡੇਰੇ ਜਾਂ ਸੰਸਥਾ ਦਾ ਮੈਂਬਰ ਹੈ ਉਸ ਲਈ ਗੁਰੂ ਗ੍ਰੰਥ - ਗੁਰੂ ਪੰਥ ਇਕ ਰਾਮ ਕਾਰ ਹੈ। ਇਸ ਨੂੰ ਦ੍ਰਿੜਤਾ ਨਾਲ ਲਾਗੂ ਕਰਨ ਦੀ ਲੋੜ ਹੁਣ ਪਹਿਲੇ ਨਾਲੋਂ ਵੀ ਵੱਧ ਹੈ ਕਿਉਂਕਿ ਪੰਥ ਵਿਚ ਵਿਚਰ ਰਹੀਆਂ ਕੁਝ ਸ਼ਕਤੀਆਂ ਗੁਰੂ ਪੰਥ ਨੂੰ ਗੁਰਿਆਈ ਸੌਂਪਣ ਵਾਲੇ ਸਿਧਾਂਤ ਤੇ ਬਹੁਤੇ ਮੁਖਰ ਨਹੀਂ ਨਜ਼ਰ ਆ ਰਹੀਆਂ। ਇਹ ਖ਼ਤਰੇ ਦੀ ਘੰਟੀ ਸਮਝੀ ਜਾ ਸਕਦੀ ਹੈ। ਇਸ ਤਰ੍ਹਾਂ ਦੀਆਂ ਲਿਖਤਾਂ ਨਜ਼ਰ ਆ ਰਹੀਆਂ ਹਨ ਜਿਸ ਵਿਚ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ, ਦੀ ਥਾਵੇਂ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਸੰਪੂਰਨਤਾ ਬਖਸ਼ੀ...। ਅੰਕਤ ਕੀਤਾ ਗਿਆ ਹੈ। ਕੀ ਇਸ ਦਾ ਕੋਈ ਅਰਥ ਹੈ? ਇਹ ਬਹੁਤ ਹੀ ਗੰਭੀਰ ਟਿੱਪਣੀ ਹੈ। ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਖ਼ਾਲਸੇ ਨੂੰ ਸੰਪੂਰਨਤਾ ਦੇ ਕੇ ਗੁਰਿਆਈ ਦੀ ਬਖਸ਼ਿਸ਼ ਕੀਤੀ ਹੈ। ਇਸ ਦੀ ਹਿਫਾਜ਼ਤ ਪੰਥ ਦਾ ਅਵਲੀਨ ਫਰਜ਼ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜਦੋਂ 'ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਹਿ' ਕਿਹਾ ਤਾਂ ਇਸ ਵਿਚ ਵਾਹਿਗੁਰੂ ਅਤੇ ਖ਼ਾਲਸੇ ਦਾ ਵਰਣਨ ਸੀ ਪਰ ਗੁਰੂ ਦਾ ਜ਼ਿਕਰ ਨਹੀਂ ਸੀ। ਗੁਰੂ ਸਾਹਿਬ ਜੀ ਨੇ ਆਪਣੀ ਹਸਤੀ ਵੀ ਖ਼ਾਲਸੇ ਵਿਚ ਜਜ਼ਬ ਕਰ ਦਿੱਤੀ ਸੀ। ਤਾਹੀਓਂ ਤਾਂ ਹਜ਼ੂਰ ਨੇ ਬਚਨ ਕੀਤੇ, ਮੋ ਗ੍ਰਿਹ ਮੈ ਤਨ ਤੇ ਮਨ ਤੇ ਸਿਰ ਲਉ ਧਨ ਹੈ ਸਬ ਹੀ ਇਨਹੀ ਕੋ॥੩॥ ਪਾਤਸ਼ਾਹੀ੧੦॥ (ਖਾਲਸਾ ਮਹਿਮਾ) ਸਤਿਗੁਰ ਸੱਚੇ ਪਾਤਸ਼ਾਹ ਨੇ ਖਾਲਸੇ ਨੂੰ ਉਸਤਤਿ, ਉਪਮਾ ਅਤੇ ਅਸੀਸ ਨਾਲ ਸਰਾਬੋਰ ਕੀਤਾ :

ਖ਼ਾਲਸਾ ਮੇਰੋ ਧਰਮ ਰੁ ਕਰਮ॥
ਖ਼ਾਲਸਾ ਮੇਰੁ ਭੇਦ ਨਿਜ ਮਰਮ॥
ਖ਼ਾਲਸਾ ਮੇਰੋ ਸਤਿਗੁਰੁ ਪੂਰਾ॥
ਖ਼ਾਲਸਾ ਮੇਰੋ ਸੂਜਨ ਸੂਰਾ॥੭॥
ਖ਼ਾਲਸਾ ਮੇਰੋ ਬੁਧਿ ਰੁ ਗਯਾਨ॥
ਖ਼ਾਲਸਹਿ ਕਾ ਹਉਂ ਧਰਹੁੰ ਧਯਾਨ॥
ਉਪਮਾ ਖ਼ਾਲਸਹਿ ਜਾਤਿ ਨ ਕਹੀ॥
ਜਿਹਵਾ ਏਕ ਪਾਰੁ ਨਹਿ ਲਹੀ॥੮॥




ਸ਼ੇਸ਼ ਰਸਨ ਸਾਰਦ ਸੀ ਬੁਧਿ॥
ਤਦਯਪਿ ਨ ਉਪਮਾ ਬਰਨਤਿ ਸੁਧਿ॥
ਸਾ ਮਹਿ ਰੰਚਿ ਨ ਮਿਥਯਾ ਭਾਖੀ॥
ਪਾਰਬ੍ਰਹਮ ਗੁਰੁ ਨਾਨਕ ਸਾਖੀ॥੯॥
ਰੋਮ ਰੋਮ ਰਸਨਾ ਜੋ ਪਾਵਹੁਂ॥
ਤਦਯਪਿ ਨ ਖ਼ਾਲਸ ਜਸਹਿ ਤਰਾਵਹਂ॥
ਹੌ ਖ਼ਾਲਸਹਿ ਕਹੁ, ਖ਼ਾਲਸਾ ਮੇਰੋ॥
ਓਤਪੋਤ ਸਾਗਰ ਬੂੰਦੇਰੋ॥੧੦॥
ਖ਼ਾਲਸਾ ਕਾਲਪੁਰਖ ਕੀ ਫੌਜ॥
ਪ੍ਰਗਠਯੋ ਪਰਮਾਤਮ ਕੌ ਮੌਜ॥੧॥ ਰਹਾਉ॥
(ਸਰਬਲੋਹ ਗ੍ਰੰਥ॥ ੩੩੦੯॥)

ਇਸ ਕ੍ਰਿਸ਼ਮੇ ਦਾ ਜ਼ਿਕਰ ਕੰਕਣ ਕਵੀ ਨੇ ਕੀਤਾ ਹੈ ਕਿ ਵਾਹਿਗੁਰੂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਫਿਰ ਉਸ ਕੋਲੋਂ ਜਦੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਤਾਂ ਸਤਿਗੁਰੂ ਜੀ ਨੇ ਬਚਨ ਕੀਤੇ ਕਿ ਜਗਤ ਵਿਚ ਮੈਂ ਤੁਹਾਡਾ ਗੁਰੂ ਕਰ ਕੇ ਜਾਣਿਆ ਜਾਂਦਾ ਹਾਂ ਪਰ ਮੇਰੇ ਗੁਰੂ ਤੁਸੀਂ ਹੋ। ਖਾਲਸੇ ਦੇ ਦਰਸ਼ਨ ਮੇਰੇ ਦਰਸ਼ਨ ਹੋਣਗੇ। ਪੰਜ ਪਿਆਰੇ ਮਿਲ ਕੇ ਜੋ ਵੀ ਮੰਗਣਗੇ ਉਹ ਮੰਗ ਖਿਨ ਪਲ ਵਿਚ ਹੀ ਪੂਰੀ ਹੋ ਜਾਏਗੀ।

ਸ੍ਵੈਯਾ-ਸਿਖ ਸਭੈ ਹਮਰੇ ਗੁਰ ਹੋ ਤੁਮ,
ਮੈਂ ਹੋ ਗੁਰੂ ਜਗ ਮਾਹਿ ਤੁਮਾਰਾ॥੧੮੬॥
ਜੋ ਕਰਿ ਹੈ ਤੁਮਰਾ ਕੋਊ ਦਰਸ਼ਨ ਜਾਨੋ ਕੀਯਾ
ਤਿਨ ਦਰਸੁ ਹਮਾਰਾ।
ਜੋ ਤੁਮ ਮਾਂਗ ਲਹੋ ਮਿਲ ਪਾਂਚ ਸੁਈ ਕਛੁ
ਹੋਇ ਨ ਲਾਗ ਹੈ ਬਾਰ॥੧੮੭॥

ਹੁਣ ਕੰਕਣ ਗੁਰੂ ਸਾਹਿਬ ਨੂੰ ਗੁਰੂ ਨਹੀਂ ਬਲਕਿ ਇਹ ਲਿਖਦਾ ਹੈ ਕਿ ਵਾਹਿਗੁਰੂ ਨੇ ਬਚਨ ਕੀਤੇ ਕਿ ਹੁਣ ਤੁਸੀਂ ਕੇਵਲ ਖ਼ਾਲਸਾ ਨਹੀਂ ਬਲਕਿ ਗੁਰੂ ਖਾਲਸਾ ਕਰ ਕੇ ਜਾਣੇ ਜਾਉਗੇ। ਮੈਂ ਤੁਹਾਡਾ ਅਤੇ ਤੁਸੀਂ ਮੇਰੇ ਹੋਏ ਹੋ, ਹੁਣ ਮੇਰਾ ਅਤੇ ਤੁਹਾਡਾ ਗੁਰੂ ਕੋਈ ਵੱਖਰਾ ਨਹੀਂ। ਮੈਂ ਤੁਹਾਡਾ ਅਤੇ ਤੁਸੀਂ ਮੇਰੇ ਹੋ ਗਏ ਹੋ। ਮੇਰਾ ਅਤੇ ਤੁਹਾਡਾ ਦੋਹਾਂ ਦਾ ਗੁਰੂ ਹੁਣ ਅਕਾਲ ਪੁਰਖ ਹੈ। ਸਾਰੀਆਂ ਵਡਿਆਈਆਂ ਸਤਿਗੁਰੂ ਜੀ ਨੇ ਖ਼ਾਲਸੇ ਦੀ ਝੋਲੀ ਵਿਚ ਪਾ ਦਿੱਤੀਆਂ।

ਇਸ ਤੋਂ ਵੀ ਅਹਿਮ ਗੱਲ ਇਹ ਕੀਤੀ ਕਿ ਇਕ ਵਾਰ ਪੰਜ ਸਿੰਘਾਂ ਨੂੰ ਅੰਮ੍ਰਿਤ ਦੀ ਦਾਤ ਦੇਣ ਉਪਰੰਤ ਅੱਗੋਂ ਤੋਂ ਅੰਮ੍ਰਿਤ ਦੀ ਦਾਤ ਦੇਣ ਦਾ ਅਧਿਕਾਰ ਵੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਖ਼ਾਲਸੇ ਦੀ ਝੋਲੀ ਵਿਚ ਹੀ ਪਾ ਦਿੱਤਾ। **(ਚਲਦਾ)**

# ਰਿਕਾਰਡ ਗਿਣਤੀ ਚ ਭਾਰਤੀ ਵਿਦਿਆਰਥੀ ਪੁੱਜੇ ਅਮਰੀਕਾ

ਵਾਸ਼ਿੰਗਟਨ : ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖ਼ਤੀ ਦੇ ਬਾਵਜੂਦ ਅਮਰੀਕਾ ਭਾਰਤੀ ਵਿਦਿਆਰਥੀਆਂ ਲਈ ਪਸੰਦੀਦਾ ਦੇਸ਼ ਬਣਿਆ ਹੋਇਆ ਹੈ। ਤਾਜ਼ਾ ਜਾਣਕਾਰੀ ਮੁਤਾਬਕ ਇਸ ਸਾਲ ਅਮਰੀਕਾ ਵਿੱਚ ਉੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਨੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਵਾਸ਼ਿੰਗਟਨ ਪੋਸਟ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਮੁਤਾਬਕ 2024-25 ਦੇ ਅਕਾਦਮਿਕ ਸੈਸ਼ਨ ਵਿੱਚ 3.5 ਲੱਖ ਤੋਂ ਵੱਧ ਭਾਰਤੀ ਵਿਦਿਆਰਥੀਆਂ ਨੇ ਅਮਰੀਕੀ ਯੂਨੀਵਰਸਿਟੀਆਂ ਵਿੱਚ ਦਾਖਲਾ ਲਿਆ, ਜੋ ਕਿ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ ਹੈ। ਰਿਪੋਰਟ ਅਨੁਸਾਰ ਭਾਰਤੀ ਵਿਦਿਆਰਥੀਆਂ ਦੀ ਵੱਧਦੀ ਮੌਜੂਦਗੀ ਨੇ ਅਮਰੀਕੀ ਵੀਜ਼ਾ ਨੀਤੀ ਨਿਰਮਾਤਾਵਾਂ ਨੂੰ ਮੁੜ ਵਿਚਾਰ ਕਰਨ ਲਈ ਮਜਬੂਰ ਕੀਤਾ ਹੈ। F-A ਅਤੇ OPT (ਵਿਕਲਪਿਕ ਪ੍ਰੈਕਟੀਕਲ ਟ੍ਰੇਨਿੰਗ) ਵੀਜ਼ਾ ਨੀਤੀ ਬਾਰੇ ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (DHS) ਅਤੇ ਵਿਦੇਸ਼ ਵਿਭਾਗ ਵਿੱਚ ਕੁਝ ਸਕਾਰਾਤਮਕ ਸੋਧਾਂ 'ਤੇ ਚਰਚਾ ਕੀਤੀ ਜਾ ਰਹੀ ਹੈ। ਮਿਸ਼ੀਗਨ ਯੂਨੀਵਰਸਿਟੀ ਵਿੱਚ ਅੰਤਰਰਾਸ਼ਟਰੀ ਸਿੱਖਿਆ ਦੀ ਡਾਇਰੈਕਟਰ ਐਲਿਜ਼ਾਬੈਥ ਕਾਰਟਰ ਅਨੁਸਾਰ ਭਾਰਤੀ ਵਿਦਿਆਰਥੀ ਨਾ ਸਿਰਫ਼ ਗਿਣਤੀ ਵਿੱਚ ਸਗੋਂ ਖੋਜ, ਨਵੀਨਤਾ ਅਤੇ ਕੈਂਪਸ ਲੀਡਰਸ਼ਿਪ ਵਿੱਚ ਵੀ ਮੋਹਰੀ ਭੂਮਿਕਾ ਨਿਭਾ ਰਹੇ ਹਨ। ਅਮਰੀਕਾ ਵਿੱਚ IITs, NITs ਅਤੇ ਦਿੱਲੀ ਯੂਨੀਵਰਸਿਟੀ ਵਰਗੇ ਸੰਸਥਾਨਾਂ ਤੋਂ ਗ੍ਰੈਜੂਏਟ ਵਿਦਿਆਰਥੀ ਉੱਚ ਸਿੱਖਿਆ ਲਈ ਵੱਧ ਰਹੇ ਹਨ ਅਤੇ ਇਨ੍ਹਾਂ ਵਿਦਿਆਰਥੀਆਂ ਦੇ ਉੱਚ ਗ੍ਰੇਡ ਅਤੇ ਖੋਜ ਸਮਰੱਥਾਵਾਂ ਨੇ ਵੀ ਯੂਨੀਵਰਸਿਟੀ ਦੇ ਉੱਚ ਪ੍ਰਸ਼ਾਸਨ ਨੂੰ ਪ੍ਰਭਾਵਿਤ ਕੀਤਾ ਹੈ।

ਭਾਰਤੀ ਵਿਦਿਆਰਥੀਆਂ ਦੀ ਰਵਾਇਤੀ ਤੌਰ 'ਤੇ ਗਣਿਤ, ਵਿਗਿਆਨ ਅਤੇ ਵਿਸ਼ਲੇਸ਼ਣਾਤਮਕ ਸੋਚ ਵਿੱਚ ਮਜ਼ਬੂਤ ਪਕੜ ਰਹੀ ਹੈ। ਅਮਰੀਕੀ ਯੂਨੀਵਰਸਿਟੀਆਂ ਵਿੱਚ STEM (ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ, ਗਣਿਤ) ਅਧਾਰਤ ਕੋਰਸਾਂ ਲਈ ਜ਼ਿਆਦਾਤਰ ਅਰਜ਼ੀਆਂ ਹੁਣ ਭਾਰਤ ਤੋਂ ਆ ਰਹੀਆਂ ਹਨ। ਰਿਪੋਰਟ ਅਨੁਸਾਰ ਸਟੈਨਫੋਰਡ, MIT ਅਤੇ UC ਬਰਕਲੇ ਵਰਗੇ ਸੰਸਥਾਨਾਂ ਵਿੱਚ ਕੰਪਿਊਟਰ ਸਾਇੰਸ, 19 ਅਤੇ ਡੇਟਾ ਸਾਇੰਸ ਦੇ ਅੰਡਰਗ੍ਰੈਜੁਏਟ/ਪੋਸਟ ਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਮੌਜੂਦਗੀ ਲਗਾਤਾਰ ਵੱਧ ਰਹੀ ਹੈ।

# ਹੀਰੋਸ਼ੀਮਾ ਪ੍ਰਮਾਣੂ ਹਮਲਾ, ਅੱਠ ਦਹਾਕੇ ਬਾਅਦ ਵੀ ਮ੍ਰਿਤਕਾਂ ਦੇ ਅਵਸ਼ੇਸ਼ਾਂ ਦੀ ਭਾਲ ਜਾਰੀ

ਨਿਨੋਸ਼ੀਮਾ (ਜਾਪਾਨ) : ਜਦੋਂ 80 ਸਾਲ ਪਹਿਲਾਂ 6 ਅਗਸਤ ਨੂੰ ਪਹਿਲਾ ਪ੍ਰਮਾਣੂ ਬੰਬ ਫਟਿਆ ਸੀ, ਤਾਂ ਹਜ਼ਾਰਾਂ ਮ੍ਰਿਤਕਾਂ ਨੂੰ ਆਤਮਘਾਤੀ ਹਮਲਿਆਂ ਲਈ ਸਿਖਲਾਈ ਪ੍ਰਾਪਤ ਫੌਜੀ ਕਿਸ਼ਤੀਆਂ ਦੁਆਰਾ ਹੀਰੋਸ਼ੀਮਾ ਦੇ ਦੱਖਣ ਵਿੱਚ ਇੱਕ ਛੋਟੇ ਜਿਹੇ ਪੇਂਡੂ ਟਾਪੂ ਨਿਨੋਸ਼ੀਮਾ ਲਿਆਂਦਾ ਗਿਆ ਸੀ। ਅੱਠ ਦਹਾਕੇ ਪਹਿਲਾਂ (80 ਸਾਲ ਪਹਿਲਾਂ) 6 ਅਗਸਤ, 1945 ਨੂੰ ਹੋਏ ਪ੍ਰਮਾਣੂ ਹਮਲੇ ਤੋਂ ਬਾਅਦ ਹੀਰੋਸ਼ੀਮਾ ਨੇੜੇ ਇੱਕ ਟਾਪੂ 'ਤੇ ਮ੍ਰਿਤਕਾਂ ਦੇ ਅਵਸ਼ੇਸ਼ਾਂ ਦੀ ਭਾਲ ਜਾਰੀ ਹੈ। ਬਹੁਤ ਸਾਰੇ ਪੀੜਤਾਂ ਦੇ ਕੱਪੜੇ ਸੜ ਗਏ ਸਨ ਅਤੇ ਉਨ੍ਹਾਂ ਦੇ ਚਿਹਰਿਆਂ ਅਤੇ ਅੰਗਾਂ ਤੋਂ ਮਾਸ ਦੇ ਟੁਕੜੇ ਲਟਕ ਰਹੇ ਸਨ। ਉਹ ਦਰਦ ਨਾਲ ਕੁਰਲਾ ਰਹੇ ਸਨ।

ਇਤਿਹਾਸਕ ਰਿਕਾਰਡਾਂ ਅਨੁਸਾਰ 25 ਅਗਸਤ ਨੂੰ ਮਾੜੇ ਡਾਕਟਰੀ ਇਲਾਜ ਅਤੇ ਦੇਖਭਾਲ ਕਾਰਨ ਜਦੋਂ ਫੀਲਡ ਹਸਪਤਾਲ ਬੰਦ ਹੋ ਗਿਆ ਸੀ ਤਾਂ ਸਿਰਫ਼ ਕੁਝ ਸੌ ਲੋਕ ਹੀ ਬਚੇ ਸਨ। ਮ੍ਰਿਤਕਾਂ ਨੂੰ ਅਸੰਗਠਿਤ ਅਤੇ ਜਲਦਬਾਜ਼ੀ ਵਾਲੇ ਕਾਰਜਾਂ ਵਿਚਕਾਰ ਵੱਖ-ਵੱਖ ਥਾਵਾਂ 'ਤੇ ਦਫ਼ਨਾਇਆ ਗਿਆ ਸੀ। ਦਹਾਕਿਆਂ ਬਾਅਦ ਖੇਤਰ ਦੇ ਲੋਕ ਪੀੜਤਾਂ ਨੂੰ ਸ਼ਰਧਾਂਜਲੀ ਦੇਣ ਲਈ ਲਾਪਤਾ ਲੋਕਾਂ ਦੇ ਅਵਸ਼ੇਸ਼ਾਂ ਦੀ ਭਾਲ ਕਰ ਰਹੇ ਹਨ। ਇਸ ਦਾ ਮਕਸਦ ਉਨ੍ਹਾਂ ਬਚੇ ਲੋਕਾਂ ਨੂੰ ਦਿਲਾਸਾ ਦੇਣਾ ਹੈ ਜੋ ਅਜੇ ਵੀ ਆਪਣੇ ਲਾਪਤਾ ਅਜ਼ੀਜ਼ਾਂ ਲਈ ਸੋਗ ਮਨਾਉਂਦੇ ਹਨ। ਹੀਰੋਸ਼ੀਮਾ



ਯੂਨੀਵਰਸਿਟੀ ਦੇ ਖੋਜੀ ਰੇਬਨ ਕਾਯੋ ਮ੍ਰਿਤਕਾਂ ਦੇ ਅਵਸ਼ੇਸ਼ਾਂ ਦੀ ਭਾਲ ਲਈ ਨਿਯਮਿਤ ਤੌਰ 'ਤੇ ਨਿਨੋਸ਼ੀਮਾ ਜਾਂਦੇ ਹਨ। ਉਨ੍ਹਾਂ ਨੇ ਕਿਹਾ, 'ਜਦੋਂ ਤੱਕ ਅਜਿਹਾ ਨਹੀਂ ਹੁੰਦਾ, ਇਨ੍ਹਾਂ ਲੋਕਾਂ ਲਈ ਯੁੱਧ ਖਤਮ ਨਹੀਂ ਹੋਵੇਗਾ।'

ਲਾਪਤਾ ਲੋਕਾਂ ਦੇ ਅਵਸ਼ੇਸ਼ਾਂ ਦੀ ਅਜੇ ਵੀ ਭਾਲ ਕੀਤੀ ਜਾ ਰਹੀ ਹੈ। ਹਾਲ ਹੀ ਵਿੱਚ ਇੱਕ ਸਵੇਰ ਨੂੰ ਕਾਯੋ ਇੱਕ ਪਹਾੜੀ ਖੇਤਰ ਵਿੱਚ ਜੰਗਲ ਦੇ ਇੱਕ ਪਲਾਟ 'ਤੇ ਪਹੁੰਚਿਆ ਜਿੱਥੇ ਉਹ 2018 ਤੋਂ ਅਵਸ਼ੇਸ਼ਾਂ ਦੀ ਖੁਦਾਈ ਕਰ ਰਿਹਾ ਹੈ। ਉਸਨੇ ਰਬੜ ਦੇ ਬੂਟ ਅਤੇ ਇੱਕ ਹੈਲਮੇਟ ਪਹਿਨਿਆ ਅਤੇ ਕੀਟਨਾਸ਼ਕ ਛਿੜਕਿਆ। ਤੇਜ਼ ਧੁੱਪ ਹੇਠ ਕੰਮ ਕਰਦੇ ਹੋਏ ਉਸਨੇ ਕਲਪਨਾ ਕੀਤੀ ਕਿ ਪੀੜਤਾਂ ਨੇ ਮਰਨ ਤੋਂ ਪਹਿਲਾਂ ਕੀ ਦਰਦ ਅਤੇ ਪੀੜਾ ਮਹਿਸੂਸ ਕੀਤੀ ਹੋਵੇਗੀ। ਕਾਯੋ ਨੂੰ ਹੁਣ ਤੱਕ ਲਗਭਗ 100 ਹੱਡੀਆਂ ਦੇ ਟੁਕੜੇ ਮਿਲੇ ਹਨ, ਜਿਨ੍ਹਾਂ ਵਿੱਚ ਖੋਪੜੀ ਦੇ ਟੁਕੜੇ ਅਤੇ ਇੱਕ ਬੱਚੇ ਦੇ ਜਬਾੜੇ ਦੀ ਹੱਡੀ ਵੀ ਸ਼ਾਮਲ ਹੈ ਜਿਸਦੇ ਛੋਟੇ ਦੰਦ ਅਜੇ ਵੀ ਜੁੜੇ ਹੋਏ ਹਨ। ਉਸਨੂੰ ਇੱਕ ਨਿਨੋਸ਼ੀਮਾ ਨਿਵਾਸੀ ਦੁਆਰਾ ਸੁਝਾਏ ਗਏ ਖੇਤਰ ਵਿੱਚ ਹੱਡੀਆਂ ਮਿਲੀਆਂ। ਨਿਨੋਸ਼ੀਮਾ ਨਿਵਾਸੀ ਦੇ ਪਿਤਾ ਨੇ 80 ਸਾਲ ਪਹਿਲਾਂ ਹੀਰੋਸ਼ੀਮਾ ਤੋਂ ਕਿਸ਼ਤੀ ਰਾਹੀਂ ਟਾਪੂ 'ਤੇ ਲਿਆਂਦੀਆਂ ਗਈਆਂ ਲਾਸ਼ਾਂ ਨੂੰ ਦਫ਼ਨਾਉਂਦੇ ਸੈਨਿਕਾਂ ਨੂੰ ਦੇਖਿਆ। ਉਸਨੇ ਅਵਸ਼ੇਸ਼ਾਂ ਬਾਰੇ ਕਿਹਾ, 'ਇਹ ਅਸਹਿਣਯੋਗ ਹੈ ਕਿ ਇੱਕ ਛੋਟੇ ਬੱਚੇ ਨੂੰ ਇੱਥੇ ਇੰਨੇ ਸਾਲਾਂ ਲਈ ਇਕੱਲੇ ਦਫ਼ਨਾਇਆ ਜਾਵੇ।' ਹੀਰੋਸ਼ੀਮਾ 'ਤੇ ਅਮਰੀਕੀ ਪਰਮਾਣੂ ਹਮਲੇ ਨੇ ਸ਼ਹਿਰ ਨੂੰ ਤਬਾਹ ਕਰ ਦਿੱਤਾ ਅਤੇ ਨਿਨੋਸ਼ੀਮਾ ਤੋਂ ਲਗਭਗ 10 ਕਿਲੋਮੀਟਰ (ਛੇ ਮੀਲ) ਉੱਤਰ ਵਿੱਚ, ਹਾਈਪੋਸੈਂਟਰ ਦੇ ਨੇੜੇ ਹਜ਼ਾਰਾਂ ਲੋਕਾਂ ਨੂੰ ਮਾਰ ਦਿੱਤਾ। ਉਸ ਸਾਲ ਦੇ ਅੰਤ ਤੱਕ ਮਰਨ ਵਾਲਿਆਂ ਦੀ ਗਿਣਤੀ 140,000 ਤੱਕ ਪਹੁੰਚ ਗਈ ਸੀ।

# BASRA
## Heating & Air Conditioning

**ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ**

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

**ਤੁਹਾਡੇ ਢੇਰ ਸਾਰੇ ਪੈਸੇ**

Reasonable price first class work ਅਤੇ

100% ਗਰੰਟੀ




**Basra Heating & Air Conditioning has trained technicians and the right equipment to solve the problem fast and at a reasonable price.**

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

**ਹੋਰ ਜਾਣਕਾਰੀ ਲਈ ਕਾਲ ਕਰੋ**

**ਸ. ਰਜਿੰਦਰ ਸਿੰਘ ਬਸਰਾ (209) 834-6188**

**Address: 231 Portico Ln, Tracy, CA 95377**

# ਆਪਣੇ ਵੱਡੇ ਅਹੁਦਿਆਂ ਰੁਤਬਿਆਂ ਨੂੰ ਠੋਕਰ ਮਾਰਕੇ ਹਰ ਵਕਤ ਸਿੱਖਾਂ ਨਾਲ ਚਟਾਨ ਵਾਂਗ ਖੜ੍ਹਨ ਵਾਲਾ ਸੱਚਾ ਮਹਾਨ ਨੇਤਾ FORMER J&K GOVERNOR SHRI SATYAPAL MALIK ਨਹੀਂ ਰਹੇ

## ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਪਾਲ ਮਲਿਕ ਦਾ 79 ਸਾਲ ਦੀ ਉਮਰ ਵਿੱਚ ਦੇਹਾਂਤ

ਨਵੀਂ ਦਿੱਲੀ : ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸਤਪਾਲ ਮਲਿਕ ਦਾ 79 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਦੀ ਪੁਸ਼ਟੀ ਉਨ੍ਹਾਂ ਦੇ X (ਪਹਿਲਾਂ ਟਵਿੱਟਰ) ਅਕਾਊਂਟ ਰਾਹੀਂ ਕੀਤੀ ਗਈ।

ਮਲਿਕ ਨੂੰ 11 ਮਈ 2025 ਨੂੰ ਨਵੀਂ ਦਿੱਲੀ ਦੇ RML ਹਸਪਤਾਲ ’ਚ ਜਟਿਲ ਮੂਤਰਾਸ਼ੈ ਸੰਕ੍ਰਮਣ ਕਾਰਨ ਭਰਤੀ ਕਰਵਾਇਆ ਗਿਆ ਸੀ। ਹਸਪਤਾਲ ਵੱਲੋਂ ਜਾਰੀ ਬਿਆਨ ਅਨੁਸਾਰ, ਉਨ੍ਹਾਂ ਦੀ ਮੌਤ ਸੈਪਟਿਕ ਸ਼ਾਕ, ਹਸਪਤਾਲੀ ਨਿਊਮੋਨੀਆ ਅਤੇ ਕਈ ਅੰਗਾਂ ਦੇ ਫੇਲ ਹੋਣ ਕਾਰਨ ਹੋਈ। ਮਲਿਕ ਡਾਇਬਟੀਕ ਕਿਡਨੀ ਬਿਮਾਰੀ, ਉੱਚ ਰਕਤਚਾਪ, ਮੋਟਾਪਾ ਅਤੇ ਸਲੀਪ ਐਪਨੀਆ ਵਰਗੀਆਂ ਗੰਭੀਰ ਸਮੱਸਿਆਵਾਂ ਤੋਂ ਪੀੜਤ ਸਨ। ਉਨ੍ਹਾਂ ਦੇ ਪਾਰਥਿਵ ਸਰੀਰ ਨੂੰ R.K. Puram ਵਿਖੇ ਘਰ ਲਿਜਾਇਆ ਜਾਵੇਗਾ ਤੇ ਅੰਤਿਮ ਸੰਸਕਾਰ ਬੁੱਧਵਾਰ ਨੂੰ ਲੋਧੀ ਸ਼ਮਸ਼ਾਨ



ਘਾਟ ’ਚ ਕੀਤਾ ਜਾਵੇਗਾ।

**ਸਿਆਸੀ ਜੀਵਨ :** ਪੱਛਮੀ ਉੱਤਰ ਪ੍ਰਦੇਸ਼ ਦੇ ਬਾਗਪਤ ਤੋਂ ਸਬੰਧਤ ਸਤਪਾਲ ਮਲਿਕ ਨੇ 1970ਵਾਂ ਦੇ ਦਹਾਕੇ ਵਿੱਚ ਚੌਧਰੀ ਚਰਨ ਸਿੰਘ ਦੀ ਭਾਰਤੀ ਕ੍ਰਾਂਤੀ ਦਲ ਤੋਂ ਵਿਧਾਇਕ ਵਜੋਂ ਰਾਜਨੀਤੀ ਦੀ ਸ਼ੁਰੂਆਤ ਕੀਤੀ। 1980 ’ਚ ਉਨ੍ਹਾਂ ਨੂੰ ਰਾਜ ਸਭਾ ਭੇਜਿਆ ਗਿਆ। 1984 ਵਿੱਚ ਉਹ ਕਾਂਗਰਸ ’ਚ ਸ਼ਾਮਲ ਹੋਏ ਅਤੇ 1986 ’ਚ ਰਾਜ ਸਭਾ ਦੇ ਮੈਂਬਰ ਬਣੇ।

ਉਨ੍ਹਾਂ ਨੇ ਜੰਮੂ-ਕਸ਼ਮੀਰ, ਗੋਆ ਅਤੇ ਮੇਘਾਲਯਾ ਦੇ ਰਾਜਪਾਲ ਵਜੋਂ ਵੀ ਜ਼ਿੰਮੇਦਾਰੀਆਂ ਨਿਭਾਈਆਂ। ਆਰਟਿਕਲ 370 ਦੇ ਹਟਾਏ ਜਾਣ ਮਗਰੋਂ ਉਨ੍ਹਾਂ ਦੀ ਜੰਮੂ-ਕਸ਼ਮੀਰ ਦੇ ਰਾਜਪਾਲ ਵਜੋਂ ਭੂਮਿਕਾ ਖਤਮ ਹੋਈ।

**ਵਿਵਾਦਾਂ ਅਤੇ ਖੁਲਾਸੇ :** ਮਲਿਕ ਆਪਣੇ ਬੇਬਾਕ ਬਿਆਨਾਂ ਲਈ ਜਾਣੇ ਜਾਂਦੇ ਸਨ। ਉਨ੍ਹਾਂ ਨੇ ਪੀਐਮ ਮੋਦੀ ਸਰਕਾਰ ’ਤੇ ਰਿਸ਼ਵਤਖੋਰੀ ਅਤੇ 2019 ਦੇ ਪੁਲਵਾਮਾ ਹਮਲੇ ਸਬੰਧੀ ਗੰਭੀਰ ਦੋਸ਼ ਲਾਏ ਸਨ। ਉਨ੍ਹਾਂ ਦੇ ਬਿਆਨ ਪਾਰਟੀ ਅਤੇ ਕੇਂਦਰ ਸਰਕਾਰ ਲਈ ਅਕਸਰ ਔਖੇ ਸਾਬਤ ਹੋਏ।

ਉਮਰ ਦੇ ਅੰਤਿਮ ਪੜਾਅ ’ਚ ਵੀ ਉਹ ਕਿਸਾਨ ਅਤੇ ਜੱਟ ਵੋਟਰ ਆਧਾਰ ਨਾਲ ਰਾਜਨੀਤਿਕ ਭਵਿੱਖ ਬਾਰੇ ਸੋਚਦੇ ਰਹੇ।











ਲੋਕ ਸਭਾ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਸੰਸਦ ਮੈਂਬਰ ਰਾਹੁਲ ਗਾਂਧੀ ਸਮੇਤ ਵੱਖ-ਵੱਖ ਆਗੂਆਂ ਨੇ ਨਵੀਂ ਦਿੱਲੀ ਦੇ ਲੋਧੀ ਰੋਡ ਸ਼ਮਸ਼ਾਨਘਾਟ ਵਿਖੇ ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਦੇ ਮ੍ਰਿਤਕ ਸਰੀਰ ਨੂੰ ਅੰਤਿਮ ਸ਼ਰਧਾਂਜਲੀ ਦਿੱਤੀ।

## ਬੰਗਲਾਦੇਸ਼ ਟ੍ਰਿਬਿਊਨਲ ਨੇ ਮਨੁੱਖਤਾ ਵਿਰੁੱਧ ਅਪਰਾਧਾਂ ਲਈ ਸ਼ੇਖ ਹਸੀਨਾ ਵਿਰੁੱਧ ਮੁਕੱਦਮਾ ਕੀਤਾ ਸ਼ੁਰੂ

ਢਾਕਾ : ਬੰਗਲਾਦੇਸ਼ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ (ਆਈ.ਸੀ.ਟੀ.) ਨੇ ਗੱਦੀਓਂ ਲਾਹੀ ਗਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਵਿਰੁੱਧ ਮਨੁੱਖਤਾ ਵਿਰੁੱਧ ਮੁਕੱਦਮਾ ਸ਼ੁਰੂ ਕੀਤਾ। ਇਹ ਮੁਕੱਦਮਾ ਉਨ੍ਹਾਂ ਦੀ ਗੈਰਹਾਜ਼ਰੀ ’ਚ ਚੱਲ ਰਿਹਾ ਹੈ। ਇਹ ਮਾਮਲਾ 2024 ’ਚ ਵਿਦਿਆਰਥੀਆਂ ਦੀ ਅਗਵਾਈ ਵਾਲੇ ਵਿਰੋਧ ਪ੍ਰਦਰਸ਼ਨਾਂ ਦੇ ਹਿੰਸਕ ਦਮਨ ਨਾਲ ਸੰਬੰਧਿਤ ਹੈ। ਅੰਤਰਿਮ ਸਰਕਾਰ ਨੇ ਉਨ੍ਹਾਂ ’ਤੇ ਮਨੁੱਖਤਾ ਵਿਰੁੱਧ ਅਪਰਾਧ ਕਰਨ ਦਾ ਦੋਸ਼ ਲਗਾਇਆ ਹੈ। ਆਪਣੀ ਸ਼ੁਰੂਆਤੀ ਦਲੀਲ ’ਚ ਅੰਤਰਿਮ ਸਰਕਾਰ ਵਲੋਂ ਨਿਯੁਕਤ ਮੁੱਖ ਸਰਕਾਰੀ ਵਕੀਲ ਤਾਜੁਲ ਇਸਲਾਮ ਨੇ ਸ਼ੇਖ ਹਸੀਨਾ ਨੂੰ ‘ਸਾਰੇ ਅਪਰਾਧਾਂ ਦੀ ਜੜ੍ਹ’ ਕਿਹਾ ਤੇ ਉਨ੍ਹਾਂ ਲਈ ਵੱਧ ਤੋਂ ਵੱਧ ਸਜ਼ਾ ਦੀ ਮੰਗ ਕੀਤੀ। ਇਸਤਗਾਸਾ ਪੱਖ ਨੇ ਇਸ ਮਾਮਲੇ ’ਚ ਹਸੀਨਾ ਦੇ 2 ਮੁੱਖ ਸਹਿਯੋਗੀਆਂ ਦਾ ਵੀ ਨਾਂਅ ਲਿਆ ਹੈ। ਇਨ੍ਹਾਂ ’ਚ ਸਾਬਕਾ ਗ੍ਰਹਿ ਮੰਤਰੀ ਅਸਦੁਜ਼ਮਾਨ ਖਾਨ ਕਮਾਲ ਤੇ ਸਾਬਕਾ ਇੰਸਪੈਕਟਰ ਜਨਰਲ ਆਫ਼ ਪੁਲਿਸ ਚੌਧਰੀ ਅਬਦੁੱਲਾ ਅਲ ਮਾਮੂਨ ਸ਼ਾਮਲ ਹਨ। ਆਈ.ਸੀ.ਟੀ. ਨੇ ਕਈ ਦੋਸ਼ਾਂ ਦੇ ਆਧਾਰ ’ਤੇ ਹਸੀਨਾ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਹੈ। ਸਭ ਤੋਂ ਵੱਡਾ ਦੋਸ਼ ਇਹ ਹੈ ਕਿ ਉਨ੍ਹਾਂ ਨੇ ਵਿਦਿਆਰਥੀ ਅੰਦੋਲਨ ਨੂੰ ਦਬਾਉਣ ਲਈ ਕਤਲ ਤੇ ਅਤਿਆਚਾਰ ਵਰਗੀਆਂ ਕਾਰਵਾਈਆਂ ਕੀਤੀਆਂ। ਅੰਦੋਲਨ ਇੰਨਾ ਵੱਡਾ ਹੋ ਗਿਆ ਸੀ ਕਿ ਉਨ੍ਹਾਂ ਦੀ ਅਵਾਮੀ ਲੀਗ ਸਰਕਾਰ 5 ਅਗਸਤ, 2024 ਨੂੰ ਡਿੱਗ ਗਈ। ਜਦੋਂ ਕਿ ਸ਼ੇਖ ਹਸੀਨਾ ਅਤੇ ਕਮਾਲ ’ਤੇ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਮੁਕੱਦਮਾ ਚਲਾਇਆ ਜਾ ਰਿਹਾ ਹੈ, ਮਾਮੂਨ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ ਅਤੇ ਉਹ ਮਾਮਲੇ ’ਚ ਸਰਕਾਰੀ ਗਵਾਹ ਬਣਨ ਲਈ ਸਹਿਮਤ ਹੋ ਗਏ ਹਨ। ਇਸਤਗਾਸਾ ਪੱਖ ਨੇ ਕਿਹਾ ਕਿ ਆਉਣ ਵਾਲੇ




ਦਿਨਾਂ ’ਚ ਉਹ ਉਨ੍ਹਾਂ ਲੋਕਾਂ ਨੂੰ ਗਵਾਹਾਂ ਵਜੋਂ ਪੇਸ਼ ਕਰੇਗਾ ਜੋ ਵਿਰੋਧ ਪ੍ਰਦਰਸ਼ਨਾਂ ਦੌਰਾਨ ਜ਼ਖਮੀ ਹੋਏ ਸਨ ਜਾਂ ਜਿਨ੍ਹਾਂ ਨੇ ਹਿੰਸਾ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਸੀ। ਜ਼ਿਕਰਯੋਗ ਹੈ ਕਿ ਸ਼ੇਖ ਹਸੀਨਾ 5 ਅਗਸਤ, 2024 ਨੂੰ ਬੰਗਲਾਦੇਸ਼ ਛੱਡ ਗਈ ਸੀ ਤੇ ਉਹ ਇਸ ਸਮੇਂ ਭਾਰਤ ’ਚ ਰਹਿ ਰਹੀ ਹੈ। ਰਿਪੋਰਟਾਂ ਅਨੁਸਾਰ, ਸਾਬਕਾ ਗ੍ਰਹਿ ਮੰਤਰੀ ਕਮਾਲ ਨੇ ਵੀ ਬਾਅਦ ’ਚ ਭਾਰਤ ’ਚ ਸ਼ਰਨ ਲਈ ਹੈ। ਮੁਹੰਮਦ ਯੂਨਸ ਦੀ ਅਗਵਾਈ ਵਾਲੀ ਅੰਤਰਿਮ ਸਰਕਾਰ ਨੇ ਭਾਰਤ ਤੋਂ ਸ਼ੇਖ ਹਸੀਨਾ ਦੀ ਵਾਪਸੀ (ਹਵਾਲਗੀ) ਦੀ ਮੰਗ ਕੀਤੀ ਹੈ।

## ਅਮਰੀਕਾ ਨੂੰ ਖੇਤੀ, ਡੇਅਰੀ ਤੇ ਹੋਰ ਖ਼ੁਰਾਕ ਪਦਾਰਥਾਂ ’ਤੇ ਰਿਆਇਤ ਦੇਣ ਨੂੰ ਤਿਆਰ ਨਹੀਂ ਹੈ ਭਾਰਤ

ਨਵੀਂ ਦਿੱਲੀ : ਭਾਰਤ ਅਮਰੀਕਾ ਨਾਲ ਪ੍ਰਸਤਾਵਿਤ ਦੁਵੱਲੇ ਵਪਾਰ ਸਮਝੌਤੇ (ਬੀ.ਟੀ.ਏ.) ’ਚ ਖੇਤੀ ਉਤਪਾਦਾਂ, ਡੇਅਰੀ ਅਤੇ ਜੀ.ਐਮ. ਖਾਣ ਵਾਲੀਆਂ ਵਸਤਾਂ ’ਤੇ ਟੈਰਿਫ਼ ਰਿਆਇਤ ਦੇਣ ਨੂੰ ਤਿਆਰ ਨਹੀਂ ਹੈ। ਭਾਰਤ ਨੇ ਇਸ ਮੁੱਦੇ ’ਤੇ ਆਪਣਾ ਰੁਖ਼ ਸਪੱਸ਼ਟ ਕਰਦਿਆਂ ਕਿਹਾ ਕਿ ਖੇਤੀ ਸਿਆਸੀ ਅਤੇ ਆਰਥਿਕ ਤੌਰ ’ਤੇ ਸੰਵੇਦਨਸ਼ੀਲ ਖੇਤਰ ਹੈ। ਭਾਰਤ ਦੀ ਦਿਹਾਤੀ ਅਰਥਵਿਵਸਥਾ ’ਚ 70 ਕਰੋੜ ਤੋਂ ਵੱਧ ਲੋਕ ਇਸ ਖੇਤਰ ’ਤੇ ਨਿਰਭਰ ਹਨ। ਜੇਕਰ ਭਾਰਤ ਟੈਰਿਫ਼ ਹਟਾਉਂਦਾ ਹੈ ਤਾਂ ਆਲਮੀ ਕੀਮਤਾਂ ’ਚ ਗਿਰਾਵਟ ਦੌਰਾਨ ਸਸਤੇ, ਸਬਸਿਡੀ ਵਾਲੇ ਅਮਰੀਕੀ ਅਨਾਜ ਭਾਰਤੀ ਬਾਜ਼ਾਰਾਂ ’ਚ ਭਰ ਸਕਦੇ ਹਨ। ਜਿਥੇ ਅਮਰੀਕਾ ’ਚ ਖੇਤੀ ਦਾ ਵਪਾਰੀਕਰਨ ਹੋ ਚੁੱਕਿਆ ਹੈ, ਭਾਰਤ ’ਚ ਖੇਤੀ ਰੋਜ਼ੀ ਰੋਟੀ ਨਾਲ ਜੁੜਿਆ ਮਾਮਲਾ ਹੈ। ਭਾਰਤ ਨੇ ਕਿਹਾ ਕਿ ਛੋਟੇ ਕਿਸਾਨਾਂ ਦੀ ਸੁਰੱਖਿਆ, ਅਸਥਿਰਤਾ ਨੂੰ ਕਾਬੂ ਕਰਨ ਅਤੇ ਅਨਾਜ ਸੁਰੱਖਿਆ ਯਕੀਨੀ ਬਣਾਉਣ ਲਈ ਟੈਰਿਫ਼ ਬਹੁਤ ਜ਼ਰੂਰੀ ਹੈ। ਡੇਅਰੀ ਨੂੰ ਲੈ ਕੇ ਵੀ ਭਾਰਤੀ ਨੇਮ ਧਾਰਮਿਕ ਸੰਵੇਦਨਸ਼ੀਲਤਾ ਤੋਂ ਪ੍ਰਭਾਵਿਤ ਹਨ, ਜਿਸ ਕਾਰਨ ਪਸ਼ੂਆਂ ਦੇ ਮਾਸ ਵਾਲੇ ਖਾਣੇ ਤੋਂ ਹਾਸਿਲ ਪਸ਼ੂਆਂ ਦੇ ਦਰਾਮਦ ’ਤੇ





ਪਾਬੰਦੀ ਲਗਾਉਂਦੇ ਹਨ। ਮਿਸਾਲ ਵਜੋਂ ਗਊ ਦੇ ਮਾਸ ਤੋਂ ਮਿਲੇ ਮੱਖਣ ’ਤੇ। ਭਾਰਤ ਇਸ ਨੀਤੀ ਨੂੰ ਸਮਝੌਤਾ ਕਰਨ ਦੇ ਯੋਗ ਨਹੀਂ ਮੰਨਦਾ। ਜੀ.ਐਮ. ਪਦਾਰਥਾਂ ਨੂੰ ਲੈ ਕੇ ਵੀ ਭਾਰਤ ਦਾ ਨਜ਼ਰੀਆ ਇੰਝ ਹੈ। ਪਸ਼ੂਆਂ ਦੇ ਅਹਾਰ ਲਈ ਸੋਇਆਬੀਨ ਅਨਾਜ ਅਤੇ ਘੁਲਣਸ਼ੀਲ ਪਦਾਰਥਾਂ ਦੇ ਨਾਲ ਸੁੱਕੇ ਅਨਾਜ ਜਿਹੇ ਜੀ.ਐਮ. ਉਤਪਾਦਾਂ ਦੇ ਦਰਾਮਦ ਦੀ ਇਜ਼ਾਜਤ ਦੇਣ ਨਾਲ ਯੂਰਪੀਅਨ ਯੂਨੀਅਨ ਨਾਲ ਭਾਰਤ ਦੇ ਖੇਤੀ ਬਰਾਮਦ ’ਤੇ ਅਸਰ ਪਵੇਗਾ। ਜ਼ਿਕਰਯੋਗ ਹੈ ਕਿ ਭਾਰਤ ਅਮਰੀਕਾ ਦਰਮਿਆਨ ਦੁਵੱਲੇ ਵਪਾਰ ਸਮਝੌਤੇ ’ਚ ਅਮਰੀਕਾ ਕੁਝ ਉਦਯੋਗਿਕ ਵਸਤਾਂ, ਆਟੋਮੋਬਾਈਲ, ਖੇਤੀ ਵਸਤਾਂ, ਡੇਅਰੀ ਵਸਤਾਂ, ਸੇਬ ਅਤੇ ਜੀ.ਐਮ. ਫ਼ਸਲਾਂ ’ਤੇ ਟੈਰਿਫ਼ ’ਚ ਰਿਆਇਤ ਚਾਹੁੰਦਾ ਹੈ, ਜਦਕਿ ਭਾਰਤ ਇਸ ਵਾਧੂ ਟੈਰਿਫ਼ (ਮੌਜੂਦਾ ਸਮੇਂ ’ਚ 25 ਫ਼ੀਸਦੀ) ਨੂੰ ਹਟਾਉਣ ਅਤੇ ਆਟੋ, ਇਸਪਾਤ, ਐਲੂਮੀਨੀਅਮ, ਕੱਪੜਾ, ਚਮੜੇ ਦੇ ਸਾਮਾਨ, ਕੱਪੜੇ, ਪਲਾਸਟਿਕ, ਰਸਾਇਣ, ਅੰਗੂਰ ਅਤੇ ਕੇਲੇ ’ਤੇ ਟੈਰਿਫ਼ ’ਚ ਕਟੌਤੀ ਦੀ ਮੰਗ ਕਰ ਰਿਹਾ ਹੈ, ਪਰ ਭਾਰਤ ਡੇਅਰੀ, ਖੇਤੀ ਉਤਪਾਦਾਂ ਅਤੇ ਜੀ.ਐਮ. ਪਦਾਰਥਾਂ ’ਤੇ ਅਮਰੀਕਾ ਨੂੰ ਟੈਰਿਫ਼ ’ਤੇ ਕੋਈ ਵੀ ਰਿਆਇਤ ਨਹੀਂ ਦੇਣਾ ਚਾਹੁੰਦਾ।

## ਬਰੈਂਪਟਨ ’ਚ ਪੰਜਾਬਣ ਦੀ ਸੜਕ ਹਾਦਸੇ ’ਚ ਮੌਤ, 2 ਸਾਲ ਪਹਿਲਾਂ ਪੜ੍ਹਾਈ ਲਈ ਗਈ ਸੀ ਵਿਦੇਸ਼


ਬਰੈਂਪਟਨ ’ਚ ਪੜਾਈ ਕਰਨ ਆਈ ਨੌਜਵਾਨ ਪੰਜਾਬਣ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਮਨਬੀਰ ਕੌਰ (17) ਵਜੋਂ ਹੋਈ ਹੈ। ਮ੍ਰਿਤਕ ਜ਼ੀਰਾ ਨੇੜਲੇ ਪਿੰਡ ਬੋਤੀਆਂ ਵਾਲਾ ਤੋਂ ਸੀ। ਮਨਬੀਰ ਕੌਰ ਮਾਰਚ 2023 ਵਿਚ ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਪੜ੍ਹਨ ਆਈ ਸੀ ਤੇ ਹੁਣ ਵਰਕ ਪਰਮਿਟ ਅਪਲਾਈ ਕਰਨਾ ਸੀ, ਇਹ ਘਟਨਾ ਵਾਪਰ ਗਈ।

ਮ੍ਰਿਤਕਾ ਦੇ ਪਿਤਾ ਨੇ ਦੱਸਿਆ ਕਿ ਮਨਬੀਰ ਕੌਰ ਦੇ ਸਾਰੇ ਅੰਗ ਲੋੜਵੰਦਾਂ ਨੂੰ ਦਾਨ ਕੀਤੇ ਜਾਣਗੇ। ਮਨਬੀਰ ਕੌਰ ਦਾ ਅੰਤਿਮ 4 ਅਗਸਤ ਨੂੰ ਬਰੈਂਪਟਨ ਵਿਖੇ ਕੀਤਾ ਗਿਆ।



# ਪੰਜਾਬ ਸਰਕਾਰ ਦੀ ਜਾਇਜ਼ ਸਿਫਤ!





ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724



ਬੀਤੀ ਜੁਲਾਈ ਮਹੀਨੇ ਦੇ ਇਕ ਦਿਨ ਸਾਡੇ ਪਿੰਡ ਸਵੇਰੇ ਸੁਵਖਤੇ ਗੁਰਦੁਆਰਾ ਸਾਹਿਬ ਦੇ ਲਾਊਡ ਸਪੀਕਰ ਤੋਂ ਹੋਈ ਅਨੋਖੀ ਅਨਾਊਂਸਮੈਂਟ ਸੁਣ ਕੇ ਕੰਨ ਖੜ੍ਹੇ ਹੋ ਗਏ! ਭਾਈ ਸਾਹਿਬ ਲਾਗੇ-ਚਾਗੇ ਦੇ ਪਿੰਡਾਂ ਦੇ ਵੀ ਨਾਂ ਲੈ ਕੇ 'ਜਿੱਥੇ ਤੱਕ ਅਵਾਜ਼ ਜਾਂਦੀ ਹੈ!' ਕਹਿੰਦਿਆਂ ਸੂਚਨਾਂ ਦੇ ਰਹੇ ਸਨ ਕਿ ਅੱਜ ਦਸ ਕੁ ਵਜੇ ਨਹਿਰੀ ਵਿਭਾਗ ਦੇ ਉੱਚ ਅਫਸਰ ਸਾਡੇ ਪਿੰਡ ਪਹੁੰਚ ਰਹੇ ਹਨ। ਜਿਨ੍ਹਾਂ ਜਿਨ੍ਹਾਂ ਜ਼ਿਮੀਦਾਰ ਭਰਾਵਾਂ ਨੇ ਸਿੰਜਾਈ ਵਾਸਤੇ ਆਪਣੇ ਖੇਤਾਂ ਨੂੰ ਨਹਿਰੀ ਪਾਣੀ ਦਾ ਮੋਘਾ ਲਵਾਉਣਾ ਹੋਵੇ ਉਹ ਸਮੇਂ ਸਿਰ ਗੁਰਦੁਆਰਾ ਸਾਹਿਬ ਪਹੁੰਚ ਕੇ ਮਹਿਕਮੇਂ ਦੇ ਅਫਸਰਾਂ ਕੋਲ ਆਪੋ ਆਪਣੇ ਨਾਂ ਦਰਜ ਕਰਾਉਣ ਦੀ ਕ੍ਰਿਪਾਲਤਾ ਕਰਨ ਜੀ !

ਦਰਅਸਲ ਸਾਡੇ ਪਿੰਡ ਦੁਪਾਲ ਪੁਰ ਦੇ ਢਾਹੇ ਵਾਲੇ ਪਾਸੇ ਮੀਲ ਕੁ ਦੂਰ ਵਗਦੀ ਬਿਸਤ ਦੁਆਬ ਨਹਿਰ ਮੇਰੇ ਜਨਮ ਸੰਨ (1957) ਤੋਂ ਵੀ ਕਈ ਵਰ੍ਹੇ ਪਹਿਲਾਂ ਦੀ ਬਣੀ ਹੋਈ ਹੈ। ਸਤਲੁਜ ਦਰਿਆ 'ਤੇ ਬਣੇ ਰੋਪੜ ਹੈੱਡਵਰਕਸ ਤੋਂ ਨਿਕਲਦੀ ਇਸ ਨਹਿਰ 'ਚੋਂ ਆਰ.ਡੀ 94 ਪਿੰਡ ਮਹਿਤ ਪੁਰ ਤੋਂ ਆਦਮ ਪੁਰ ਬ੍ਰਾਂਚ ਨਿਕਲਦੀ ਹੈ ਅਤੇ ਸਾਡੇ ਪਿੰਡੋਂ ਛੇ ਕੁ ਮੀਲ ਦੂਰ ਰਾਹੋਂ ਵੱਲ੍ਹ ਆਰ.ਡੀ 122 'ਤੇ ਨਵਾਂਸ਼ਹਿਰ ਡਿਸਟ੍ਰੀਬਿਊਟਰੀ (ਸੁਬਾਜਪੁਰ ਵਾਲੀ ਝਲਾਰ) ਤੋਂ ਵੱਖ ਵੱਖ ਦਿਸ਼ਾਵਾਂ ਨੂੰ ਤਿੰਨ ਸੂਏ ਕੱਢੇ ਗਏ ਹਨ ਜੋ ਨਵਾਂਸ਼ਹਿਰ ਅਤੇ ਰਾਹੋਂ ਦੇ ਇਰਦ-ਗਿਰਦ ਇਲਾਕੇ ਨੂੰ ਸਿੰਜਾਈ ਸਹੂਲਤ ਪ੍ਰਦਾਨ ਕਰਦੇ ਹਨ। ਇਸ ਤੋਂ ਇਲਾਵਾ ਸਾਡੇ ਪਿੰਡਾਂ ਵਾਲਿਆਂ ਨੇ ਕਦੇ ਨਹਿਰੀ ਪਾਣੀ ਨਾਲ ਸਿੰਜਾਈ ਕਰਨ ਬਾਰੇ ਸੋਚਿਆ ਚਿਤਵਿਆ ਵੀ ਨਹੀਂ ਸੀ। ਪਰ ਹੁਣ ਗੁਰਦੁਆਰੇ ਤੋਂ ਹੋਈ ਅਨਾਊਂਸਮੈਂਟ ਨੇ ਹੈਰਾਨੀ ਪੈਦਾ ਕਰ ਦਿੱਤੀ!

ਨਿੱਜੀ ਰੁਝੇਵੇਂ ਕਾਰਨ ਭਾਵੇਂ ਮੈਂ ਆਪਣੇ ਪਿੰਡ ਵਾਲੀ ਉਕਤ ਮੀਟਿੰਗ ਵਿਚ ਹਾਜ਼ਰ ਨਹੀਂ ਹੋ ਸਕਿਆ ਪਰ ਸ਼ਾਮ ਨੂੰ ਘਰੇ ਆ ਕੇ ਇਸ ਮੀਟਿੰਗ ਬਾਰੇ ਨਹਿਰੀ ਵਿਭਾਗ ਦੀ ਨੌਕਰੀ ਤੋਂ ਸੇਵਾ ਮੁਕਤ ਹੋਏ ਆਪਣੇ ਗਰਾਈਂ ਹਮਜਮਾਤੀ ਤੋਂ ਪੂਰੀ ਜਾਣਕਾਰੀ ਲਈ! ਉਸਨੇ ਦੱਸਿਆ ਕਿ ਧਰਤੀ ਹੇਠਲੇ ਪਾਣੀ ਦੀ ਸਤਹ ਆਏ ਸਾਲ ਹੋਰ ਡੂੰਘੀ ਹੋਰ ਡੂੰਘੀ ਹੋਈ ਜਾਣ ਤੋਂ ਚਿੰਤਤ ਪੰਜਾਬ ਦੀ ਮਾਨ ਸਰਕਾਰ ਨੇ ਇਹ ਯੋਜਨਾ ਬਣਾਈ ਹੈ ਕਿ ਇਸ ਇਲਾਕੇ ਨੂੰ ਵੀ ਸਿੰਜਾਈ ਲਈ ਨਹਿਰੀ ਪਾਣੀ ਦੀ ਸਹੂਲਤ ਮੁਹੱਈਆ ਕਰਵਾਈ ਜਾਵੇ। ਇਸ ਨਾਲ ਇਕ ਤਾਂ ਧੜਾਧੜ ਨਵੇਂ ਪੁੱਟੇ ਜਾ ਰਹੇ ਟਿਊਬਵੈਲਾਂ ਦੀ ਗਿਣਤੀ ਨੂੰ ਠੱਲ੍ਹ ਪਵੇਗੀ। ਦੂਸਰਾ ਨਹਿਰ ਤੋਂ ਨਿਕਲਦੇ ਨਾਲਿਆਂ ਦੀ ਬਦੌਲਤ ਧਰਤੀ ਲਈ ਜੀਰਣ ਪ੍ਰਕ੍ਰਿਆ ਵੀ ਹੋਵੇ ਗੀ। ਜੋ ਕਿ ਦਿਨ-ਬ-ਦਿਨ ਹੇਠਾਂ ਜਾ ਰਹੀ ਪਾਣੀ ਦੀ ਸਤਹ ਲਈ ਬਹੁਤ ਲਾਹੇਵੰਦ ਹੋਵੇ ਗੀ।

ਮੇਰੇ ਇਸ ਹਮਜਮਾਤੀ ਦੋਸਤ ਨੇ ਮੈਨੂੰ ਸੁਝਾਅ ਦਿੱਤਾ ਕਿ ਮਾਨ ਸਰਕਾਰ ਦੀ ਇਸ ਯੋਜਨਾਂ ਉੱਤੇ ਫੌਰੀ ਅਮਲ ਵੀ ਹੋਇਆ ਦੇਖਣਾ ਹੈ ਤਾਂ ਨਹਿਰ 'ਤੇ ਗੇੜਾ ਮਾਰ ਕੇ ਆਉ! ਸੱਚਮੁਚ ਮੈਂ ਪਿੰਡੋਂ ਨਵਾਂਸ਼ਹਿਰ ਜਾਂਦਿਆਂ ਦੇਖਿਆ ਕਿ ਅਸਮਾਨ ਪੁਰ ਅਤੇ ਰਾਣੇਵਾਲ ਪਿੰਡਾਂ ਲਾਗੇ ਤਿੰਨ ਮੋਘੇ ਤਾਮੀਰ ਹੋ ਚੁੱਕੇ ਨੇ ਅਤੇ ਨਹਿਰੀ ਪਾਣੀ ਸਿੰਜਾਈ ਕਰ ਰਿਹਾ ਹੈ! ਹੋਰ ਤਾਂ ਹੋਰ ਹੁਣ ਸੁਬਾਜ ਪੁਰ ਦੀ ਝਲਾਰ ਤੋਂ ਨਿੱਕਲੇ ਹੋਏ ਸੂਏ ਵੀ ਕੰਢਿਆਂ ਤੱਕ ਡਕਾ ਡੀਕ ਭਰੇ ਵਗਦੇ ਹਨ। ਸੰਨ 73-74 ਵਿਚ ਨਵਾਂਸ਼ਹਿਰ ਦੁਆਬੇ ਸਕੂਲ ਪੜ੍ਹਦਿਆਂ ਅਸੀਂ ਪਿੰਡ ਸਲੋਹ ਲਾਗੇ ਵਗਦੇ ਜਿਸ ਨਹਿਰੀ ਸੂਏ ਵਿਚ ਤਾਰੀਆਂ ਲਾ ਲਾ ਨਹਾਉਂਦੇ ਹੁੰਦੇ ਸਾਂ, ਉਸ 'ਟੇਲ' ਤੱਕ ਹੁਣ ਕਈ ਦਹਾਕਿਆਂ ਬਾਅਦ ਪਾਣੀ ਵਗਦਾ ਦੇਖਿਆ ਮੈਂ! ਅਮਰੀਕਾ ਤੋਂ ਹਰੇਕ ਸਾਲ ਆਪਣੇ ਪਿੰਡ ਆਉਂਦਾ ਰਹਿੰਦਾ ਹੋਣ ਕਰਕੇ ਮੈਂ ਅਕਸਰ ਉਹ ਸੂਆ ਸੁੱਕ-ਮ-ਸੁੱਕਾ ਹੀ ਦੇਖਦਾ ਰਿਹਾ ਹਾਂ!

ਨਹਿਰੀ ਮਹਿਕਮੇ ਦੇ ਅਫਸਰਾਂ ਨਾਲ ਜਾਣ-ਪਛਾਣ ਰੱਖਣ ਵਾਲੇ ਮੇਰੇ ਹਮਜਮਾਤੀ ਨੇ ਇਕ ਹੋਰ 'ਅੰਦਰਲੀ ਗੱਲ' ਇਹ ਦੱਸੀ ਕਿ ਅਜ਼ਾਦੀ ਤੋਂ ਬਾਅਦ ਪੰਜਾਬ 'ਚ ਬਣਦੀਆਂ ਰਹੀਆਂ ਸਰਕਾਰਾਂ 'ਚੋਂ ਕਿਸੇ ਇਕ ਨੇ ਵੀ ਅੰਗਰੇਜਾਂ ਵੇਲੇ ਦਾ ਨਹਿਰੀ ਰਿਕਾਰਡ ਫੋਲ ਕੇ ਨਹੀਂ ਦੇਖਿਆ, ਕਿਉਂਕਿ ਬਿਸਤ ਦੁਆਬ ਅਤੇ ਇਸਦੀ ਆਦਮ ਪੁਰ ਬ੍ਰਾਂਚ ਤੋਂ ਸਾਡੇ ਇਲਾਕੇ ਦੇ ਪਿੰਡਾਂ ਲਈ ਸੂਏ ਅਤੇ ਨਹਿਰੀ ਮੋਘਿਆਂ ਦੇ ਅੰਗਰੇਜ਼ਾਂ ਵਲੋਂ ਹੀ ਬਣਾਏ ਨਕਸ਼ੇ ਹੁਣ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਰੋਸ਼ਨੀ 'ਚ ਲਿਆਂਦੇ ਹਨ। ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਸਾਡੇ ਪਿੰਡ ਹੋਈ ਉਕਤ ਮੀਟਿੰਗ ਵਿਚ ਆਲੇ ਦੁਆਲੇ ਪਿੰਡਾਂ ਦੇ ਜ਼ਿਮੀਂਦਾਰ ਭਰਾ ਭਾਰੀ ਗਿਣਤੀ ਵਿਚ ਹਾਜ਼ਰ ਹੋਏ ਤੇ ਉਨ੍ਹਾਂ ਲੋੜ ਅਨੁਸਾਰ ਨਹਿਰੀ ਮੋਘਿਆਂ ਲਈ ਅਫਸਰਾਂ ਕੋਲ ਨਾਮ ਦਰਜ ਕਰਾਏ! ਲੋਕ-ਹਿਤਾਂ ਖਿਲਾਫ ਨੀਤੀਆਂ ਦੀ ਵਿਰੋਧਤਾ ਵੀ ਜਰੂਰੀ ਪਰ ਸਾਡੇ ਇਲਾਕੇ ਨੂੰ ਨਹਿਰੀ ਪਾਣੀ ਦੀ ਅਨੂਠੀ ਭੇਂਟ ਦੇਣ ਲਈ ਮਾਨ ਸਰਕਾਰ ਦੀ ਸਿਫਤ ਕਰਨੀ ਜਾਇਜ਼ ਹੈ!

## ਤਾਮਿਲਨਾਡੂ ਦੇ ਨਮੱਕਲ ਜ਼ਿਲ੍ਹੇ 'ਚ ਕੋਲੀ ਹਿਲਜ਼ ਵਿਖੇ....



# ਬ੍ਰਿਟਿਸ਼ ਕੋਲੰਬੀਆ 'ਚ 5 ਸ਼ਹਿਰਾਂ ਦੇ ਪੁਲਿਸ ਮੁਖੀ ਪੰਜਾਬੀ



ਐਬਟਸਫੋਰਡ : ਜ਼ਿਲ੍ਹਾ ਹੁਸ਼ਿਆਰਪੁਰ ਦੇ ਕੋਟ ਫਤੂਹੀ ਨੇੜਲੇ ਪਿੰਡ ਪੰਡੋਰੀ ਲੱਧਾ ਸਿੰਘ ਦੇ ਜੰਮਪਲ ਤੇ ਸੰਨ 1950 'ਚ ਕੈਨੇਡਾ ਆਏ ਸਵ. ਰਸ਼ਪਾਲ ਸਿੰਘ ਢਿੱਲੋਂ ਪਹਿਲੇ ਪੰਜਾਬੀ ਸਨ ਜਿਹੜੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿਚ ਸਿਪਾਹੀ ਭਰਤੀ ਹੋਏ ਸਨ ਤੇ ਡਿਪਟੀ ਸ਼ੈਰਿਫ ਦੇ ਅਹੁਦੇ ਤੋਂ ਰਿਟਾਇਰ ਹੋਏ ਸਨ। ਇਸੇ ਤਰ੍ਹਾਂ ਸੰਨ 1990 ਵਿਚ ਬਲਤੇਜ ਸਿੰਘ ਢਿੱਲੋਂ ਨੂੰ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿਚ ਪਹਿਲੇ ਦਸਤਾਰਧਾਰੀ ਪੰਜਾਬੀ ਪੁਲਿਸ ਅਧਿਕਾਰੀ ਬਣਨ ਦਾ ਮਾਣ ਪ੍ਰਾਪਤ ਹੋਇਆ। ਇਸ ਵੇਲੇ ਕੈਨੇਡਾ ਭਰ ਵਿਚ ਜਿੱਥੇ ਸੈਂਕੜੇ ਪੰਜਾਬਣਾਂ ਤੇ ਪੰਜਾਬੀ ਪੁਲਿਸ ਅਧਿਕਾਰੀ ਵੱਖ-ਵੱਖ ਪੁਲਿਸ ਮਹਿਕਮਿਆਂ ਵਿਚ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ ਹਨ। ਜ਼ਿਕਰਯੋਗ ਹੈ ਬ੍ਰਿਟਿਸ਼ ਕੋਲੰਬੀਆ ਸੂਬੇ ਦੇ 5 ਸ਼ਹਿਰਾਂ ਦੇ ਪੁਲਿਸ ਮੁਖੀ ਪੰਜਾਬੀ ਹਨ ਜਦਕਿ ਸੀਨੀਅਰ ਪੰਜਾਬਣ ਪੁਲਿਸ ਅਧਿਕਾਰੀ ਵੈਂਡੀ ਮੇਹਟ ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਆਫ਼ ਚੀਫ਼ਸ ਆਫ਼ ਪੁਲਿਸ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਪ੍ਰਧਾਨ ਹੈ। ਜ਼ਿਲ੍ਹਾ ਮੋਗਾ ਦੇ ਸਤਵਿੰਦਰ ਸਿੰਘ 'ਸਟੀਵ' ਰਾਏ ਵੈਨਕੂਵਰ ਦੇ ਪੁਲਿਸ ਮੁਖੀ ਹਨ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸ਼ਹਿਰ ਬੰਗਾ ਦੇ ਦਲਬੀਰ ਸਿੰਘ 'ਡੇਲ' ਮਾਣਕ ਵਿਕਟੋਰੀਆ ਦੇ ਪੁਲਿਸ ਮੁਖੀ ਹਨ, ਜਦ ਕਿ ਜ਼ਿਲ੍ਹਾ ਮੋਗਾ ਦੇ ਪਿੰਡ ਸੁਖਾਨੰਦ ਦੇ ਹਰਜਿੰਦਰ ਸਿੰਘ 'ਹਰਜ਼' ਸਿੱਧੂ ਡੈਲਟਾ ਦੇ ਅਤੇ ਕਸਬਾ ਔੜ ਨੇੜਲੇ ਪਿੰਡ ਮੱਲਪੁਰ ਦੇ ਦੇਵ ਚੌਹਾਨ ਰਿਚਮੰਡ ਦੇ ਪੁਲਿਸ ਮੁਖੀ ਹਨ। ਸੁਪਰਡੈਂਟ ਹਰਮਿੰਦਰ ਸਿੰਘ 'ਹਰਮ' ਦੁਸਾਂਝ ਲੈਂਗਲੀ ਆਰ.ਸੀ.ਐਮ.ਪੀ. ਦੇ ਅਫ਼ਸਰ ਇੰਚਾਰਜ ਹਨ।

# ਰੂਸ ਇੰਟਰਨੈੱਟ ਸੈਂਸਰ ਰਾਹੀਂ ਆਪਣੇ ਲੋਕਾਂ ਨੂੰ ਦੁਨੀਆ ਨਾਲੋਂ ਕਰ ਰਿਹੈ ਅਲੱਗ-ਥਲੱਗ



ਟਾਲਿਨ : ਰੂਸ ਵਿਚ ਯੂ-ਟਿਊਬ ਵੀਡੀਓ ਡਾਊਨਲੋਡ ਨਾ ਹੋਣਾ, ਕਿਸੇ ਪ੍ਰਸਿੱਧ ਸੁਤੰਤਰ ਮੀਡੀਆ ਵੈੱਬਸਾਈਟ 'ਤੇ ਖਾਲੀ ਪੰਨਾ ਦੇਖਣਾ, ਮੋਬਾਈਲ ਫੋਨ ਦਾ ਇੰਟਰਨੈੱਟ ਘੰਟਿਆਂ ਜਾਂ ਦਿਨਾਂ ਤਕ ਬੰਦ ਰਹਿਣਾ ਹੁਣ ਇਕ ਆਮ ਗੱਲ ਬਣ ਗਈ ਹੈ। ਇਹ ਸਭ ਕਿਸੇ ਤਕਨੀਕੀ ਕਾਰਨ ਕਰ ਕੇ ਨਹੀਂ ਹੋ ਰਿਹਾ ਹੈ, ਸਗੋਂ ਲੋਕਾਂ ਨੂੰ ਸੁਤੰਤਰ ਜਾਣਕਾਰੀ ਤਕ ਪਹੁੰਚਣ ਤੋਂ ਰੋਕਣ ਲਈ ਸਰਕਾਰ ਦੀ ਕਾਰਵਾਈ ਦਾ ਨਤੀਜਾ ਹੈ। ਅਧਿਕਾਰ ਸਮੂਹਾਂ ਦੇ ਅਨੁਸਾਰ ਰੂਸ ਵਿਚ ਆਨਲਾਈਨ ਜਾਣਕਾਰੀ ਇਕੱਠੀ ਕਰਨਾ ਨਿਰਾਸ਼ਾਜਨਕ, ਗੁੰਝਲਦਾਰ ਅਤੇ ਇਥੋਂ ਤਕ ਕਿ ਖ਼ਤਰਨਾਕ ਵੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਸੁਚਾਰੂ ਇੰਟਰਨੈੱਟ ਤਕ ਪਹੁੰਚ ਅਤੇ ਬਹੁਤ ਸਾਰੀਆਂ ਸਾਈਟਾਂ 'ਚ ਵਿਘਨ ਪੈਣ ਦਾ ਕਾਰਨ ਇਨ੍ਹਾਂ ਮੰਚਾਂ ਨੂੰ ਕ੍ਰੇਮਲਿਨ ਦੇ ਪੂਰਨ ਕੰਟਰੋਲ 'ਚ ਲਿਆਉਣ ਲਈ ਅਧਿਕਾਰੀਆਂ ਦੁਆਰਾ ਜਾਣਬੁੱਝ ਕੇ ਕੀਤੀ ਗਈ ਬਹੁ-ਪੱਖੀ ਅਤੇ ਲੰਬੇ ਸਮੇਂ ਦੀ ਕੋਸ਼ਿਸ਼ ਹੈ। ਅਧਿਕਾਰ ਸਮੂਹਾਂ ਦੇ ਅਨੁਸਾਰ ਅਧਿਕਾਰੀਆਂ ਨੇ ਪਾਬੰਦੀਸ਼ੁਦਾ ਕਾਨੂੰਨ ਬਣਾਏ ਹਨ ਅਤੇ ਉਨ੍ਹਾਂ ਵੈੱਬਸਾਈਟਾਂ ਅਤੇ ਪਲੇਟਫਾਰਮਾਂ 'ਤੇ ਪਾਬੰਦੀ ਲਗਾਈ ਹੈ, ਜੋ ਉਨ੍ਹਾਂ ਦੇ ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦੇ ਹਨ। 'ਆਨਲਾਈਨ ਟਰੈਫਿਕ' ਦੀ ਨਿਗਰਾਨੀ ਅਤੇ ਹੇਰਾਫੇਰੀ ਲਈ ਤਕਨਾਲੋਜੀ ਵਿਚ ਹੋਰ ਸੁਧਾਰ ਕੀਤਾ ਗਿਆ ਹੈ। ਹਾਲਾਂਕਿ 'ਵਰਚੁਅਲ ਪ੍ਰਾਈਵੇਟ ਨੈੱਟਵਰਕ' (ਵੀ. ਪੀ. ਐੱਨ.) ਐਪਸ ਦੀ ਵਰਤੋਂ ਕਰ ਕੇ ਪਾਬੰਦੀਆਂ ਨੂੰ ਬਾਈਪਾਸ ਕਰਨਾ ਅਜੇ ਵੀ ਸੰਭਵ ਹੈ, ਇਨ੍ਹਾਂ ਨੂੰ ਨਿਯਮਿਤ ਤੌਰ 'ਤੇ ਬਲੌਕ ਵੀ ਕਰ ਦਿੱਤਾ ਜਾਂਦਾ ਹੈ।

# ਰਾਜ ਸਭਾ ਵਿੱਚ ਮਾਰਸ਼ਲਾਂ ਦੀ ਥਾਂ ਸੀਆਈਐੱਸਐੱਫ ਦੀ ਤਾਇਨਾਤੀ ਦੇ ਦੋਸ਼ਾਂ 'ਤੇ ਹੰਗਾਮਾ

## ਲੋਕ ਸਭਾ ਵੱਲੋਂ ਗੋਆ ਅਸੈਂਬਲੀ 'ਚ ਕਬਾਇਲੀ ਲੋਕਾਂ ਨੂੰ ਰਾਖਵੇਂਕਰਨ ਦੇ ਪ੍ਰਬੰਧ ਵਾਲਾ ਬਿੱਲ ਪਾਸ




ਨਵੀਂ ਦਿੱਲੀ : ਲੋਕ ਸਭਾ ਨੇ 'ਗੋਆ ਰਾਜ ਦੇ ਅਸੈਂਬਲੀ ਹਲਕਿਆਂ ਵਿੱਚ ਅਨੁਸੂਚਿਤ ਜਨਜਾਤੀਆਂ ਦੀ ਪ੍ਰਤੀਨਿਧਤਾ ਨੂੰ ਮੁੜ-ਵਿਵਸਥਿਤ ਕਰਨ ਲਈ ਬਿੱਲ, 2025' ਨੂੰ ਪਾਸ ਕਰ ਦਿੱਤਾ, ਜਿਸ ਵਿੱਚ ਗੋਆ ਵਿਧਾਨ ਸਭਾ ਵਿੱਚ ਐੱਸਟੀਜ਼ ਲਈ ਸੀਟਾਂ ਰਾਖਵੀਆਂ ਕਰਨ ਦਾ ਪ੍ਰਬੰਧ ਹੈ। ਸਦਨ ਨੇ ਬਿਹਾਰ ਵਿੱਚ ਵੋਟਰ ਸੂਚੀ ਦੀ ਵਿਸ਼ੇਸ਼ ਵਿਆਪਕ ਸੁਧਾਈ (ਐੱਸਆਈਆਰ) ਦੇ ਮੁੱਦੇ 'ਤੇ ਵਿਰੋਧੀ ਧਿਰ ਦੇ ਹੰਗਾਮੇ ਵਿਚਾਲੇ ਜ਼ੁਬਾਨੀ ਵੋਟਾਂ ਰਾਹੀਂ ਇਸ ਬਿੱਲ ਨੂੰ ਮਨਜ਼ੂਰੀ ਦਿੱਤੀ ਗਈ। ਐੱਸਆਈਆਰ ਦੇ ਮੁੱਦੇ 'ਤੇ ਲੋਕ ਸਭਾ ਦੀ ਕਾਰਵਾਈ ਸਵੇਰੇ ਇਕ ਵਾਰ ਮੁਲਤਵੀ ਹੋਣ ਤੋਂ ਮਗਰੋਂ ਬਾਅਦ ਦੁਪਹਿਰ 2 ਵਜੇ ਸ਼ੁਰੂ ਹੋਈ ਤਾਂ ਸਪੀਕਰ ਦੀ ਕੁਰਸੀ 'ਤੇ ਬੈਠੀ ਸੰਧਿਆ ਰਾਏ ਨੇ ਬਿੱਲ ਪਾਸ ਕਰਨ ਲਈ ਪੇਸ਼ ਕਰਨ ਵਾਸਤੇ ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ ਦਾ ਨਾਮ ਲਿਆ। ਰੌਲੇ-ਰੱਪੇ ਵਿਚਾਲੇ ਵਿਰੋਧੀ ਧਿਰ ਦੇ ਕੁਝ ਮੈਂਬਰਾਂ ਦੀਆਂ ਸੋਧਾਂ ਨੂੰ ਖਾਰਜ ਕਰਦੇ ਹੋਏ ਜ਼ੁਬਾਨੀ ਵੋਟਾਂ ਰਾਹੀਂ ਬਿੱਲ ਨੂੰ ਮਨਜ਼ੂਰੀ ਦਿੱਤੀ ਗਈ। ਸਦਨ ਦੀ ਕਾਰਵਾਈ ਸ਼ੁਰੂ ਹੋਣ 'ਤੇ ਲੋਕ ਸਭਾ ਦੇ ਸਪੀਕਰ ਓਮ ਬਿਰਲਾ ਨੇ ਤਿੰਨ ਸਾਬਕਾ ਮੈਂਬਰਾਂ ਸ਼ਿਬੂ ਸੋਰੇਨ, ਤਿਲਕਧਾਰੀ ਪ੍ਰਸਾਦ ਸਿੰਘ ਅਤੇ ਰਾਮਰਤੀ ਬਿੰਦ ਦੇ ਦੇਹਾਂਤ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੇ ਸਿਆਸੀ ਜੀਵਨ ਬਾਰੇ ਸੰਖੇਪ ਵੇਰਵਾ ਦਿੱਤਾ। ਉਪਰੰਤ ਸਦਨ ਨੇ ਕੁਝ ਪਲਾਂ ਲਈ ਮੌਨ ਰੱਖ ਕੇ ਤਿੰਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਹੰਗਾਮੇ ਵਿਚਾਲੇ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਸਵਾਲਾਂ ਦੇ ਜਵਾਬ ਦਿੱਤੇ। ਜਦੋਂ ਹੰਗਾਮਾ ਨਾ ਰੁਕਿਆ ਤਾਂ ਉਨ੍ਹਾਂ ਨੇ ਸਦਨ ਦੀ ਕਾਰਵਾਈ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ। ਉੱਧਰ, ਰਾਜ ਸਭਾ ਵਿੱਚ ਵਿਰੋਧੀ ਪਾਰਟੀਆਂ ਨੇ ਹੰਗਾਮਾ ਕੀਤਾ ਕਿ ਪਿਛਲੇ ਹਫ਼ਤੇ ਸਦਨ ਅੰਦਰ ਮਾਰਸ਼ਲਾਂ ਦੀ ਥਾਂ ਸੀਆਈਐੱਸਐੱਫ ਦੇ ਜਵਾਨਾਂ ਨੂੰ ਤਾਇਨਾਤ ਕੀਤਾ ਗਿਆ ਸੀ। ਹਾਲਾਂਕਿ ਰਾਜ ਸਭਾ ਦੇ ਉਪ ਸਭਾਪਤੀ ਅਤੇ ਸਰਕਾਰ, ਦੋਹਾਂ ਨੇ ਇਸ ਦਾਅਵੇ ਨੂੰ ਰੱਦ ਕਰ ਦਿੱਤਾ। ਕਾਂਗਰਸ ਅਤੇ ਹੋਰਨਾਂ ਵਿਰੋਧੀ ਧਿਰਾਂ ਦੇ ਰੌਲੇ ਰੱਪੇ ਕਾਰਨ ਸਦਨ ਦੀ ਕਾਰਵਾਈ ਬਾਅਦ ਦੁਪਹਿਰ 2 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ। ਰਾਜ ਸਭਾ ਵਿੱਚ ਅੱਜ ਇਕ ਕਾਨੂੰਨੀ ਮਤਾ ਪਾਸ ਕਰ ਕੇ ਮਨੀਪੁਰ ਵਿੱਚ 13 ਅਗਸਤ ਤੋਂ ਬਾਅਦ ਛੇ ਹੋਰ ਮਹੀਨਿਆਂ ਲਈ ਰਾਸ਼ਟਰਪਤੀ ਸ਼ਾਸਨ ਵਧਾਉਣ ਦੀ ਮਨਜ਼ੂਰੀ ਦਿੱਤੀ ਗਈ।

## ਸੁਪਰੀਮ ਕੋਰਟ ਦੇ ਜੱਜ ਇਹ ਫੈਸਲਾ ਨਹੀਂ ਕਰ ਸਕਦੇ ਕਿ ਸੱਚਾ ਭਾਰਤੀ ਕੌਣ ਹੈ: ਪ੍ਰਿਯੰਕਾ

ਨਵੀਂ ਦਿੱਲੀ : ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਨੇ ਸੁਪਰੀਮ ਕੋਰਟ ਦੀ ਰਾਹੁਲ ਗਾਂਧੀ ਖ਼ਿਲਾਫ਼ ਟਿੱਪਣੀ ਤੋਂ ਬਾਅਦ ਆਪਣੇ ਭਰਾ ਰਾਹੁਲ ਗਾਂਧੀ ਦਾ ਸਮਰਥਨ ਕਰਦਿਆਂ ਕਿਹਾ ਕਿ ਇਹ ਫੈਸਲਾ ਜੱਜ ਨਹੀਂ ਕਰ ਸਕਦੇ ਕਿ ਕੌਣ ਸੱਚਾ ਭਾਰਤੀ ਹੈ। ਉਨ੍ਹਾਂ ਕਿਹਾ ਕਿ ਉਸ ਦਾ ਭਰਾ ਫੌਜ ਦਾ ਸਭ ਤੋਂ ਵੱਧ ਸਤਿਕਾਰ ਕਰਦਾ ਹੈ ਅਤੇ ਉਹ ਕਦੇ ਵੀ ਫੌਜ ਵਿਰੁੱਧ ਕੁਝ ਨਹੀਂ ਕਹੇਗਾ। ਪ੍ਰਿਯੰਕਾ ਨੇ ਕਿਹਾ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦਾ ਆਗੂ ਹੋਣ ਦੇ ਨਾਤੇ ਰਾਹੁਲ ਗਾਂਧੀ ਸਰਕਾਰ ਤੋਂ ਸਵਾਲ ਪੁੱਛ ਸਕਦਾ ਹੈ। ਸੁਪਰੀਮ ਕੋਰਟ ਨੇ ਚਾਰ ਅਗਸਤ ਨੂੰ ਰਾਹੁਲ ਗਾਂਧੀ ਖ਼ਿਲਾਫ਼ ਦਸੰਬਰ 2022 ਦੀ ਭਾਰਤ ਜੋੜੋ ਯਾਤਰਾ ਦੌਰਾਨ ਫੌਜ ਖ਼ਿਲਾਫ਼ ਕੀਤੀ ਗਈ ਟਿੱਪਣੀ ਨੂੰ ਲੈ ਕੇ ਲਖਨਊ ਦੀ ਇੱਕ ਅਦਾਲਤ ਦੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਸੀ। ਸੁਪਰੀਮ ਕੋਰਟ ਨੇ ਸਾਬਕਾ ਕਾਂਗਰਸ ਪ੍ਰਧਾਨ ਨੂੰ ਉਨ੍ਹਾਂ ਦੇ ਇਸ ਦਾਅਵੇ ਲਈ ਫਟਕਾਰ ਲਗਾਈ ਸੀ ਕਿ ਮੌਜੂਦਾ ਸਰਕਾਰ ਵਿੱਚ ਚੀਨ ਭਾਰਤੀ ਜ਼ਮੀਨ 'ਤੇ ਕਬਜ਼ਾ ਕਰ ਰਿਹਾ ਹੈ। ਹਾਲਾਂਕਿ ਸਰਵਉਚ ਅਦਾਲਤ ਨੇ ਕਾਂਗਰਸ ਆਗੂ ਦੀ ਨਿਖੇਧੀ ਕਰਦੇ ਹੋਏ ਕਿਹਾ ਕਿ ਜੇਕਰ ਉਹ ਸੱਚਾ ਭਾਰਤੀ ਹੈ ਤਾਂ ਉਸ ਨੂੰ ਅਜਿਹੀ ਟਿੱਪਣੀ ਨਹੀਂ ਕਰਨੀ ਚਾਹੀਦੀ ਸੀ। ਪ੍ਰਿਯੰਕਾ ਨੇ ਸੰਸਦ ਭਵਨ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, ਮਾਣਯੋਗ ਜੱਜਾਂ ਦਾ ਸਤਿਕਾਰ, ਪਰ ਉਹ ਇਹ ਫੈਸਲਾ ਨਹੀਂ ਕਰ ਸਕਦੇ ਕਿ ਕੌਣ ਸੱਚਾ ਭਾਰਤੀ ਹੈ। ਵਿਰੋਧੀ ਧਿਰ ਦੇ ਨੇਤਾ ਦਾ ਕੰਮ ਸਰਕਾਰ ਨੂੰ ਸਵਾਲ ਪੁੱਛਣਾ ਹੈ ਤੇ ਇਹ ਉਸ ਦਾ ਫਰਜ਼ ਹੈ।'

CALL US: 209-637-0210 | 612-578-8078
925-495-0207

SAN RAMON

Lathrop & Main Street Manteca

URGENT CARE & CLINIC

# CITIZENSHIP ELIGIBILITY AND GREEN CARD APPLICATION

## DR. RAJESH MAHESHWARI, MD

VISIT US NOW!

| San Ramon URGENT CARE & CLINIC | Lathrop URGENT CARE | Main Street URGENT CARE |
|---|---|---|
| 9140 Alcosta Boulevard Ste D<br>San Ramon, CA 94583 | 15810 Harlan Road #A<br>Lathrop, CA 95330 | 1040 North Main Street<br>Manteca, CA 95336 |
| (925) 361-5959 | (209) 983-9000 | (209) 825-5155 |

https://www.sanramonurgentcare.com/

Email us at info@sanramonucc.com



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਏ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

**(ਪਿਛਲੇ ਅੰਕ ਦੀ ਬਾਕੀ)**

ਆਖਦੇ ਹਨ ਅਤੇ ਮਿ. ਗਾਂਧੀ ਤੇ ਪੰ. ਮਾਲਵੀਆ ਵਰਗੇ ਆਦਮੀ ਜਿਨ੍ਹਾਂ ਨੂੰ ਮਿ. ਰਾਜਾ ਨੂੰ ਇਸ ਫਾਰਮੂਲੇ ਦੀ ਤਰਦੀਦ ਸਬੰਧੀ ਥਾਪੀ ਦਿੱਤੀ ਹੈ ਅਤੇ ਕਹਿੰਦੇ ਹਨ ਕਿ 'ਅਛੂਤ ਉਧਾਰ ਦਾ ਸਵਾਲ ਆਪਣੇ ਪੈਰਾਂ 'ਤੇ ਹੈ ਅਤੇ ਇਹ ਖਾਸ ਧਾਰਮਿਕ ਹੈ ਅਤੇ ਦਲਿਤ ਜਾਤੀਆਂ ਨੂੰ ਓਦੋਂ ਤਾਈਂ ਉਡੀਕ ਰੱਖਣੀ ਚਾਹੀਦਾ ਹੈ ਜਦ ਤੱਕ ਕਿ 'ਸਵਰਨ ਹਿੰਦੂ' ਪਸ਼ਚਾਤਾਪ ਵਜੋਂ ਅਛੂਤਪਣ ਨੂੰ ਬਾਹਰ ਨਾ ਕੱਢ ਦੇਣ।"

ਉਨ੍ਹਾਂ ਨੂੰ ਨਾ ਤਾਂ ਹਿੰਦੂ ਸੁਸਾਇਟੀ ਨਾਲ ਕੋਈ ਹਮਦਰਦੀ ਹੈ ਅਤੇ ਨਾ ਹੀ ਉਨ੍ਹਾਂ ਨੂੰ ਦਲਿਤ ਜਾਤੀਆਂ ਲਈ ਕੋਈ ਦਰਦ ਹੈ?

ਵਾਕਿਆਤ ਦਾ ਮੁਕਾਬਲਾ ਕਰਨਾ ਜ਼ਰੂਰੀ ਹੈ। ਇਹ ਗੱਲ ਮੰਨੀ ਪ੍ਰਮੰਨੀ ਹੈ ਕਿ ਦਲਿਤ ਜਾਤੀਆਂ ਦਾ ਇਕ ਖਾਸ ਹਿੱਸਾ ਕਿਸੇਹਾਲਤ ਵਿਚ ਵੀ ਹੋਰ ਵਧੇਰੇ ਸਮੇਂ ਲਈ ਹੇਠੀ ਵਾਲੀ ਪੁਜੀਸ਼ਨ ਵਿਚ ਰਹਿਣਾ ਨਹੀਂ ਚਾਹੁੰਦਾ, ਉਹ ਅਛੂਤਪਨ ਨੂੰ ਦੂਰ ਕਰਨ ਸਬੰਧੀ ਹਿੰਦੂਆਂ ਦੇ ਯਤਨ ਦੇ ਉਪਰਾਲੇ ਪੁਰ ਸੰਤੁਸ਼ਟ ਨਹੀਂ, ਜਿਨ੍ਹਾਂ ਦੇ ਯਤਨ ਭਾਵੇਂ ਸੱਚੇ ਸੁੱਚੇ ਹਨ ਪਰ ਉਹ ਤੇਜ਼ ਨਹੀਂ, ਢਿੱਲੇ ਹਨ ਅਤੇ ਇਸ ਦਾ ਕਾਰਨ ਕੱਟੜ ਹਿੰਦੂਆਂ ਦੀ ਵਿਰੋਧਤਾ ਹੈ। ਇਸ ਤੋਂ ਛੁੱਟ ਜਿਨ੍ਹਾਂ ਨੂੰ ਇਹ ਯਕੀਨ ਹੈ ਕਿ ਡਾਕਟਰ ਅੰਬੇਡਕਰ ਦੇ ਮਗਰ ਕੋਈ ਆਦਮੀ ਨਹੀਂ ਉਹ ਆਪਣੇ ਆਪ ਨੂੰ ਧੋਖਾ ਦੇ ਰਹੇ ਹਨ। ਇਸ ਗੱਲੋਂ ਕੋਈ ਨਾਂਹ ਨਹੀਂ ਕਰ ਸਕਦਾ ਕਿ ਉਹ ਦਲਿਤ ਜਾਤੀਆਂ ਦਾ ਮੰਨਿਆਂ ਪ੍ਰਮੰਨਿਆਂ ਆਗੂ ਹੈ ਅਤੇ ਬੰਬਈ ਦੇ ਸੂਬੇ ਦੇ ਲੱਖਾਂ ਅਛੂਤ ਉਸ ਦੇ ਮਗਰ ਹਨ ਤੇ ਉਸ ਦੇ ਹਕੁਮ ਦੀ ਉਡੀਕ ਕਰ ਰਹੇ ਹਨ ਅਤੇ ਇਹ ਸਮਝ ਲੈਣਾ ਚਾਹੀਦਾ ਹੈ ਕਿ ਜਦ ਇਹ ਗੱਲ ਸ਼ੁਰੂ ਹੋ ਗਈ ਇਕ ਵੇਰਾਂ ਤੂਫ਼ਾਨ ਮੱਚ ਜਾਵੇਗਾ ਅਤੇ ਇਸ ਵਲ ਦਲਿਤ ਜਾਤੀਆਂ ਦੇ ਜੋ ਆਦਮੀ ਡਾ. ਅੰਬੇਡਕਰ ਨਾਲ ਸਹਿਮਤ ਨਹੀਂ ਉਹ ਵੀ ਇਸ ਤਜਵੀਜ਼ ਵੱਲ ਭੱਜੇ ਆਉਣਗੇ।

ਡਾ. ਅੰਬੇਡਕਰ ਡਾ. ਮੂੰਜੇ ਨੂੰ ਆਪਣੇ ਖ਼ਤ ਵਿਚ ਲਿਖਦੇ ਹਨ ਕਿ ਇਸ ਵੇਲੇ ਦਲਿਤ ਜਾਤੀਆਂ ਦੇ ਸਾਹਮਣੇ ਤਿੰਨ ਰਸਤੇ ਹਨ। ਆਯਾ ਉਹ ਸਿੱਖ ਈਸਾਈਅਤ ਤੇ ਇਸਲਾਮ ਮਤ ਧਾਰਨ ਕਰਨਗੇ। ਇਨ੍ਹਾਂ ਵਿਚੋਂ ਹਰ ਇਕ ਧਰਮ, ਉਨ੍ਹਾਂ ਨੂੰ ਲੋੜੀਂਦੀਆਂ ਚੀਜ਼ਾਂ ਅਰਥਾਤ ਸਮਾਨਤਾ ਅਤੇ ਸੁਸਾਇਟੀਆਂ ਵਿਚ ਸਤਿਕਾਰ ਭਰੀ ਥਾਂ ਦੇਣਗੇ। ਇਸਲਾਮ ਤੇ ਈਸਾਈ ਮਤ ਸਬੰਧੀ ਹਿੰਦੂਆਂ ਦੀ ਕੀ ਰਾਇ ਹੈ? ਉਹ ਕਿਸੇ ਨੂੰ ਵਿਸ਼ੇਸ਼ਤਾ ਦਿੰਦੇ ਹਨ? ਅਤੇ ਜੇ ਅਸੀਂ ਆਪਣਾ ਵਤੀਰਾ ਨਾ ਬਦਲੀਏ ਅਤੇ ਵਾਕਿਆਤ ਨਾ ਪਛਾਣੀਏ ਅਤੇ ਜੇ ਅਸੀਂ ਆਪਣੇ-ਆਪ ਨੂੰ ਇਸ ਤਰ੍ਹਾਂ ਧੋਖਾ ਦਿੱਤਾ ਤਾਂ ਸਾਨੂੰ ਛੇਤੀ ਹੀ ਪਤਾ ਲੱਗ ਜਾਵੇਗਾ ਕਿ ਇਸਲਾਮ ਜਾਂ ਈਸਾਈ ਮਤ ਹਿੰਦੂਆਂ ਦੀ ਤਾਕਤ ਨਾਲੋਂ ਮਜ਼ਬੂਤ ਹੋ ਜਾਣਗੇ।




ਧਰਮ ਦੀ ਗੱਲਬਾਤ ਤੇ ਬਿਖੜੇ ਸਮੇਂ ਇਸ ਤੇ ਡਟੇ ਰਹਿਣਾ ਬੜੀ ਉਤਮ ਗੱਲ ਹੈ ਪਰ ਕਿਸੇ ਆਦਮੀ ਤੋਂ ਇਹ ਆਸ ਰੱਖਣੀ ਬੜਾ ਪਾਪ ਹੈ ਕਿ ਉਹ ਧਰਮ ਦਾ ਸਤਿਕਾਰ ਕਰੇ ਜਿਸ ਰਾਹੀਂ ਹਜ਼ਾਰਾਂ ਨਹੀਂ ਬਲਕਿ ਲੱਖਾਂ ਆਦਮੀਆਂ ਨੂੰ ਘਟੇ ਕੂੜੇ ਵਾਂਗੂੰ ਸਮਝਿਆ ਜਾ ਰਿਹਾ ਹੈ। ਜੋ ਧਰਮ ਲੋਕਾਂ ਨੂੰ ਨਿਆਂ ਤੇ ਸਮਾਨਤਾ ਤੋਂ ਜਵਾਬ ਦੇ ਰਿਹਾ ਹੈ, ਜੋ ਕਿ ਹੇਠੀ ਤੇ ਗਿਰਾਵਟ ਦੀ ਜਿਲ੍ਹਣ ਵਿਚ ਫਸਾਉਂਦਾ ਹੈ। ਇਸ ਦੇ ਬਾਵਜੂਦ ਡਾ. ਅੰਬੇਡਕਰ ਇਹ ਨਹੀਂ ਚਾਹੁੰਦਾ ਕਿ ਕਿਸੇ ਵਿਰੋਧੀ ਮਤ ਵਿਚ ਚਲਾ ਜਾਵੇ ਅਤੇ ਅਜਿਹੇ ਧਰਮ ਨੂੰ ਚੁਣ ਲਿਆ ਹੈ ਜੋ ਕਿ ਹਿੰਦੂ ਧਰਮ ਦਾ ਅੰਗ ਹੈ। ਡਾ. ਅੰਬੇਡਕਰ ਹਿੰਦੂ ਧਰਮ ਸਬੰਧੀ ਜੋ ਸਤਿਕਾਰ ਮਹਿਸੂਸ ਕਰਦਾ ਹੈ, ਅਸੀਂ ਉਸ ਸਬੰਧੀ ਉਨ੍ਹਾਂ ਦਾ ਧੰਨਵਾਦ ਕੀਤੇ ਬਿਨਾਂ ਨਹੀਂ ਰਹਿ ਸਕਦੇ।

ਸਿੱਖ ਮਤ ਵਿਚ ਅਛੂਤਾਂ ਦੇ ਪ੍ਰਵੇਸ਼ ਸਬੰਧੀ ਮਿ. ਰਾਜਾ ਕਹਿੰਦੇ ਹਨ ਕਿ ਇਹ ਭਾਈਚਾਰਕ ਤੇ ਆਰਥਿਕ ਕਾਰਨਾਂ ਕਰਕੇ ਰੂਹਾਨੀ ਤਬਦੀਲੀ ਹੈ। ਉਸ ਦੀ ਇਤਲਾਹ ਲਈ ਅਸੀਂ ਆਪਣੇ ਖ਼ਿਆਲ ਦੱਸਦੇ ਹਾਂ ਕਿ ਹਿੰਦੂਆਂ ਲਈ ਸਿੱਖੀ ਧਾਰਨ ਕਰਨੀ ਮਜ਼੍ਹਬੀ ਜਾਂ ਰੂਹਾਨੀ ਤਬਦੀਲੀ ਨਹੀਂ। ਸਿੱਖ ਮਤ ਹਿੰਦੂ ਮਤ ਨਾਲੋਂ ਅੱਡ ਨਹੀਂ, ਇਸ ਦੇ ਵਿਰੁੱਧ ਨਹੀਂ ਬਲਕਿ ਇਸ ਦਾ ਇਕ ਹਿੱਸਾ ਹੈ। ਧਰਮ ਉਹੋ ਹੈ ਕੇਵਲ ਭਾਈਚਾਰਕ ਅਵਸਥਾ ਵਿਚ ਫ਼ਰਕ ਹੈ। ਜਿਥੋਂ ਤਾਈਂ ਮਿ. ਰਾਜਾ ਦੇ ਲਫ਼ਜ਼ਾਂ 'ਭਾਈਚਾਰਕ ਤੇ ਆਰਥਿਕ ਕਾਰਨਾਂ' ਦਾ ਸਬੰਧ ਹੈ। ਕੀ ਇਨ੍ਹਾਂ ਹੀ ਕਾਰਨਾਂ ਕਰਕੇ ਮਿ. ਗਾਂਧੀ ਤੇ ਉਨ੍ਹਾਂ ਦੇ ਹੋਰ ਭਗਤ ਅਛੂਤ ਉਧਾਰ ਦਾ ਕੰਮ ਨਹੀਂ ਕਰ ਰਹੇ।

**(ਚਲਦਾ)**





ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਉਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਇਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਕਾਰਨ :**

1. ਬਲੱਡ ਪ੍ਰੈਸ਼ਰ ਦਾ ਜ਼ਿਆਦਾ ਵਧਣਾ।
2. ਬਹੁਤ ਜ਼ੋਰ ਨਾਲ ਲੱਖਾਂ ਨੂੰ ਰਗੜਨਾ।
3. ਅੱਖਾਂ ਦੀ ਸੱਟ।
4. ਕੁਝ ਦਵਾਈਆਂ, ਜਿਵੇਂ ਖ਼ੂਨ ਪਤਲਾ ਕਰਨ ਵਾਲੀ ਦਵਾਈ।

**ਡਾਕਟਰ ਨੂੰ ਕਦੋਂ ਦਿਖਾਈਏ :**

1. ਜਦੋਂ ਤੁਹਾਡਾ ਬਲੱਡ ਪ੍ਰੈਸ਼ਰ ਬਹੁਤ ਜ਼ਿਆਦਾ ਹੋਵੇ।
2. ਜਦੋਂ ਤੁਸੀਂ ਖ਼ੂਨ ਪਤਲਾ ਕਰਨ ਵਾਲੀਆਂ ਦਵਾਈਆਂ ਲੈ ਰਹੇ ਹੋਵੋਂ।
3. ਜੇਕਰ ਅੱਖ ਵਿੱਚ ਦਰਦ ਹੋ ਰਿਹਾ ਹੋਵੇ।
4. ਜੇਕਰ ਧੁੰਦਲਾ ਦਿਖੇ।
5. ਜੇਕਰ ਅੱਖ ਦੀ ਲਾਲੀ ਸੱਟ ਲੱਗਣ ਤੋਂ ਬਾਅਦ ਸ਼ੁਰੂ ਹੋਈ ਹੋਵੇ।

**ਅੱਖਾਂ ਦਾ ਫੜਕਣਾ**
**(ਆਈ ਟਵਿਚਜਿੰਗ)**

ਅੱਖਾਂ ਦਾ ਫੜਕਣਾ ਜਾਂ ਅੱਖਾਂ ਦੇ ਆਲੇ-ਦੁਆਲੇ ਮਾਸਪੇਸ਼ੀਆਂ ਦਾ ਫੜਕਣਾ ਆਮ ਤੌਰ 'ਤੇ ਤਣਾਓ ਜਾਂ ਥਕਾਵਟ ਕਾਰਨ ਹੁੰਦਾ ਹੈ। ਇਹ ਬਿਮਾਰੀ ਨਹੀਂ ਹੈ।

**ਡਾਕਟਰ ਨੂੰ ਕਦੋਂ ਦਿਖਾਈਏ :**

ਆਰਾਮ ਕਰਨ ਨਾਲ ਅਤੇ ਤਣਾਓ ਘੱਟ ਹੋਣ 'ਤੇ ਅੱਖਾਂ ਦਾ ਫੜਕਣਾ ਆਪਣੇ ਆਪ ਬੰਦ ਹੋ ਜਾਂਦਾ ਹੈ, ਪਰ ਤੁਸੀਂ ਡਾਕਟਰ ਨੂੰ ਦਿਖਾਓ, ਜੇਕਰ :

1. ਤੁਹਾਡੀਆਂ ਅੱਖਾਂ ਲਾਲ ਹਨ ਜਾਂ ਅੱਖਾਂ ਵਿੱਚ ਦਰਦ ਹੈ।
2. ਅੱਖਾਂ ਵਿੱਚੋਂ ਤਰਲ ਪਦਾਰਥ ਨਿਕਲ ਰਿਹਾ ਹੈ।
3. ਤੁਹਾਨੂੰ ਬੁਖ਼ਾਰ ਹੈ।




4. ਜੇਕਰ ਅੱਖਾਂ ਦਾ ਫੜਕਣਾ 5-7 ਦਿਨਾਂ ਵਿੱਚ ਠੀਕ ਨਹਲ ਹੁੰਦਾ।

**ਅੱਖ ਵਿੱਚ ਬਾਹਰੀ ਵਸਤੂ ਦਾ ਪੈਣਾ**

1. ਆਪਣੀ ਅੱਖ ਨੂੰ ਨਾ ਮਲੋ।
2. ਅੱਖ ਨੂੰ ਛੂਹਣ ਤੋਂ ਪਹਿਲਾਂ ਆਪਣੇ ਹੱਥ ਚੰਗੀ ਤਰ੍ਹਾਂ ਸਾਫ਼ ਕਰੋ।
3. ਠੰਡੇ ਪਾਣੀ ਨਾਲ ਆਪਣੀ ਅੱਖ ਨੂੰ ਆਰਾਮ ਨਾਲ ਸਾਫ਼ ਕਰੋ।
4. ਜੇਕਰ ਤੁਹਾਡੀ ਅੱਖ ਦਰਦ ਕਰਦੀ ਹੈ ਜਾਂ ਘੱਟ ਦਿੱਸਦਾ ਹੈ ਤਾਂ ਆਪਣੇ ਡਾਕਟਰ ਨੂੰ ਦਿਖਾਓ ।

**ਬੱਚਿਆਂ ਵਿੱਚ ਕੰਨਾਂ ਦਾ ਇਨਫ਼ੈਕਸ਼ਨ**

ਬੱਚਿਆਂ ਵਿੱਚ ਕੰਨ ਦੇ ਰਸਤੇ ਦਾ ਤੰਗ ਅਤੇ ਛੋਟਾ ਹੋਣ ਕਾਰਨ, ਬੱਚਿਆਂ ਵਿੱਚ ਕੰਨ ਦਾ ਇਨਫ਼ੈਕਸ਼ਨ ਜ਼ਿਆਦਾ ਪਾਇਆ ਜਾਂਦਾ ਹੈ। ਬਹੁਤੇ ਛੋਟੇ ਬੱਚੇ ਜੋ ਅਜੇ ਬੋਲ ਨਹਲ ਸਕਦੇ, ਆਪਣੇ ਕੰਨ ਵਿੱਚ ਇਨਫ਼ੈਕਸ਼ਨ ਹੋਣ 'ਤੇ ਆਪਣੇ ਕੰਨ ਨੂੰ ਖਿੱਚਦੇ ਜਾਂ ਰੋਂਦੇ ਰਹਿੰਦੇ ਹਨ।

**ਕਾਰਨ :**

ਜੀਵਾਣੂ (ਬੈਕਟੀਰੀਆ), ਵੀਸ਼ਾਣੂ (ਵਾਇਰਸ) ਅਤੇ ਜ਼ੁਕਾਮ (ਕੋਲਡ)।

**ਰੋਕਥਾਮ/ਬਚਾਅ :**

1. ਬੱਚਿਆਂ ਨੂੰ ਬਿਠਾ ਕੇ ਖਿਲਾਓ, ਨਾ ਕਿ ਲਿਟਾ ਕੇ।
2. ਬੱਚੇ ਨੂੰ ਨੱਕ ਠੀਕ ਤਰੀਕੇ ਨਾਲ ਸਾਫ਼ ਕਰਨਾ ਸਿਖਾਓ।
3. ਖਾਣੇ ਤੋਂ ਪਹਿਲਾਂ ਹੱਥ ਸਾਫ਼ ਕਰੋ।
4. ਇਨ੍ਹਾਂ ਬੱਚਿਆਂ ਦੇ ਕੱਪੜੇ ਅਤੇ ਤੌਲੀਆ ਵਗ਼ੈਰਾ ਅਲੱਗ ਰੱਖੋ।

**ਘਰੇਲੂ ਇਲਾਜ :**

1. ਕੰਨ ਦੇ ਦਰਦ ਤੋਂ ਆਰਾਮ ਲਈ, ਕੰਨ ਨੂੰ ਸੇਕ ਦੇਵੋ।
2. ਬੱਚੇ ਨੂੰ ਜ਼ਿਆਦਾ ਆਰਾਮ ਕਰਨ ਦਿਓ।
3. ਬੱਚੇ ਨੂੰ ਪਾਣੀ ਜ਼ਿਆਦਾ ਦਿਓ।

**ਆਪਣੇ ਡਾਕਟਰ ਨੂੰ ਕਦੋਂ ਦਿਖਾਈਏ :**

1. ਕੰਨ ਦੇ ਇਨਫ਼ੈਕਸ਼ਨ ਦਾ ਇਲਾਜ ਜਲਦੀ ਕਰਵਾਓ, ਤਾਂ ਕਿ ਕੰਨ ਦੇ ਪਰਦੇ ਨੂੰ ਨੁਕਸਾਨ ਨਾ ਪਹੁੰਚੇ।
2. ਜੇਕਰ ਘੱਟ ਸੁਣਨ ਦੀ ਸ਼ੱਕ ਹੋਵੇ।
3. ਜੇਕਰ ਕੰਨ ਵਿੱਚ ਦਰਦ ਹੁੰਦਾ ਹੋਵੇ।
4. ਜਦੋਂ ਬੱਚਾ ਚੱਕਰ ਆਉਣ ਦੀ ਸ਼ਿਕਾਇਤ ਕਰੇ।

**ਕੰਨ ਦੇ ਪਰਦੇ ਵਿੱਚ ਛੇਦ (ਪਰਫ਼ੋਰੇਸ਼ਨ) :**

ਇਹ ਆਪਣੇ ਆਪ ਠੀਕ ਹੋ ਜਾਂਦਾ ਹੈ। ਜੇਕਰ ਛੇਦ ਵਾਰ-ਵਾਰ ਹੋਵੇ ਜਾਂ ਕੰਨ ਦੇ ਇਨਫ਼ੈਕਸ਼ਨ ਦਾ ਇਲਾਜ ਨਾ ਹੋਵੇ, ਤਾਂ ਇਹ ਪਰਦੇ ਦਾ ਛੇਦ ਹਮੇਸ਼ਾਂ ਲਈ ਰਹਿ ਸਕਦਾ ਹੈ।

**ਕੰਨਾਂ ਵਿੱਚ ਘੰਟੀਆਂ ਵੱਜਣੀਆਂ**
**(ਟਿਨਾਈਟਸ)**

ਆਮ ਤੌਰ 'ਤੇ ਕੰਨਾਂ ਵਿੱਚ ਘੰਟੀਆਂ ਵੱਜਣੀਆਂ ਅਸਥਾਈ ਤੌਰ 'ਤੇ ਕੁਝ ਮਿੰਟਾਂ ਲਈ ਹੀ ਹੁੰਦੀਆਂ ਹਨ, ਪਰ ਜੇਕਰ ਕਾਫ਼ੀ ਸਮੇਂ ਲਈ ਲਗਾਤਾਰ ਘੰਟੀਆਂ ਵੱਜਦੀਆਂ ਜਾਂ ਆਵਾਜ਼ਾਂ ਆਉਂਦੀਆਂ ਹਨ ਤਾਂ ਤੁਹਾਨੂੰ ਟਿਨਾਈਟਸ ਦੀ ਤਕਲੀਫ਼ ਹੋ ਸਕਦੀ ਹੈ।

**ਕਾਰਨ :**

1. ਕੰਨਾਂ ਦੇ ਅੰਦਰਲੇ ਹਿੱਸੇ ਵਿੱਚ ਨਸ ਨੂੰ ਨੁਕਸਾਨ ਪਹੁੰਚਣਾ।
2. ਕੰਨਾਂ ਵਿੱਚ ਜ਼ਿਆਦਾ ਮੈਲ ਦਾ ਹੋਣਾ।
3. ਕੰਨਾਂ ਦਾ ਇਨਫ਼ੈਕਸ਼ਨ।
4. ਦੰਦਾਂ ਦੀ ਤਕਲੀਫ਼।
5. ਦਵਾਈਆਂ - ਜਿਵੇਂ ਕਿ ਐਸਪੀਰਿਨ।
6. ਲੰਬੇ ਸਮੇਂ ਲਈ ਉੱਚੀ ਆਵਾਜ਼ ਜਾਂ ਰੌਲੇ ਦਾ ਸੁਣਨਾ।
7. ਸ਼ਰਾਬ, ਸਿਗਰਟ ਅਤੇ ਜ਼ਿਆਦਾ ਕੈਫ਼ੀਨ।

**ਰੋਕਥਾਮ/ਬਚਾਅ :**

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

## ਦਿਲਜੀਤ ਦੀ 'ਅਮਰ ਸਿੰਘ ਚਮਕੀਲਾ' ਫ਼ਿਲਮ ਕਈ ਪੁਰਸਕਾਰਾਂ ਲਈ ਨਾਮਜ਼ਦ

ਮੁੰਬਈ : ਫਿਲਮ ਨਿਰਮਾਤਾ ਇਮਤਿਆਜ਼ ਅਲੀ ਦੀ ਬਹੁਤ ਪ੍ਰਸ਼ੰਸਾਯੋਗ ਫਿਲਮ ਅਮਰ ਸਿੰਘ ਚਮਕੀਲਾ ਨੂੰ 'ਸਕ੍ਰੀਨਰਾਈਟਰਜ਼ ਐਸੋਸੀਏਸ਼ਨ ਅਵਾਰਡਜ਼' (ਐਸ. ਡਬਲਿਊ. ਏ.) 'ਚ ਸਭ ਤੋਂ ਵਧੀਆ ਕਹਾਣੀ, ਸਕ੍ਰੀਨਪਲੇ, ਸੰਵਾਦ ਅਤੇ ਗੀਤਾਂ ਲਈ ਪ੍ਰਮੁੱਖ ਨਾਮਜ਼ਦਗੀਆਂ



ਪ੍ਰਾਪਤ ਹੋਈਆਂ ਹਨ। 9 ਅਗਸਤ ਨੂੰ ਹੋਣ ਵਾਲੇ ਐਸ. ਡਬਲਿਊ. ਏ. ਅਵਾਰਡਾਂ ਦੇ 7ਵੇਂ ਐਡੀਸ਼ਨ 'ਚ 2024 ਦੀਆਂ ਉਨ੍ਹਾਂ ਫਿਲਮਾਂ, ਲੜੀਵਾਰਾਂ ਤੇ ਟੀਵੀ ਸ਼ੋਅ ਦਾ ਸਨਮਾਨ ਕੀਤਾ ਜਾਵੇਗਾ ਜਿਨ੍ਹਾਂ ਨੇ ਕਹਾਣੀ ਸੁਣਾਉਣ ਦੀ ਕਲਾ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਹੈ। 2024 ਦੀ ਫਿਲਮ 'ਅਮਰ ਸਿੰਘ ਚਮਕੀਲਾ' 'ਚ ਦਿਲਜੀਤ ਦੋਸਾਂਝ ਮੁੱਖ ਭੂਮਿਕਾ 'ਚ ਸਨ ਤੇ ਪਰਿਣੀਤੀ ਚੋਪੜਾ ਨੇ ਉਨ੍ਹਾਂ ਦੀ ਪ੍ਰੇਮਿਕਾ ਦੀ ਭੂਮਿਕਾ ਨਿਭਾਈ ਸੀ। ਗੀਤਕਾਰ ਇਰਸ਼ਾਦ ਕਾਮਿਲ ਨੂੰ 'ਅਮਰ ਸਿੰਘ ਚਮਕੀਲਾ' ਦੇ ਪੰਜ ਗੀਤਾਂ 'ਬਾਜਾ', 'ਬੋਲ ਮੁਹੱਬਤ', 'ਇਸ਼ਕ ਮਿਟਾਏ', 'ਨਰਮ ਕਲਾਜਾ' ਤੇ 'ਵਿਦਾ ਕਰੋ' ਲਈ ਨਾਮਜ਼ਦ ਕੀਤਾ ਗਿਆ ਹੈ। ਸਰਵੋਤਮ ਕਹਾਣੀ ਅਤੇ ਸਕ੍ਰੀਨਪਲੇ ਸ਼੍ਰੇਣੀ 'ਚ ਹੋਰ ਨਾਮਜ਼ਦ ਵਿਅਕਤੀਆਂ 'ਚ ਬਰਲਿਨ ਲਈ ਅਤੁਲ ਸੱਭਰਵਾਲ, ਸੀ.ਟੀ.ਆਰ.ਐਲ. ਲਈ ਅਵਿਨਾਸ਼ ਸੰਪਤ, ਫੇਰੀ ਫੋਕ ਲਈ ਕਰਨ ਗੌਰ ਤੇ 'ਮਡਗਾਓਂ ਐਕਸਪ੍ਰੈਸ' ਲਈ ਕੁਨਾਲ ਖੇਮੂ ਸ਼ਾਮਲ ਹਨ। ਕਾਮੇਡੀਅਨ-ਲੇਖਿਕਾ ਸੁਮੁਖੀ ਸੁਰੇਸ਼ ਨੂੰ ਸਰਵੋਤਮ ਸੰਵਾਦ ਸ਼੍ਰੇਣੀ 'ਚ ਸੀ.ਟੀ.ਆਰ.ਐਲ. ਲਈ ਨਾਮਜ਼ਦ ਕੀਤਾ ਗਿਆ ਹੈ।

# ਬਠਿੰਡਾ ਦੀ ਨੇਤਰਹੀਣ ਆਂਚਲ ਭਟੇਜਾ ਸੁਪਰੀਮ ਕੋਰਟ 'ਚ ਬਣੀ ਵਕੀਲ

## ਜ਼ਿੰਦਗੀ 'ਚ ਆਈਆਂ ਔਕੜਾਂ ਨੂੰ ਪੈਰਾਂ ਥੱਲੇ ਮਧੋਲ ਕੇ ਹਾਸਲ ਕੀਤਾ ਮੁਕਾਮ

ਬਠਿੰਡਾ : ਜੇ ਦਿਲ 'ਚ ਕੁਝ ਕਰਨ ਦੀ ਚਾਅ ਹੋਵੇ ਤਾਂ ਵੱਡੇ ਤੋਂ ਵੱਡਾ ਕੰਮ ਵੀ ਸਰ ਕੀਤਾ ਜਾ ਸਕਦਾ ਹੈ, ਅਜਿਹਾ ਹੀ ਕਰ ਵਿਖਾਇਆ ਬਠਿੰਡਾ ਦੀ ਨੇਤਰਹੀਣ ਧੀ ਆਂਚਲ ਭਟੇਜਾ ਨੇ। ਉਸ ਨੇ ਨੇਤਰਹੀਣ ਹੋਣ ਦੇ ਬਾਵਜੂਦ ਸੁਪਰੀਮ ਕੋਰਟ ਦੀ ਵਕੀਲ ਬਣਨ 'ਚ ਸਫਲਤਾ ਹਾਸਲ ਕੀਤੀ ਹੈ। ਉਸ ਨੇ ਸੁਪਰੀਮ ਕੋਰਟ ਦੀ ਵਕੀਲ ਬਣ ਕੇ ਨਾ ਸਿਰਫ਼ ਬਠਿੰਡਾ ਦਾ ਸਗੋਂ ਪੂਰੇ ਪੰਜਾਬ ਦਾ ਨਾਂ ਰੋਸ਼ਨ ਕਰ ਦਿੱਤਾ ਹੈ। ਆਂਚਲ ਭਟੇਜਾ ਨੇ ਨੇਤਰਹੀਣ ਦੇ ਬਾਵਜੂਦ 6 ਜੂਨ ਨੂੰ ਸੁਪਰੀਮ ਕੋਰਟ 'ਚ ਵਕੀਲ ਦੇ ਰੂਪ ਵਿਚ ਪਹਿਲੇ ਮਾਮਲੇ ਦੀ ਪੈਰਵਾਈ ਕਰ ਕੇ ਰਿਕਾਰਡ ਕਾਇਮ ਕੀਤਾ ਹੈ। ਅੱਖਾਂ ਦੀ ਰੋਸ਼ਨੀ ਨਾ ਹੋਣ ਦੇ ਬਾਵਜੂਦ ਆਂਚਲ ਨੇ ਉਹ ਕਰ ਦਿਖਾਇਆ ਹੈ ਜੋ ਕਲਪਨਾ ਤੋਂ ਪਰ੍ਹੇ ਹੈ।

ਜਾਣਕਾਰੀ ਅਨੁਸਾਰ ਆਂਚਲ ਭਟੇਜਾ ਦੀ ਸ਼ੁਰੂ ਤੋਂ ਹੀ ਨਜ਼ਰ ਕਮਜ਼ੋਰ ਸੀ ਪਰ ਬਦਕਿਸਮਤੀ ਨਾਲ ਪ੍ਰੀਖਿਆ ਦੌਰਾਨ ਉਸ ਦੀਆਂ ਅੱਖਾਂ ਦੀ ਰੋਸ਼ਨੀ ਚਲੀ ਗਈ। ਜ਼ਿੰਦਗੀ ਦੇ ਸੰਘਰਸ਼ 'ਚ ਉਸ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ, ਪ੍ਰੰਤੂ ਉਸ ਨੇ ਇਨ੍ਹਾਂ ਮੁਸ਼ਕਲਾਂ ਦਾ ਹੱਸ ਕੇ ਸਾਹਮਣਾ ਕਰਦਿਆਂ ਹਰ ਪਾਸੇ ਪ੍ਰਸ਼ੰਸਾ ਖੱਟੀ। ਉਸ ਨੇ ਮਨ 'ਚ ਸੰਜੋਏ ਸੁਪਨੇ ਟੁੱਟਣ ਨਹੀਂ ਦਿੱਤੇ, ਸਗੋਂ ਮੁਸ਼ਕਲਾਂ ਅੱਗੇ ਹਾਰ ਮੰਨਣ ਦੀ ਬਜਾਏ ਦੇਸ਼ ਦੇ ਵੱਕਾਰੀ ਅਦਾਰੇ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤ ਕੀਤੀ। ਆਂਚਲ ਸ਼ਹਿਰ ਦੇ ਨਾਮਵਾਰ ਪਾਲ ਸੰਗੀਤ ਮਹਿਲ ਦੇ ਮਾਲਕ ਛਿੰਦਰਪਾਲ ਦੀ ਧੀ ਹੈ, ਜਿਸ ਦੇ ਜਨਮ ਮੌਕੇ ਕਾਫੀ ਪੇਚੀਦਗੀਆਂ ਸਾਹਮਣੇ ਆਈਆਂ ਸਨ। ਪਰਿਵਾਰ ਨੂੰ ਤਾਂ ਆਂਚਲ ਵੱਲੋਂ ਆਪਣੀ



ਸਿੱਖਿਆ ਪੂਰੀ ਕਰਨ ਪ੍ਰਤੀ ਵੱਡਾ ਖਦਸ਼ਾ ਸੀ। ਨਜ਼ਰ ਗੁਆਉਣ ਦੇ ਬਾਵਜੂਦ ਉਸ ਨੇ ਦਸਵੀਂ ਦੀ ਪ੍ਰੀਖਿਆ ਦੌਰਾਨ ਆਪਣੇ ਸਾਥੀਆਂ ਨਾਲੋਂ ਹੱਦੋਂ ਵੱਧ ਮਿਹਨਤ ਕਰਦਿਆਂ ਇਕ ਸਹਾਇਕ ਦੀ ਮਦਦ ਨਾਲ ਪ੍ਰੀਖਿਆ ਦੇਣ ਤੱਕ ਆਪਣੇ ਮੁਕੱਦਰ ਅਤੇ ਪੜ੍ਹਾਈ ਨਾਲ ਸੰਘਰਸ਼ ਜਾਰੀ ਰੱਖਿਆ ਜਿਸ ਦਾ ਨਤੀਜਾ ਸਿੱਖਿਆ ਮੁਕੰਮਲ ਹੋਣ ਵਜੋਂ ਨਿਕਲਿਆ। ਪੜ੍ਹਾਈ ਦੌਰਾਨ ਉਹ ਬਠਿੰਡਾ ਦੇ ਨੇਤਰਹੀਣ ਵਿਅਕਤੀ ਨੂੰ ਮਿਲੀ ਜਿਸ ਤੋਂ ਉਸ ਨੇ ਤਕਨੀਕੀ ਅਤੇ ਵਿਹਾਰਕ ਗਿਆਨ ਹਾਸਲ ਕੀਤਾ। ਉਸ ਨੇ ਡਿਜੀਟਲ ਢੰਗ ਤਰੀਕਿਆਂ ਅਤੇ ਆਪਣੇ ਕੋਰਸ ਦੀਆਂ ਆਡੀਓਬੁੱਕਾਂ ਰਾਹੀਂ ਸਿੱਖਿਆ ਪੂਰੀ ਕੀਤੀ ਅਤੇ ਇਕ ਲਿਖਣ ਵਾਲੇ ਦੀ ਸਹਾਇਤਾ ਨਾਲ ਪ੍ਰੀਖਿਆ ਦਿੱਤੀ। ਆਪਣੇ ਬੁਲੰਦ ਹੌਸਲੇ ਅਤੇ ਦਿ?ੜ੍ਹ ਇਰਾਦੇ ਦਾ ਪ੍ਰਗਟਾਵਾ ਕਰਦਿਆਂ ਆਂਚਲ ਨੇ ਕਾਮਨ ਲਾਅ ਐਡਮਿਸ਼ਨ ਟੈਸਟ (ਕੈਟ) ਦਿੱਤਾ ਜਿਸ 'ਚੋਂ ਸਫਲ ਹੋਣ ਤੋਂ ਬਾਅਦ ਉਹ ਬੈਂਗਲੁਰੂ ਦੇ ਨੈਸ਼ਨਲ ਲਾਅ ਸਕੂਲ ਆਫ ਇੰਡੀਆ 'ਚ ਦਾਖਲਾ ਲੈਣ ਵਾਲੀ ਪਹਿਲੀ ਨੇਤਰਹੀਣ ਵਿਦਿਆਰਥਣ ਬਣ ਗਈ।

ਕਾਲਜ ਦੇ ਆਪਣੇ ਪਹਿਲੇ ਸਾਲ ਵਿਚ ਆਂਚਲ ਨੇ ਆਪਣੀਆਂ ਪ੍ਰੀਖਿਆਵਾਂ ਲਿਖਣ ਲਈ ਲੇਖਕ ਦੀ ਮਦਦ ਲਈ। ਇਸ ਮੌਕੇ ਉਸ ਦੇ ਪ੍ਰੋਫੈਸਰ ਨੇ ਉਸ ਨੂੰ ਆਪਣੇ ਜਵਾਬ ਟਾਈਪ ਕਰਨ ਦਾ ਸੁਝਾਅ ਦਿੱਤਾ। ਪਹਿਲਾਂ ਤਾਂ ਆਂਚਲ ਝਿਜਕੀ ਪਰ ਮਗਰੋਂ ਉਹ ਆਪਣਾ ਲੈਪਟਾਪ ਟੈਸਟ ਰੂਮ ਵਿਚ ਲੈ ਗਈ ਅਤੇ ਆਪਣੇ ਜਵਾਬ ਖੁਦ ਦਰਜ ਕਰਨ ਲੱਗੀ। ਰੁਕਾਵਟਾਂ ਦੇ ਬਾਵਜੂਦ ਆਂਚਲ ਨੇ 2023 ਵਿਚ ਲਾਅ ਸਕੂਲ ਤੋਂ ਗ੍ਰੈਜੂਏਸ਼ਨ ਮੁਕੰਮਲ ਕਰ ਲਈ ਅਤੇ ਹੁਣ ਉਹ ਪ੍ਰਮੁੱਖ ਲਾਅ ਫਰਮ ਵਿਚ ਵਕੀਲ ਵਜੋਂ ਕੰਮ ਕਰ ਰਹੀ ਹੈ। ਸੁਪਰੀਮ ਕੋਰਟ ਸਾਹਮਣੇ ਪਹਿਲੀ ਵਾਰ ਪੇਸ਼ ਵਕੀਲ ਆਂਚਲ ਭਟੇਜਾ ਨੇ ਉਤਰਾਖੰਡ ਨਿਆਂਇਕ ਸੇਵਾ ਸਿਵਲ ਜੱਜ (ਜੂਨੀਅਰ ਡਵੀਜ਼ਨ) ਦੀ ਭਰਤੀ ਲਈ ਜਾਰੀ ਕੀਤੇ ਇਸ਼ਤਿਹਾਰ ਦੀ ਸੰਵਿਧਾਨਕਤਾ ਨੂੰ ਚੁਣੌਤੀ ਦੇਣ ਵਾਲੇ ਪਟੀਸ਼ਨਰ ਦੀ ਨੁਮਾਇੰਦਗੀ ਕੀਤੀ, ਅੱਗੋਂ ਪਟੀਸ਼ਨਰ ਵੀ ਸੌ ਫੀਸਦੀ ਨੇਤਰਹੀਣ ਹੈ।

ਉਸ ਦੀ ਜ਼ਿੰਦਗੀ ਹਮੇਸ਼ਾ ਚਣੌਤੀ ਭਰਪੂਰ ਰਹੀ ਹੈ। ਫਰਵਰੀ 2015 ਵਿਚ ਉਸ ਦੀ ਮਾਂ ਨੂੰ ਦਿਲ ਦਾ ਦੌਰਾ ਪਿਆ ਅਤੇ 23 ਦਿਨ ਵੈਂਟੀਲੇਟਰ 'ਤੇ ਰਹਿਣ ਉਪਰੰਤ ਜਦੋਂ ਮਾਂ ਨੇ ਸਾਥ ਛੱਡਿਆ ਤਾਂ ਇਹ ਉਸ ਲਈ ਇਹ ਪਹਿਲਾ ਵੱਡਾ ਸਦਮਾ ਸੀ। ਦੂਸਰੀ ਵਾਰ ਉਸ ਨੂੰ ਉਦੋਂ ਝਟਕਾ ਲੱਗਿਆ ਜਦੋਂ ਦਸਵੀਂ ਦੀ ਪ੍ਰੀਖਿਆ ਦੌਰਾਨ ਉਸ ਨੂੰ ਧੁੰਦਲਾ ਦਿਖਾਈ ਦੇਣ ਲੱਗ ਪਿਆ। ਆਂਚਲ ਨੂੰ ਦਿੱਲੀ ਅਤੇ ਚੇਨਈ ਦੇ ਵੱਡੇ ਹਸਪਤਾਲਾਂ 'ਚ ਲਿਜਾਇਆ ਗਿਆ ਜਿੱਥੇ ਸਫਲਤਾ ਨਾ ਮਿਲ ਸਕੀ। ਉਸ ਮਗਰੋਂ ਉਸ ਨੇ ਦਸਵੀਂ ਅਤੇ ਬਾਰ੍ਹਵੀਂ ਦੇ ਇਮਤਿਹਾਨਾਂ 'ਚ ਝੰਡੇ ਗੱਡੇ ਅਤੇ ਲਾਅ ਸਕੂਲ 'ਚ ਵੀ ਦਾਖਲਾ ਲਿਆ। ਤਤਕਾਲੀ ਡਿਪਟੀ ਕਮਿਸ਼ਨਰ ਦਿਪਾਰਵਾ ਲਾਕੜਾ ਵੱਲੋਂ ਪਿੱਠ ਥਾਪੜਣੀ ਆਂਚਲ ਦੀ ਅਹਿਮ ਪ੍ਰਾਪਤੀ ਵੀ ਰਹੀ ਹੈ।

ਆਂਚਲ ਨੇ ਸੁਪਰੀਮ ਕੋਰਟ 'ਚ ਪੇਸ਼ ਹੋਣ ਦੇ ਤਜਰਬੇ ਨੂੰ ਸੋਸ਼ਲ ਮੀਡੀਆ 'ਲਿੰਕਡਨ' 'ਤੇ ਸਾਂਝਾ ਕਰਦਿਆਂ ਲਿਖਿਆ, 'ਇਹ ਅਜਿਹਾ ਮੌਕਾ ਹੈ ਜੋ ਖੁਸ਼ੀ ਅਤੇ ਸ਼ਾਂਤ ਉਦਾਸੀ ਲਿਆਇਆ ਹੈ। ਮੈਨੂੰ ਇੱਥੇ ਹੋਣ ਅਤੇ ਉਸ ਥਾਂ 'ਤੇ ਆਉਣ ਲਈ ਮਾਣ ਹੈ, ਜਿਸ ਨੂੰ ਮੇਰੇ ਵਰਗੇ ਨੂੰ ਧਿਆਨ 'ਚ ਰੱਖ ਕੇ ਨਹੀਂ ਬਣਾਇਆ ਗਿਆ। ਮੈਂ ਇਹ ਚਾਹੁੰਦੀ ਹਾਂ ਕਿ ਮੈਂ ਪਹਿਲੀ ਨਾ ਹੁੰਦੀ। ਮੈਂ ਚਾਹੁੰਦੀ ਹਾਂ ਇਹ ਰਾਹ ਪਹਿਲਾਂ ਵੀ ਕਈ ਵਾਰ ਤੈਅ ਕੀਤਾ ਜਾ ਚੁੱਕਿਆ ਹੁੰਦਾ। ਦਿੱਖ ਮਾਇਨੇ ਰੱਖਦੀ ਹੈ। ਪਹੁੰਚ ਮਾਇਨੇ ਰੱਖਦੀ ਹੈ ਅਤੇ ਤਬਦੀਲੀ ਵਿਚ ਸਮਾਂ ਲੱਗਦਾ ਹੈ ਪ੍ਰੰਤੂ ਇਸ ਤਰ੍ਹਾਂ ਦੇ ਪਲ ਯਾਦ ਦਿਵਾਉਂਦੇ ਹਨ ਕਿ ਅਸੀਂ ਸਹੀ ਦਿਸ਼ਾ ਵਿਚ ਅੱਗੇ ਵਧ ਰਹੇ ਹਾਂ, ਭਾਵੇਂ ਹੌਲੀ-ਹੌਲੀ। ਆਂਚਲ ਭਟੇਜਾ ਦੀ ਇਸ ਪ੍ਰਾਪਤੀ 'ਤੇ ਸਾਰਾ ਸ਼ਹਿਰ ਗਦਗਦ ਕਰ ਰਿਹਾ ਹੈ। ਉਸ ਦੇ ਸੁਪਰੀਮ ਕੋਰਟ ਦੇ ਵਕੀਲ ਬਣਦਿਆਂ ਹੀ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ। ਸ਼ਹਿਰ ਵਾਸੀਆਂ ਦਾ ਮੰਨਣਾ ਹੈ ਕਿ ਆਂਚਲ ਭਟੇਜਾ ਨੇ ਉਹ ਕਰ ਵਿਖਾਇਆ ਜੋ ਅੱਖਾਂ ਦੀ ਰੋਸ਼ਨੀ ਹੋਣ ਦੇ ਬਾਵਜੂਦ ਨਹੀਂ ਕਰ ਪਾਉਂਦੇ।

# ਸਿੱਖ ਕਕਾਰਾਂ ਲਈ ਗੁਰਪ੍ਰੀਤ ਕੌਰ ਦੀ ਲੜਾਈ ਬਣੀ ਪ੍ਰੇਰਣਾ, ਸ਼੍ਰੋਮਣੀ ਕਮੇਟੀ ਨੇ ਕੀਤਾ ਸਨਮਾਨਿਤ



ਅੰਮ੍ਰਿਤਸਰ : ਰਾਜਸਥਾਨ 'ਚ ਜੁਡੀਸ਼ੀਅਲ ਸਰਵਿਸ ਦੀ ਪ੍ਰੀਖਿਆ ਦੌਰਾਨ ਗੁਰਸਿੱਖ ਬੱਚੀ ਗੁਰਪ੍ਰੀਤ ਕੌਰ ਨੂੰ ਸਿਰਫ ਇਸ ਕਰਕੇ ਪੇਪਰ ਦੇਣ ਤੋਂ ਰੋਕ ਦਿੱਤਾ ਗਿਆ ਕਿਉਂਕਿ ਉਸਨੇ ਸਿੱਖ ਕਕਾਰਾਂ 'ਚੋਂ ਸ੍ਰੀ ਸਾਹਿਬ (ਕਿਰਪਾਨ) ਉਤਾਰਨ ਤੋਂ ਇਨਕਾਰ ਕਰ ਦਿੱਤਾ। ਇਸ ਮਾਮਲੇ ਨੇ ਸਾਰੇ ਸਿੱਖ ਜਗਤ ਵਿੱਚ ਚਿੰਤਾ ਦੀ ਲਹਿਰ ਦੌੜਾ ਦਿੱਤੀ। ਅੱਜ ਇਹ ਗੁਰਸਿੱਖ ਕੁੜੀ ਅੰਮ੍ਰਿਤਸਰ 'ਚ ਸਥਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਫਤਰ ਵਿਖੇ ਪਹੁੰਚੀ, ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਸ ਨੂੰ ਗੁਰਸਿੱਖੀ ਲਈ ਲੜਨ ਦੇ ਜਜ਼ਬੇ ਨੂੰ ਸਲਾਮ ਕਰਦਿਆਂ ਸਨਮਾਨਿਤ ਕੀਤਾ ਗਿਆ।

ਮੀਡੀਆ ਨਾਲ ਗੱਲਬਾਤ ਕਰਦਿਆਂ ਗੁਰਪ੍ਰੀਤ ਕੌਰ ਨੇ ਆਖਿਆ ਕਿ ਸਭ ਤੋਂ ਪਹਿਲਾਂ ਮੈਂ ਹਰ ਸਿੱਖ ਅਤੇ ਹਰ ਜਥੇਬੰਦੀ ਦਾ ਧੰਨਵਾਦ ਕਰਦੀ ਹਾਂ। ਇਹ ਸਿਰਫ਼ ਮੇਰਾ ਮਾਮਲਾ ਨਹੀਂ ਸੀ, ਇਹ ਪੂਰੇ ਪੰਥ ਦੀ ਪਹਿਚਾਣ ਅਤੇ ਕਕਾਰਾਂ ਦੀ ਲੜਾਈ ਸੀ। ਗੁਰੂ ਸਾਹਿਬ ਦੇ ਹੁਕਮ 'ਚ ਰਹਿ ਕੇ ਮੈਂ ਆਪਣਾ ਹੱਕ ਮੰਗਿਆ। ਮੈਂ ਚਾਹੁੰਦੀ ਹਾਂ ਕਿ ਹੋਰ ਸਿੱਖ ਬੱਚੇ ਵੀ ਆਪਣੀ ਪਹਿਚਾਣ ਲਈ ਅੱਗੇ ਆਉਣ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਬੱਚੀ ਅੰਮ੍ਰਿਤਧਾਰੀ ਗੁਰਸਿੱਖੀ ਦੀ ਪੂਰੀ ਪਾਲਣਾ ਕਰਦੀ ਹੈ। ਉਸਨੂੰ ਜ਼ਬਰਦਸਤੀ ਪ੍ਰੀਖਿਆ ਦੇਣ ਤੋਂ ਰੋਕਿਆ ਗਿਆ ਜੋ ਸੰਵਿਧਾਨਕ ਰੂਪ ਵਿੱਚ ਧਾਰਮਿਕ ਅਜ਼ਾਦੀ ਦੇ ਹੱਕ ਦੀ ਉਲੰਘਣਾ ਸੀ। ਅਸੀਂ ਰਾਜਸਥਾਨ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਗੁਰਪ੍ਰੀਤ ਨੂੰ ਮੁੜ ਪੂਰਾ ਅਧਿਕਾਰ ਦਿੱਤਾ ਜਾਵੇ ਅਤੇ ਇਦਾਂ ਦੀਆਂ ਘਟਨਾਵਾਂ ਨੂੰ ਭਵਿੱਖ 'ਚ ਰੋਕਣ ਲਈ ਸਾਫ ਹਦਾਇਤਾਂ ਜਾਰੀ ਕੀਤੀਆਂ ਜਾਣ। ਇਸ ਮਾਮਲੇ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੁਹਿੰਮ ਅਤੇ ਬੱਚੀ ਦੀ ਹਿੰਮਤ ਨੇ ਇਹ ਸਾਬਤ ਕਰ ਦਿੱਤਾ ਕਿ ਗੁਰੂ ਦੇ ਸਿੱਖ ਆਪਣੇ ਕਕਾਰਾਂ ਅਤੇ ਪਹਿਚਾਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਪੂਰੇ ਸਿੱਖ ਪੰਥ ਦੀ ਜਿੱਤ ਹੈ।

# ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਕੌਮੀ ਇਨਸਾਫ਼ ਮੋਰਚਾ ਵਲੋਂ ਚੰਡੀਗੜ੍ਹ 'ਚ ਰੋਸ ਪ੍ਰਦਰਸ਼ਨ




ਚੰਡੀਗੜ੍ਹ ਦੇ ਸੈਕਟਰ-22 ਸਥਿਤ ਗੁਰਦੁਆਰਾ ਸ੍ਰੀ ਅਸਥਾਪਨ ਕਮੇਟੀ ਦੇ ਬਾਹਰ ਰੋਸ ਪ੍ਰਦਰਸ਼ਨ ਕਰਦੇ ਕੌਮੀ ਇਨਸਾਫ਼ ਮੋਰਚਾ ਦੇ ਆਗੂ।

ਚੰਡੀਗੜ੍ਹ : ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਅਤੇ ਬੰਦੀ ਸਿੰਘਾਂ ਦੀ ਰਿਹਾਈ ਵਾਸਤੇ ਕੌਮੀ ਇਨਸਾਫ਼ ਮੋਰਚਾ ਵਲੋਂ ਦਿੱਤੇ ਸੱਦੇ 'ਤੇ ਚੰਡੀਗੜ੍ਹ ਦੇ ਸੈਕਟਰ 22 ਸਥਿਤ ਗੁਰਦੁਆਰਾ ਸ਼੍ਰੀ ਅਸਥਾਪਨ ਕਮੇਟੀ ਤੋਂ ਇਕ ਵਿਸ਼ਾਲ ਰੋਸ ਮਾਰਚ ਚੰਡੀਗੜ੍ਹ ਦੇ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਰੋਸ ਪ੍ਰਦਰਸ਼ਨ ਕੀਤਾ ਜਾਣਾ ਸੀ। ਇਸ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਨੇ ਮੋਰਚੇ ਨਾਲ ਜੁੜੇ ਸੈਂਕੜੇ ਸਿੱਖ ਨੌਜਵਾਨ, ਬਜ਼ੁਰਗ ਤੇ ਸਮਾਜਿਕ ਕਾਰਕੁੰਨਾਂ ਨੂੰ ਸੈਕਟਰ-22 ਸਥਿਤ ਗੁਰਦੁਆਰਾ ਸਾਹਿਬ ਦੇ ਬਾਹਰ ਹੀ ਰੋਕ ਲਿਆ। ਜਿਸ ਤੋਂ ਬਾਅਦ ਇਨ੍ਹਾਂ ਕਾਰਕੁੰਨਾ ਨੇ ਉੱਥੇ ਹੀ ਰੋਸ ਪ੍ਰਦਰਸ਼ਨ ਕਰਨਾ ਸ਼ੁਰੂ ਕਰ ਦਿੱਤਾ ਤੇ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਕੀਤੀ। ਮੋਰਚਾ ਦੇ ਆਗੂਆਂ ਨੇ ਦੋਸ਼ ਲਗਾਇਆ ਕਿ ਸਿੱਖ ਕੈਦੀਆਂ ਦੀ ਸਜ਼ਾ ਪੂਰੀ ਹੋ ਜਾਣ ਦੇ ਬਾਵਜੂਦ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਗਿਆ। ਪ੍ਰਦਰਸ਼ਨ ਦੌਰਾਨ ਯੂਨਾਈਟਿਡ ਅਕਾਲੀ ਦਲ ਤੋਂ ਰਸ਼ਪਾਲ ਸਿੰਘ ਚੰਡੀਗੜ੍ਹ ਤੇ ਸਿੱਖ ਯੂਥ ਚੰਡੀਗੜ੍ਹ ਤੋਂ ਕਿਰਪਾਲ ਸਿੰਘ ਵਲੋਂ ਕੇਂਦਰ ਤੇ ਪੰਜਾਬ ਸਰਕਾਰ ਨੂੰ ਤੁਰੰਤ ਰਿਹਾਈ ਲਈ ਕਾਰਵਾਈ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ 'ਚ ਲੰਮੇ ਸਮੇਂ ਤੋਂ ਬੰਦੀ ਸਿੰਘ ਨਜ਼ਰਬੰਦ ਹਨ। ਇਸ ਮੌਕੇ ਅਕਾਲੀ ਦਲ ਮਾਨ ਤੋਂ ਲਖਵਿੰਦਰ ਸਿੰਘ, ਲੋਕ ਭਲਾਈ ਸੇਵਕ ਸੰਸਥਾ ਚੰਡੀਗੜ੍ਹ ਗਿਆਨੀ ਬਲਵਿੰਦਰ ਸਿੰਘ ਖ਼ਾਲਸਾ, ਹਰਮਿੰਦਰ ਸਿੰਘ ਅਤੇ ਸੁਭਾਸ਼ ਸਿੰਘ, ਗੋਬਿੰਦ ਸਿੰਘ, ਕੌਮੀ ਇਨਸਾਫ਼ ਮੋਰਚਾ ਚੰਡੀਗੜ੍ਹ ਤੋਂ ਪਰਮਜੀਤ ਸਿੰਘ, ਮੱਖਣ ਸਿੰਘ, ਰੇਸ਼ਮ ਸਿੰਘ, ਪਰਮਿੰਦਰ ਸਿੰਘ ਮਲੋਆ, ਅਵਤਾਰ ਸਿੰਘ ਬੁੜੈਲ, ਬਲਦੇਵ ਸਿੰਘ ਬੁੜੈਲ, ਸੁੱਚਾ ਸਿੰਘ ਸਿੱਧੂ, ਬੀਬੀ ਰਜਿੰਦਰ ਕੌਰ, ਬੀਬੀ ਰਾਜਵੀਰ ਕੌਰ, ਇੰਦਰਜੀਤ ਸਿੰਘ ਹੈਪੀ, ਸਿੱਖ ਸਦਭਾਵਨਾ ਦਲ ਤੋਂ ਕੁਲਦੀਪ ਸਿੰਘ ਅਤੇ ਬਲਜੀਤ ਸਿੰਘ ਖ਼ਾਲਸਾ ਆਦਿ ਸ਼ਾਮਿਲ ਸਨ।

# ਦਿੱਲੀ ਕਮੇਟੀ ਦੇ ਨਵੇਂ ਅਹੁਦੇਦਾਰਾਂ ਦਾ ਸਨਮਾਨ

## ਸੁਖਬੀਰ ਸਿੰਘ ਕਾਲੜਾ ਨੇ ਸਮਾਗਮ ਕਰਵਾਇਆ






ਨਵੀਂ ਦਿੱਲੀ : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਮੈਂਬਰ ਸੁਖਬੀਰ ਸਿੰਘ ਕਾਲੜਾ ਵੱਲੋਂ ਸਨਮਾਨ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਕਮੇਟੀ ਦੇ ਨਵੇਂ ਅਹੁਦੇਦਾਰਾਂ ਦਾ ਸਥਾਨਕ ਸੰਗਤ ਵੱਲੋਂ ਸਨਮਾਨ ਕੀਤਾ ਗਿਆ। ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਹੈ ਕਿ ਉਹ ਸੁਖਬੀਰ ਸਿੰਘ ਕਾਲੜਾ ਵੱਲੋਂ ਕਰਵਾਏ ਗਏ ਸਨਮਾਨ ਸਮਾਗਮ ਲਈ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ, ਜਿਸ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਰੇ ਅਹੁਦੇਦਾਰਾਂ ਨੂੰ ਬਿਨਾਂ ਵਿਰੋਧ ਚੁਣੇ ਜਾਣ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸ੍ਰੀ ਕਾਲੜਾ ਨੇ ਕਿਹਾ ਕਿ ਇੱਕ ਵਾਰ ਫਿਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵਜੋਂ ਸੇਵਾ ਕਰਨ ਦੀ ਜ਼ਿੰਮੇਵਾਰੀ ਸੌਂਪਣ ਨਾਲ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਨਾਲ ਲੋਕ ਵੱਡੀ ਗਿਣਤੀ ਵਿੱਚ ਜੁੜ ਰਹੇ ਹਨ। ਉਨ੍ਹਾਂ ਨਾਲ ਸਾਂਝੀ ਜ਼ਿੰਮੇਵਾਰੀ ਨਿਭਾ ਰਹੇ ਹਨ ਜਨਰਲ ਸਕੱਤਰ ਵੱਜੋਂ ਜਗਦੀਪ ਸਿੰਘ ਕਾਹਲੋਂ (ਕ੍ਰਿਸ਼ਨਾ ਪਾਰਕ) ਵੀ ਹਾਜ਼ਰ ਸਨ। ਇਸ ਮੌਕੇ ਸ੍ਰੀ ਕਾਲਕਾ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪੂਰੀ ਟੀਮ ਵਜੋਂ ਸੰਗਤ ਦੇ ਉਸ ਅਟੱਲ ਭਰੋਸੇ ਅਤੇ ਸਮਰਥਨ ਲਈ ਬੇਹੱਦ ਧੰਨਵਾਦੀ ਹਾਂ, ਜਿਸ ਕਰਕੇ ਸਾਨੂੰ ਅੰਦਰੂਨੀ ਚੋਣਾਂ ਵਿੱਚ ਬਿਨਾਂ ਵਿਰੋਧ ਚੁਣਿਆ ਗਿਆ। ਕਾਲਕਾ ਨੇ ਕਿਹਾ ਕਿ ਸਾਡੀ ਖੁਸ਼ਕਿਸਮਤੀ ਹੈ ਕਿ ਸੰਗਤ ਦੀ ਸੇਵਾ ਜਾਰੀ ਰੱਖ ਸਕਦੇ ਹਾਂ।

# ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੁਕਮਾਂ ਦੇ ਆਖ਼ਰੀ ਪੜਾਅ ਨੂੰ ਪੂਰਾ ਕਰਨ ਲਈ ਸ਼੍ਰੋਮਣੀ ਕਮੇਟੀ ਪੱਤਰ ਜਾਰੀ ਕਰੇ : ਪੰਜ ਮੈਂਬਰੀ ਕਮੇਟੀ



ਅੰਮ੍ਰਿਤਸਰ : 2 ਦਸੰਬਰ 2024 ਨੂੰ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਦੇ ਕਾਰਜਸ਼ੀਲ ਪੰਜ ਮੈਂਬਰਾਂ ਮਨਪ੍ਰੀਤ ਸਿੰਘ ਇਯਾਲੀ, ਜਥੇ: ਗੁਰਪ੍ਰਤਾਪ ਸਿੰਘ ਵਡਾਲਾ, ਜਥੇ: ਇਕਬਾਲ ਸਿੰਘ ਝੂੰਦਾਂ, ਜਥੇ: ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਅਪੀਲ ਕੀਤੀ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਸੇਵਾਦਾਰ (ਪ੍ਰਧਾਨ) ਚੁਣੇ ਜਾਣ ਲਈ 11 ਅਗਸਤ ਨੂੰ ਬੁਲਾਏ ਗਏ ਦਲ ਦੇ ਜਨਰਲ ਇਜਲਾਸ ਲਈ ਤੇਜਾ ਸਿੰਘ ਸਮੁੰਦਰੀ ਹਾਲ ਦੀ ਵਰਤੋਂ ਦੀ ਇਜਾਜ਼ਤ ਲਈ ਬਿਨਾਂ ਦੇਰੀ ਪੱਤਰ ਜਾਰੀ ਕਰਨ। ਦੇਰ ਸ਼ਾਮ ਇਥੋਂ ਜਾਰੀ ਬਿਆਨ ਵਿਚ ਉਨ੍ਹਾਂ ਕਿਹਾ ਕਿ ਕਮੇਟੀ ਦੇ ਕਾਰਜਸ਼ੀਲ ਮੈਂਬਰਾਂ ਵਜੋਂ ਉਨ੍ਹਾਂ ਨੇ ਪੂਰਨ ਸਮਰਪਿਤ ਭਾਵਨਾ ਹੇਠ ਅਕਾਲ ਤਖਤ ਸਾਹਿਬ ਤੋਂ ਜਾਰੀ ਹੁਕਮਨਾਮੇ ਦੀ ਭਾਵਨਾ ਦੀ ਇੰਨ-ਬਿੰਨ ਪਾਲਣਾ ਕੀਤੀ ਹੈ। ਜਿਸ ਤਹਿਤ ਆਖਰੀ ਪੜਾਅ ਨੂੰ ਪੂਰਾ ਕਰਨ ਤੇ ਨੇਪਰੇ ਚਾੜ੍ਹਨ ਲਈ ਪੰਥਕ ਪ੍ਰੰਪਰਾਵਾਂ ਤਹਿਤ ਇਤਿਹਾਸਕ ਤੇਜਾ ਸਿੰਘ ਸਮੁੰਦਰੀ ਹਾਲ ਦੀ ਵਰਤੋਂ ਲਈ ਇਜਾਜ਼ਤ ਬਾਕੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਧਾਮੀ ਨੂੰ ਦੁਨੀਆਂ ਭਰ ਵਿਚ ਵਸਦੇ ਸਿੱਖਾਂ ਤੇ ਪੰਜਾਬੀਆਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਤੇ ਪੰਥਕ ਸ਼ਕਤੀ ਤੇ ਏਕਤਾ ਦੇ ਹਾਮੀ ਹੋਣ ਦਾ ਗਵਾਹ ਬਣਦੇ ਹੋਏ ਸਮੁੰਦਰੀ ਹਾਲ ਦੀ ਇਜਾਜ਼ਤ ਬਿਨਾਂ ਦੇਰੀ ਦੇਣੀ ਚਾਹੀਦੀ ਹੈ। ਭਰਤੀ ਕਮੇਟੀ ਮੈਂਬਰਾਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ 18 ਮਾਰਚ ਨੂੰ ਸ਼ੁਰੂ ਹੋਈ ਭਰਤੀ ਮੁਹਿੰਮ ਨੂੰ ਬਹੁਤ ਸਮਰਥਨ ਤੇ ਪਿਆਰ ਮਿਲਿਆ। ਵਿਧੀ ਵਿਧਾਨ ਤੇ ਲੋਕਤੰਤਰਕ ਤਰੀਕੇ ਅਨੁਸਾਰ ਸੂਬਾਈ ਤੇ ਜ਼ਿਲ੍ਹਾ ਡੈਲੀਗੇਟਸ ਦੀ ਚੋਣ ਮੁਕੰਮਲ ਹੋ ਚੁੱਕੀ ਹੈ ਤੇ ਇਸ ਭਰਤੀ ਮੁਹਿੰਮ ਦਾ ਆਖ਼ਰੀ ਅਤੇ ਫੈਸਲਾਕੁੰਨ ਪੜਾਅ ਪ੍ਰਧਾਨ ਚੁਣੇ ਜਾਣ ਦੇ ਰੂਪ ਵਿਚ 11 ਅਗਸਤ ਨੂੰ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਉਮੀਦ ਜਤਾਈ ਕਿ ਸ. ਧਾਮੀ ਪੰਥ ਤੇ ਕੌਮ ਦੇ ਇਸ ਇਤਿਹਾਸਕ ਪੜਾਅ ਲਈ ਅੜਿੱਕਾ ਨਹੀਂ ਬਣਨਗੇ। ਇਥੇ ਜ਼ਿਕਰਯੋਗ ਹੈ ਕਿ ਪੰਜ ਮੈਂਬਰੀ ਕਮੇਟੀ ਵਲੋਂ ਸ਼੍ਰੋਮਣੀ ਕਮੇਟੀ ਦਾ ਕੱਲ੍ਹ ਹੋਣ ਜਾ ਰਹੇ ਵਿਸ਼ੇਸ਼ ਇਜਲਾਸ ਤੋਂ ਪਹਿਲਾਂ ਇਹ ਅਪੀਲ ਜਾਰੀ ਕੀਤੀ ਗਈ ਹੈ।

# ਭਾਜਪਾ ਵਿੱਚ ਸ਼ਾਮਲ ਹੋਣ ਤੋਂ ਕੁੱਝ ਸਮੇਂ ਬਾਅਦ ਰਣਜੀਤ ਗਿੱਲ ਦੇ ਘਰ ਵਿਜੀਲੈਂਸ ਵੱਲੋਂ ਛਾਪਾ



ਚੰਡੀਗੜ੍ਹ: ਪੰਜਾਬ ਵਿਜੀਲੈਂਸ ਵਿਭਾਗ ਵੱਲੋਂ ਭਾਜਪਾ ਵਿੱਚ ਹਾਲ ਹੀ 'ਚ ਸ਼ਾਮਲ ਹੋਏ ਨੇਤਾ ਰਣਜੀਤ ਸਿੰਘ ਗਿੱਲ ਦੇ ਨਿਵਾਸ 'ਤੇ ਰੇਡ ਪਾਈ ਗਈ। ਵਿਜੀਲੈਂਸ ਟੀਮ ਨੇ ਗਿੱਲ ਦੇ ਘਰ ਪੁੱਜੀ, ਜਿਸ 'ਤੇ ਭਾਜਪਾ ਲੀਡਰਾਂ ਵੱਲੋਂ ਰਾਜਨੀਤਿਕ ਬਦਲੇਵਾਂ ਦੇ ਦੋਸ਼ ਲਗਾਏ ਜਾ ਰਹੇ ਹਨ।

ਭਾਜਪਾ ਕਾਨੂੰਨੀ ਸੈੱਲ ਦੇ ਕਨਵੀਨਰ ਐਡਵੋਕੇਟ ਐਲ. ਕੇ. ਵਰਮਾ ਅਤੇ ਐਡਵੋਕੇਟ ਗੁਰਦੀਪਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਰੇਡ ਗਿੱਲ ਦੇ ਭਾਜਪਾ 'ਚ ਸ਼ਾਮਲ ਹੋਣ ਤੋਂ ਇਕ ਰਾਤ ਬਾਅਦ ਹੋਈ ਹੈ, ਜਿਸ ਤੋਂ ਇਸ਼ਾਰਾ ਮਿਲਦਾ ਹੈ ਕਿ ਇਹ ਪੂਰੀ ਕਾਰਵਾਈ ਰਾਜਨੀਤਿਕ ਪ੍ਰਭਾਵ ਹੇਠ ਕੀਤੀ ਗਈ।

ਉਨ੍ਹਾਂ ਕਿਹਾ ਕਿ ਨਾ ਤਾਂ ਕਿਸੇ ਕਿਸਮ ਦੀ ਐਫ.ਆਈ.ਆਰ. ਹੋਈ ਹੈ ਅਤੇ ਨਾ ਹੀ ਕੋਈ ਨੋਟਿਸ ਮਿਲਿਆ। ਭਾਜਪਾ ਨੇ ਵਿਜੀਲੈਂਸ ਦੀ ਇਸ ਕਾਰਵਾਈ ਨੂੰ ਗੈਰਕਾਨੂੰਨੀ ਤੇ ਪੂਰਵਗ੍ਰਹਿ ਵਾਲੀ ਦੱਸਿਆ ਹੈ ਅਤੇ ਕਿਹਾ ਕਿ ਜ਼ਰੂਰਤ ਪਈ ਤਾਂ ਅਦਾਲਤ ਵਿੱਚ ਕਾਨੂੰਨੀ ਰਾਹ ਲਿਆ ਜਾਵੇਗਾ।

# ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੈਬਨਿਟ ਮੰਤਰੀ ਹਰਜੋਤ ਬੈਂਸ ਤਨਖਾਹੀਆ ਕਰਾਰ









ਅੰਮ੍ਰਿਤਸਰ : ਸ੍ਰੀ ਅਕਾਲ ਤਖ਼ਤ ਦੀ ਫ਼ਸੀਲ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਤਨਖਾਹ ਸੁਣਾਈ ਹੈ। ਬੈਂਸ ਵੱਲੋਂ ਸ੍ਰੀ ਅਕਾਲ ਤਖਤ ਦੇ ਸਨਮੁੱਖ ਖੜ੍ਹੇ ਹੋ ਕੇ ਆਪਣੇ ਗੁਨਾਹ ਕਬੂਲ ਕੀਤੇ ਗਏ ਹਨ ਜਿਸ ਤੋਂ ਬਾਅਦ ਉਨ੍ਹਾਂ ਨੂੰ ਤਨਖਾਹ ਸੁਣਾਈ ਗਈ ਹੈ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿੱਚ ਬੀਤੇ ਦਿਨੀਂ ਸ੍ਰੀਨਗਰ ਵਿਚ ਕਰਵਾਏ ਸਮਾਗਮ ਦੌਰਾਨ ਮਰਿਆਦਾ ਦੀ ਉਲੰਘਣਾ ਨੂੰ ਲੈ ਕੇ ਆਪਣਾ ਸਪਸ਼ਟੀਕਰਨ ਦੇਣ ਲਈ ਅੱਜ ਸ੍ਰੀ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਹੋਏ ਸਨ। ਪੰਜ ਸਿੰਘ ਸਾਹਿਬਾਨ ਵੱਲੋਂ ਕੈਬਨਿਟ ਮੰਤਰੀ ਨੂੰ ਆਦੇਸ਼ ਕੀਤਾ ਗਿਆ ਹੈ ਕਿ ਉਹ ਸ੍ਰੀ ਦਰਬਾਰ ਸਾਹਿਬ ਤੋਂ ਗੁਰਦੁਆਰਾ ਗੁਰੂ ਕੇ ਮਹਿਲ, ਜੋ ਕਿ ਗੁਰੂ ਸਾਹਿਬ ਦਾ ਪ੍ਰਕਾਸ਼ ਅਸਥਾਨ ਹੈ, ਵਿਖੇ ਪੈਦਲ ਜਾਣਗੇ। ਇਸ ਰਸਤੇ ਵਿੱਚ ਆਉਂਦੇ ਬਾਜ਼ਾਰ ਅਤੇ ਗਲੀਆਂ ਦੀ ਸਫਾਈ ਅਤੇ ਹੋਰ ਵਿਕਾਸ ਕਾਰਜਾਂ ਨੂੰ ਯਕੀਨੀ ਬਣਾਉਣਗੇ। ਇਸੇ ਤਰ੍ਹਾਂ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਕੋਠਾ ਸਾਹਿਬ ਵੱਲਾ, ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਵੀ 100 ਮੀਟਰ ਦੀ ਦੂਰੀ ਤੋਂ ਪੈਦਲ ਜਾਣਗੇ ਅਤੇ ਇਨ੍ਹਾਂ ਅਸਥਾਨਾਂ ’ਤੇ ਵੀ ਮੁਰੰਮਤ ਅਤੇ ਸਾਫ ਸਫਾਈ ਨੂੰ ਯਕੀਨੀ ਬਣਾਉਣਗੇ। ਉਨ੍ਹਾਂ ਨੂੰ ਦਿੱਲੀ ਸਥਿਤ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਉਪਰੰਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋ ਕੇ ਦੋ ਦਿਨ ਗੁਰੂ ਦੀਆਂ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਉਨ੍ਹਾਂ ਨੂੰ 1100 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਉਣ ਵਾਸਤੇ ਕਿਹਾ ਗਿਆ ਹੈ। ਇੱਕ ਵੱਖਰੇ ਆਦੇਸ਼ ਰਾਹੀਂ ਪੰਜਾਬ ਸਰਕਾਰ ਨੂੰ ਵੀ ਆਖਿਆ ਗਿਆ ਹੈ ਕਿ ਉਹ ਸ਼ਤਾਬਦੀ ਸਮਾਗਮਾਂ ਦੌਰਾਨ ਸੈਮੀਨਾਰ, ਗੋਸ਼ਟੀਆਂ ਤੇ ਹੋਰ ਅਜਿਹੇ ਪ੍ਰੋਗਰਾਮ ਕਰਵਾ ਸਕਦੀ ਹੈ, ਪਰ ਇਨ੍ਹਾਂ ਲਈ ਧਰਮ ਪ੍ਰਚਾਰ ਕਮੇਟੀ ਦਾ ਸਹਿਯੋਗ ਲਿਆ ਜਾਵੇ। ਅਕਾਲ ਤਖ਼ਤ ਦੀ ਫ਼ਸੀਲ ਤੋਂ ਸਰਕਾਰ ਨੂੰ ਆਦੇਸ਼ ਦਿੱਤਾ ਗਿਆ ਕਿ ਧਾਰਮਿਕ ਸਮਾਗਮ, ਜਿਨ੍ਹਾਂ ਵਿੱਚ ਨਗਰ ਕੀਰਤਨ ਸਜਾਉਣੇ ਅਤੇ ਗੁਰਮਤਿ ਸਮਾਗਮ ਸ਼ਾਮਲ ਹਨ, ਸਿੱਖ ਸੰਸਥਾਵਾਂ ਦੇ ਕਾਰਜ ਹਨ ਅਤੇ ਸਰਕਾਰ ਇਨ੍ਹਾਂ ਵਿੱਚ ਸਹਿਯੋਗ ਦੇਵੇ। ਸਿੰਘ ਸਾਹਿਬਾਨ ਨੇ ਸਿੱਖ ਸੰਸਥਾਵਾਂ ਨੂੰ ਵੀ ਆਦੇਸ਼ ਦਿੱਤਾ ਹੈ ਕਿ ਉਹ ਸ਼ਤਾਬਦੀ ਸਮਾਗਮਾਂ ਵਿੱਚ ਸਰਕਾਰ ਦੇ ਪ੍ਰਤੀਨਿਧਾਂ ਨੂੰ ਪੂਰਨ ਮਾਣ ਸਨਮਾਨ ਦੇਣ। ਇੱਕ ਹੋਰ ਫੈਸਲੇ ਤਹਿਤ ਜੰਮੂ ਤੋਂ ਆਏ ਤਿੰਨ ਸਿੱਖਾਂ ਰਣਜੀਤ ਸਿੰਘ, ਜਗਪਾਲ ਸਿੰਘ ਅਤੇ ਸੋਮਨਾਥ ਸਿੰਘ ਨੂੰ ਵੀ ਤਨਖਾਹ ਲਾਈ ਗਈ ਹੈ। ਉਨ੍ਹਾਂ ਖਿਲਾਫ ਦੋਸ਼ ਹੈ ਕਿ ਉਨ੍ਹਾਂ ਨੇ ਸਿੱਖ ਪੰਥ ਵਿੱਚੋਂ ਛੇਕੇ ਹੋਏ ਵਿਅਕਤੀ ਪ੍ਰੋਫੈਸਰ ਦਰਸ਼ਨ ਸਿੰਘ ਦੇ ਹੱਕ ਵਿੱਚ ਸਮਾਗਮ ਕਰਵਾਇਆ ਹੈ। ਕਾਬਿਲੇਗੌਰ ਹੈ ਕਿ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਆਪਣਾ ਪੱਖ ਸਪਸ਼ਟ ਕਰਨ ਲਈ ਤਲਬ ਕੀਤਾ ਗਿਆ ਸੀ। ਉਨ੍ਹਾਂ ਤੋਂ ਇਲਾਵਾ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜਫਰ ਨੂੰ ਵੀ ਤਲਬ ਕੀਤਾ ਗਿਆ ਸੀ। ਅਕਾਲ ਤਖ਼ਤ ਸਕੱਤਰੇਤ ਵਿਚ ਹੋਣ ਵਾਲੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਤੇ ਹੋਰ ਸ਼ਾਮਲ ਸਨ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਅੱਜ ਸਵੇਰੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਪੁੱਜਣ ਤੋਂ ਪਹਿਲਾਂ ਇੱਥੇ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਮੱਥਾ ਟੇਕਿਆ। ਉਨ੍ਹਾਂ ਚਿੱਟੇ ਰੰਗ ਦਾ ਕੁੜਤਾ ਪਜਾਮਾ ਪਾਇਆ ਹੋਇਆ ਤੇ ਦਾਹੜੇ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਮੱਥਾ ਟੇਕਿਆ। ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਪੁੱਜਣ ਤੋਂ ਪਹਿਲਾਂ ਇੱਥੇ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਮੱਥਾ ਟੇਕਿਆ ਅਤੇ ਹੁਣ ਸ੍ਰੀ ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਆਪਣਾ ਪੱਖ ਰੱਖਣ ਲਈ ਪੁੱਜੇ ਹਨ। ਉਨ੍ਹਾਂ ਚਿੱਟੇ ਰੰਗ ਦਾ ਕੁੜਤਾ ਪਜਾਮਾ ਪਾਇਆ ਹੋਇਆ ਤੇ ਦਾਹੜੇ ਦਾ ਪ੍ਰਕਾਸ਼ ਕੀਤਾ ਹੋਇਆ ਹੈ। ਉਨ੍ਹਾਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋਫੈਸਰ ਕਰਮਜੀਤ ਸਿੰਘ ਦਾ ਮਾਮਲਾ ਵੀ ਵਿਚਾਰੇ ਜਾਣ ਦੀ ਸੰਭਾਵਨਾ ਹੈ। ਬੀਤੇ ਦਿਨ ਉਨ੍ਹਾਂ ਦੀ ਇੱਕ ਵੀਡੀਓ ਵਾਇਰਲ ਹੋਈ ਸੀ ਜਿਸ ਵਿੱਚ ਉਹ ਆਰਐਸਐਸ ਦੇ ਮੁਖੀ ਸਾਹਮਣੇ ਯੂਨੀਵਰਸਿਟੀ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰ ਰਹੇ ਸਨ। ਇਸ ਤੋਂ ਇਲਾਵਾ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਵਾਸਤੇ ਸ਼੍ਰੋਮਣੀ ਕਮੇਟੀ ਕੋਲੋਂ ਤੇਜਾ ਸਿੰਘ ਸਮੁੰਦਰੀ ਹਾਲ ਦੇਣ ਦੀ ਕੀਤੀ ਗਈ ਮੰਗ ਦਾ ਮਾਮਲਾ ਵੀ ਵਿਚਾਰੇ ਜਾਣ ਦੀ ਸੰਭਾਵਨਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਸਬੰਧੀ ਪੱਤਰ ਅਗਲੇਰੀ ਕਾਰਵਾਈ ਵਾਸਤੇ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਵੱਲ ਭੇਜ ਦਿੱਤਾ ਗਿਆ ਸੀ।

# ਕੋਈ ਧਿਰ ਅਕਾਲ ਤਖ਼ਤ ਦੀ ਸਰਪ੍ਰਸਤੀ ਹੋਣ ਦਾ ਦਾਅਵਾ ਨਾ ਕਰੇ: ਗੜਗੱਜ

## ਭਰਤੀ ਕਮੇਟੀ ਵੱਲੋਂ ਪ੍ਰਧਾਨ ਦੀ ਚੋਣ ਲਈ ਤੇਜਾ ਸਿੰਘ ਸਮੁੰਦਰੀ ਹਾਲ ਦੇਣ ਦੀ ਮੰਗ ਦਾ ਮਾਮਲਾ ਲਟਕਿਆ

ਅੰਮ੍ਰਿਤਸਰ : ਅਕਾਲ ਤਖ਼ਤ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸਬੰਧੀ ਬਣਾਈ ਗਈ ਭਰਤੀ ਕਮੇਟੀ ਵੱਲੋਂ ਪ੍ਰਧਾਨ ਦੀ ਚੋਣ ਲਈ ਤੇਜਾ ਸਿੰਘ ਸਮੁੰਦਰੀ ਹਾਲ ਦੇਣ ਦੀ ਮੰਗ ਦਾ ਮਾਮਲਾ ਫਿਲਹਾਲ ਲਟਕ ਗਿਆ ਜਾਪਦਾ ਹੈ। ਭਰਤੀ ਕਮੇਟੀ ਵੱਲੋਂ ਭਰਤੀ ਸਬੰਧੀ ਮੁਹਿੰਮ ਅਤੇ ਡੈਲੀਗੇਟ ਚੁਣਨ ਦੀ ਮੁਹਿੰਮ ਮੁਕੰਮਲ ਕਰਨ ਤੋਂ ਬਾਅਦ 11 ਅਗਸਤ ਨੂੰ ਪ੍ਰਧਾਨ ਦੀ ਚੋਣ ਲਈ ਇਜਲਾਸ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿੱਚ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਭੇਜ ਕੇ ਅਪੀਲ ਕੀਤੀ ਗਈ ਸੀ ਕਿ ਪ੍ਰਧਾਨ ਦੀ ਚੋਣ ਲਈ ਤੇਜਾ ਸਿੰਘ ਸਮੁੰਦਰੀ ਹਾਲ ਦਿੱਤਾ ਜਾਵੇ। ਸ੍ਰੀ ਧਾਮੀ ਨੇ ਅਗਲੇਰੀ ਕਾਰਵਾਈ ਲਈ ਇਹ ਪੱਤਰ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਨੂੰ ਭੇਜ ਦਿੱਤਾ ਸੀ ਪਰ ਅੱਜ ਦੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਇਸ ਸਬੰਧੀ ਕੋਈ ਫੈਸਲਾ ਨਹੀਂ ਕੀਤਾ ਗਿਆ। ਸਗੋਂ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕੋਈ ਵੀ ਧਿਰ ਜਾਂ ਕਮੇਟੀ ਆਪਣੇ ਆਪ ਨੂੰ ਅਕਾਲ ਤਖ਼ਤ ਦੀ ਸਰਪ੍ਰਸਤੀ ਹੋਣ ਦਾ ਦਾਅਵਾ ਨਾ ਕਰੇ। ਇਸ ਸਬੰਧੀ ਪਾਸ ਕੀਤੇ ਮਤੇ ਵਿਚ ਪੰਜ ਸਿੰਘ ਸਾਹਿਬਾਨ ਨੇ ਕਿਹਾ ਕਿ ਵੱਖ-ਵੱਖ ਸਿੱਖ ਸਿਆਸੀ ਅਤੇ ਧਾਰਮਿਕ ਜਥੇਬੰਦੀਆਂ ਤੋਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਮਾਮਲਾ ਵਿਚਾਰਿਆ, ਜਿਨ੍ਹਾਂ ਵੱਲੋਂ ਇਹ ਸ਼ਿਕਾਇਤ ਕੀਤੀ ਗਈ ਸੀ ਕਿ ਕੁਝ ਧਿਰਾਂ ਸਿਆਸੀ ਲਾਭ ਦੀ ਪ੍ਰਾਪਤੀ ਲਈ ਅਕਾਲ ਤਖ਼ਤ ਸਾਹਿਬ ਤੋਂ ਸਰਪ੍ਰਸਤੀ ਦਾ ਦਾਅਵਾ ਕਰ ਰਹੀਆਂ ਹਨ। ਪੰਜ ਸਿੰਘ ਸਾਹਿਬਾਨ ਨੇ 2 ਦਸੰਬਰ, 2024 ਨੂੰ ਜਾਰੀ ਕੀਤੇ ਗਏ ਆਦੇਸ਼ ਦੇ ਸਬੰਧ ਵਿੱਚ ਅੱਜ ਦੇ ਆਪਣੇ ਆਦੇਸ਼ ਵਿੱਚ ਕਿਹਾ ਕਿ ਸਾਰੀਆਂ ਅਕਾਲੀ ਧਿਰਾਂ ਨੂੰ ਆਪਣੇ ਮਤਭੇਦਾਂ ਨੂੰ ਪਾਸੇ ਰੱਖ ਕੇ ਇੱਕਜੁਟ ਹੋਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਜੇ 2 ਦਸੰਬਰ ਨੂੰ ਹੋਏ ਆਦੇਸ਼ ਨੂੰ ਕੋਈ ਵੀ ਧਿਰ ਇੰਨ-ਬਿੰਨ ਨਹੀਂ ਮੰਨਣਾ ਚਾਹੁੰਦੀ ਤਾਂ ਉਨ੍ਹਾਂ ਨੂੰ ਆਪੋ-ਆਪਣੀ ਸਿਆਸਤ ਮੁਬਾਰਕ ਹੈ, ਪਰ ਅਕਾਲ ਤਖ਼ਤ ਦੀ ਸਰਪ੍ਰਸਤੀ ਦਾ ਦਾਅਵਾ ਕਰਕੇ ਸੰਗਤ ਵਿੱਚ ਭਰਮ-ਭੁਲੇਖੇ ਪੈਦਾ ਨਾ ਕੀਤੇ ਜਾਣ। ਕਿਉਂਕਿ ਵੱਖੋ-ਵੱਖਰੇ ਚੁੱਲ੍ਹੇ ਕਾਇਮ ਰੱਖ ਕੇ ਅਕਾਲ ਤਖ਼ਤ ਤੋਂ ਹੋਏ ਆਦੇਸ਼ ਦੀ ਭਾਵਨਾ ਸੰਪੂਰਨ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਖ਼ਾਲਸਾ ਪੰਥ ਦੇ ਵਡੇਰੇ ਹਿਤਾਂ, ਪੰਜਾਬ ਦੀ ਜ਼ਮੀਨ ਨੂੰ ਬਚਾਉਣ, ਸਿੱਖ ਪਛਾਣ ਤੇ ਕਕਾਰਾਂ ਨੂੰ ਦਰਪੇਸ਼ ਚੁਣੌਤੀਆਂ, ਮੌਜੂਦਾ ਤਕਨੀਕੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਯੁੱਗ ਅੰਦਰ ਸਿੱਖ ਇਤਿਹਾਸ, ਸਿਧਾਂਤ ਅਤੇ ਪਾਵਨ ਗੁਰਬਾਣੀ ਨਾਲ ਛੇੜਛਾੜ ਅਤੇ ਦੇਸ਼-ਵਿਦੇਸ਼ ਅੰਦਰ ਸਿੱਖਾਂ ਨੂੰ ਨਿਸ਼ਾਨਾ ਬਣਾਏ ਜਾਣ ਦੇ ਮਾਮਲਿਆਂ ਨੂੰ ਨਜਿੱਠਣ ਲਈ ਸਮੂਹ ਅਕਾਲੀ ਅਤੇ ਪੰਥਕ ਧਿਰਾਂ ਨੂੰ ਲਾਮਬੰਦੀ ਕਰਕੇ ਇੱਕਜੁਟ ਹੋ ਕੇ ਚੱਲਣ ਲਈ ਆਖਿਆ। ਇਸ ਦੌਰਾਨ ਭਰਤੀ ਕਮੇਟੀ ਦੇ ਬੁਲਾਰੇ ਨੇ ਅੱਜ ਹੋਈ ਸਿੰਘ ਸਾਹਿਬਾਨ ਦੀ ਇਕੱਤਰਤਾ ਤੋਂ ਬਾਅਦ ਜਾਰੀ ਹੋਏ ਆਦੇਸ਼ ਬਾਰੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਦੋ ਦਸੰਬਰ ਦੇ ਹੁਕਮਨਾਮੇ ਤੋਂ ਬਾਅਦ ਚੁੱਲ੍ਹਾ ਨਹੀਂ ਸਮੇਟਿਆ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਬਾਦਲ ਧੜੇ ਵਲੋਂ ਦਾਅਵਾ ਕੀਤਾ ਜਾ ਰਿਹਾ ਸੀ ਕਿ ਅਕਾਲ ਤਖ਼ਤ ਦੀ ਸਰਪ੍ਰਸਤੀ ਸਿਰਫ ਉਨ੍ਹਾਂ ਕੋਲ ਹੈ, ਇਸ ਬਾਰੇ ਅੱਜ ਦੇ ਆਦੇਸ਼ ਨੇ ਸਪੱਸ਼ਟ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਹੁਕਮਨਾਮੇ ਨੂੰ ਇੰਨ ਬਿੰਨ ਮੰਨਣ ਦੀ ਬਜਾਏ ਆਪਣਾ ਚੁੱਲ੍ਹਾ ਬਾਲ ਕੇ ਰੱਖਣ ਵਾਲੇ ਧੜੇ ਨੂੰ ਇਹ ਸਖ਼ਤ ਤਾੜਨਾ ਕੀਤੀ ਗਈ ਹੈ।

# ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ’ਚ ਤਖ਼ਤ ਸਾਹਿਬਾਨ ਦੇ ਸਨਮਾਨ ਸੰਬੰਧੀ ਅਹਿਮ ਮਤਾ ਪਾਸ

## ਸ੍ਰੀ ਅਕਾਲ ਤਖਤ ਸਾਹਿਬ ਹੈ ਸੁਪਰੀਮ : ਐਡਵੋਕੇਟ ਹਰਜਿੰਦਰ ਸਿੰਘ ਧਾਮੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਜ ਹੋਏ ਜਨਰਲ ਇਜਲਾਸ ਵਿੱਚ ਮਤਾ ਪਾਸ ਕਰਕੇ ਤਖ਼ਤਾਂ ਦੇ ਜਥੇਦਾਰਾਂ ਨੂੰ ਅਕਾਲ ਤਖ਼ਤ ਨੂੰ ਛੱਡ ਕੇ ਬਾਕੀ ਚਾਰ ਤਖ਼ਤਾਂ ਨਾਲ ਸਬੰਧਤ ਸਥਾਨਕ ਮਾਮਲਿਆਂ ਵਿੱਚ ਉਥੋਂ ਦੇ ਜਥੇਦਾਰਾਂ ਦੇ ਸਲਾਹ-ਮਸ਼ਵਰੇ ਤੋਂ ਬਿਨਾਂ ਦਖਲ ਨਾ ਦੇਣ ਦੀ ਅਪੀਲ ਕੀਤੀ ਗਈ ਹੈ। ਮਤੇ ਅਨੁਸਾਰ ਅਕਾਲ ਤਖ਼ਤ ਸਰਬਉੱਚ ਹੈ ਪਰ ਬਾਕੀ ਚਾਰ ਤਖਤ ਸਥਾਨਕ ਮਾਮਲੇ ਵਿਚਾਰਨ ਦਾ ਅਧਿਕਾਰ ਰੱਖਦੇ ਹਨ। ਇਹ ਜਨਰਲ ਇਜਲਾਸ ਸ਼੍ਰੋਮਣੀ ਕਮੇਟੀ ਦੇ ਦਫਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿੱਚ ਹੋਇਆ, ਜਿਸ ਵਿੱਚ ਲਗਪਗ 100 ਤੋਂ ਵੱਧ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੋਏ ਇਸ ਇਜਲਾਸ ਦੌਰਾਨ ਇੱਕ ਨੁਕਾਤੀ ਏਜੰਡੇ ਤਹਿਤ ਤਖ਼ਤ ਸਾਹਿਬਾਨ ਦੀ ਮਰਿਆਦਾ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਬਾਅਦ ਵਿੱਚ ਮਤਾ ਪਾਸ ਕੀਤਾ ਗਿਆ। ਇਜਲਾਸ ਦੌਰਾਨ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਦੋਵੇਂ ਗੈਰਹਾਜ਼ਰ ਸਨ, ਜਦਕਿ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਤੇ ਹੋਰ ਗ੍ਰੰਥੀ ਸਾਹਿਬਾਨ ਹਾਜ਼ਰ ਸਨ। ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੱਜ ਕੀਤੇ ਫੈਸਲੇ ਸਬੰਧੀ ਦੱਸਿਆ ਕਿ ਮਤੇ ਵਿੱਚ ਜਥੇਦਾਰ ਸਾਹਿਬਾਨ ਨੂੰ ਅਪੀਲ ਕੀਤੀ ਗਈ ਹੈ ਕਿ ਜੇ ਸਥਾਨਕ ਤਖ਼ਤਾਂ ਦੇ ਖੇਤਰ ਨਾਲ ਸਬੰਧਤ ਕੋਈ ਮਾਮਲਾ ਆਉਂਦਾ ਹੈ ਤਾਂ ਉਸ ਮਾਮਲੇ ਸਬੰਧੀ ਵਿਚਾਰ ਕਰਨ ਸਮੇਂ ਸਥਾਨਕ ਤਖ਼ਤ ਦੇ ਜਥੇਦਾਰ ਨੂੰ ਜ਼ਰੂਰ ਸੱਦਿਆ ਜਾਵੇ। ਜਥੇਦਾਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਕਿਸੇ ਵੀ ਮਾਮਲੇ ’ਤੇ ਫੈਸਲਾ ਲੈਣ ਸਮੇਂ ਪੰਥਕ ਰਵਾਇਤਾਂ ਨੂੰ ਨਜ਼ਰਅੰਦਾਜ਼ ਨਾ ਕੀਤਾ ਜਾਵੇ। ਕੌਮੀ ਫੈਸਲੇ ਅਕਾਲ ਤਖ਼ਤ ਸਾਹਿਬ ਤੋਂ ਲੈਣ ਦੀ ਰਵਾਇਤ ਹੈ ਅਤੇ ਲਏ ਜਾਂਦੇ ਰਹਿਣਗੇ, ਪਰ ਬਾਕੀ ਚਾਰ ਤਖ਼ਤ ਸਾਹਿਬਾਨ ਨਾਲ ਸਬੰਧਤ ਮਾਮਲਿਆਂ ਵਿੱਚ ਉਨ੍ਹਾਂ ਦੇ ਸਲਾਹ-ਮਸ਼ਵਰੇ ਤੋਂ ਬਿਨਾਂ ਦਖਲ ਨਾ ਦਿੱਤਾ ਜਾਵੇ।


ਮਤੇ ਵਿੱਚ ਆਖਿਆ ਗਿਆ ਹੈ ਕਿ ਅਕਾਲ ਤਖ਼ਤ ਸਰਬਉੱਚ ਹੈ ਅਤੇ ਉਹ ਹਰ ਤਰ੍ਹਾਂ ਦੇ ਕੌਮੀ ਫੈਸਲੇ ਲੈਣ ਦੇ ਸਮਰੱਥ ਹੈ। ਬਾਕੀ ਚਾਰ ਤਖ਼ਤ ਸਥਾਨਕ ਪੱਧਰ ਦੇ ਮਾਮਲਿਆਂ ਨੂੰ ਸਿੱਖ ਰਹਿਤ ਮਰਿਆਦਾ ਦੀ ਸੇਧ ਵਿੱਚ ਵਿਚਾਰਨ ਦਾ ਅਧਿਕਾਰ ਰੱਖਦੇ ਹਨ। ਪੰਜ ਮੈਂਬਰੀ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਵਾਸਤੇ ਤੇਜਾ ਸਿੰਘ ਸਮੁੰਦਰੀ ਹਾਲ ਦੇਣ ਦੀ ਕੀਤੀ ਗਈ ਅਪੀਲ ਬਾਰੇ ਉਨ੍ਹਾਂ ਕਿਹਾ ਕਿ ਇਹ ਮਾਮਲਾ ਅਕਾਲ ਤਖ਼ਤ ਦੇ ਜਥੇਦਾਰ ਕੋਲ ਭੇਜ ਦਿੱਤਾ ਗਿਆ ਹੈ। ਇਜਲਾਸ ਵਿੱਚ ਧਾਮੀ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਰਘੁਜੀਤ ਸਿੰਘ ਵਿਰਕ, ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ਼ੇਰ ਸਿੰਘ ਮੰਡਵਾਲਾ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਅਲਵਿੰਦਰ ਪਾਲ ਸਿੰਘ ਪੱਖੋਕੇ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਤੇ ਹੋਰ ਹਾਜ਼ਰ ਸਨ। ਜ਼ਿਕਰਯੋਗ ਹੈ ਕਿ ਅੱਜ ਸਮਾਗਮ ਵਿੱਚ ਮੀਡੀਆ ਨੂੰ ਸਮਾਗਮ ਵਿੱਚ ਸ਼ਾਮਲ ਹੋਣ ਦੀ ਆਗਿਆ ਨਹੀਂ ਦਿੱਤੀ ਗਈ ਅਤੇ ਨਾ ਹੀ ਮੀਡੀਆ ਵਾਸਤੇ ਸਮਾਗਮ ਦਾ ਪ੍ਰਸਾਰਨ ਕੀਤਾ ਗਿਆ। ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੱਜ ਹੋਏ ਜਨਰਲ ਇਜਲਾਸ ’ਚ ਪੰਜਾਬ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਦੇ ਸਬੰਧ ਵਿੱਚ ਲਿਆਂਦੇ ਜਾ ਰਹੇ ਬਿੱਲ ਦਾ ਵਿਰੋਧ ਕੀਤਾ ਗਿਆ ਅਤੇ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਨੂੰ ਚੁਣੌਤੀ ਦੇਣ ਵਾਲਾ ਆਖਿਆ ਗਿਆ ਹੈ। ਇਹ ਖੁਲਾਸਾ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਕੀਤਾ।

# ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦਾ ਦਿਹਾਂਤ



ਨਵੀਂ ਦਿੱਲੀ : ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ (81) ਦਾ ਦਿਹਾਂਤ ਹੋ ਗਿਆ। ਉਹ ਪਿਛਲੇ ਕੁਝ ਦਿਨਾਂ ਤੋਂ ਦਿੱਲੀ ਦੇ ਸਰ ਗੰਗਾ ਰਾਮ ਹਸਪਤਾਲ ਵਿਚ ਦਾਖ਼ਲ ਸਨ ਅਤੇ ਨਿਊਰੋਲੋਜੀ, ਕਾਰਡੀਓਲੋਜੀ ਅਤੇ ਨੈਫਰੋਲੋਜੀ ਦੇ ਮਾਹਿਰ ਡਾਕਟਰਾਂ ਦੀ ਇਕ ਟੀਮ ਉਨ੍ਹਾਂ ਦਾ ਇਲਾਜ ਕਰ ਰਹੀ ਸੀ। ਸ਼ਿਬੂ ਸੋਰੇਨ ਦੇ ਬੇਟੇ ਤੇ ਝਾਰਖੰਡ ਦੇ ਮੁੱਖ ਮੰਤਰੀ ਹੇਮੰਤ ਸੋਰੇਨ ਨੇ ਇਕ ਪੋਸਟ ਸਾਂਝੀ ਕਰਦਿਆਂ ਕਿਹਾ ਕਿ ਮਾਣਯੋਗ ਗੁਰੂ ਜੀ (ਸ਼ਿਬੂ ਸੋਰੇਨ) ਸਾਨੂੰ ਸਾਰਿਆਂ ਨੂੰ ਛੱਡ ਕੇ ਚਲੇ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਅੱਜ ਮੈਂ ਜ਼ੀਰੋ ਹੋ ਗਿਆ ਹਾਂ। ਲੰਮੀ ਬਿਮਾਰੀ ਤੋਂ ਬਾਅਦ ਉਨ੍ਹਾਂ ਦੀ ਮੌਤ ਹੋ ਗਈ। ਉਹ ਗੁਰਦੇ ਦੀ ਬਿਮਾਰੀ ਤੋਂ ਪੀੜਤ ਸਨ ਅਤੇ ਡੇਢ ਮਹੀਨਾ ਪਹਿਲਾਂ ਉਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਸੀ। ਉਹ ਪਿਛਲੇ ਇਕ ਮਹੀਨੇ ਤੋਂ ਲਾਈਫ਼ ਸਪੋਰਟ ਸਿਸਟਮ 'ਤੇ ਸਨ। ਸ਼ਿਬੂ ਸੋਰੇਨ ਝਾਰਖੰਡ ਮੁਕਤੀ ਮੋਰਚਾ ਦੇ ਸੰਸਥਾਪਕ ਸਰਪ੍ਰਸਤ ਸਨ। ਉਹ ਯੂ.ਪੀ.ਏ. ਦੇ ਪਹਿਲੇ ਕਾਰਜਕਾਲ ਦੌਰਾਨ ਕੋਲਾ ਮੰਤਰੀ ਰਹੇ ਸਨ। ਹਾਲਾਂਕਿ, ਚਿਰੂਦੀਹ ਕਤਲ ਕੇਸ ਵਿਚ ਉਨ੍ਹਾਂ ਦਾ ਨਾਂਅ ਆਉਣ ਤੋਂ ਬਾਅਦ ਉਨ੍ਹਾਂ ਨੇ ਕੇਂਦਰੀ ਮੰਤਰੀ ਮੰਡਲ ਤੋਂ ਅਸਤੀਫ਼ਾ ਦੇ ਦਿੱਤਾ ਸੀ।

# ਕਬਾਇਲੀ ਨੇਤਾ ਸ਼ਿਬੂ ਸੋਰੇਨ : ਸੱਤਾ, ਸੰਘਰਸ਼ ਅਤੇ ਵਿਵਾਦਾਂ ਦੀ ਵਿਰਾਸਤ




ਰਾਂਚੀ : ਝਾਰਖੰਡ ਦੇ ਨਿਰਮਾਣ 'ਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਅਤੇ ਝਾਰਖੰਡ ਮੁਕਤੀ ਮੋਰਚਾ ਦੀ ਸਥਾਪਨਾ ਕਰਨ ਵਾਲੇ ਬਜ਼ੁਰਗ ਕਬਾਇਲੀ ਨੇਤਾ ਸ਼ਿਬੂ ਸੋਰੇਨ ਆਪਣੇ ਪਿੱਛੇ ਇਕ ਅਜਿਹੀ ਵਿਰਾਸਤ ਛੱਡ ਗਏ ਹਨ ਜਿਸ ਨੇ ਦੇਸ਼ ਦੀ ਰਾਜਨੀਤੀ ਨੂੰ ਨਵਾਂ ਰੂਪ ਦਿੱਤਾ। ਸੋਰੇਨ ਦਾ ਦਿਹਾਂਤ ਇਕ ਅਜਿਹੇ ਰਾਜਨੀਤਕ ਯੁੱਗ ਦਾ ਅੰਤ ਹੈ ਜਿਸ ਵਿਚ ਜਿਸ ਨੇ ਕਬਾਇਲੀ ਅੰਦੋਲਨ ਨੂੰ ਰਾਸ਼ਟਰੀ ਪੱਧਰ 'ਤੇ ਪ੍ਰਮੁੱਖਤਾ 'ਚ ਲਿਆਂਦਾ। 11 ਜਨਵਰੀ, 1944 ਨੂੰ ਰਾਮਗੜ੍ਹ ਜ਼ਿਲ੍ਹੇ (ਉਸ ਸਮੇਂ ਬਿਹਾਰ ਅਤੇ ਹੁਣ ਝਾਰਖੰਡ) ਦੇ ਨੇਮਰਾ ਪਿੰਡ 'ਚ ਜਨਮੇ, ਸੋਰੇਨ, ਜਿਸ ਨੂੰ 'ਦਿਸ਼ੋਮ ਗੁਰੂ' (ਧਰਤੀ ਦਾ ਨੇਤਾ) ਅਤੇ ਜੇ.ਐਮ.ਐਮ. ਦੇ ਪਿਤਾਮਾ ਵਜੋਂ ਜਾਣਿਆ ਜਾਂਦਾ ਸੀ, ਉਹ ਦੇਸ਼ ਦੇ ਕਬਾਇਲੀ ਅਤੇ ਖੇਤਰੀ ਰਾਜਨੀਤਕ ਦ੍ਰਿਸ਼ 'ਚ ਸਭ ਤੋਂ ਸਥਾਈ ਰਾਜਨੀਤਕ ਸ਼ਖਸੀਅਤਾਂ 'ਚੋਂ ਇਕ ਸਨ। ਉਨ੍ਹਾਂ ਦਾ ਸਿਆਸੀ ਜੀਵਨ ਆਦਿਵਾਸੀਆਂ ਦੇ ਅਧਿਕਾਰਾਂ ਲਈ ਉਨ੍ਹਾਂ ਦੀ ਅਣਥੱਕ ਵਕਾਲਤ ਦੁਆਰਾ ਪਰਿਭਾਸ਼ਿਤ ਕੀਤਾ ਗਿਆ ਸੀ। ਸੋਰੇਨ ਦੇ ਪਰਿਵਾਰ ਅਨੁਸਾਰ, ਉਨ੍ਹਾਂ ਦਾ ਸ਼ੁਰੂਆਤੀ ਜੀਵਨ ਨਿੱਜੀ ਦੁਖਾਂਤ ਅਤੇ ਡੂੰਘੇ ਸਮਾਜਿਕ-ਆਰਥਿਕ ਸੰਘਰਸ਼ਾਂ ਨਾਲ ਭਰਿਆ ਰਿਹਾ। ਸੋਰੇਨ ਜਦੋਂ 15 ਸਾਲ ਦੇ ਸਨ ਤਾਂ ਉਨ੍ਹਾਂ ਦੇ ਪਿਤਾ ਸ਼ੋਬਰਨ ਸੋਰੇਨ ਦੀ 27 ਨਵੰਬਰ, 1957 ਨੂੰ ਸ਼ਾਹੂਕਾਰਾਂ ਨੇ ਹੱਤਿਆ ਕਰ ਦਿੱਤੀ ਸੀ। ਇਸ ਘਟਨਾ ਨੇ ਉਨ੍ਹਾਂ 'ਤੇ ਡੂੰਘਾ ਪ੍ਰਭਾਵ ਛੱਡਿਆ ਅਤੇ ਉਨ੍ਹਾਂ ਦੀ ਭਵਿੱਖ ਦੀ ਰਾਜਨੀਤਿਕ ਸਰਗਰਮੀ ਲਈ ਉਤਪ੍ਰੇਰਕ ਬਣ ਗਿਆ।

**ਤਿੰਨ ਵਾਰ ਮੁੱਖ ਮੰਤਰੀ ਤੇ ਸੱਤ ਵਾਰ ਸੰਸਦ ਮੈਂਬਰ ਬਣੇ** : ਸ਼ਿਬੂ ਸੋਰੇਨ ਤਿੰਨ ਵਾਰ ਮੁੱਖ ਮੰਤਰੀ ਤੇ ਸੱਤ ਵਾਰ ਸੰਸਦ ਮੈਂਬਰ ਬਣੇ। ਸ਼ਿਬੂ ਸੋਰੇਨ ਪਿਛਲੇ 38 ਸਾਲਾਂ ਤੋਂ ਝਾਰਖੰਡ ਮੁਕਤੀ ਮੋਰਚਾ ਦੇ ਆਗੂ ਸਨ ਅਤੇ ਉਨ੍ਹਾਂ ਨੂੰ ਪਾਰਟੀ ਦੇ ਬਾਨੀ ਸਰਪ੍ਰਸਤ ਵਜੋਂ ਜਾਣਿਆ ਜਾਂਦਾ ਹੈ। ਉਨ੍ਹਾਂ ਨੇ 1972 'ਚ ਝਾਰਖੰਡ ਮੁਕਤੀ ਮੋਰਚਾ (ਜੇ.ਐਮ.ਐਮ.) ਦੀ ਸਥਾਪਨਾ ਕੀਤੀ ਤੇ ਸੰਥਾਲ ਕਬਾਇਲੀ ਭਾਈਚਾਰੇ ਦੀਆਂ ਇੱਛਾਵਾਂ ਦੀ ਨੁਮਾਇੰਦਗੀ ਕਰਦੇ ਹੋਏ, ਇਕ ਵੱਖਰੇ ਝਾਰਖੰਡ ਰਾਜ ਲਈ ਦਹਾਕਿਆਂ ਤੱਕ ਚੱਲੇ ਅੰਦੋਲਨ ਦੀ ਅਗਵਾਈ ਕੀਤੀ। ਸੋਰੇਨ ਨੇ ਤਿੰਨ ਵਾਰ ਝਾਰਖੰਡ ਦੇ ਮੁੱਖ ਮੰਤਰੀ ਵਜੋਂ ਸੇਵਾ ਨਿਭਾਈ - 2005 'ਚ ਸੰਖੇਪ 'ਚ ਅਤੇ ਫਿਰ 2008-09 ਅਤੇ 2009-10 'ਚ। ਉਹ ਦੁਮਕਾ ਤੋਂ ਕਈ ਵਾਰ ਸੰਸਦ ਮੈਂਬਰ ਵੀ ਰਹੇ, ਰਾਜ ਸਭਾ 'ਚ ਸੇਵਾ ਨਿਭਾਈ। ਸੋਰੇਨ ਪਹਿਲੀ ਵਾਰ 1977 'ਚ ਅਸਫਲ ਚੋਣ ਤੋਂ ਬਾਅਦ 1980 'ਚ ਦੁਮਕਾ ਤੋਂ ਲੋਕ ਸਭਾ ਲਈ ਚੁਣੇ ਗਏ। ਉਨ੍ਹਾਂ ਨੇ ਸੰਸਦ 'ਚ ਕਈ ਵਾਰ ਸੇਵਾ ਕੀਤੀ ਅਤੇ ਯੂ.ਪੀ.ਏ. ਸਰਕਾਰ ਦੌਰਾਨ 2004 ਵਿਚ ਕੇਂਦਰੀ ਕੋਲਾ ਮੰਤਰੀ ਬਣੇ। ਹਾਲਾਂਕਿ ਉਨ੍ਹਾਂ ਦਾ ਮੰਤਰੀ ਕਾਰਜਕਾਲ ਉਦੋਂ ਛੋਟਾ ਕਰ ਦਿੱਤਾ ਗਿਆ ਜਦੋਂ ਇਕ ਪੁਰਾਣੇ ਮਾਮਲੇ 'ਚ ਗ੍ਰਿਫ਼ਤਾਰੀ ਵਾਰੰਟ ਕਾਰਨ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਪਿਆ। ਜ਼ਮਾਨਤ ਮਿਲਣ ਤੋਂ ਬਾਅਦ ਉਸੇ ਸਾਲ ਦੇ ਅੰਤ 'ਚ ਕੈਬਨਿਟ ਵਿਚ ਥੋੜ੍ਹੇ ਸਮੇਂ ਲਈ ਵਾਪਸ ਆਏ।

**9 ਦਿਨ ਹੀ ਚੱਲ ਸਕੀ ਸਰਕਾਰ** : 2005 'ਚ ਸ਼ਿਬੂ ਸੋਰੇਨ ਝਾਰਖੰਡ ਦੇ ਮੁੱਖ ਮੰਤਰੀ ਬਣੇ, ਪਰ ਉਨ੍ਹਾਂ ਦੀ ਸਰਕਾਰ ਆਪਣਾ ਬਹੁਮਤ ਸਾਬਤ ਕਰਨ ਵਿਚ ਅਸਫਲ ਰਹਿਣ ਤੋਂ ਬਾਅਦ ਸਿਰਫ਼ 9 ਦਿਨ ਹੀ ਚੱਲੀ। ਉਹ 2008 ਅਤੇ 2009 ਵਿਚ ਦੁਬਾਰਾ ਮੁੱਖ ਮੰਤਰੀ ਵਜੋਂ ਵਾਪਸ ਆਏ। ਸੋਰੇਨ ਦੇ ਜੀਵਨ ਦਾ ਸਭ ਤੋਂ ਕਾਲਾ ਅਧਿਆਏ 2006 'ਚ ਆਇਆ, ਜਦੋਂ ਉਨ੍ਹਾਂ ਨੂੰ ਆਪਣੇ ਸਾਬਕਾ ਸਕੱਤਰ ਸ਼ਸ਼ੀਨਾਥ ਝਾਅ ਦੇ ਅਗਵਾ ਅਤੇ ਕਤਲ ਲਈ ਦੋਸ਼ੀ ਠਹਿਰਾਇਆ ਗਿਆ ਸੀ। ਇਹ ਮਾਮਲਾ ਨਰਸਿਮ੍ਹਾ ਰਾਓ ਸਰਕਾਰ ਨੂੰ ਬਚਾਉਣ ਲਈ 1993 ਦੇ ਕਥਿਤ ਜੇ.ਐਮ.ਐਮ. ਰਿਸ਼ਵਤਖੋਰੀ ਘੁਟਾਲੇ ਨਾਲ ਜੁੜਿਆ ਹੋਇਆ ਸੀ। ਸੋਰੇਨ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ, ਉਹ ਪਹਿਲੇ ਕੇਂਦਰੀ ਮੰਤਰੀ ਬਣੇ ਜਿਨ੍ਹਾਂ ਨੂੰ ਕਤਲ ਦਾ ਦੋਸ਼ੀ ਠਹਿਰਾਇਆ ਗਿਆ ਹਾਲਾਂਕਿ 2007 'ਚ ਦਿੱਲੀ ਹਾਈ ਕੋਰਟ ਨੇ ਉਨ੍ਹਾਂ ਨੂੰ ਸਬੂਤਾਂ ਦੀ ਘਾਟ ਤੇ ਹੇਠਲੀ ਅਦਾਲਤ ਦੇ ਤਰਕ 'ਚ ਪਾੜੇ ਦਾ ਹਵਾਲਾ ਦਿੰਦੇ ਹੋਏ ਬਰੀ ਕਰ ਦਿੱਤਾ। ਆਪਣੇ ਕਰੀਅਰ ਦੌਰਾਨ ਵਿਵਾਦਾਂ ਦੇ ਬਾਵਜੂਦ, ਸੋਰੇਨ ਇਕ ਜ਼ਬਰਦਸਤ ਜ਼ਮੀਨੀ ਪੱਧਰ ਦੇ ਨੇਤਾ ਰਹੇ। ਉਨ੍ਹਾਂ ਦਾ ਪਰਿਵਾਰ, ਜਿਸ ਵਿਚ ਪੁੱਤਰ ਹੇਮੰਤ ਅਤੇ ਬਸੰਤ ਸ਼ਾਮਿਲ ਹਨ, ਦਾ ਸੂਬੇ 'ਚ ਅਹਿਮ ਸਿਆਸੀ ਅਸਰ ਰਸੂਖ ਹੈ।

# ਰਾਮ ਰਹੀਮ ਦੀ 14ਵੀਂ ਪਰੋਲ ਤੇ ਭਾਰਤੀ ਕਾਨੂੰਨ ਦੀ ਤੌਹੀਨ ਅਤੇ ਭਾਰਤੀ ਸੰਵਿਧਾਨ ਨਾਲ ਕੋਝਾ ਮਜਾਕ

## ਰੇਪ ਅਤੇ ਕਤਲ ਦੇ ਦੋਸ਼ੀ ਨੂੰ ਫਿਰ ਮਿਲੀ ਛੁੱਟੀ - ਜੇਲ੍ਹ 'ਚੋਂ ਬਾਹਰ ਆਇਆ ਰਾਮ ਰਹੀਮ



ਚੰਡੀਗੜ੍ਹ : ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ, ਜੋ ਰੇਪ ਅਤੇ ਕਤਲ ਦੇ ਮਾਮਲਿਆਂ 'ਚ ਦੋਸ਼ੀ ਠਹਿਰਾਇਆ ਗਿਆ ਸੀ, ਨੂੰ ਫਿਰ ਇੱਕ ਵਾਰੀ ਪਰੋਲ ਮਿਲ ਗਈ ਹੈ — ਇਸ ਵਾਰ ਪੂਰੇ 40 ਦਿਨਾਂ ਲਈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਉਸ ਦੀ 14ਵੀਂ ਪਰੋਲ ਹੈ 2017 ਤੋਂ ਲੈ ਕੇ ਹੁਣ ਤੱਕ। ਸਿਰਫ਼ 3 ਮਹੀਨੇ ਪਹਿਲਾਂ ਹੀ ਉਹ 21 ਦਿਨ ਦੀ ਫਰਲੋ 'ਤੇ ਸੀ।

ਸਵਾਲ ਇਹ ਉਠਦਾ ਹੈ — ਕੀ ਇਹ ਪਰੋਲ ਸਿਰਫ ਨਾਟਕ ਹੈ? ਜੇ ਰਾਮ ਰਹੀਮ ਹਰ ਕੁਝ ਮਹੀਨੇ ਬਾਅਦ ਛੁੱਟੀ 'ਤੇ ਬਾਹਰ ਆ ਜਾਂਦਾ ਹੈ, ਤਾਂ ਫਿਰ ਇਹ ਸਜ਼ਾ ਅਤੇ ਨਿਆਂ ਕਿਸ ਚੀਜ਼ ਦਾ?

ਜਿਨ੍ਹਾਂ ਪੀੜਤਾਂ ਨੇ ਇਨਸਾਫ਼ ਦੀ ਉਮੀਦ 'ਚ ਅਦਾਲਤਾਂ ਦੇ ਦਰਵਾਜ਼ੇ ਖੜਕਾਏ, ਉਹ ਅੱਜ ਵੀ ਖ਼ੌਫ਼ 'ਚ ਜੀ ਰਹੇ ਹਨ। ਇੱਕ ਦੋਸ਼ੀ ਰਿਹਾਈ ਪੈ ਰਿਹਾ ਹੈ, ਤੇ ਪੀੜਤਾਂ ਦੀ ਜ਼ਿੰਦਗੀ ਸਜ਼ਾ ਬਣੀ ਹੋਈ ਹੈ।

ਜੇ ਇਹੀ ਸਰਕਾਰੀ ਨਿਆਂ ਦੀ ਹਕੀਕਤ ਹੈ, ਤਾਂ ਚੰਗਾ ਹੋਵੇ ਕਿ ਰਾਮ ਰਹੀਮ ਨੂੰ ਸਰਕਾਰ ਖੁੱਲ੍ਹਾ ਛੱਡ ਦੇਵੇ — ਤੇ ਪੀੜਤਾਂ ਨੂੰ ਹੀ ਕੈਦ ਕਰ ਦੇਵੇ, ਘੱਟੋ-ਘੱਟ ਉਹ ਤਾਂ ਇਸ 'ਸੰਸਕਾਰੀ ਰਾਪਿਸਟ' ਤੋਂ ਬਚ ਜਾਣਗੇ।

ਇਹ ਕੇਵਲ ਨਿਆਂ ਦੀ ਹੱਤਿਆ ਨਹੀਂ — ਇਹ ਇੱਕ ਰਾਜ ਪ੍ਰਾਧਾਨਤ ਤਮਾਸ਼ਾ ਹੈ, ਜੋ ਭਾਰਤੀ ਜਨਤੰਤਰ ਅਤੇ ਕਾਨੂੰਨ ਪ੍ਰਣਾਲੀ 'ਤੇ ਕਾਲਾ ਦਾਗ਼ ਹੈ।

# ਯੁੱਧ ਨੇ ਲਿਆ ਖੌਫਨਾਕ ਮੋੜ: ਯੂਕਰੇਨ ਦੇ ਨਿਊਕਲੀਅਰ ਪਲਾਂਟ ਕੋਲ ਧਮਾਕੇ



ਯੂਕਰੇਨ ਦੇ ਸਭ ਤੋਂ ਵੱਡੇ ਜੈਪੋਰੀਜ਼ੀਆ ਨਿਊਕਲੀਅਰ ਪਲਾਂਟ ਕੋਲ ਭਿਆਨਕ ਧਮਾਕਿਆਂ ਦੀ ਆਵਾਜ਼ ਸੁਣੀ ਗਈ ਅਤੇ ਲੱਗਭਗ 1200 ਮੀਟਰ ਦੂਰੋਂ ਧੂੰਆਂ ਚੜ੍ਹਦਾ ਦੇਖਿਆ ਗਿਆ।

ਆਈਏਈਏ ਟੀਮ ਨੇ ਧਮਾਕਿਆਂ ਦੀ ਪੁਸ਼ਟੀ ਕੀਤੀ ਹੈ, ਪਰ ਪਲਾਂਟ ਦੇ ਅੰਦਰ ਕੋਈ ਤਬਾਹੀ ਜਾਂ ਰੇਡੀਏਸ਼ਨ ਰਿਸ਼ਕ ਦੀ ਰਿਪੋਰਟ ਨਹੀਂ ਮਿਲੀ। ਇਹ ਪਲਾਂਟ ਇਸ ਵੇਲੇ ਬੰਦ ਹੈ, ਪਰ ਜੰਗ ਦੇ ਇਲਾਕੇ 'ਚ ਹੋਣ ਕਾਰਨ ਇਨ੍ਹਾਂ ਘਟਨਾਵਾਂ ਨੇ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ।

9151 ਨੇ ਚੇਤਾਵਨੀ ਦਿੱਤੀ ਕਿ ਨਿਊਕਲੀਅਰ ਥਾਵਾਂ ਕੋਲ ਹਰ ਕਿਸਮ ਦੀ ਫੌਜੀ ਕਾਰਵਾਈ ਤੋਂ ਬਚਿਆ ਜਾਵੇ।

# ਲੈਂਡ ਪੂਲਿੰਗ: ਸੋਹੀਆਂ ਕਲਾਂ 'ਚ 'ਆਪ' ਆਗੂਆਂ ਦੇ ਦਾਖ਼ਲੇ 'ਤੇ ਪਾਬੰਦੀ

## ਪਿੰਡ ਦੇ ਰਸਤਿਆਂ 'ਤੇ ਬੈਨਰ ਲਗਾਏ; ਕਿਸਾਨਾਂ ਵੱਲੋਂ ਜ਼ਮੀਨ ਨਾ ਦੇਣ ਦਾ ਫ਼ੈਸਲਾ; ਗਰਾਮ ਸਭਾ ਦੇ ਇਜਲਾਸ 'ਚ ਮਤਾ ਪਾਸ




ਸੰਗਰੂਰ : ਇਥੋਂ ਦੇ ਪਿੰਡ ਸੋਹੀਆਂ ਕਲਾਂ ਦੀ 568 ਏਕੜ ਜ਼ਮੀਨ ਲੈਂਡ ਪੂਲਿੰਗ ਨੀਤੀ ਅਧੀਨ ਆਈ ਹੈ, ਜਿਸ ਦਾ ਪਿੰਡ ਵਾਸੀਆਂ ਵੱਲੋਂ ਡਟ ਕੇ ਵਿਰੋਧ ਕੀਤਾ ਜਾ ਰਿਹਾ ਹੈ। ਸਮੁੱਚੇ ਪਿੰਡ ਵੱਲੋਂ ਜਿੱਥੇ ਗਰਾਮ ਸਭਾ ਦਾ ਇਜਲਾਸ ਬੁਲਾ ਕੇ ਮਤਾ ਪਾਸ ਕਰ ਦਿੱਤਾ ਗਿਆ ਹੈ, ਉੱਥੇ ਪਿੰਡ 'ਚ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦੇ ਦਾਖ਼ਲੇ 'ਤੇ ਪਾਬੰਦੀ ਵਾਲੇ ਬੈਨਰ ਵੀ ਲਗਾ ਦਿੱਤੇ ਗਏ ਹਨ। ਪਿੰਡ ਸੋਹੀਆਂ ਕਲਾਂ ਦੀ ਪੰਚਾਇਤ ਵੱਲੋਂ ਗਰਾਮ ਸਭਾ ਦਾ ਇਜਲਾਸ ਬੁਲਾ ਕੇ ਮਤਾ ਪਾਸ ਕੀਤਾ ਹੈ ਗਿਆ, ਜੋ ਕਿ ਮੁੱਖ ਮੰਤਰੀ ਪੰਜਾਬ, ਕੈਬਨਿਟ ਮੰਤਰੀ ਅਮਨ ਅਰੋੜਾ, ਪੁੱਡਾ ਦਫ਼ਤਰ ਪਟਿਆਲਾ, ਪੰਚਾਇਤ ਵਿਭਾਗ ਦੇ ਅਧਿਕਾਰੀਆਂ ਨੂੰ ਭੇਜ ਦਿੱਤਾ ਗਿਆ ਹੈ। ਪਿੰਡ ਦੇ ਰਸਤਿਆਂ 'ਤੇ ਚਿਤਾਵਨੀ ਵਾਲੇ ਬੈਨਰ ਵੀ ਲਗਾ ਦਿੱਤੇ ਗਏ ਹਨ, ਜਿਨ੍ਹਾਂ ਵਿੱਚ ਸਪੱਸ਼ਟ ਲਿਖਿਆ ਹੈ ਕਿ ਲੈਂਡ ਪੂਲਿੰਗ ਸਕੀਮ ਦੀ ਪ੍ਰਪੋਜ਼ਲ ਰੱਖਣ ਵਾਲੀ ਸਰਕਾਰ (ਆਮ ਆਦਮੀ ਪਾਰਟੀ) ਦੇ ਸਾਰੇ ਨੁਮਾਇੰਦਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਨ੍ਹਾਂ ਦਾ ਸੋਹੀਆਂ ਕਲਾਂ ਵਿੱਚ ਦਾਖ਼ਲ ਹੋਣਾ ਮਨ੍ਹਾ ਹੈ। ਇਸ ਚਿਤਾਵਨੀ ਦੀ ਉਲੰਘਣਾ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਹ ਰੋਕ ਉਦੋਂ ਤੱਕ ਜਾਰੀ ਰਹੇਗੀ, ਜਦੋਂ ਤੱਕ ਸਰਕਾਰ ਆਪਣੀ ਲੈਂਡ ਪੂਲਿੰਗ ਸਕੀਮ ਰੱਦ ਨਹੀਂ ਕਰਦੀ। ਪਿੰਡ ਦੇ ਸਾਬਕਾ ਸਰਪੰਚ ਅਤੇ ਬੀਕੇਯੂ ਏਕਤਾ ਉਗਰਾਹਾਂ ਦੀ ਪਿੰਡ ਇਕਾਈ ਦੇ ਪ੍ਰਧਾਨ ਕੁਲਦੀਪ ਸਿੰਘ ਨੇ ਦੱਸਿਆ ਕਿ ਪਿੰਡ ਸੋਹੀਆਂ ਕਲਾਂ ਅਤੇ ਸੋਹੀਆਂ ਖੁਰਦ ਦੀ ਜ਼ਮੀਨ ਦਾ ਕੁੱਲ ਰਕਬਾ ਲਗਪਗ 750 ਏਕੜ ਹੈ, ਜਿਸ ਵਿਚੋਂ 568 ਏਕੜ ਜ਼ਮੀਨ ਲੈਂਡ ਪੂਲਿੰਗ ਸਕੀਮ ਹੇਠ ਆਈ ਹੈ। ਉਨ੍ਹਾਂ ਦੱਸਿਆ ਕਿ 568 ਏਕੜ ਜ਼ਮੀਨ ਦੀ ਮਾਲਕੀ ਵਾਲੇ ਕੁੱਲ 80 ਪਰਿਵਾਰ ਹਨ। ਇਨ੍ਹਾਂ ਵਿੱਚੋਂ ਸਿਰਫ਼ ਚਾਰ ਤੋਂ ਪੰਜ ਪਰਿਵਾਰ ਹੀ ਵੱਡੇ ਹਨ, ਜਿਨ੍ਹਾਂ ਦੀ 10 ਏਕੜ ਜਾਂ ਇਸ ਤੋਂ ਵੱਧ ਜ਼ਮੀਨ ਹੈ। ਬਹੁਗਿਣਤੀ ਪਰਿਵਾਰ ਸਿਰਫ਼ 5 ਏਕੜ ਜ਼ਮੀਨ ਤੱਕ ਹੀ ਸੀਮਤ ਹਨ, ਜਿਨ੍ਹਾਂ ਰੋਜ਼ੀ ਰੋਟੀ ਵੀ ਇਸ ਜ਼ਮੀਨ 'ਤੇ ਹੀ ਨਿਰਭਰ ਹੈ। ਇਹ ਪਰਿਵਾਰ ਜ਼ਮੀਨ 'ਚ ਸਬਜ਼ੀਆਂ ਆਦਿ ਦੀ ਪੈਦਾਵਾਰ ਕਰਦੇ ਹਨ ਅਤੇ ਪਸ਼ੂ ਪਾਲ ਕੇ ਗੁਜ਼ਾਰਾ ਕਰਦੇ ਹਨ। ਉਨ੍ਹਾਂ ਦੱਸਿਆ ਕਿ ਪਿੰਡ ਵਾਸੀ ਵਫ਼ਦ ਦੇ ਰੂਪ ਵਿੱਚ ਕੈਬਨਿਟ ਮੰਤਰੀ ਅਮਨ ਅਰੋੜਾ, ਕੈਬਨਿਟ ਮੰਤਰੀ ਬਰਿੰਦਰ ਗੋਇਲ ਅਤੇ ਪਟਿਆਲਾ ਸਥਿਤ ਪੁੱਡਾ ਅਧਿਕਾਰੀਆਂ ਨੂੰ ਮਿਲ ਕੇ ਸਪੱਸ਼ਟ ਕਰ ਚੁੱਕੇ ਹਨ ਕਿ ਉਹ ਜ਼ਮੀਨ ਨਹੀਂ ਦੇਣਗੇ। ਉਨ੍ਹਾਂ ਦੱਸਿਆ ਕਿ ਪਿੰਡ ਵਾਸੀਆਂ ਨੂੰ ਆਪਣੀ ਜ਼ਮੀਨ ਲੈਂਡ ਪੂਲਿੰਗ ਸਕੀਮ ਤਹਿਤ ਆਉਣ ਬਾਰੇ ਅਖ਼ਬਾਰ ਵਿੱਚ ਖਸਰਾ ਨੰਬਰ ਵੇਖ ਕੇ ਹੀ ਪਤਾ ਲੱਗਿਆ ਹੈ, ਜਦੋਂ ਕਿ ਕਿਸੇ ਵੀ ਕਿਸਾਨ ਨੂੰ ਪੁੱਛਿਆ ਤੱਕ ਨਹੀਂ ਗਿਆ। ਪਿੰਡ ਵਾਸੀਆਂ ਨੇ ਮੰਗ ਕੀਤੀ ਕਿ ਲੈਂਡ ਪੂਲਿੰਗ ਨੀਤੀ ਤੁਰੰਤ ਰੱਦ ਕੀਤੀ ਜਾਵੇ ਕਿਉਂਕਿ ਖੇਤੀ ਹੀ ਉਨ੍ਹਾਂ ਦਾ ਮੁੱਖ ਕਿੱਤਾ ਹੈ ਜੋ ਉਨ੍ਹਾਂ ਦੇ ਪੁਰਖਿਆਂ ਤੋਂ ਚੱਲਿਆ ਆ ਰਿਹਾ ਹੈ।

# ਲੈਂਡ ਪੂਲਿੰਗ ਨੀਤੀ ਵਿਰੁੱਧ ਭਾਜਪਾ ਸੂਬੇ ਭਰ 'ਚ ਕੱਢੇਗੀ 'ਜ਼ਮੀਨ ਬਚਾਓ, ਕਿਸਾਨ ਬਚਾਓ ਯਾਤਰਾ'

ਚੰਡੀਗੜ੍ਹ : ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦੇ ਵਿਰੋਧ 'ਚ ਭਾਰਤੀ ਜਨਤਾ ਪਾਰਟੀ ਨੇ ਵੱਡਾ ਐਲਾਨ ਕਰਦਿਆਂ 17 ਅਗਸਤ ਤੋਂ 5 ਸਤੰਬਰ ਤੱਕ ਸੂਬਾ ਪੱਧਰ 'ਤੇ ਸੂਬਾ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ 'ਜ਼ਮੀਨ ਬਚਾਓ, ਕਿਸਾਨ ਬਚਾਓ ਯਾਤਰਾ' ਕੱਢਣ ਦਾ ਫ਼ੈਸਲਾ ਲਿਆ ਹੈ। ਇਹ ਯਾਤਰਾ ਸੂਬੇ ਦੇ ਵੱਖ-ਵੱਖ ਹਿੱਸਿਆਂ 'ਚ ਜਾ ਕੇ ਕਿਸਾਨਾਂ, ਪਿੰਡਾਂ ਦੀ ਜਨਤਾ ਅਤੇ ਨੌਜਵਾਨਾਂ ਨੂੰ ਲੈਂਡ ਪੂਲਿੰਗ ਨੀਤੀ ਦੇ ਖ਼ਿਲਾਫ਼ ਜਾਗਰੂਕ ਕਰੇਗੀ। ਚੰਡੀਗੜ੍ਹ ਸਥਿਤ ਪਾਰਟੀ ਦੇ ਸੂਬਾ ਦਫ਼ਤਰ ਵਿਖੇ ਪਾਰਟੀ ਦੇ ਮੀਤ ਪ੍ਰਧਾਨ ਕੇਵਲ ਸਿੰਘ ਢਿੱਲੋਂ, ਜਨਰਲ ਸਕੱਤਰ ਅਨਿਲ ਸਰੀਨ ਨੇ ਦੱਸਿਆ ਕਿ ਯਾਤਰਾ ਰਾਹੀਂ ਲੋਕਾਂ ਤੱਕ ਇਹ ਸੁਨੇਹਾ ਪਹੁੰਚਾਇਆ ਜਾਵੇਗਾ ਕਿ ਇਹ ਨੀਤੀ ਕਿਸਾਨੀ, ਰੋਜ਼ਗਾਰ ਤੇ ਰਾਜ ਦੇ ਸੰਪੂਰਨ ਖੇਤੀ ਆਧਾਰਤ ਢਾਂਚੇ ਲਈ ਖ਼ਤਰਨਾਕ ਸਾਬਤ ਹੋ ਸਕਦੀ ਹੈ। ਇਸ ਮੌਕੇ ਸੂਬਾ ਜਨਰਲ ਸਕੱਤਰ ਰਾਕੇਸ਼ ਰਾਠੌਰ, ਦਿਆਲ ਸਿੰਘ ਸੋਢੀ, ਮੁੱਖ ਬੁਲਾਰੇ ਪ੍ਰਿਤਪਾਲ ਸਿੰਘ ਬਲੀਏਵਾਲ ਅਤੇ ਸੂਬਾ ਮੀਡੀਆ ਮੁੱਖੀ ਵਿਨੀਤ ਜੋਸ਼ੀ ਵੀ ਹਾਜ਼ਰ ਸਨ। ਕੇਵਲ ਸਿੰਘ ਢਿੱਲੋਂ ਨੇ ਕਿਹਾ ਕਿ ਪੰਜਾਬ ਸਰਕਾਰ ਨਿੱਜੀ ਹਿਤਾਂ ਲਈ ਕਿਸਾਨਾਂ ਦੀ ਜ਼ਮੀਨ ਹੜੱਪਣ ਵਾਲੀ ਨੀਤੀ ਲਿਆ ਕੇ ਵੱਡਾ ਧੋਖਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ ਸੂਬਾ ਪੱਧਰ 'ਤੇ ਜ਼ੋਰਦਾਰ ਮੁਹਿੰਮ ਚਲਾਏਗੀ। ਇਸ ਯਾਤਰਾ ਦੌਰਾਨ ਭਾਜਪਾ ਪੰਜਾਬ ਦੇ ਹਰੇਕ ਪਿੰਡ ਜਾ ਕੇ ਕਿਸਾਨਾਂ ਨੂੰ ਇਸ ਸਕੀਮ ਦੇ ਵਿਰੁੱਧ ਜਾਗਰੂਕ ਕਰਕੇ ਲਾਮਬੱਧ ਕਰੇਗੀ। ਕਿਸਾਨਾਂ ਨੂੰ ਮਿਲ ਕੇ ਮੋਢੇ ਨਾਲ ਮੋਢਾ ਲਗਾ ਕੇ ਸਰਕਾਰ 'ਤੇ ਇਸ ਨੀਤੀ ਨੂੰ ਵਾਪਸ ਲੈਣ ਲਈ ਦਬਾਅ ਪਾਏਗੀ। ਉਨ੍ਹਾਂ ਦੱਸਿਆ ਕਿ 17 ਅਗਸਤ ਨੂੰ ਪਟਿਆਲਾ ਤੋਂ ਸ਼ੁਰੂ ਹੋਣ ਵਾਲੀ ਇਹ ਯਾਤਰਾ ਲੈਂਡ ਪੂਲਿੰਗ ਦੀ ਮਾਰ ਹੇਠ ਆਏ ਮਾਲਵਾ, ਮਾਝਾ, ਦੋਆਬਾ ਦੇ ਪਿੰਡਾਂ 'ਚ ਦੀ ਹੁੰਦੀ ਹੋਈ 5 ਸਤੰਬਰ ਨੂੰ ਪਠਾਨਕੋਟ ਵਿਖੇ ਸਮਾਪਤ ਹੋਵੇਗੀ।

# ਉਤਰਾਖੰਡ 'ਚ ਬੱਦਲ ਫਟਣ ਕਾਰਨ ਮਚੀ ਭਾਰੀ ਤਬਾਹੀ

**• ਸੈਂਕੜੇ ਮੌਤਾਂ • ਪਾਣੀ ਤੇ ਮਲਬੇ ਹੇਠ ਦੱਬੇ ਗਏ ਸੈਂਕੜੇ ਘਰ ਤੇ ਹੋਟਲ • ਹਰਸ਼ਿਲ ਘਾਟੀ 'ਚ ਫ਼ੌਜੀ ਕੈਂਪ ਲਪੇਟ 'ਚ ਆਇਆ, ਕਈ ਜਵਾਨ ਲਾਪਤਾ**








ਉੱਤਰਕਾਸ਼ੀ (ਉੱਤਰਾਖੰਡ) : ਉੱਤਰਾਖੰਡ ਦੇ ਉੱਤਰਕਾਸ਼ੀ ਸਥਿਤ ਗੰਗੋਤਰੀ ਦੇ ਰਸਤੇ 'ਚ ਪੈਂਦਾ ਹਿਮਾਲਿਆਈ ਪਿੰਡ ਧਰਾਲੀ ਬੱਦਲ ਫਟਣ ਕਾਰਨ ਅਚਾਨਕ ਆਏ ਹੜ੍ਹ ਕਾਰਨ ਅੱਧਾ ਰੁੜ ਗਿਆ, ਜਿਸ ਕਾਰਨ ਚਾਰ ਲੋਕਾਂ ਦੀ ਮੌਤ ਹੋ ਗਈ, ਜਦੋਂਕਿ 60-70 ਹੋਰ ਲਾਪਤਾ ਹਨ। ਧਰਾਲੀ ਤੋਂ ਇਲਾਵਾ ਹਰਸ਼ਿਲ ਅਤੇ ਸੁੱਕੀ 'ਚ ਵੀ ਬੱਦਲ ਫਟਿਆ ਹੈ। ਹਰਸ਼ਿਲ 'ਚ ਬਦਲ ਫਟਣ ਨਾਲ ਫ਼ੌਜ ਦੇ ਸੈਂਕੜੇ ਜਵਾਨਾਂ ਦੇ ਲਾਪਤਾ ਹੋਣ ਦੀ ਵੀ ਖ਼ਬਰ ਹੈ। ਗੰਗੋਤਰੀ ਜਾਣ ਵਾਲੇ ਰਸਤੇ 'ਚ ਧਰਾਲੀ ਮੁੱਖ ਠਹਿਰਾਅ ਹੈ ਅਤੇ ਇਥੇ ਕਈ ਹੋਟਲ, ਰੈਸਟੋਰੈਂਟ ਅਤੇ 'ਹੋਮਸਟੇਅ' ਹਨ। ਸਥਾਨਕ ਲੋਕਾਂ ਨੇ ਦੱਸਿਆ ਕਿ ਖੀਰ ਗੰਗਾ ਨਦੀ ਦੇ 'ਕੈਚਮੈਂਟ' (ਡੂੰਘੀ ਖੱਡ ਜਾਂ ਨਾਲਾ) ਖੇਤਰ 'ਚ ਬੱਦਲ ਫਟਣ ਕਾਰਨ ਇਹ ਭਿਆਨਕ ਹੜ੍ਹ ਅਚਾਨਕ ਆਇਆ। ਰਾਜ ਆਫ਼ਤ ਪ੍ਰਬੰਧਨ ਸਕੱਤਰ ਵਿਨੋਦ ਕੁਮਾਰ ਸੁਮਨ ਨੇ ਕਿਹਾ ਕਿ ਤੇਜ਼ ਪਾਣੀ ਇਕ ਹੀ ਪਹਾੜੀ ਦੇ ਦੋ ਵੱਖ-ਵੱਖ ਪਾਸਿਆਂ ਤੋਂ ਵਹਿ ਰਿਹਾ ਸੀ, ਇਕ ਧਰਾਲੀ ਵੱਲ ਅਤੇ ਦੂਜਾ ਸੁੱਕੀ ਪਿੰਡ ਵੱਲ। ਉਨ੍ਹਾਂ ਕਿਹਾ ਕਿ ਸ਼ਾਮ ਤੱਕ ਮੀਂਹ ਪੈਂਦਾ ਰਿਹਾ, ਜਿਸ ਕਾਰਨ ਬਚਾਅ ਕਾਰਜਾਂ 'ਚ ਰੁਕਾਵਟ ਆਈ। ਉੱਤਰਾਖੰਡ ਦੇ ਪ੍ਰਮੁੱਖ ਸਕੱਤਰ ਆਰ. ਕੇ. ਸੁਧਾਂਸ਼ੂ ਨੇ ਕਿਹਾ ਕਿ 40 ਤੋਂ 50 ਇਮਾਰਤਾਂ ਨੂੰ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਖ਼ਰਾਬ ਮੌਸਮ ਕਾਰਨ ਹੈਲੀਕਾਪਟਰਾਂ ਨੂੰ ਵੀ ਸੇਵਾ 'ਚ ਨਹੀਂ ਲਗਾਇਆ ਜਾ ਸਕਿਆ। ਉੱਤਰਕਾਸ਼ੀ ਦੇ ਜ਼ਿਲ੍ਹਾ ਮੈਜਿਸਟ੍ਰੇਟ ਪ੍ਰਸ਼ਾਂਤ ਆਰੀਆ ਨੇ ਦੱਸਿਆ ਕਿ ਹਰਸਿਲ ਤੋਂ ਫ਼ੌਜ ਦੀ ਇਕ ਟੀਮ ਨੂੰ ਮੌਕੇ 'ਤੇ ਭੇਜਿਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਇੰਡੋ-ਤਿੱਬਤ ਬਾਰਡਰ ਪੁਲਿਸ (ਆਈ.ਟੀ.ਬੀ.ਪੀ.) ਦੀ ਇਕ ਟੀਮ ਧਰਾਲੀ ਪਹੁੰਚ ਗਈ ਹੈ, ਜਦੋਂਕਿ ਬਲ ਦੀ ਇਕ ਹੋਰ ਯੂਨਿਟ ਨੂੰ ਵੀ ਘਟਨਾ ਸਥਾਨ 'ਤੇ ਪਹੁੰਚਣ ਲਈ ਕਿਹਾ ਗਿਆ ਹੈ। ਮੁੱਖ ਮੰਤਰੀ ਪੁਸ਼ਕਰ ਧਾਮੀ ਨੇ ਕਿਹਾ ਕਿ ਉਹ ਲਗਾਤਾਰ ਸੀਨੀਅਰ ਅਧਿਕਾਰੀਆਂ ਦੇ ਸੰਪਰਕ 'ਚ ਹਨ ਅਤੇ ਸਥਿਤੀ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਐਕਸ' ਉੱਤੇ ਪਾਈ ਪੋਸਟ 'ਚ ਕਿਹਾ ਕਿ ਮੈਂ ਉੱਤਰਕਾਸ਼ੀ ਦੇ ਧਰਾਲੀ 'ਚ ਇਸ ਦੁਖਾਂਤ ਤੋਂ ਪ੍ਰਭਾਵਿਤ ਲੋਕਾਂ ਪ੍ਰਤੀ ਸੰਵੇਦਨਾ ਪ੍ਰਗਟ ਕਰਦਾ ਹਾਂ। ਇਸ ਦੇ ਨਾਲ ਹੀ ਮੈਂ ਸਾਰੇ ਪੀੜਤਾਂ ਦੀ ਤੰਦਰੁਸਤੀ ਲਈ ਪ੍ਰਾਰਥਨਾ ਕਰਦਾ ਹਾਂ। ਮੈਂ ਮੁੱਖ ਮੰਤਰੀ ਪੁਸ਼ਕਰ ਧਾਮੀ ਨਾਲ ਗੱਲ ਕੀਤੀ ਹੈ ਅਤੇ ਸਥਿਤੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਹੈ। ਰਾਜ ਸਰਕਾਰ ਦੀ ਨਿਗਰਾਨੀ ਹੇਠ, ਰਾਹਤ ਅਤੇ ਬਚਾਅ ਟੀਮਾਂ ਹਰ ਸੰਭਵ ਕੋਸ਼ਿਸ਼ 'ਚ ਲੱਗੀਆਂ ਹੋਈਆਂ ਹਨ। ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨਾਲ ਗੱਲ ਕੀਤੀ




ਅਤੇ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਸੱਤ ਬਚਾਅ ਟੀਮਾਂ ਭੇਜਣ ਦੇ ਹੁਕਮ ਦਿੱਤੇ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਮਿਲ ਕੇ ਕੰਮ ਕਰ ਰਹੀਆਂ ਹਨ, ਕੀਮਤੀ ਜਾਨਾਂ ਬਚਾਉਣ ਲਈ ਹਰ ਸੰਭਵ ਉਪਾਅ ਕਰ ਰਹੀਆਂ ਹਨ।








ਉੱਤਰਕਾਸ਼ੀ ਵਿੱਚ ਬੁੱਧਵਾਰ ਨੂੰ ਉੱਤਰਕਾਸ਼ੀ-ਹਰਸਿਲ ਸੜਕ 'ਤੇ ਕਈ ਥਾਵਾਂ 'ਤੇ ਜ਼ਮੀਨ ਖਿਸਕਣ ਕਾਰਨ ਰਾਹਤ ਅਤੇ ਬਚਾਅ ਕਾਰਜ ਜਾਰੀ ਹਨ।

# ਇਕਦਮ ਚੜ੍ਹਿਆ ਘੱਗਰ ਦਰਿਆ, ਪਟਿਆਲਾ ਦੇ ਪਿੰਡਾਂ 'ਚ ਅਲਰਟ ਜਾਰੀ



ਪਟਿਆਲਾ : ਪੰਜਾਬ ਦੇ ਕਈ ਇਲਾਕਿਆਂ ਵਿਚ ਹੜ੍ਹਾਂ ਦਾ ਖਤਰਾ ਵਧ ਗਿਆ ਹੈ। ਘੱਗਰ ਦਰਿਆ ਵਿਚ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ। ਪਿਛਲੇ 24 ਘੰਟਿਆਂ ਤੋਂ ਪਾਣੀ ਵਧ ਰਿਹਾ ਹੈ। ਹਿਮਾਚਲ ਦੇ ਪਹਾੜੀ ਇਲਾਕੇ ਅਤੇ ਚੰਡੀਗੜ੍ਹ ਦੇ ਆਸ ਪਾਸ ਦੇ ਇਲਾਕਿਆਂ ਦਾ ਪਾਣੀ ਘੱਗਰ ਦਰਿਆ ਵਿੱਚ ਆਉਂਦਾ ਹੈ।

ਪਟਿਆਲਾ ਪ੍ਰਸ਼ਾਸਨ ਨੇ ਘੱਗਰ ਨਦੀ ਦੇ ਨੇੜੇ ਇਕ ਦਰਜਨ ਤੋਂ ਵੱਧ ਪਿੰਡਾਂ ਲਈ ਐਡਵਾਇਜ਼ਰੀ ਜਾਰੀ ਕਰਦਿਆਂ ਉਨ੍ਹਾਂ ਨੂੰ ਸੁਚੇਤ ਰਹਿਣ ਲਈ ਕਿਹਾ ਗਿਆ ਹੈ। ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਉਤੇ ਪਹੁੰਚਣ ਕਾਰਨ ਪਿੰਡ ਵਾਸੀਆਂ ਨੂੰ ਰਾਜਪੁਰਾ, ਘਨੌਰ ਅਤੇ ਹੋਰ ਨੇੜਲੇ ਇਲਾਕਿਆਂ ਵਿੱਚ ਦਰਿਆ ਵੱਲ ਜਾਣ ਤੋਂ ਗੁਰੇਜ਼ ਕਰਨ ਲਈ ਕਿਹਾ ਗਿਆ ਹੈ।

ਇਸ ਦੌਰਾਨ ਪਟਿਆਲਾ ਦੀ ਡੀਸੀ ਪ੍ਰੀਤੀ ਯਾਦਵ ਨੇ ਨਾਗਰਿਕਾਂ ਨੂੰ ਸ਼ਾਂਤ ਰਹਿਣ, ਅਫਵਾਹਾਂ ਫੈਲਾਉਣ ਤੋਂ ਬਚਣ ਅਤੇ ਪਾਣੀ ਨਾਲ ਸਬੰਧਤ ਕਿਸੇ ਵੀ ਐਮਰਜੈਂਸੀ ਦੀ ਤੁਰੰਤ ਸੂਚਨਾ ਜ਼ਿਲ੍ਹਾ ਕੰਟਰੋਲ ਰੂਮ ਦੇ ਨੰਬਰ 0175-2350550 'ਤੇ ਦੇਣ ਦੀ ਅਪੀਲ ਕੀਤੀ ਹੈ।

ਪਹਾੜੀ ਅਤੇ ਮੈਦਾਨੀ ਇਲਾਕਿਆਂ ਵਿਚ ਮੀਂਹ ਕਾਰਨ ਬਿਆਸ ਅਤੇ ਸਤਲੁਜ ਵਿਚ ਪਾਣੀ ਦਾ ਪੱਧਰ ਵੀ ਵਧ ਰਿਹਾ ਹੈ। ਹਰੀਕੇ ਹੈੱਡ ਤੋਂ ਹੁਸੈਨੀਵਾਲਾ ਹੈੱਡ ਲਈ 20 ਹਜ਼ਾਰ ਤੋਂ 25 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਹੁਸੈਨੀਵਾਲਾ ਹੈੱਡ ਤੋਂ ਤਿੰਨ ਜਾਂ ਚਾਰ ਗੇਟ ਖੋਲ੍ਹ ਕੇ ਪਾਣੀ ਛੱਡਿਆ ਜਾ ਰਿਹਾ ਹੈ, ਜੋ ਫਾਜ਼ਿਲਕਾ ਵੱਲ ਜਾਵੇਗਾ।

# ਖ਼ਤਰੇ ਦੇ ਨਿਸ਼ਾਨ 'ਤੇ 'ਚੰਡੀਗੜ੍ਹ ਦੀ ਲਾਈਫਲਾਈਨ', ਲਗਾਤਾਰ ਪੈ ਰਹੇ ਮੀਂਹ ਕਾਰਨ ਸੁਖਨਾ ਦੇ ਫਲੱਡ ਗੇਟ ਖੋਲ੍ਹੇ



ਚੰਡੀਗੜ੍ਹ : ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਚੰਡੀਗੜ੍ਹ ਦੀ ਲਾਈਫਲਾਈਨ ਮੰਨੀ ਜਾਣ ਵਾਲੀ ਸੁਖਨਾ ਝੀਲ ਦੇ ਪਾਣੀ ਦਾ ਪੱਧਰ 1162 ਫੁੱਟ ਤੋਂ ਉੱਪਰ ਪਹੁੰਚ ਗਿਆ ਹੈ ਜੋ ਕਿ ਖਤਰੇ ਦੇ ਨਿਸ਼ਾਨ ਨੇੜੇ ਹੈ। ਇਸੇ ਕਾਰਨ ਫਲੱਡ ਗੇਟ ਖੋਲ੍ਹ ਕੇ ਸੁਖਨਾ ਚੋਅ 'ਚ ਪਾਣੀ ਛੱਡਿਆ ਜਾ ਰਿਹਾ ਹੈ। ਪੰਚਕੂਲਾ ਤੇ ਮੋਹਾਲੀ ਪ੍ਰਸ਼ਾਸਨ ਨੂੰ ਵੀ ਅਲਰਟ ਭੇਜਿਆ ਗਿਆ ਹੈ। ਸੁਖਨਾ ਚੋਅ ਤੋਂ ਕਈ ਵਾਰੀ ਇਨ੍ਹਾਂ ਸ਼ਹਿਰਾਂ ਦੇ ਕੁਝ ਖੇਤਰਾਂ 'ਚ ਹੜ੍ਹ ਵਰਗੇ ਹਾਲਾਤ ਬਣ ਜਾਂਦੇ ਹਨ। ਇਸ ਲਈ ਆਬਾਦੀ ਵਾਲੇ ਖੇਤਰਾਂ ਨੂੰ ਸੁਖਨਾ ਚੋਅ ਤੋਂ ਦੂਰੀ ਬਣਾਈ ਰੱਖਣ ਦੇ ਹੁਕਮ ਦਿੱਤੇ ਗਏ ਹਨ।

ਚੰਡੀਗੜ੍ਹ 'ਚ ਵੀ ਸੁਖਨਾ ਚੋਅ ਦੇ ਕਿਸ਼ਨਗੜ੍ਹ, ਬਾਪੂਧਾਮ ਤੇ ਇੰਡਸਟਰੀਅਲ ਏਰੀਆ ਪੁਲ 'ਤੇ ਪੁਲਿਸ ਦੀ ਤਾਇਨਾਤੀ ਕੀਤੀ ਗਈ ਹੈ। ਹਾਲਾਂਕਿ ਪਾਣੀ ਓਨਾ ਹੀ ਛੱਡਿਆ ਜਾ ਰਿਹਾ ਹੈ ਜਿੰਨਾ ਕਿ ਪੁਲ ਦੇ ਉੱਪਰੋਂ ਨਾ ਵਹੇ। ਪਹਿਲਾਂ ਇਕੱਠਾ ਪਾਣੀ ਛੱਡਣ ਨਾਲ ਪਾਣੀ ਪੁਲ ਉੱਪਰੋਂ ਵਹਿ ਜਾਂਦਾ ਸੀ, ਜਿਸ ਨਾਲ ਟ ?ਰੈਫਿਕ ਨੂੰ ਰੋਕਣਾ ਪੈਂਦਾ ਸੀ। ਵਧ ਰਹੇ ਪਾਣੀ ਦੇ ਪੱਧਰ ਨੂੰ ਦੇਖਦਿਆਂ ਯੂਟੀ ਪ੍ਰਸ਼ਾਸਨ ਦੇ ਇੰਜੀਨੀਅਰਿੰਗ ਵਿਭਾਗ ਦੀ ਟੀਮ ਸੀਸੀਟੀਵੀ ਕੈਮਰੇ ਰਾਹੀਂ 24 ਘੰਟੇ ਝੀਲ ਦੀ ਨਿਗਰਾਨੀ ਕਰ ਰਹੀ ਹੈ। ਪਹਿਲਾਂ ਬਰਸਾਤ ਤੋਂ ਬਾਅਦ ਮੰਗਲਵਾਰ ਰਾਤ ਫਲੱਡ ਗੇਟ ਖੋਲ੍ਹਣ ਦੀ ਸੰਭਾਵਨਾ ਬਣ ਰਹੀ ਸੀ, ਪਰ ਬਰਸਾਤ ਦਾ ਅਸਰ ਘਟਣ 'ਤੇ ਇਸਨੂੰ ਟਾਲ ਦਿੱਤਾ ਗਿਆ ਸੀ। ਸੁਖਨਾ ਚੋਅ ਰਾਹੀਂ ਝੀਲ ਦਾ ਪਾਣੀ ਘੱਗਰ ਤਕ ਪਹੁੰਚਦਾ ਹੈ। ਸੁਖਨਾ ਚੋਅ ਚੰਡੀਗੜ੍ਹ ਇੰਡਸਟਰੀਅਲ ਏਰੀਆ ਤੋਂ ਹੋ ਕੇ ਬਲਟਾਨਾ ਰਸਤੇ ਘੱਗਰ ਤਕ ਪਹੁੰਚਦਾ ਹੈ। ਚੋਅ ਦੇ ਰਸਤੇ 'ਚ ਬਾਪੂ ਧਾਮ, ਇੰਡਸਟਰੀਅਲ ਏਰੀਆ ਦੀਆਂ ਕਾਲੋਨੀਆਂ ਸਮੇਤ ਕਈ ਰਿਹਾਇਸ਼ੀ ਖੇਤਰ ਹਨ। ਪਹਿਲਾਂ ਕਈ ਵਾਰੀ ਬਲਟਾਨਾ ਖੇਤਰ 'ਚ ਹੜ੍ਹ ਵਰਗੇ ਹਾਲਾਤ ਪੈਦਾ ਹੋ ਚੁੱਕੇ ਹਨ। ਇਕ ਵਾਰੀ ਤਾਂ ਬਲਟਾਨਾ ਪੁਲਿਸ ਚੌਕੀ ਤਕ ਹੜ੍ਹ ਦੇ ਪਾਣੀ ਨਾਲ ਜਲਮਗਨ ਹੋ ਗਈ ਸੀ। ਮੌਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਬਾਅਦ ਹੁਣ ਚੰਡੀਗੜ੍ਹ 'ਚ 505.3 ਮਿਲੀਮੀਟਰ ਬਰਸਾਤ ਹੋ ਚੁੱਕੀ ਹੈ। ਇਹ ਔਸਤ ਤੋਂ ਵੱਧ ਹੈ। ਸੁਖਨਾ ਝੀਲ ਦਾ ਪਾਣੀ ਦਾ ਲੈਵਲ ਅਪ੍ਰੈਲ-ਮਈ 'ਚ ਘਟ ਕੇ 1153 ਫੁੱਟ ਤੱਕ ਪਹੁੰਚ ਗਿਆ ਸੀ, ਜੋ ਹੁਣ ਵਧ ਕੇ 1162 ਫੁੱਟ ਨੂੰ ਪਾਰ ਕਰ ਚੁੱਕਾ ਹੈ।

1163 ਫੁੱਟ ਸਭ ਤੋਂ ਉੱਚਾ ਕਿਨਾਰਾ ਹੈ। ਪਹਿਲਾਂ ਫਲੱਡ ਗੇਟ 1163 ਫੁੱਟ 'ਤੇ ਖੋਲ੍ਹੇ ਜਾਂਦੇ ਰਹੇ ਹਨ, ਪਰ ਇਸ ਵਾਰੀ ਇਨ੍ਹਾਂ ਨੂੰ 1162 ਫੁੱਟ 'ਤੇ ਹੀ ਖੋਲਿਆ ਗਿਆ ਹੈ। ਇਸ ਦਾ ਕਾਰਨ ਇਹ ਹੈ ਕਿ ਉੱਪਰ ਤਕ ਭਰਨ 'ਤੇ ਜ਼ਿਆਦਾ ਪਾਣੀ ਇਕੱਠੇ ਛੱਡਣ ਨਾਲ ਅੱਗੇ ਹੜ੍ਹ ਵਰਗੇ ਹਾਲਾਤ ਪੈਦਾ ਹੋ ਜਾਂਦੇ ਹਨ। ਇਸ ਲਈ ਪਹਿਲਾਂ ਹੀ ਸਾਵਧਾਨੀ ਬਰਤਦਿਆਂ ਪਾਣੀ ਛੱਡਿਆ ਜਾ ਰਿਹਾ ਹੈ। ਸੁਖਨਾ ਝੀਲ 'ਚ ਪਾਣੀ ਦਾ ਮੁੱਖ ਸਰੋਤ ਬਰਸਾਤ ਹੈ। ਸ਼ਿਵਾਲਿਕ ਦੀਆਂ ਪਹਾੜੀਆਂ 'ਚ ਬਰਸਾਤ ਜ਼ਿਆਦਾ ਹੋ ਰਹੀ ਹੈ। ਪਾਣੀ ਦਾ ਫਲੋ ਲਗਾਤਾਰ ਜਾਰੀ ਹੈ। ਸੁਖਨਾ ਝੀਲ 'ਚ ਕੈਚਮੈਂਟ ਏਰੀਆ ਤੋਂ ਬਰਸਾਤ ਦਾ ਪਾਣੀ ਪਹੁੰਚਦਾ ਹੈ। ਇਸ ਪਾਣੀ ਨਾਲ ਜੰਗਲ ਦੀ ਮਿੱਟੀ ਤੇ ਕੂੜਾ ਦਰਖ਼ਤਾਂ ਦੇ ਅਵਸ਼ੇਸ਼ ਵੀ ਪਹੁੰਚਦੇ ਹਨ।

ਪਾਣੀ ਦੇ ਵਹਾਅ ਨਾਲ ਆਈ ਮਿੱਟੀ ਲਗਾਤਾਰ ਝੀਲ ਦੇ ਤਲ 'ਚ ਜਮ ?ਹਾ ਹੁੰਦੀ ਰਹਿੰਦੀ ਹੈ। ਇਸ ਗਾਦ ਕਾਰਨ ਝੀਲ 'ਚ ਪਾਣੀ ਦੀ ਭੰਡਾਰਨ ਸਮਰੱਥਾ ਘੱਟ ਹੋ ਰਹੀ ਹੈ। ਗਾਦ ਕਾਰਨ ਹੀ ਝੀਲ ਜਲਦੀ ਭਰ ਜਾਂਦੀ ਹੈ, ਜਿਸ ਨਾਲ ਹੁਣ ਹਰ ਸਾਲ ਫਲੱਡ ਗੇਟ ਖੋਲ੍ਹਣੇ ਪੈਂਦੇ ਹਨ। ਪਹਿਲਾਂ ਕਈ ਸਾਲਾਂ ਦੇ ਅੰਤਰਾਲ 'ਚ ਐਸੀ ਨੌਬਤ ਆਉਂਦੀ ਸੀ।

# ਹਿਮਾਚਲ: ਕਿੰਨੌਰ ਕੈਲਾਸ਼ ਯਾਤਰਾ ਮੁਅੱਤਲ, 413 ਫਸੇ ਸ਼ਰਧਾਲੂਆਂ ਨੂੰ ਬਚਾਇਆ ਗਿਆ; 617 ਸੜਕਾਂ ਬੰਦ

## ਸੂਬੇ ਵਿਚ ਦੂਰ-ਦੂਰ ਤੱਕ ਜ਼ੋਰਦਾਰ ਬਾਰਸ਼ਾਂ ਕਾਰਨ ਭਾਰੀ ਨੁਕਸਾਨ

ਸ਼ਿਮਲਾ : ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਕਾਰਨ ਯਾਤਰਾ ਦੇ ਰਸਤੇ ਨੂੰ ਨੁਕਸਾਨ ਪਹੁੰਚਣ ਤੋਂ ਬਾਅਦ ਕਿੰਨੌਰ ਕੈਲਾਸ਼ ਯਾਤਰਾ ਮੁਅੱਤਲ ਕਰ ਦਿੱਤੀ ਗਈ ਹੈ ਅਤੇ 413 ਫਸੇ ਸ਼ਰਧਾਲੂਆਂ ਨੂੰ ਬਚਾਇਆ ਗਿਆ ਹੈ। ਅਧਿਕਾਰੀਆਂ ਨੇ ਬੁੱਧਵਾਰ ਨੂੰ ਦੱਸਿਆ ਕਿ ਨਦੀਆਂ/ਦਰਿਆਵਾਂ ਵਿੱਚ ਪਾਣੀ ਦਾ ਵਹਾਅ ਵਧਣ ਕਾਰਨ ਟਾਂਗਲਿੱਪੀ ਅਤੇ ਕਾਂਗਰੰਗ ਵਿਖੇ ਦੋ ਅਸਥਾਈ ਪੁਲ ਵਹਿ ਜਾਣ ਤੋਂ ਬਾਅਦ ਸ਼ਰਧਾਲੂ ਫਸ ਗਏ ਸਨ।

ਇੰਡੋ-ਤਿੱਬਤੀਅਨ ਬਾਰਡਰ ਪੁਲੀਸ (ITBP) ਨੇ X 'ਤੇ ਬਚਾਅ ਕਾਰਜਾਂ ਦੀਆਂ ਵੀਡੀਓਜ਼ ਸਾਂਝੀਆਂ ਕੀਤੀਆਂ, ਜਿਨ੍ਹਾਂ ਵਿੱਚ ਸ਼ਰਧਾਲੂਆਂ ਨੂੰ ਨਦੀਆਂ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਜ਼ਿਪਲਾਈਨ ਕਰਦੇ ਦਿਖਾਇਆ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਕਿੰਨੌਰ ਜ਼ਿਲ੍ਹਾ ਪ੍ਰਸ਼ਾਸਨ ਨੂੰ ਟਰੈਕਿੰਗ ਰੂਟ 'ਤੇ ਫਸੇ ਸ਼ਰਧਾਲੂਆਂ ਬਾਰੇ ਇੱਕ ਜਾਣਕਾਰੀ ਮਿਲੀ, ਜਿਸ ਉਪਰੰਤ ITBP ਅਤੇ ਕੌਮੀ ਐੱਨਡੀਆਰਐੱਫ ਨੇ ਬਚਾਅ ਕਾਰਜ ਸ਼ੁਰੂ ਕੀਤੇ। ਕਿੰਨੌਰ ਜ਼ਿਲ੍ਹਾ ਪ੍ਰਸ਼ਾਸਨ ਨੇ ਮੀਂਹ ਕਾਰਨ ਯਾਤਰਾ ਦੇ ਰਸਤੇ ਵਿੱਚ ਭਾਰੀ ਨੁਕਸਾਨ ਹੋਣ ਤੋਂ ਬਾਅਦ ਕਿੰਨੌਰ ਕੈਲਾਸ਼ ਯਾਤਰਾ ਨੂੰ ਮੁਅੱਤਲ ਕਰ ਦਿੱਤਾ। ਅਧਿਕਾਰੀਆਂ ਅਨੁਸਾਰ ਜ਼ਿਆਦਾਤਰ ਟ੍ਰੈਕਿੰਗ ਰਸਤੇ ਜਾਂ ਤਾਂ ਖਤਰਨਾਕ ਤੌਰ 'ਤੇ ਤਿਲਕਣ ਵਾਲੇ ਹੋ ਗਏ ਹਨ ਜਾਂ ਜ਼ਮੀਨ ਖਿਸਕਣ ਨਾਲ ਪ੍ਰਭਾਵਿਤ ਹੋਏ ਹਨ। ਇੱਕ ਅਧਿਕਾਰਤ ਹੁਕਮ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਪ੍ਰਤੀਕੂਲ ਹਾਲਤਾਂ ਦੇ ਮੱਦੇਨਜ਼ਰ, ਕਿੰਨੌਰ ਕੈਲਾਸ਼ ਯਾਤਰਾ ਨੂੰ ਅਗਲੇ ਨੋਟਿਸ ਤੱਕ ਅਸਥਾਈ ਤੌਰ 'ਤੇ ਮੁਅੱਤਲ ਕੀਤਾ ਜਾ ਰਿਹਾ ਹੈ। ਇਸ ਸਮੇਂ ਰਸਤੇ ਵਿਚ ਮੌਜੂਦ ਸ਼ਰਧਾਲੂਆਂ ਨੂੰ ਸੁਰੱਖਿਅਤ ਢੰਗ ਨਾਲ ਮਿਲਿੰਗ ਖਾਤਾ ਅਤੇ ਗੁਫਾ ਵਿਖੇ ਪਨਾਹ ਦਿੱਤੀ ਗਈ ਹੈ ਅਤੇ ਉਨ੍ਹਾਂ ਦੀ ਸੁਰੱਖਿਆ ਲਈ ਸਾਰੇ ਜ਼ਰੂਰੀ ਪ੍ਰਬੰਧ ਕੀਤੇ ਗਏ ਹਨ।

ਭਗਵਾਨ ਸ਼ਿਵ ਦਾ ਸਰਦੀਆਂ ਦਾ ਨਿਵਾਸ ਮੰਨਿਆ ਜਾਣ ਵਾਲਾ ਕਿੰਨੌਰ ਕੈਲਾਸ਼ 19,850 ਫੁੱਟ ਦੀ ਉਚਾਈ 'ਤੇ ਸਥਿਤ ਹੈ। ਇਹ ਯਾਤਰਾ 15 ਜੁਲਾਈ ਨੂੰ ਸ਼ੁਰੂ ਹੋਈ ਸੀ ਅਤੇ 30 ਅਗਸਤ ਨੂੰ ਸਮਾਪਤ ਹੋਵੇਗੀ।

ਭਾਰੀ ਮੀਂਹ ਨੇ ਰਾਜ ਦੇ ਹੋਰ ਹਿੱਸਿਆਂ ਵਿੱਚ ਵੀ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ, ਜਿਸ ਕਾਰਨ ਚਾਰ ਕੌਮੀ ਰਾਜਮਾਰਗਾਂ ਸਮੇਤ 617 ਸੜਕਾਂ ਅਤੇ ਵਿੱਦਿਅਕ ਸੰਸਥਾਵਾਂ ਬੰਦ ਹੋ ਗਈਆਂ ਹਨ। ਮੌਸਮ ਵਿਗਿਆਨ ਕੇਂਦਰ ਅਨੁਸਾਰ ਮੰਗਲਵਾਰ ਰਾਤ ਤੋਂ ਕਸੌਲੀ ਵਿੱਚ 145 ਮਿਲੀਮੀਟਰ, ਧਰਮਪੁਰ 122.8 ਮਿਲੀਮੀਟਰ, ਗੋਹਰ 120 ਮਿਲੀਮੀਟਰ, ਮਲਰਾਓਂ 103.2 ਮਿਲੀਮੀਟਰ, ਬੱਗੀ 95.9 ਮਿਲੀਮੀਟਰ, ਨਗਰੋਟਾ ਸੂਰੀਆਂ 93.4 ਮਿਲੀਮੀਟਰ, ਨੈਣਾ ਦੇਵੀ 86.4 ਮਿਲੀਮੀਟਰ, ਸੁੰਦਰਨਗਰ 80.3 ਮਿਲੀਮੀਟਰ, ਕਾਂਗੜਾ 71.4 ਮਿਲੀਮੀਟਰ, ਬਿਲਾਸਪੁਰ 70.4 ਮਿਲੀਮੀਟਰ, ਧੌਲਾਕੂਆਂ 67 ਮਿਲੀਮੀਟਰ, ਮੰਡੀ 65.8 ਮਿਲੀਮੀਟਰ, ਸ਼ਿਮਲਾ 64.4 ਮਿਲੀਮੀਟਰ ਅਤੇ ਧਰਮਸ਼ਾਲਾ 64 ਮਿਲੀਮੀਟਰ ਮੀਂਹ ਪਿਆ ਹੈ। ਰਾਜ ਐਮਰਜੈਂਸੀ ਓਪਰੇਸ਼ਨ ਸੈਂਟਰ (SEOC) ਨੇ ਕਿਹਾ ਕਿ ਚਾਰ ਕੌਮੀ ਰਾਜਮਾਰਗਾਂ ਸਮੇਤ 617 ਸੜਕਾਂ ਬੁੱਧਵਾਰ ਨੂੰ ਬੰਦ ਕਰ ਦਿੱਤੀਆਂ ਗਈਆਂ ਸਨ। ਇਨ੍ਹਾਂ ਵਿੱਚੋਂ 377 ਮੰਡੀ ਜ਼ਿਲ੍ਹੇ ਵਿੱਚ ਹਨ, ਜੋ ਹਾਲ ਹੀ ਵਿੱਚ ਬੱਦਲ ਫਟਣ, ਜ਼ਮੀਨ ਖਿਸਕਣ ਅਤੇ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ; ਅਤੇ 90 ਕੁੱਲੂ ਜ਼ਿਲ੍ਹੇ ਵਿੱਚ ਹਨ। ਅਧਿਕਾਰੀਆਂ ਨੇ ਦੱਸਿਆ ਕਿ ਜ਼ਮੀਨ ਖਿਸਕਣ ਕਾਰਨ ਚੰਡੀਗੜ੍ਹ-ਮਨਾਲੀ ਕੌਮੀ ਸ਼ਾਹਰਾਹ (NH 21), ਪੁਰਾਣਾ ਹਿੰਦੁਸਤਾਨ-ਤਿੱਬਤ ਰੋਡ (NH 05), ਮੰਡੀ-ਧਰਮਪੁਰ (NH 3) ਅਤੇ ਔਟ-ਸੈਂਜ ਸੜਕ (NH 305) ਨੂੰ ਵਾਹਨਾਂ ਦੀ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਸੀ। ਸ਼ਿਮਲਾ-ਕਾਲਕਾ ਕੌਮੀ ਸ਼ਾਹਰਾਹ, ਜੋ ਸੋਲਨ ਜ਼ਿਲ੍ਹੇ ਦੇ ਕੋਟੀ ਨੇੜੇ ਚੱਕੀ ਮੋੜ 'ਤੇ ਬੰਦ ਸੀ, ਨੂੰ ਵਾਹਨਾਂ ਦੀ ਆਵਾਜਾਈ ਲਈ ਖੋਲ੍ਹ ਦਿੱਤਾ ਗਿਆ ਹੈ।

# ਹਿਮਾਚਲ 'ਚ ਮੀਂਹ ਨੇ ਮਚਾਈ ਤਬਾਹੀ, 173 ਲੋਕਾਂ ਦੀ ਮੌਤ ਤੇ 1743 ਕਰੋੜ ਦਾ ਨੁਕਸਾਨ



ਸ਼ਿਮਲਾ : ਬੀਤੇ ਦਿਨ ਕਾਂਗੜਾ, ਚੰਬਾ ਅਤੇ ਕੁੱਲੂ ਵਿੱਚ ਭਾਰੀ ਮੀਂਹ ਪਿਆ, ਜਿਸ ਕਾਰਨ ਕਈ ਥਾਵਾਂ 'ਤੇ ਘਰ, ਪਸ਼ੂਆਂ ਦੇ ਸ਼ੈੱਡ ਅਤੇ ਰਸੋਈਆਂ ਢਹਿ ਗਈਆਂ। ਡਲਹੌਜ਼ੀ ਵਿੱਚ, ਰਸੋਈ ਦੀ ਛੱਤ ਡਿੱਗਣ ਕਾਰਨ ਇੱਕ ਔਰਤ ਦੀ ਮੌਤ ਹੋ ਗਈ, ਜਦੋਂ ਕਿ ਉਸ ਦਾ ਪਤੀ ਜ਼ਖਮੀ ਹੋ ਗਿਆ। ਕਾਂਗੜਾ ਜ਼ਿਲ੍ਹੇ ਵਿੱਚ ਮੀਂਹ ਕਾਰਨ 24 ਘੰਟਿਆਂ ਦੇ ਅੰਦਰ ਨੌਂ ਘਰ ਅਤੇ ਸੱਤ ਪਸ਼ੂਆਂ ਦੇ ਸ਼ੈੱਡ ਢਹਿ ਗਏ। ਸਬ-ਡਿਵੀਜ਼ਨ ਜਵਾਲੀ ਅਧੀਨ ਪੰਚਾਇਤ ਪਨਾਲਥ ਵਿੱਚ ਪੌਂਗ ਡੈਮ ਖੇਤਰ ਵਿੱਚ ਇੱਕ ਅਣਪਛਾਤੇ ਵਿਅਕਤੀ ਦੀ ਲਾਸ਼ ਮਿਲੀ ਹੈ, ਜਿਸਦੀ ਪਛਾਣ ਨਹੀਂ ਹੋ ਸਕੀ ਹੈ।

ਕੁੱਲੂ ਜ਼ਿਲ੍ਹੇ ਦੇ ਬੰਜਾਰ, ਅਨੀ ਅਤੇ ਸੈਂਜ ਵਿੱਚ ਜ਼ਮੀਨ ਖਿਸਕਣ ਦਾ ਖ਼ਤਰਾ ਵਧ ਗਿਆ ਹੈ। ਸੈਂਜ ਵਿੱਚ ਪਿੰਨ ਪਾਰਵਤੀ ਨਦੀ ਦੇ ਕਟਾਅ ਕਾਰਨ ਮਸ਼ੀਨੇਨਾ ਨਾਲਾ ਪਿੰਡ ਡੁੱਬ ਰਿਹਾ ਹੈ। ਕੁੱਲੂ ਦਾ ਘਾਲਿਆੜ ਪਿੰਡ ਵੀ ਜ਼ਮੀਨ ਖਿਸਕਣ (ਹਿਮਾਚਲ ਲੈਂਡਸਲਾਈਡ) ਕਾਰਨ ਖਤਰੇ ਵਿੱਚ ਹੈ, ਜਿਸ ਕਾਰਨ 10 ਪਰਿਵਾਰ ਕੈਂਪ ਵਿੱਚ ਰਹਿ ਰਹੇ ਹਨ।

ਕੁੱਲੂ ਦੇ ਕੋਠੀ ਪਿੰਡ (ਕੁੱਲੋ ਰੇਨ) ਵਿੱਚ ਇੱਕ ਘਰ ਢਹਿ ਗਿਆ ਪਰ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਸ਼ੁੱਕਰਵਾਰ ਰਾਤ ਨੂੰ ਸਬ-ਡਵੀਜ਼ਨ ਡਲਹੌਜ਼ੀ ਦੇ ਪੰਚਾਇਤ ਬਾਥਰੀ ਦੇ ਪਿੰਡ ਕੁਮਹਾਰਕਾ ਵਿੱਚ ਸ਼ਸ਼ੀ ਕੁਮਾਰ ਆਪਣੀ ਪਤਨੀ ਰਿਤੂ ਦੇਵੀ ਨਾਲ ਰਸੋਈ ਵਿੱਚ ਸੀ। ਮਿੱਟੀ ਦੀ ਬਣੀ ਛੱਤ ਡਿੱਗਣ ਨਾਲ ਦੋਵੇਂ ਮਲਬੇ ਹੇਠ ਦੱਬ ਗਏ।

ਪਿੰਡ ਵਾਸੀਆਂ ਨੇ ਉਨ੍ਹਾਂ ਨੂੰ ਬਾਹਰ ਕੱਢਿਆ ਅਤੇ ਕਮਿਊਨਿਟੀ ਹੈਲਥ ਸੈਂਟਰ ਬਾਥਰੀ ਲੈ ਗਏ, ਜਿੱਥੇ ਰਿਤੂ ਦੇਵੀ ਦੀ ਮੌਤ ਹੋ ਗਈ। ਸ਼ਸ਼ੀ ਨੂੰ ਮੈਡੀਕਲ ਕਾਲਜ ਟਾਂਡਾ ਰੈਫਰ ਕੀਤਾ ਗਿਆ। ਚੰਬਾ ਦੇ ਵਿਕਾਸ ਬਲਾਕ ਮਾਹਲਾ ਦੇ ਅਧੀਨ ਰੱਖ-ਧਨਾਡਾ-ਬਿੰਦਲਾ ਜੋੜਨ ਵਾਲੀ ਸੜਕ 'ਤੇ ਰੱਖ ਤੋਂ ਲਗਭਗ ਡੇਢ ਕਿਲੋਮੀਟਰ ਅੱਗੇ ਜ਼ਮੀਨ ਖਿਸਕਣ ਕਾਰਨ ਸੜਕ ਦਾ ਲਗਭਗ 10 ਮੀਟਰ ਹਿੱਸਾ ਵਹਿ ਗਿਆ।

ਇਸ ਨਾਲ ਦੋ ਪੰਚਾਇਤਾਂ ਗੁਰਾੜ ਅਤੇ ਦੂਲਦਾ ਦੀ 4000 ਆਬਾਦੀ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ (ਬੀਆਰਓ) ਨੇ ਮਨਾਲੀ-ਕਿਲਾਡ ਸੜਕ 'ਤੇ ਲਾਹੌਲ ਸਪਿਤੀ ਦੇ ਦਰੇਡ ਨਾਲਾ ਵਿੱਚ ਹੜ੍ਹਾਂ ਕਾਰਨ ਵਹਿ ਗਏ ਪੁਲ ਦੀ ਥਾਂ 'ਤੇ 26 ਘੰਟਿਆਂ ਵਿੱਚ ਇੱਕ ਵਿਕਲਪਿਕ ਸੜਕ ਬਣਾ ਕੇ ਵਾਹਨਾਂ ਦੀ ਆਵਾਜਾਈ ਬਹਾਲ ਕੀਤੀ।

ਦਾਹੋਰਨੀ ਨਾਲਾ ਨੇੜੇ ਜ਼ਮੀਨ ਖਿਸਕਣ ਕਾਰਨ ਬੰਦ ਹੋਈ ਗ੍ਰਾਮਫੂ-ਕਾਜ਼ਾ ਸੜਕ 12 ਘੰਟਿਆਂ ਬਾਅਦ ਬਹਾਲ ਕਰ ਦਿੱਤੀ ਗਈ ਹੈ। ਕਰਪਟ ਪਿੰਡ ਵਿੱਚ ਹੜ੍ਹ ਦੇ ਡਰ ਕਾਰਨ 30 ਤੋਂ ਵੱਧ ਪਰਿਵਾਰਾਂ ਨੇ ਕੈਂਪਾਂ ਵਿੱਚ ਪਨਾਹ ਲਈ ਹੈ।

ਮੰਡੀ ਜ਼ਿਲ੍ਹੇ ਦੇ ਨੌਂ ਮਾਈਲ ਵਿਖੇ ਜ਼ਮੀਨ ਖਿਸਕਣ ਕਾਰਨ ਕੀਰਤਪੁਰ-ਮਨਾਲੀ ਚਾਰ-ਮਾਰਗੀ ਸੜਕ ਬੰਦ ਹੋ ਗਈ। ਇਸ ਕਾਰਨ ਕੁੱਲੂ ਹਸਪਤਾਲ ਤੋਂ ਪੀਜੀਆਈ ਚੰਡੀਗੜ੍ਹ ਜਾ ਰਹੀ ਇੱਕ ਐਂਬੂਲੈਂਸ ਵੀ ਹੋਰ ਵਾਹਨਾਂ ਦੇ ਨਾਲ ਜਾਮ ਵਿੱਚ ਫਸ ਗਈ।

ਢਾਈ ਘੰਟੇ ਬਾਅਦ ਸੜਕ ਨੂੰ ਅਸਥਾਈ ਤੌਰ 'ਤੇ ਬਹਾਲ ਕਰ ਦਿੱਤਾ ਗਿਆ। ਮੀਂਹ ਦੌਰਾਨ ਹੋਈ ਜ਼ਮੀਨ ਖਿਸਕਣ ਕਾਰਨ ਸ਼ਿਮਲਾ ਦੇ ਪੰਥਘਾਟੀ ਵਿੱਚ ਪਾਸਪੋਰਟ ਦਫ਼ਤਰ-ਲੋਅਰ ਪੰਥਘਾਟੀ ਸੜਕ ਨੂੰ ਨੁਕਸਾਨ ਪਹੁੰਚਿਆ।

ਲੋਅਰ ਖਲਿਨੀ ਵਿੱਚ ਸੜਕ ਕਿਨਾਰੇ ਖੜ੍ਹੀ ਇੱਕ ਕਾਰ ਅਤੇ ਇੱਕ ਸਕੂਟਰ ਜ਼ਮੀਨ ਖਿਸਕਣ ਕਾਰਨ ਦੱਬ ਗਏ। ਇਸ ਦੇ ਨਾਲ ਹੀ ਸੋਲਨ ਜ਼ਿਲ੍ਹੇ ਦੇ ਫਨੇਵਤੀ ਪਿੰਡ ਵਿੱਚ ਜ਼ਮੀਨ ਖਿਸਕਣ ਕਾਰਨ ਇੱਕ ਤਿੰਨ ਮੰਜ਼ਿਲਾ ਘਰ ਅਤੇ ਜ਼ਮੀਨ ਵਿੱਚ ਤਰੇੜਾਂ ਆ ਗਈਆਂ ਹਨ।

ਰਾਜ ਵਿੱਚ ਸਭ ਤੋਂ ਵੱਧ ਬਾਰਿਸ਼ ਕਸੌਲੀ ਵਿੱਚ 82, ਸ਼੍ਰੀ ਨੈਣਾ ਦੇਵੀ ਵਿੱਚ 62.6 ਅਤੇ ਮਨਾਲੀ ਵਿੱਚ 45 ਮਿਲੀਮੀਟਰ ਦਰਜ ਕੀਤੀ ਗਈ ਹੈ। ਰਾਜ ਵਿੱਚ 41 ਟ ?ਰਾਂਸਫਾਰਮਰ ਅਤੇ 282 ਪੀਣ ਵਾਲੇ ਪਾਣੀ ਦੀਆਂ ਯੋਜਨਾਵਾਂ ਪ੍ਰਭਾਵਿਤ ਹਨ। ਇਸ ਦੇ ਨਾਲ ਹੀ, ਜ਼ਮੀਨ ਖਿਸਕਣ ਕਾਰਨ ਰਾਜ ਵਿੱਚ ਚੰਡੀਗੜ੍ਹ-ਮਨਾਲੀ ਹਾਈਵੇਅ ਸਮੇਤ 309 ਸੜਕਾਂ ਬੰਦ ਹਨ।

ਇਸ ਤੋਂ ਇਲਾਵਾ, 265 ਸੜਕਾਂ ਆਵਾਜਾਈ ਲਈ ਬੰਦ ਹਨ। 20 ਜੂਨ ਤੋਂ ਹੁਣ ਤੱਕ 1753 ਕਰੋੜ ਰੁਪਏ ਦੇ ਨੁਕਸਾਨ ਦਾ ਅਨੁਮਾਨ ਲਗਾਇਆ ਗਿਆ ਹੈ। ਇਸ ਦੇ ਨਾਲ ਹੀ, ਮੀਂਹ ਨਾਲ ਸਬੰਧਤ ਹਾਦਸਿਆਂ ਵਿੱਚ ਹੁਣ ਤੱਕ 173 ਲੋਕਾਂ ਦੀ ਜਾਨ ਜਾ ਚੁੱਕੀ ਹੈ।

# 1993 ਦੇ ਫ਼ਰਜ਼ੀ ਪੁਲਿਸ ਮੁਕਾਬਲੇ 'ਚ 5 ਪੁਲਿਸ ਅਧਿਕਾਰੀਆਂ ਨੂੰ ਉਮਰ ਕੈਦ, ਪੀੜਤ ਪਰਿਵਾਰਾਂ ਨੂੰ 3.5 ਲੱਖ ਹਰਜਾਨੇ ਵਜੋਂ ਦੇਣ ਦੇ ਹੁਕਮ

## 32 ਸਾਲਾਂ ਬਾਅਦ ਬੰਦੇ ਦੀ ਕੀਮਤ ਸਿਰਫ਼ 3.5 ਲੱਖ ਰੁਪਏ





ਝੂਠੇ ਪੁਲੀਸ ਮੁਕਾਬਲਿਆਂ ਵਿਚ ਮਾਰੇ ਗਏ ਨੌਜਵਾਨਾਂ ਦੀਆਂ ਵਿਧਵਾਵਾਂ ਆਪਣੇ ਪਤੀਆਂ ਦੀਆਂ ਤਸਵੀਰਾਂ ਦਿਖਾਉਂਦੀਆਂ ਹੋਈਆਂ।

ਐੱਸ. ਏ. ਐੱਸ. ਨਗਰ : ਇਕ ਇਤਿਹਾਸਕ ਅਤੇ ਨਜ਼ੀਰ ਬਣਾਉਣ ਵਾਲੇ ਫ਼ੈਸਲੇ 'ਚ ਮੁਹਾਲੀ ਸਥਿਤ ਸੀ. ਬੀ. ਆਈ. ਦੀ ਵਿਸ਼ੇਸ਼ ਅਦਾਲਤ ਨੇ 1993 ਦੇ ਇਕ ਫਰਜ਼ੀ ਪੁਲਿਸ ਮੁਕਾਬਲੇ ਦੇ ਮਾਮਲੇ ਵਿਚ 1 ਅਗਸਤ ਨੂੰ ਦੋਸ਼ੀ ਕਰਾਰ ਦਿੱਤੇ ਪੰਜ ਤਤਕਾਲੀ ਪੰਜਾਬ ਪੁਲਿਸ ਦੇ ਅਧਿਕਾਰੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਨ੍ਹਾਂ ਅਧਿਕਾਰੀਆਂ ਵਿਚ ਸੇਵਾ-ਮੁਕਤ ਐਸ. ਐਸ. ਪੀ. ਭੁਪਿੰਦਰਜੀਤ ਸਿੰਘ (61), ਡੀ. ਐਸ. ਪੀ. ਦਵਿੰਦਰ ਸਿੰਘ (58), ਇੰਸਪੈਕਟਰ ਸੂਬਾ ਸਿੰਘ (83), ਏ. ਐਸ. ਆਈ. ਗੁਲਬਰਗ ਸਿੰਘ (72) ਅਤੇ ਇੰਸਪੈਕਟਰ ਰਘੁਬੀਰ ਸਿੰਘ (63) ਸ਼ਾਮਿਲ ਹਨ। ਅਦਾਲਤ ਨੇ ਹਰੇਕ ਦੋਸ਼ੀ 'ਤੇ 3.5 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਦੱਸ ਦਈਏ ਕਿ ਇਹ ਮਾਮਲਾ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਰਾਣੀ ਵਲ੍ਹਾ ਅਤੇ ਹੋਰਨਾਂ ਥਾਵਾਂ ਤੋਂ ਅਗਵਾ ਕੀਤੇ 7 ਵਿਅਕਤੀਆਂ ਐਸ. ਪੀ. ਓ. ਛਿੰਦਰ, ਐਸ. ਪੀ. ਓ. ਦੇਸਾ ਸਿੰਘ, ਐਸ. ਪੀ. ਓ. ਸੁਖਦੇਵ ਸਿੰਘ, ਬਲਕਾਰ ਸਿੰਘ, ਮੰਗਲ ਸਿੰਘ, ਹਰਵਿੰਦਰ ਸਿੰਘ ਤੇ ਸਰਬਜੀਤ ਸਿੰਘ ਸੱਬਾ ਨੂੰ ਫਰਜ਼ੀ ਮੁਕਾਬਲੇ ਵਿਚ ਮਾਰੇ ਜਾਣ ਨਾਲ ਜੁੜਿਆ ਹੋਇਆ ਹੈ। ਇਹ ਮੁਕਾਬਲੇ 27 ਜੂਨ ਤੋਂ 28 ਜੁਲਾਈ 1993 ਦੇ ਵਿਚਕਾਰ ਹੋਏ ਦੋ ਵੱਖ-ਵੱਖ ਝੂਠੇ ਆਪ੍ਰੇਸ਼ਨਾਂ 'ਚ ਦਿਖਾਏ ਗਏ ਸਨ। ਸੀ. ਬੀ. ਆਈ. ਵਲੋਂ ਸਾਲ 1999 ਵਿਚ ਐਫ. ਆਈ. ਆਰ. ਦਰਜ ਹੋਣ 'ਤੇ ਇਸ ਮਾਮਲੇ ਦੀ ਜਾਂਚ ਦੌਰਾਨ ਖ਼ੁਲਾਸਾ ਹੋਇਆ ਸੀ ਕਿ ਪੁਲਿਸ ਨੇ ਬੇਗੁਨਾਹ ਨੌਜਵਾਨਾਂ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਹਿਰਾਸਤ ਵਿਚ ਰੱਖ ਕੇ ਉਨ੍ਹਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਮਾਰਿਆ ਗਿਆ ਹੈ, ਜਿਸ ਦੀ ਗਵਾਹੀ ਮ੍ਰਿਤਕਾਂ ਦੀ ਪੋਸਟਮਾਟਮ ਰਿਪੋਰਟ ਅਤੇ ਹਥਿਆਰਾਂ ਦੀ ਫੋਰੈਂਸਿਕ ਜਾਂਚ ਨੇ ਭਰੀ ਸੀ, ਪਰ ਪੁਲਿਸ ਨੇ ਇਸ ਨੂੰ ਅਸਲ ਦਿਖਾਉਣ ਲਈ ਫਰਜ਼ੀ ਐਫ. ਆਈ. ਆਰ. ਦਰਜ ਕਰਕੇ ਹਥਿਆਰਾਂ ਦੀ ਰਿਕਵਰੀ ਵੀ ਦਰਸਾਈ ਸੀ। ਸਜ਼ਾ ਦਾ ਫ਼ੈਸਲਾ ਸੁਣਾਏ ਜਾਣ ਤੋਂ ਪਹਿਲਾਂ ਅਦਾਲਤ ਵਿਖੇ ਦੋਸ਼ੀ ਸੂਬਾ ਸਿੰਘ ਦੇ ਵਕੀਲ ਐਚ. ਐਸ. ਧਨੋਆ ਨੇ ਅਪੀਲ ਕੀਤੀ ਕਿ ਸਾੜੀਆਂ ਗਈਆਂ 5 ਲਾਵਾਰਸ ਲਾਸ਼ਾਂ ਸਨ, ਜਦਕਿ 2 ਅਣਪਛਾਤੀਆਂ ਲਾਸ਼ਾਂ ਸਨ, ਜਿਨ੍ਹਾਂ ਦਾ ਸਸਕਾਰ ਰੀਤੀ ਰਿਵਾਜਾਂ ਨਾਲ ਕੀਤਾ ਗਿਆ ਸੀ। ਇਸੇ ਦੌਰਾਨ ਸਰਕਾਰੀ ਵਕੀਲ ਅਨਮੋਲ ਨਾਰੰਗ ਅਤੇ ਸਰਬਜੀਤ ਸਿੰਘ ਵੇਰਕਾ ਨੇ ਇਸ ਦਾ ਵਿਰੋਧ ਕਰਦਿਆਂ ਅਦਾਲਤ ਨੂੰ ਦੱਸਿਆ ਕਿ ਉਕਤ ਵਿਅਕਤੀਆਂ ਨੂੰ ਮਾਰੇ ਜਾਣ ਉਪਰੰਤ ਉਸੇ ਦਿਨ ਸਾੜ ਦਿੱਤਾ ਗਿਆ ਸੀ ਤਾਂ ਜੋ ਉਨ੍ਹਾਂ ਨਾਲ ਕੀਤੇ ਗਏ ਤਸ਼ੱਦਦ ਦਾ ਕੋਈ ਸਬੂਤ ਸਾਹਮਣੇ ਨਾ ਆਵੇ। ਇਸ 'ਤੇ ਅਦਾਲਤ ਨੇ ਦੋਸ਼ੀਆਂ ਨੂੰ ਭਾਰਤੀ ਦੰਡ ਸੰਹਿਤਾ ਦੀ ਧਾਰਾ 302 (ਕਤਲ) ਅਧੀਨ ਉਮਰ ਕੈਦ ਤੇ 2 ਲੱਖ ਰੁਪਏ ਜੁਰਮਾਨਾ, 120-ਬੀ (ਅਪਰਾਧਿਕ ਸਾਜਿਸ਼) ਅਧੀਨ ਉਮਰ ਕੈਦ ਤੇ 1 ਲੱਖ ਰੁਪਏ ਜੁਰਮਾਨਾ, 218 (ਝੂਠਾ ਰਿਕਾਰਡ ਤਿਆਰ ਕਰਨ) ਅਧੀਨ ਤਿੰਨ ਸਾਲਾਂ ਦੀ ਸਜ਼ਾ ਅਤੇ 201 (ਸਬੂਤ ਨਸ਼ਟ ਕਰਨ) ਅਧੀਨ ਤਿੰਨ ਸਾਲਾਂ ਦੀ ਕੈਦ ਅਤੇ 50 ਹਜ਼ਾਰ ਰੁਪਏ ਜੁਰਮਾਨਾ ਭਰਨ ਦੇ ਹੁਕਮ ਸੁਣਾਏ। ਸਜ਼ਾ ਸੁਣਾਏ ਜਾਣ ਵੇਲੇ ਤਤਕਾਲੀ ਡੀ. ਐਸ. ਪੀ. ਭੁਪਿੰਦਰਜੀਤ ਸਿੰਘ, ਇੰਸਪੈਕਟਰ ਸੂਬਾ ਸਿੰਘ ਅਤੇ ਏ. ਐਸ. ਆਈ. ਦਵਿੰਦਰ ਸਿੰਘ ਨੂੰ ਪਟਿਆਲਾ ਜੇਲ੍ਹ ਤੋਂ ਵੀਡੀਓ ਕਾਨਫ਼ਰੰਸਿੰਗ ਜ਼ਰੀਏ ਪੇਸ਼ ਕੀਤਾ ਗਿਆ ਸੀ, ਜਦਕਿ ਇੰਸਪੈਕਟਰ ਰਘੁਬੀਰ ਸਿੰਘ ਅਤੇ ਗੁਲਬਰਗ ਸਿੰਘ ਅਦਾਲਤ ਵਿਚ ਨਿੱਜੀ ਤੌਰ 'ਤੇ ਹਾਜ਼ਰ ਸਨ। ਅਦਾਲਤ ਦੇ ਹੁਕਮਾਂ ਅਨੁਸਾਰ ਦੋਸ਼ੀ ਕਰਾਰ ਦਿੱਤੇ ਗਏ ਸਾਰੇ ਅਧਿਕਾਰੀਆਂ ਵਲੋਂ ਭਰਿਆ ਜਾਣ ਵਾਲਾ ਜੁਰਮਾਨਾ ਪੀੜਤ ਪਰਿਵਾਰਾਂ ਨੂੰ ਮੁਆਵਜ਼ੇ ਵਜੋਂ ਦਿੱਤਾ ਜਾਵੇਗਾ। ਜ਼ਿਕਰਯੋਗ ਹੈ ਕਿ ਸੀ. ਬੀ. ਆਈ. ਅਦਾਲਤ ਵਲੋਂ ਫਰਜ਼ੀ ਮੁਕਾਬਲਿਆਂ ਸੰਬੰਧੀ ਸੁਣਾਇਆ ਜਾਣ ਵਾਲਾ ਇਹ 6ਵਾਂ ਫ਼ੈਸਲਾ ਹੈ, ਜਿਨ੍ਹਾਂ 'ਚੋਂ 5 ਮਾਮਲਿਆਂ 'ਚ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ ਹੈ, ਉਧਰ ਅਦਾਲਤ ਦੇ ਬਾਹਰ ਮੌਜੂਦ ਪੀੜਤ ਪਰਿਵਾਰਾਂ ਨੇ ਆਪਣੇ ਲੰਬੇ ਸੰਘਰਸ਼ ਦੀ ਦਾਸਤਾਨ ਸੁਣਾਉਂਦਿਆਂ ਅਦਾਲਤ ਦੇ ਫ਼ੈਸਲੇ 'ਤੇ ਸੰਤੁਸ਼ਟੀ ਜ਼ਾਹਿਰ ਕੀਤੀ।

# ਪੁਲਾੜ ਦੀ ਯਾਤਰਾ ਕਰਨ ਵਾਲੇ ਪਹਿਲੇ ਸਿੱਖ ਬਣੇ ਅਰਵਿੰਦਰ ਸਿੰਘ ਬਹਿਲ

## 80 ਸਾਲ ਦੇ ਬਹਿਲ ਨੂੰ ਹੈ ਹਿੰਮਤੀ ਖੇਡਾਂ ਦਾ ਸ਼ੌਕ, 196 ਦੇਸ਼ਾਂ ਦੀ ਕੀਤੀ ਹੋਈ ਹੈ ਯਾਤਰਾ




ਮੈਸਾਚੁਸੈਟਰ : 80 ਸਾਲ ਦੇ ਅਰਵਿੰਦਰ ਸਿੰਘ ਬਹਿਲ ਪੁਲਾੜ ਦਾ ਸਫ਼ਰ ਕਰਨ ਵਾਲੇ ਪਹਿਲੇ ਸਿੱਖ ਬਣ ਗਏ ਹਨ। ਬੀਤੇ ਦਿਨ ਉਨ੍ਹਾਂ ਨੇ ਬਲੂ ਓਰੀਜਨ ਦੇ NS-34 ਮਿਸ਼ਨ ਵਿਚ ਪੁਲਾੜ ਦੀ ਪਹਿਲੀ ਉਡਾਨ ਭਰੀ। 11 ਕੁ ਮਿੰਟਾਂ ਦੀ ਇਸ ਉਡਾਨ ਨੂੰ ਉਨ੍ਹਾਂ ਨੇ ਜ਼ਿੰਦਗੀ 'ਚ ਯਾਦਗਾਰ ਪਲ ਦੱਸਿਆ।

ਬਹਿਲ ਦਾ ਜਨਮ 1945 ਵਿਚ ਆਗਰਾ 'ਚ ਹੋਇਆ ਸੀ। ਉਹ 1977 ਵਿਚ ਅਮਰੀਕਾ ਚਲੇ ਗਏ ਸਨ। ਉਨ੍ਹਾਂ ਦੀ ਮੈਸਾਚੁਸੈਟਸ ਵਿਚ ਰੀਅਲ ਅਸਟੇਟ ਕੰਪਨੀ ਹੈ। ਬਹਿਲ ਨੂੰ ਹਿੰਮਤੀ ਖੇਡਾਂ ਬਹੁਤ ਪਸੰਦ ਹਨ, ਭਾਵੇਂ ਉਹ ਐਵਰੈਸਟ ਅਤੇ ਵੀਜ਼ਾ ਦੇ ਪਿਰਾਮਿਡ ਤੋਂ ਸਕਾਈ ਡਾਈਵਿੰਗ ਹੋਵੇ ਜਾਂ ਦੋਹਾਂ ਧਰੁਵਾਂ 'ਤੇ ਖੜ੍ਹਨ ਦਾ ਤਜਰਬਾ। ਛੇ ਭਾਸ਼ਾਵਾਂ ਵਿਚ ਮਾਹਰ ਬਹਿਲ ਨੇ 196 ਦੇਸ਼ਾਂ ਦੀ ਯਾਤਰਾ ਕੀਤੀ ਹੋਈ ਹੈ।

# ਡਾ. ਗੁਰਤੇਜ ਸੰਧੂ ਅਮਰੀਕਾ 'ਚ ਵੱਡੇ ਖੋਜੀ ਵਜੋਂ ਉਭਰੇ

## ਹਾਸਲ ਕੀਤਾ ਵਿਸ਼ਵ ਦਾ 7ਵਾਂ ਰੈਂਕ, ਮਹਾਨ ਖੋਜੀ ਥਾਮਸ ਐਡੀਸਨ ਨੂੰ ਵੀ ਪਛਾੜਿਆ

ਅੰਮ੍ਰਿਤਸਰ : ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਡਾ. ਗੁਰਤੇਜ ਸੰਧੂ ਨੇ ਵਿਸ਼ਵ ਪੱਧਰ 'ਤੇ ਤਕਨੀਕੀ ਜਗਤ 'ਚ ਅਪਣਾ ਨਾਂ ਸੁਨਹਿਰੀ ਅੱਖਰਾਂ ਨਾਲ ਲਿਖਵਾ ਲਿਆ ਹੈ। ਉਨ੍ਹਾਂ 1,382 ਅਮਰੀਕੀ ਪੇਟੈਂਟਸ ਨਾਲ ਉਹ ਵਿਸ਼ਵ ਦੇ 7ਵੇਂ ਸੱਭ ਤੋਂ ਵੱਡੇ ਖੋਜੀ ਵਜੋਂ ਉਭਰੇ ਹਨ, ਜਿਸ ਨੇ ਮਹਾਨ ਖੋਜੀ ਥਾਮਸ ਐਡੀਸਨ ਨੂੰ ਵੀ ਪਛਾੜ ਦਿੱਤਾ। ਇਹ ਪ੍ਰਾਪਤੀ ਨਾ ਸਿਰਫ਼ ਜੀ.ਐਨ.ਡੀ.ਯੂ. ਲਈ ਸਗੋਂ ਪੂਰੇ ਭਾਰਤ ਲਈ ਮਾਣ ਵਾਲੀ ਗੱਲ ਹੈ। ਮਾਈਕਰੋਨ ਟੈਕਨਾਲੋਜੀ 'ਚ ਸੀਨੀਅਰ ਫੈਲੋ ਤੇ ਵਾਈਸ ਪ੍ਰੈਜ਼ੀਡੈਂਟ ਵਜੋਂ ਕਾਰਜਸ਼ੀਲ ਡਾ. ਸੰਧੂ ਨੇ ਸੈਮੀਕੰਡਕਟਰ ਤਕਨੀਕ 'ਚ ਕ੍ਰਾਂਤੀਕਾਰੀ ਯੋਗਦਾਨ ਪਾਇਆ ਹੈ। ਉਨ੍ਹਾਂ ਦੀਆਂ ਖੋਜਾਂ, ਜਿਵੇਂ ਕਿ ਐਟੋਮਿਕ ਲੇਅਰ ਡਿਪੋਜ਼ੀਸ਼ਨ, ਆਕਸੀਜਨ-ਮੁਕਤ ਟਾਈਟੇਨੀਅਮ ਕੋਟਿੰਗ ਤੇ ਪਿੱਚ-ਡਬਲਿੰਗ ਤਕਨੀਕਾਂ ਨੇ ਮੂਰਜ਼ ਲਾਅ ਨੂੰ ਜਾਰੀ ਰੱਖਣ 'ਚ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਨਵੀਨਤਾਵਾਂ ਨੇ ਸਮਾਰਟਫ਼ੋਨ, ਕੈਮਰੇ ਤੇ ਕਲਾਊਡ ਸਟੋਰੇਜ ਵਰਗੇ ਆਧੁਨਕ ਉਪਕਰਣਾਂ ਨੂੰ ਛੋਟਾ, ਤੇਜ਼ ਤੇ ਵਧੇਰੇ ਕੁਸ਼ਲ ਬਣਾਇਆ, ਜਿਸ ਨੇ ਅਰਬਾਂ ਲੋਕਾਂ ਦੀ ਜ਼ਿੰਦਗੀ ਨੂੰ ਪ੍ਰਭਾਵਤ ਕੀਤਾ। ਡਾ. ਸੰਧੂ ਦੀ ਯਾਤਰਾ ਜੀ.ਐਨ.ਡੀ.ਯੂ. ਤੋਂ ਸ਼ੁਰੂ ਹੋਈ, ਜਿੱਥੇ ਉਨ੍ਹਾਂ ਨੇ 1980 ਦੇ ਆਸ-ਪਾਸ ਫਿਜ਼ਿਕਸ 'ਚ ਐਮ.ਐਸ.ਸੀ. ਆਨਰਜ਼ ਕੀਤੀ। ਉਹ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਦੇ ਸੰਸਥਾਪਕ ਮੁਖੀ ਪ੍ਰੋ. ਐਸ.ਐਸ. ਸੰਧੂ ਦੇ ਸਪੁੱਤਰ ਹਨ। ਅੰਮ੍ਰਿਤਸਰ 'ਚ ਉਨ੍ਹਾਂ ਦੀ ਸਿਖਿਆ ਨੇ ਉਨ੍ਹਾਂ ਦੇ ਸ਼ਾਨਦਾਰ ਕਰੀਅਰ ਦੀ ਨੀਂਹ ਰੱਖੀ। ਬਾਅਦ 'ਚ ਉਨ੍ਹਾਂ ਨੇ ਆਈ.ਆਈ.ਟੀ. ਦਿੱਲੀ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ 'ਚ ਬੀ.ਟੈਕ ਤੇ ਯੂਨੀਵਰਸਿਟੀ ਆਫ਼ ਨਾਰਥ ਕੈਰੋਲੀਨਾ, ਚੈਪਲ ਹਿੱਲ ਤੋਂ ਫਿਜ਼ਿਕਸ 'ਚ ਪੀ.ਐਚ.ਡੀ. ਹਾਸਲ



ਕੀਤੀ। ਜੀ.ਐਨ.ਡੀ.ਯੂ. ਦੇ ਵਾਈਸ-ਚਾਂਸਲਰ ਪ੍ਰੋ. ਡਾ. ਕਰਮਜੀਤ ਸਿੰਘ ਨੇ ਡਾ. ਸੰਧੂ ਦੀਆਂ ਪ੍ਰਾਪਤੀਆਂ ਨੂੰ ਯੂਨੀਵਰਸਿਟੀ ਤੇ ਭਾਰਤ ਲਈ ਅਣਮੁੱਲਾ ਮਾਣ ਦੱਸਿਆ। ਉਨ੍ਹਾਂ ਕਿਹਾ ਕਿ ਡਾ. ਸੰਧੂ ਦੀ ਸਾਡੇ ਕੈਂਪਸ ਤੋਂ ਵਿਸ਼ਵ ਪੱਧਰ ਤਕ ਦੀ ਯਾਤਰਾ ਸਮਰਪਣ ਤੇ ਬੌਧਿਕ ਜਿਗਿਆਸਾ ਦੀ ਮਿਸਾਲ ਹੈ। ਉਹ ਸਾਡੇ ਵਿਦਿਆਰਥੀਆਂ ਅਤੇ ਫ਼ੈਕਲਟੀ ਲਈ ਪ੍ਰੇਰਣਾ ਸਰੋਤ ਹਨ। ਡੀਨ ਅਕਾਦਮਿਕ ਅਫ਼ੇਅਰਜ਼ ਡਾ. ਪਲਵਿੰਦਰ ਸਿੰਘ ਤੇ ਰਜਿਸਟਰਾਰ ਡਾ. ਕੇ.ਐਸ. ਚਾਹਲ ਨੇ ਵੀ ਡਾ. ਸੰਧੂ ਨੂੰ 'ਸ਼੍ਰੇਸ਼ਠਤਾ ਦਾ ਪ੍ਰਤੀਕ ਤੇ ਖੋਜੀਆਂ ਲਈ ਰੋਲ ਮਾਡਲ' ਦਸਿਆ। 58 ਸਾਲ ਦੀ ਉਮਰ 'ਚ ਡਾ. ਗੁਰਤੇਜ ਸੰਧੂ ਮਾਈਕਰੋਨ ਟੈਕਨਾਲੋਜੀ 'ਚ ਡਿਜੀਟਲ ਕ੍ਰਾਂਤੀ ਨੂੰ ਅੱਗੇ ਵਧਾ ਰਹੇ ਹਨ। ਜੀ.ਐਨ.ਡੀ.ਯੂ. ਤੇ ਅੰਮ੍ਰਿਤਸਰ ਲਈ ਉਹ ਇੱਕ ਚਮਕਦਾ ਅਧਿਆਏ ਹਨ, ਜੋ ਯੂਨੀਵਰਸਿਟੀ ਦੀ ਨਵੀਨਤਾ ਤੇ ਸ਼੍ਰੇਸ਼ਠਤਾ ਦੀ ਪਰੰਪਰਾ ਨੂੰ ਮਜ਼ਬੂਤ ਕਰਦੇ ਹਨ।

ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ॥

## ਅਮਰੀਕਨ ਸਿੱਖ ਆਗੂ ਸ੍ਰ. ਸੁਖਦੇਵ ਸਿੰਘ ਬੈਨੀਵਾਲ ਅਤੇ ਸਮੂਹ ਬੈਨੀਵਾਲ ਪਰਿਵਾਰ ਨੂੰ ਭਾਰੀ ਸਦਮਾ

# ਸਤਿਕਾਰਯੋਗ ਮਾਤਾ ਸੁਰਿੰਦਰ ਕੌਰ ਬੈਨੀਵਾਲ ਨਹੀਂ ਰਹੇ



ਸਵ. ਸੁਰਿੰਦਰ ਕੌਰ ਬੈਨੀਵਾਲ

1 ਨਵੰਬਰ, 1937 - 31 ਜੁਲਾਈ, 2025

ਸੈਨਹੋਜ਼ੇ/ਕੈਲੀਫੋਰਨੀਆਂ (ਸਾਡੇ ਲੋਕ) : ਅਮਰੀਕਨ ਸਿੱਖ ਆਗੂ ਅਤੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੇ ਸੀਨੀਅਰ ਸੇਵਾਦਾਰ ਸ੍ਰ. ਸੁਖਦੇਵ ਸਿੰਘ ਬੈਨੀਵਾਲ ਅਤੇ ਸਮੂਹ ਬੈਨੀਵਾਲ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਸਤਿਕਾਰਯੋਗ ਮਾਤਾ ਸੁਰਿੰਦਰ ਕੌਰ ਜੀ ਬੈਨੀਵਾਲ 31 ਜੁਲਾਈ 2025 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ।

ਮਾਤਾ ਸੁਰਿੰਦਰ ਕੌਰ ਜੀ ਬੈਨੀਵਾਲ ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੀ ਸਿੱਖ ਪੰਥ ਦੀ ਨਿਸ਼ਕਾਮ ਧੀ ਸੀ ਜਿਨ੍ਹਾਂ ਦੇ ਪਤੀ ਸਵਰਗਵਾਸੀ ਸ੍ਰ. ਜੀਤ ਸਿੰਘ ਬੈਨੀਵਾਲ ਨੇ ਮੌਜੂਦਾ ਦੌਰ ਦੇ ਸਿੱਖ ਸੰਘਰਸ਼ ਵਿੱਚ ਜ਼ਿੰਦਗੀ ਦਾ ਅਹਿਮ ਹਿਸਾ ਪਾਇਆ ਅਤੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀ ਉਸਾਰੀ ਲਈ ਆਪਣੀ ਸਾਰੀ ਜ਼ਿੰਦਗੀ ਸੇਵਾ 'ਚ ਲਗਾ ਦਿੱਤੀ ਸੀ।

ਇਸੇ ਤਰ੍ਹਾਂ ਮਾਤਾ ਸੁਰਿੰਦਰ ਕੌਰ ਜੀ ਬੈਨੀਵਾਲ ਨੇ ਸਾਰੀ ਜ਼ਿੰਦਗੀ ਸਿੱਖੀ ਦੀ ਮਹਾਨ ਸੇਵਾ ਕੀਤੀ ਅਤੇ ਗੁਰਬਾਣੀ ਦੇ ਮਹਾਂਵਾਕ

**ਗੁਰਮੁਖ ਜਨਮ ਸਵਾਰ ਦਰਗਹ ਚਲਿਆ ॥ ਸਚੀ ਦਰਗਹ ਜਾਇ ਸਚਾ ਪਿੜ ਮਲਿਆ**

ਵਾਹਿਗੁਰੂ ਵਲੋਂ ਬਖਸ਼ੇ ਸਵਾਸਾਂ ਦੀ ਪੂੰਜੀ ਭੋਗਕੇ ਅਕਾਲ ਪੁਰਖ ਦੇ ਚਰਨਾ 'ਚ ਲੀਨ ਹੋ ਗਏ।

ਮਾਤਾ ਸੁਰਿੰਦਰ ਕੌਰ ਜੀ ਬੈਨੀਵਾਲ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬੁਲਾਉਣ ਵਾਲੇ ਸੱਚੇ ਸੁਚੇ ਨੇਕ ਠੰਡੇ ਅਤੇ ਮਿੱਠੇ ਸੁਭਾਅ ਦੇ ਮਾਲਕ ਸਨ। ਉਹ ਆਪਣੇ ਵੱਡੇ ਪ੍ਰਵਾਰ ਨੂੰ ਸਿੱਖੀ ਦੀਆਂ ਕਦਰਾਂ ਕੀਮਤਾਂ ਨਾਲ ਜੋੜਕੇ ਗਏ। ਭਾਵੇਂ ਅੱਜ ਮਾਤਾ ਸੁਰਿੰਦਰ ਕੌਰ ਬੈਨੀਵਾਲ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ।

ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ।

ਉਨ੍ਹਾਂ ਦਾ ਅੰਤਿਮ ਸਸਕਾਰ 9 ਅਗਸਤ ਦਿਨ ਸ਼ਨੀਵਾਰ ਨੂੰ ਸਵੇਰੇ 10.30 ਤੋਂ ਦੁਪਹਿਰ 12.00 ਹੋਵੇਗਾ।

## ਅੰਤਿਮ ਸੰਸਕਾਰ

**9 ਅਗਸਤ, 2025, ਦਿਨ ਸ਼ਨੀਵਾਰ, ਸਵੇਰੇ 10.30 ਤੋਂ ਦੁਪਹਿਰ 12.00 ਵਜੇ**

**SPANGLER MORTUARY**

174 N SUNNYVALE AVENUE, SUNNYVALE, CA

(ADDITIONAL PARKING AT MURPHY PARK) ਵਿਖੇ ਹੋਵੇਗਾ।

## ਸ੍ਰੀ ਸਹਿਜ ਪਾਠ ਦੇ ਭੋਗ

**ਦੁਪਹਿਰ 1.00 ਵਜੇ ਤੋਂ 3.00 ਵਜੇ ਤੱਕ**

**ਗੁਰਦੁਆਰਾ ਸਾਹਿਬ ਸੈਨਹੋਜ਼ੇ**

ਵਿਖੇ ਪਾਏ ਜਾਣਗੇ

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ (408) 421-9463**

ਜਨਮ ਮਰਣ ਦੁਖੁ ਕਟਿਆ ਗੁਰਮੁਖਿ ਸਚਿ ਸਮਾਏ ॥

## ਅਮਰੀਕਾ ਦੀ ਉਘੀ ਸਿੱਖ ਸ਼ਖ਼ਸੀਅਤ ਸ੍ਰ. ਸੁਰਿੰਦਰ ਸਿੰਘ ਧਨੋਆ ਅਤੇ ਸਮੂਹ ਧਨੋਆ ਪਰਿਵਾਰ ਨੂੰ ਭਾਰੀ ਸਦਮਾ

# ਸਤਿਕਾਰਯੋਗ ਮਾਤਾ ਅਜਮੇਰ ਕੌਰ ਧਨੋਆ ਨਹੀਂ ਰਹੇ



ਸਵ. ਮਾਤਾ ਅਜਮੇਰ ਕੌਰ ਧਨੋਆ

16 ਅਪ੍ਰੈਲ, 1928 - 2 ਅਗਸਤ, 2025

ਯੂਨੀਅਨ ਸਿਟੀ/ਕੈਲੀਫੋਰਨੀਆਂ (ਸਾਡੇ ਲੋਕ) : ਅਮਰੀਕਾ ਦੀ ਉਘੀ ਸਿੱਖ ਸ਼ਖ਼ਸੀਅਤ ਜਿਨ੍ਹਾਂ ਨੇ ਸਿੱਖ ਕੌਮ ਅਤੇ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ ਨੂੰ ਆਪਣੇ ਦੁਆਰਾ ਲਿਖੇ, ਡਾਇਰੈਕਟ ਕੀਤੇ ਅਤੇ ਦੁਨੀਆਂ ਭਰ ਦੀਆਂ ਸਟੇਜਾਂ ਉਪਰ ਖੇਡੇ ਗਏ ਉਚ ਪੱਧਰੀ ਇਤਿਹਾਸ ਨੂੰ ਮੋੜ ਦੇਣੇ ਵਾਲੇ ਦਰਜਨਾਂ ਡਰਾਮਿਆਂ ਨਾਲ ਇਤਿਹਾਸ ਨੂੰ ਅਹਿਮ ਦੇਣ ਦਿੱਤੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਤਰ੍ਹਾਂ ਦੇ ਕੌਮੀ ਕੰਮਾਂ ਦੀ ਸੇਵਾ ਹਮੇਸ਼ਾ ਮਾਂ ਦੀ ਗੁੜਤੀ ਨਾਲ ਹੀ ਮਿਲਦੀ ਹੈ ਅਤੇ ਮਾਂ ਦੇ ਚਲੇ ਜਾਣ ਨਾਲ ਇਨਸਾਨ ਦੀ ਜ਼ਿੰਦਗੀ ਦਾ ਇੱਕ ਯੁੱਗ ਖਤਮ ਹੋ ਜਾਂਦਾ ਹੈ।

ਸਤਿਕਾਰਯੋਗ ਮਾਤਾ ਅਜਮੇਰ ਕੌਰ ਜੀ ਧਨੋਆ ਦੇ ਚਲੇ ਜਾਣ ਨਾਲ ਪਰਿਵਾਰ ਨੂੰ ਭਾਰੀ ਸਦਮਾ ਲੱਗਾ। ਮਾਤਾ ਜੀ 2 ਅਗਸਤ 2025, ਦਿਨ ਸ਼ਨੀਵਾਰ ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ। ਮਾਤਾ ਜੀ ਸਾਰੀ ਜ਼ਿੰਦਗੀ ਵਾਹਿਗੁਰੂ ਦਾ ਜਾਪ ਕਰਨ ਵਾਲੇ ਹਰ ਇੱਕ ਨੂੰ ਪਿਆਰ ਮੁਹੱਬਤ ਨਾਲ ਬੁਲਾਉਣ ਵਾਲੇ ਸੱਚੇ ਸੁੱਚੇ ਨੇਕ ਠੰਡੇ ਅਤੇ ਮਿੱਠੇ ਸੁਭਾਅ ਦੇ ਮਾਲਕ ਸਨ।

ਭਾਵੇਂ ਅੱਜ ਮਾਤਾ ਅਜਮੇਰ ਕੌਰ ਧਨੋਆ ਸਾਡੇ ਵਿੱਚ ਨਹੀਂ ਹਨ ਪ੍ਰੰਤੂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਹੀ ਸਾਡੇ ਨਾਲ ਰਹਿਣਗੀਆਂ। ਅਸੀਂ ਅਦਾਰਾ 'ਸਾਡੇ ਲੋਕ' ਦੇ ਸਮੂਹ ਪ੍ਰਵਾਰ ਵਲੋਂ ਵਾਹਿਗੁਰੂ ਜੀ ਦੇ ਚਰਨਾ 'ਚ ਅਰਦਾਸ ਕਰਦੇ ਹਾਂ ਕਿ ਇਸ ਮਹਾਨ ਪਵਿੱਤਰ ਆਤਮਾ ਨੂੰ ਆਪਣੇ ਚਰਨਾ 'ਚ ਨਿਵਾਸ ਬਖਸ਼ੇ ਅਤੇ ਪ੍ਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖਸ਼ੇ। ਉਨ੍ਹਾਂ ਦਾ ਅੰਤਿਮ ਸਸਕਾਰ 9 ਅਗਸਤ ਦਿਨ ਸ਼ਨੀਵਾਰ ਨੂੰ ਸਵੇਰੇ 11.00 ਹੋਵੇਗਾ।

**ਅੰਤਿਮ ਸੰਸਕਾਰ**

**9 ਅਗਸਤ, 2025, ਦਿਨ ਸ਼ਨੀਵਾਰ, ਸਵੇਰੇ 11.00ਵਜੇ**

**FRY MEMORIAL CHAPEL**

550 SOUTH CENTRAL AVE, TRACY, AC

**ਅੰਤਿਮ ਅਰਦਾਸ**

**ਗੁਰਦੁਆਰਾ ਸਾਹਿਬ ਗੁਰ ਨਾਨਕ ਪ੍ਰਕਾਸ਼ ਟਰੇਸੀ**

16101 W GRANT LINE RD. TRACY. CA

ਵਿਖੇ ਹੋਵੇਗੀ।

**ਪ੍ਰਵਾਰ ਨਾਲ ਦੁੱਖ ਸਾਂਝਾ ਕਰਨ ਲਈ : (510) 377-4197**

# Make America Great Again

# ਪ੍ਰੈਜ਼ੀਡੈਂਟ ਟਰੰਪ ਦੀ ਨੀਤੀ ਕਾਰਨ ਵੱਡੀਆਂ ਕੰਪਨੀਆਂ ਮੁੜ ਅਮਰੀਕਾ ਆਉਣ ਲੱਗੀਆਂ

## ਐਪਲ ਵੱਲੋਂ ਅਮਰੀਕਾ 'ਚ $600 ਬਿਲੀਅਨ ਤੋਂ ਵੱਧ ਨਿਵੇਸ਼ ਅਤੇ 20,000 ਨੌਕਰੀਆਂ ਦੇਣ ਦਾ ਦਾ ਐਲਾਨ





ਵਾਸ਼ਿੰਗਟਨ : ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਐਪਲ ਦੇ ਸੀ.ਈ.ਓ. ਟਿਮ ਕੂਕ ਨੇ ਵ੍ਹਾਈਟ ਹਾਊਸ ਵਿੱਚ ਐਲਾਨ ਕੀਤਾ ਕਿ ਐਪਲ ਅਮਰੀਕਾ ਵਿੱਚ ਨਿਰਮਾਣ ਤੇ ਉਤਪਾਦਨ ਲਈ $600 ਬਿਲੀਅਨ ਦਾ ਨਿਵੇਸ਼ ਕਰੇਗਾ। ਇਹ ਫੈਸਲਾ ਉਨ੍ਹਾਂ ਦੇ ਸਪਲਾਈ ਚੇਨ ਨੂੰ ਅਮਰੀਕਾ ਵੱਲ ਲਿਆਉਣ ਅਤੇ ਟੈਰਿਫ ਤੋਂ ਬਚਣ ਦੇ ਉਦੇਸ਼ ਨਾਲ ਕੀਤਾ ਗਿਆ ਹੈ।

ਐਪਲ ਨੇ ਫਰਵਰੀ ਵਿੱਚ ਪਹਿਲਾਂ ਹੀ ਐਲਾਨ ਕੀਤਾ ਸੀ ਕਿ ਉਹ ਅਗਲੇ 4 ਸਾਲਾਂ ਵਿੱਚ ਅਮਰੀਕਾ ਵਿੱਚ $500 ਬਿਲੀਅਨ ਖਰਚ ਕਰੇਗਾ ਅਤੇ 20,000 ਨਵੇਂ ਨੌਕਰੀਆਂ ਦੇਵੇਗਾ। ਟੈਕਸਾਸ ਵਿੱਚ ਨਵੀਂ ਫੈਕਟਰੀ ਖੋਲ੍ਹਣ ਦੀ ਯੋਜਨਾ ਵੀ ਸ਼ਾਮਲ ਹੈ, ਜੋ ਆਰਟੀਫਿਸ਼ਲ ਇੰਟੈਲੀਜੈਂਸ ਲਈ ਮਸ਼ੀਨਾਂ ਬਣਾਏਗੀ।

ਹਾਲਾਂਕਿ ਟਰੰਪ ਵੱਲੋਂ IPhone ਅਮਰੀਕਾ ਵਿੱਚ ਬਣਾਉਣ ਦੀ ਮੰਗ ਬਰਕਰਾਰ ਹੈ, ਇਹ ਨਿਵੇਸ਼ ਇਸ ਮੰਗ ਨੂੰ ਪੂਰਾ ਨਹੀਂ ਕਰਦਾ। ਭਾਵੇਂ ਕੀ Apple ਹਾਲੇ ਵੀ ਆਪਣੀ ਜ਼ਿਆਦਾਤਰ ਉਤਪਾਦਨ ਵਿਧੀ ਚੀਨ, ਵਿਆਤਨਾਮ, ਥਾਈਲੈਂਡ ਅਤੇ ਭਾਰਤ ਵਿੱਚ ਹੀ ਰੱਖ ਰਿਹਾ ਹੈ।

**ਟਰੰਪ ਦੀ ਚੇਤਾਵਨੀ:** ਮਈ ਵਿੱਚ ਰਾਸ਼ਟਰਪਤੀ ਟਰੰਪ ਨੇ ਐਪਲ ਅਤੇ ਹੋਰ ਫੋਨ ਨਿਰਮਾਤਾਵਾਂ ਨੂੰ ਚੇਤਾਵਨੀ ਦਿੱਤੀ ਸੀ ਕਿ ਜੋ ਉਤਪਾਦ ਅਮਰੀਕਾ ਤੋਂ ਬਾਹਰ ਬਣਾਏ ਜਾਣਗੇ, ਉਨ੍ਹਾਂ 'ਤੇ 25% ਟੈਰਿਫ਼ ਲੱਗੇਗਾ। ਐਪਲ ਦੇ CEO ਟਿਮ ਕੂਕ ਨੇ ਟਰੰਪ ਦੇ ਮੱਧ-ਪੂਰਬ ਦੌਰੇ ਵਿੱਚ ਭਾਗ ਨਹੀਂ ਲਿਆ, ਜਿਸ ਨੂੰ ਲੈ ਕੇ ਟਰੰਪ ਨੇ ਨਾਰਾਜ਼ਗੀ ਵੀ ਜਤਾਈ ਸੀ।

**ਮੁੱਖ ਬਿੰਦੂ:**

ਐਪਲ ਦਾ ਨਵਾਂ ਨਿਵੇਸ਼ "Ameircan Manufactuirng Program" ਤਹਿਤ ਕੀਤਾ ਜਾਵੇਗਾ।

- ♦ Apple ਭਾਵੇਂ ਹਾਲੇ ਵੀ ਉਤਪਾਦਨ ਏਸ਼ੀਆ ਵਿੱਚ ਕਰ ਰਿਹਾ ਹੈ।
- ♦ ਐਪਲ ਅਮਰੀਕਾ ਵਿੱਚ 450,000 ਤੋਂ ਵੱਧ ਨੌਕਰੀਆਂ ਦੇਣ ਵਿੱਚ ਸਹਾਇਤਾ ਦਿੰਦਾ ਹੈ।
- ♦ ਭਾਰਤ ਵਿੱਚ ਉਤਪਾਦਨ ਦੇ ਕਾਰਨ ਅੱਜ ਟਰੰਪ ਨੇ ਸਖਤ ਨਾਖੁਸ਼ੀ ਜਤਾਈ।
- ♦ ਬਹੁਤ ਸਾਰੀਆਂ ਪੁਰਾਣੀਆਂ ਨਿਵੇਸ਼ ਘੋਸ਼ਣਾਵਾਂ ਅਜੇ ਤੱਕ ਪੂਰੀਆਂ ਨਹੀਂ ਹੋਈਆਂ।

ਐਪਲ ਦੇ ਤਾਜ਼ਾ ਐਲਾਨ ਨੂੰ ਟਰੰਪ ਪ੍ਰਸ਼ਾਸਨ ਵੱਲੋਂ ਟੈਕਨੋਲੋਜੀ ਉਦਯੋਗ ਵਿੱਚ "ਮੇਕ ਇਨ ਅਮਰੀਕਾ" ਦੇ ਨਵੇਂ ਯੁੱਗ ਵਜੋਂ ਦੇਖਿਆ ਜਾ ਰਿਹਾ ਹੈ।

# SUCI ਸਮਰਥਕਾਂ ਨੇ ਅਮਰੀਕਾ ਦੇ 25 ਪ੍ਰਤੀਸ਼ਤ ਟੈਰਿਫ ਲਗਾਉਣ ਦੇ ਫੈਸਲੇ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤਾ







ਕੋਲਕਾਤਾ : ਸੋਸ਼ਲਿਸਟ ਯੂਨਿਟੀ ਸੈਂਟਰ ਆਫ਼ ਇੰਡੀਆ (ਕਮਿਊਨਿਸਟ) ਦੇ ਸਮਰਥਕਾਂ ਨੇ ਬੁੱਧਵਾਰ ਨੂੰ ਕੋਲਕਾਤਾ ਵਿੱਚ ਭਾਰਤ ਤੋਂ ਆਉਣ ਵਾਲੇ ਸਮਾਨ 'ਤੇ ਜੁਰਮਾਨੇ ਅਤੇ 25 ਪ੍ਰਤੀਸ਼ਤ ਟੈਰਿਫ ਲਗਾਉਣ ਦੇ ਅਮਰੀਕੀ ਫੈਸਲੇ ਦੇ ਵਿਰੋਧ ਵਿੱਚ ਇੱਕ ਪੁਤਲਾ ਸਾੜਿਆ।

# ਪ੍ਰਿਯੰਬਦਾ ਜੈਕੁਮਾਰ ਦੁਆਰਾ ਲਿਖੀ ਗਈ 'The Man Who Fed India' ਕਿਤਾਬ ਕੀਤੀ







ਨਵੀਂ ਦਿੱਲੀ, 06 ਅਗਸਤ (ਏਐਨਆਈ): ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਨਵੀਂ ਦਿੱਲੀ ਦੇ ਇੰਡੀਆ ਇੰਟਰਨੈਸ਼ਨਲ ਸੈਂਟਰ ਵਿਖੇ ਪ੍ਰਿਯੰਬਦਾ ਜੈਕੁਮਾਰ ਦੁਆਰਾ ਲਿਖੀ ਗਈ ਕਿਤਾਬ 'ਦਿ ਮੈਨ ਹੂ ਫੈੱਡ ਇੰਡੀਆ' ਰਿਲੀਜ਼ ਕੀਤੀ ਗਈ। ਇਹ ਕਿਤਾਬ ਐਮ.ਐਸ. ਸਵਾਮੀਨਾਥਨ (ਜੀਵਨੀ) ਦੀ ਵਿਸਤ੍ਰਿਤ ਰਚਨਾ ਪੇਸ਼ ਕਰਦੀ ਹੈ। ਸਿੰਗਾਪੁਰ-ਅਧਾਰਤ ਲੇਖਕ ਪ੍ਰਿਯੰਬਦਾ ਜੈਕੁਮਾਰ ਦੁਆਰਾ ਡਾ. ਸਵਾਮੀਨਾਥਨ ਦੀ ਜੀਵਨੀ, 'ਦ ਮੈਨ ਹੂ ਫੈੱਡ ਇੰਡੀਆ' ਦੇ ਲਾਂਚ ਮੌਕੇ ਬੋਲਦਿਆਂ, ਸ਼੍ਰੀ ਗਾਂਧੀ ਨੇ ਕਿਹਾ ਕਿ ਦੇਸ਼ ਦੇ ਸਾਰੇ ਕਿਸਾਨਾਂ ਦੁਆਰਾ ਜਾਣੇ ਜਾਂਦੇ ਤਿੰਨ ਅੰਗਰੇਜ਼ੀ ਸ਼ਬਦ 'ਸਵਾਮੀਨਾਥਨ ਕਿਸਾਨ ਕਮਿਸ਼ਨ' ਹਨ। ਸ਼੍ਰੀ ਗਾਂਧੀ ਨੇ ਕਿਹਾ ਕਿ ਡਾ. ਸਵਾਮੀਨਾਥਨ ਦੁਨੀਆ ਭਰ ਦੇ ਵਿਗਿਆਨੀਆਂ ਦੇ ਸਮੂਹ ਦਾ ਹਿੱਸਾ ਰਹੇ ਹਨ ਜੋ ਮਨੁੱਖਤਾ ਅਤੇ ਪ੍ਰਮਾਣੂ ਨਿਸ਼ਸਤਰੀਕਰਨ ਲਈ ਖੜ੍ਹੇ ਸਨ। ਸ਼੍ਰੀ ਗਾਂਧੀ ਨੇ ਕਿਹਾ, 'ਖੇਤੀਬਾੜੀ ਲਈ ਸਵਾਮੀਨਾਥਨ ਦੇ ਕੰਮਾਂ ਨੇ ਭਾਰਤ ਦੇ ਕਿਸਾਨਾਂ ਨੂੰ ਜੀਵਨ ਦਿੱਤਾ ਹੈ।' ਕਿਤਾਬ ਰਿਲੀਜ਼ ਤੋਂ ਬਾਅਦ ਹੋਈ ਇੱਕ ਪੈਨਲ ਚਰਚਾ ਵਿੱਚ, ਸੰਸਦ ਮੈਂਬਰ ਸ਼ਸ਼ੀ ਥਰੂਰ ਨੇ ਕਿਹਾ ਕਿ ਡਾ. ਸਵਾਮੀਨਾਥਨ ਨੇ ਉਸ ਸਮੇਂ ਕੰਮ ਕੀਤਾ ਜਦੋਂ ਬੰਗਾਲ ਦੇ ਅਕਾਲ ਦੀਆਂ ਯਾਦਾਂ ਦੇਸ਼ ਨੂੰ ਸਤਾਉਂਦੀਆਂ ਸਨ। ਇਸ ਮੌਕੇ ਡੀਐਮਕੇ ਸੰਸਦ ਮੈਂਬਰ ਕਨੀਮੋਝੀ ਕਰੁਣਾਨਿਧੀ, ਅਰਥਸ਼ਾਸਤਰੀ ਮੋਂਟੇਕ ਸਿੰਘ ਆਹਲੂਵਾਲੀਆ ਅਤੇ ਹੋਰ ਨਵੀਂ ਦਿੱਲੀ ਦੇ ਇੰਡੀਆ ਇੰਟਰਨੈਸ਼ਨਲ ਸੈਂਟਰ ਵਿਖੇ ਪ੍ਰਿਯੰਬਦਾ ਜੈਕੁਮਾਰ ਦੁਆਰਾ ਲਿਖੀ ਗਈ 'ਦਿ ਮੈਨ ਹੂ ਫੈੱਡ ਇੰਡੀਆ' ਕਿਤਾਬ ਰਿਲੀਜ਼ ਸਮਾਰੋਹ ਮੌਕੇ ਮੌਜੂਦ ਸਨ।

# ਟਰੰਪ ਨੇ ਭਾਰਤ ’ਤੇ ਟੈਰਿਫ ਵਧਾ ਕੇ 50 ਫ਼ੀਸਦ ਕੀਤਾ

## ਰੂਸੀ ਤੇਲ ਖ਼ਰੀਦਣ ਤੋਂ ਖਿਝੇ ਅਮਰੀਕੀ ਰਾਸ਼ਟਰਪਤੀ ਨੇ ਕਾਰਜਕਾਰੀ ਹੁਕਮ ’ਤੇ ਕੀਤੇ ਦਸਤਖ਼ਤ

ਵਾਸ਼ਿੰਗਟਨ : ਭਾਰਤ ਵੱਲੋਂ ਰੂਸ ਤੋਂ ਲਗਾਤਾਰ ਕੱਚਾ ਤੇਲ ਖ਼ਰੀਦੇ ਜਾਣ ਤੋਂ ਨਾਰਾਜ਼ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਜੁਰਮਾਨੇ ਵਜੋਂ ਭਾਰਤ ਤੋਂ ਆਉਣ ਵਾਲੀਆਂ ਵਸਤਾਂ ’ਤੇ ਟੈਰਿਫ 25 ਫ਼ੀਸਦ ਤੋਂ ਵਧਾ ਕੇ 50 ਫ਼ੀਸਦ ਕਰ ਦਿੱਤਾ ਹੈ। ਅਮਰੀਕਾ ਵੱਲੋਂ ਟੈਰਿਫ ਦੁੱਗਣਾ ਕੀਤੇ ਜਾਣ ਨਾਲ ਕੱਪੜਾ, ਸਮੁੰਦਰੀ ਉਤਪਾਦ ਅਤੇ ਚਮੜੇ ਨਾਲ ਬਣੀਆਂ ਵਸਤਾਂ ਦੀ ਬਰਾਮਦ ਜਿਹੇ ਖੇਤਰਾਂ ’ਤੇ ਮਾੜਾ ਅਸਰ ਪੈਣ ਦੀ ਸੰਭਾਵਨਾ ਹੈ। ਟਰੰਪ ਨੇ ਕਾਰਜਕਾਰੀ ਹੁਕਮਾਂ ’ਤੇ ਬੁੱਧਵਾਰ ਨੂੰ ਦਸਤਖ਼ਤ ਕੀਤੇ ਜਿਸ ’ਚ ਕਿਹਾ ਗਿਆ ਕਿ ਰੂਸੀ ਫੈਡਰੇਸ਼ਨ ਦੀ ਸਰਕਾਰ ਵੱਲੋਂ ਅਮਰੀਕਾ ਲਈ ਪੈਦਾ ਹੋ ਰਹੇ ਖ਼ਤਰਿਆਂ ਦੇ ਹੱਲ ਲਈ ਭਾਰਤ ’ਤੇ 25 ਫ਼ੀਸਦ ਵਾਧੂ ਟੈਰਿਫ ਲਗਾਇਆ ਜਾਂਦਾ ਹੈ। ਇਸ ਹੁਕਮ ਮਗਰੋਂ ਕੁਝ ਵਸਤਾਂ ਨੂੰ ਛੱਡ ਕੇ ਭਾਰਤੀ ਵਸਤਾਂ ’ਤੇ ਟੈਰਿਫ ਵਧ ਕੇ 50 ਫ਼ੀਸਦ ਹੋ ਜਾਵੇਗਾ। ਪਹਿਲਾਂ ਲਾਇਆ ਗਿਆ 25 ਫ਼ੀਸਦ ਟੈਰਿਫ 7 ਅਗਸਤ ਤੋਂ ਲਾਗੂ ਹੋ ਜਾਵੇਗਾ ਜਦਕਿ 25 ਫ਼ੀਸਦ ਵਾਧੂ ਟੈਰਿਫ 21 ਦਿਨਾਂ ਜਾਂ 27 ਅਗਸਤ ਤੋਂ ਅਮਲ ’ਚ ਆਵੇਗਾ। ਹੁਕਮ ’ਚ ਟਰੰਪ ਨੇ ਕਿਹਾ, “ਮੈਨੂੰ ਲਗਦਾ ਹੈ ਕਿ ਭਾਰਤ ਸਰਕਾਰ ਇਸ ਵੇਲੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਰੂਸੀ ਫੈਡਰੇਸ਼ਨ ਤੋਂ ਤੇਲ ਦਰਾਮਦ ਕਰ ਰਹੀ ਹੈ। ਇਸ ਲਈ ਅਮਰੀਕੀ ਅਮਰੀਕੀ ਖੇਤਰ ’ਚ ਆਉਣ ਵਾਲੀਆਂ ਭਾਰਤੀ ਵਸਤਾਂ ’ਤੇ 25 ਫ਼ੀਸਦ ਵਾਧੂ ਟੈਰਿਫ ਲੱਗੇਗਾ।” ਭਾਰਤ ਆਪਣੀ ਜ਼ਰੂਰਤ ਦਾ ਕਰੀਬ 88 ਫ਼ੀਸਦ ਕੱਚਾ ਤੇਲ ਵਿਦੇਸ਼ ਤੋਂ ਖ਼ਰੀਦਦਾ ਹੈ। ਭਾਰਤ 2021 ਤੱਕ ਦਰਾਮਦ ਕੁੱਲ ਕੱਚੇ ਤੇਲ ਦਾ ਮੁਸ਼ਕਲ ਨਾਲ 0.2 ਫ਼ੀਸਦ ਹੀ ਰੂਸ ਤੋਂ ਖ਼ਰੀਦਦਾ ਸੀ ਪਰ ਰੂਸ ਹੁਣ ਭਾਰਤ ਦਾ ਸਭ ਤੋਂ ਵੱਡਾ ਤੇਲ ਸਪਲਾਇਰ ਹੈ। ਭਾਰਤ ਨੇ ਜੁਲਾਈ ’ਚ ਰੋਜ਼ਾਨਾ ਕਰੀਬ 50 ਲੱਖ ਬੈਰਲ ਤੇਲ ਦੀ ਦਰਾਮਦ ਕੀਤੀ ਸੀ ਜਿਸ ’ਚੋਂ 16 ਲੱਖ ਬੈਰਲ ਤੇਲ ਰੂਸ ਤੋਂ ਆਇਆ ਸੀ। ਨਵੇਂ ਟੈਰਿਫ ਮਗਰੋਂ ਅਮਰੀਕਾ ’ਚ ਭਾਰਤ ਅਤੇ ਬ੍ਰਾਜ਼ੀਲ ਦੀਆਂ ਵਸਤਾਂ ’ਤੇ ਸਭ ਤੋਂ ਵੱਧ 50 ਫ਼ੀਸਦ ਟੈਰਿਫ ਲੱਗੇਗਾ। ਅਜਿਹੇ ’ਚ ਭਾਰਤ ਦੇ ਮੁਕਾਬਲੇ ਵਾਲੇ ਮੁਲਕ ਅਮਰੀਕੀ ਬਾਜ਼ਾਰ ’ਚ ਬਿਹਤਰ ਸਥਿਤੀ ’ਚ ਹੋਣਗੇ ਕਿਉਂਕਿ ਉਨ੍ਹਾਂ ਦਾ ਟੈਰਿਫ ਘੱਟ ਹੈ। ਇਹ ਐਲਾਨ ਅਜਿਹੇ ਸਮੇਂ ਹੋਇਆ ਹੈ ਜਦੋਂ ਅਮਰੀਕੀ ਟੀਮ ਪ੍ਰਸਤਾਵਿਤ ਦੁਵੱਲੇ ਵਪਾਰ ਸਮਝੌਤੇ ਲਈ ਛੇਵੇਂ ਗੇੜ ਦੀ ਵਾਰਤਾ ਲਈ 25 ਅਗਸਤ ਨੂੰ ਭਾਰਤ ਆਉਣ ਵਾਲੀ ਹੈ। ਜਿਨ੍ਹਾਂ ਖੇਤਰਾਂ ਨੂੰ ਇਸ ਟੈਰਿਫ ਨਾਲ ਨੁਕਸਾਨ ਹੋਵੇਗਾ, ਉਨ੍ਹਾਂ ’ਚ ਕੱਪੜਾ, ਰਤਨ ਤੇ ਗਹਿਣੇ, ਝੀਂਗਾ, ਚਮੜਾ ਤੇ ਜੁੱਤੇ, ਪਸ਼ੂ ਉਤਪਾਦ, ਰਸਾਇਣ ਅਤੇ ਬਿਜਲੀ ਤੇ ਮਸ਼ੀਨਰੀ ਸ਼ਾਮਲ ਹਨ। ਅਮਰੀਕਾ ਸਨਅਤੀ ਵਸਤਾਂ, ਆਟੋਮੋਬਾਈਲਜ਼, ਖੇਤੀ ਤੇ ਡੇਅਰੀ ਵਸਤਾਂ ਉਪਰ ਡਿਊਟੀ ’ਚ ਛੋਟ ਚਾਹੁੰਦਾ ਹੈ ਅਤੇ ਮਾਹਿਰਾਂ ਮੁਤਾਬਕ ਇਹ ਛੋਟ ਲੈਣ ਲਈ ਹੀ ਅਮਰੀਕਾ ਨੇ ਭਾਰਤ ’ਤੇ ਟੈਰਿਫ ਵਧਾ ਕੇ ਦਬਾਅ ਬਣਾਇਆ ਹੈ।



## ਅਮਰੀਕਾ ਦਾ ਫ਼ੈਸਲਾ ਅਨਿਆਂਪੂਰਨ, ਨਾਜਾਇਜ਼ ਤੇ ਗੈਰ-ਵਾਜਬ : ਭਾਰਤ

ਨਵੀਂ ਦਿੱਲੀ : ਭਾਰਤ ਨੇ ਭਾਰਤੀ ਵਸਤਾਂ ’ਤੇ 25 ਫੀਸਦ ਵਾਧੂ ਟੈਰਿਫ ਲਗਾਉਣ ਦੇ ਅਮਰੀਕਾ ਦੇ ਫੈਸਲੇ ਨੂੰ ‘ਅਨਿਆਂਪੂਰਨ, ਨਾਜਾਇਜ਼ ਅਤੇ ਗੈਰ-ਵਾਜਬ’ ਕਰਾਰ ਦਿੱਤਾ ਹੈ। ਨਵੀਂ ਦਿੱਲੀ ਦੀ ਇਹ ਤਿੱਖੀ ਪ੍ਰਤੀਕਿਰਿਆ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਇੱਕ ਕਾਰਜਕਾਰੀ ਆਦੇਸ਼ ’ਤੇ ਦਸਤਖ਼ਤ ਕਰਨ ਤੋਂ ਕੁੱਝ ਦੇਰ ਬਾਅਦ ਆਈ, ਜਿਸ ਤਹਿਤ ਪੱਛਮੀ ਪਾਬੰਦੀਆਂ ਦੇ ਬਾਵਜੂਦ ਭਾਰਤ ਵੱਲੋਂ ਰੂਸ ਤੋਂ ਕੱਚੇ ਤੇਲ ਦੀ ਖਰੀਦ ਜਾਰੀ ਰੱਖਣ ਦਾ ਹਵਾਲਾ ਦਿੰਦਿਆਂ ਨਵਾਂ ਟੈਰਿਫ ਲਾਉਣ ਦੀ ਗੱਲ ਕਹੀ ਗਈ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤ ਆਪਣੇ ਕੌਮੀ ਹਿੱਤਾਂ ਦੀ ਰਾਖੀ ਲਈ ਹਰ ਜ਼ਰੂਰੀ ਕਦਮ ਚੁੱਕੇਗਾ। ਬਿਆਨ ਅਨੁਸਾਰ, ‘ਅਸੀਂ ਦੁਹਰਾਉਂਦੇ ਹਾਂ ਕਿ ਇਹ ਕਦਮ ਅਨਿਆਂਪੂਰਨ, ਨਾਜਾਇਜ਼ ਅਤੇ ਗੈਰ-ਵਾਜਬ ਹੈ।’ ਇਸ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਨੇ ਹਾਲ ਹੀ ਦੇ ਸਮੇਂ ਵਿੱਚ ਰੂਸ ਤੋਂ ਭਾਰਤ ਦੇ ਤੇਲ ਦਰਾਮਦ ਨੂੰ ‘ਨਿਸ਼ਾਨਾ’ ਬਣਾਇਆ ਹੈ। ਮੰਤਰਾਲੇ ਨੇ ਕਿਹਾ, ‘ਅਸੀਂ ਪਹਿਲਾਂ ਹੀ ਇਨ੍ਹਾਂ ਮੁੱਦਿਆਂ ’ਤੇ ਆਪਣੀ ਸਥਿਤੀ ਸਪੱਸ਼ਟ ਕਰ ਚੁੱਕੇ ਹਾਂ, ਜਿਸ ਵਿੱਚ ਇਹ ਤੱਥ ਵੀ ਸ਼ਾਮਲ ਹੈ ਕਿ ਸਾਡੀ ਦਰਾਮਦ ਬਾਜ਼ਾਰ ਕਾਰਕਾਂ ’ਤੇ ਆਧਾਰਤ ਹੈ ਅਤੇ ਭਾਰਤ ਦੇ 1.4 ਅਰਬ ਲੋਕਾਂ ਦੀ ਊਰਜਾ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਸਮੁੱਚੇ ਉਦੇਸ਼ ਨਾਲ ਕੀਤੀ ਗਈ ਹੈ।’ ਬਿਆਨ ਅਨੁਸਾਰ, ‘ਇਸ ਲਈ ਇਹ ਬਹੁਤ ਹੀ ਮੰਦਭਾਗਾ ਹੈ ਕਿ ਅਮਰੀਕਾ ਨੇ ਭਾਰਤ ’ਤੇ ਅਜਿਹੇ ਕਦਮਾਂ ਲਈ ਵਾਧੂ ਟੈਰਿਫ ਲਾਉਣ ਦਾ ਫੈਸਲਾ ਕੀਤਾ ਹੈ, ਜੋ ਕਈ ਹੋਰ ਦੇਸ਼ ਵੀ ਆਪਣੇ ਕੌਮੀ ਹਿੱਤਾਂ ਦੇ ਮੱਦੇਨਜ਼ਰ ਚੁੱਕ ਰਹੇ ਹਨ।’

## ਗੁ: ਸੰਤ ਸਾਗਰ ਸੈਕਰਾਮੈਂਟੋ ਵੱਲੋਂ ਫਿਊਨਲ ਘਰ ਬਣਾਉਣ ਲਈ ਜਗਾ ਖਰੀਦ ਕੇ ਤਿਆਰੀ ਸ਼ੁਰੂ ਕਰਨ ਦਾ ਉਦਘਾਟਨ ਕੀਤਾ

### ਹਰ ਧਰਮ ਦੀਆਂ ਸਭਾ ਸੁਸਾਇਟੀਆਂ ਨੇ ਕੀਤੀ ਹਮਾਇਤ : ਰਾਗੀ ਸੁਖਵਿੰਦਰ ਸਿੰਘ ਨਾਗੋਕੇ

ਸੈਕਰਾਮੈਂਟੋ, ਬੀਤੇ ਦਿਨ ਗੁ: ਸੰਤ ਸਾਗਰ ਸੈਕਰਾਕਮੈਂਟੋ ਵੱਲੋ, ਸਮਾਜ ਸੇਵਕ ਬਾਬਾ ਸੱਜਣ ਨਿਊਯਾਰਕ ਵਾਲਿਆਂ ਅਤੇ ਸ੍ਰ: ਨਰਿੰਦਰਪਾਲ ਸਿੰਘ ਹੁੰਦਲ ਦੇ ਸਹਿਯੋਗ ਨਾਲ ਸੈਕਰਾਮੈਂਟੋ ਹਰ ਧਰਮ ਦੀਆਂ ਸੰਗਤਾਂ, ਸਭਾ ਸੋਸਾਇਟੀਆਂ, ਹਿੰਦੂ ਜਥੇਬੰਦੀਆਂ ਅਤੇ ਗੁਰੂ ਘਰਾਂ ਵੱਲੋਂ ਪੂਰਨ ਸਹਿਯੋਗ ਨਾਲ “ਸੰਤ ਸਾਗਰ ਫਿਊਨਲ ਘਰ” ਬਣਾਉਣ ਲਈ 2445 Albatross Way,Sacramento ਵਿਖੇ ਬਿਲਡਿੰਗ ਖਰੀਦ ਕੇ ਫਿਊਨਲ ਘਰ ਦੀ ਤਿਆਰੀ ਕਰਨ ਦਾ ਉਦਘਾਟਨ ਕੀਤਾ ਗਿਆ ਹੈ। ਜਦੋਂ ਵੀ ਕੋਈ ਪ੍ਰਾਣੀ ਚੜ੍ਹਾਈ ਕਰਦਾ ਸੀ, ਕਈ ਪਰਿਵਾਰਾਂ ਦੀ ਸਸਕਾਰ ਕਰਨ ਦੀ ਸਮਰਥਾ ਨਹੀਂ ਸੀ ਹੁੰਦੀ। ਬਾਬਾ ਸੱਜਣ ਸਿੰਘ ਜੀ ਨੇ ਇਹ ਬਹੁਤ ਪਰਉਪਕਾਰੀ ਕਾਰਜ ਕਰਕੇ ਹਰ ਧਰਮ ਦੇ ਲੋਕਾਂ ਲਈ ਇਹ “ਫਿਊਨਲ ਘਰ” ਬਣਾਉਣ ਲਈ ਸ਼ਲਾਘਾਯੋਗ ਉਪਰਾਲਾ ਕੀਤਾ, ਨਾ ਸਮਰਥਾ ਵਾਲੇ ਲੋਕਾਂ ਲਈ “ਫਰੀ ਸੇਵਾ” ਵੀ ਹੋਵੇਗੀ। ਸਾਨੂੰ ਸਾਰਿਆਂ ਨੂੰ ਵੱਧ ਤੋਂ ਵੱਧ ਇਸ ਫਿਊਨਲ ਘਰ ਦੀ ਤਿਆਰੀ ਵਿੱਚ ਮਾਨਵਤਾ ਦੀ ਸੇਵਾ ਕਰਕੇ ਆਪਣਾ ਯੋਗਦਾਨ ਪਾਉਣ ਲਈ ਫਰਜ਼ ਨਿਭਾਉਣ ਜੀ।



## ਟਰੰਪ ਦੇ ਦੂਤ ਵੱਲੋਂ ਪੂਤਿਨ ਨਾਲ ਮੁਲਾਕਾਤ

### ਰੂਸ-ਯੂਕਰੇਨ ਸ਼ਾਂਤੀ ਵਾਰਤਾ ਲਈ ਅਮਰੀਕੀ ਅਲਟੀਮੇਟਮ ਖ਼ਤਮ ਹੋਣ ਤੋਂ ਪਹਿਲਾਂ ਹੋਈ ਮੀਟਿੰਗ; ਰੂਸ ਵੱਲੋਂ ਗੱਲਬਾਤ ਉਸਾਰੂ ਤੇ ਲਾਹੇਵੰਦ ਰਹਿਣ ਦਾ ਦਾਅਵਾ

ਮਾਸਕੋ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਇਥੇ ਮੁਲਾਕਾਤ ਕੀਤੀ। ਇਹ ਮੀਟਿੰਗ ਵ ?ਹਾਈਟ ਹਾਊਸ ਵੱਲੋਂ ਰੂਸ ਨੂੰ ਯੂਕਰੇਨ ਨਾਲ ਸ਼ਾਂਤੀ ਸਮਝੌਤਾ ਕਰਨ ਲਈ ਦਿੱਤੀ ਗਈ ਸਮਾਂ-ਸੀਮਾ ਤੋਂ ਕੁਝ ਦਿਨ ਪਹਿਲਾਂ ਹੋ ਰਹੀ ਹੈ। ਅਮਰੀਕਾ ਨੇ ਚਿਤਾਵਨੀ ਦਿੱਤੀ ਹੈ ਕਿ ਸ਼ਾਂਤੀ ਸਮਝੌਤਾ ਨਾ ਕਰਨ ’ਤੇ ਰੂਸ ਨੂੰ ਗੰਭੀਰ ਆਰਥਿਕ ਸਜ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਸ ਨਾਲ ਰੂਸ ਤੋਂ ਤੇਲ ਖ਼ਰੀਦਣ ਵਾਲੇ ਮੁਲਕ ਵੀ ਪ੍ਰਭਾਵਿਤ ਹੋ ਸਕਦੇ ਹਨ। ਰੂਸ ਲਈ ਟਰੰਪ ਦੇ ਅਲਟੀਮੇਟਮ ਦੀ ਮਿਆਦ ਸ਼ੁੱਕਰਵਾਰ ਨੂੰ ਖ਼ਤਮ ਹੋ ਰਹੀ ਹੈ। ਪੂਤਿਨ ਦੇ ਵਿਦੇਸ਼ ਮਾਮਲਿਆਂ ਬਾਰੇ ਸਲਾਹਕਾਰ ਯੂਰੀ ਉਸ਼ਾਕੋਵ ਨੇ ਦੱਸਿਆ ਕਿ ਪੂਤਿਨ ਅਤੇ ਵਿਟਕੌਫ ਵਿਚਾਲੇ ਲਗਪਗ ਤਿੰਨ ਘੰਟੇ ਮੀਟਿੰਗ ਚੱਲੀ। ਯੂਕਰੇਨ ਸੰਕਟ ’ਤੇ ਕੇਂਦਰਿਤ ਇਹ ਮੀਟਿੰਗ ਕਾਫੀ ਉਸਾਰੂ ਅਤੇ ਲਾਹੇਵੰਦ ਰਹੀ। ਇਸ ਦੌਰਾਨ ਵਾਸ਼ਿੰਗਟਨ ਅਤੇ ਮਾਸਕੋ ਵਿਚਾਲੇ ਸਬੰਧ ਸੁਧਾਰਨ ਦੀ ਦਿਸ਼ਾ ਵਿੱਚ ਵੀ ਗੱਲਬਾਤ ਕੀਤੀ ਗਈ। ਇਸ ਤੋਂ ਪਹਿਲਾਂ ਵਿਟਕੌਫ ਰੂਸੀ ਰਾਸ਼ਟਰਪਤੀ ਦੇ ਨਿਵੇਸ਼ ਅਤੇ ਆਰਥਿਕ ਸਹਿਯੋਗ ਬਾਰੇ ਸਫ਼ੀਰ ਕਿਰਿਲ ਦਮਿਤਰੀਏਵ ਨਾਲ ਸਵੇਰੇ ਘੁੰਮਦੇ ਨਜ਼ਰ ਆਏ। ਦਮਿਤਰੀਏਵ ਨੇ ਰੂਸ ਅਤੇ ਯੂਕਰੇਨ ਦੇ ਵਫ਼ਦਾਂ ਵਿਚਾਲੇ ਇਸਤਾਂਬੁਲ ’ਚ ਹੋਈ ਤਿੰਨ ਗੇੜ ਦੀ ਵਾਰਤਾ ਦੌਰਾਨ ਅਹਿਮ ਭੂਮਿਕਾ ਨਿਭਾਈ ਸੀ। ਉਧਰ ਟਰੰਪ ਨੇ ਰੂਸ ਵੱਲੋਂ ਯੂਕਰੇਨ ਦੇ ਸ਼ਹਿਰੀ ਇਲਾਕਿਆਂ ’ਤੇ ਹਮਲੇ ਤੇਜ਼ ਕਰਨ ’ਤੇ ਆਪਣੀ ਨਾਰਾਜ਼ਗੀ ਜਤਾਈ ਹੈ। ਰੂਸੀ ਫੌਜ ਨੇ ਬੀਤੀ ਰਾਤ ਯੂਕਰੇਨ ਦੇ ਜ਼ਾਪੋਰਿਜ਼ੀਆ ਖ਼ਿੱਤੇ ’ਚ ਇਕ ਥਾਂ ’ਤੇ ਹਮਲਾ ਕੀਤਾ ਜਿਸ ’ਚ ਦੋ ਵਿਅਕਤੀ ਹਲਾਕ ਅਤੇ 12 ਹੋਰ ਜ਼ਖ਼ਮੀ ਹੋ ਗਏ। ਰੂਸੀ ਫੌਜ ਨੇ ਇਲਾਕੇ ’ਚ ਚਾਰ ਵਾਰ ਹਮਲੇ ਕੀਤੇ। ਯੂਕਰੇਨੀ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ‘ਟੈਲੀਗ੍ਰਾਮ’ ’ਤੇ ਇਕ ਪੋਸਟ ’ਚ ਕਿਹਾ, “ਇਸ ਹਮਲੇ ਦੀ ਕੋਈ ਤੁੱਕ ਨਹੀਂ ਸੀ ਅਤੇ ਇਹ ਸਿਰਫ਼ ਡਰਾਉਣ-ਧਮਕਾਉਣ ਲਈ ਜ਼ੁਲਮ ਸੀ।”



## ਭਾਜਪਾ ਵੱਲੋਂ ਕਾਂਗਰਸ ਦੀ ਅਗਵਾਈ ਵਾਲੀ ਹਿਮਾਚਲ ਪ੍ਰਦੇਸ਼ ਸਰਕਾਰ ਖ਼ਿਲਾਫ਼ ਪ੍ਰਦਰਸ਼ਨ







ਮੰਡੀ : ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਜੈ ਰਾਮ ਠਾਕੁਰ, ਸੂਬਾ ਭਾਜਪਾ ਪ੍ਰਧਾਨ ਰਾਜੀਵ ਬਿੰਦਲ, ਸੂਬਾ ਭਾਜਪਾ ਇੰਚਾਰਜ ਸ਼੍ਰੀਕਾਂਤ ਸ਼ਰਮਾ ਨੇ ਮੰਡੀ ਵਿੱਚ ਕਾਂਗਰਸ ਦੀ ਅਗਵਾਈ ਵਾਲੀ ਸੂਬਾ ਸਰਕਾਰ ਖ਼ਿਲਾਫ਼ ਇੱਕ ਵਿਰੋਧ ਰੈਲੀ ਦੀ ਅਗਵਾਈ ਕੀਤੀ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਇਕ ਹੋਰ ਸੌਗਾਤ ! ਕਰਤਵਯ ਭਵਨ ਦਾ ਕੀਤਾ ਉਦਘਾਟਨ





ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੈਂਟਰਲ ਵਿਸਟਾ ਪ੍ਰੋਜੈਕਟ ਅਧੀਨ ਕੇਂਦਰੀ ਸਕੱਤਰੇਤ ਦੀਆਂ ਇਮਾਰਤਾਂ ਵਿੱਚੋਂ ਇੱਕ ਕਰਤਵਯ ਭਵਨ-3 ਦਾ ਉਦਘਾਟਨ ਕੀਤਾ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਕੇਂਦਰੀ ਰਿਹਾਇਸ਼ ਅਤੇ ਸ਼ਹਿਰੀ ਵਿਕਾਸ ਮੰਤਰੀ ਮਨੋਹਰ ਲਾਲ ਵੀ ਸਨ। ਇਸ ਦੌਰਾਨ ਮੋਦੀ ਨੇ ਕਰਤਵਯ ਭਵਨ ਦਾ ਦੌਰਾ ਕੀਤਾ ਅਤੇ ਇੱਥੇ ਬਣੀਆਂ ਸਾਰੀਆਂ ਸਹੂਲਤਾਂ ਦਾ ਨਿਰੀਖਣ ਵੀ ਕੀਤਾ।

ਇਹ ਇਮਾਰਤ ਪ੍ਰਧਾਨ ਮੰਤਰੀ ਦੇ ਆਧੁਨਿਕ, ਕੁਸ਼ਲ ਅਤੇ ਨਾਗਰਿਕ-ਕੇਂਦ੍ਰਿਤ ਸ਼ਾਸਨ ਦੇ ਦ੍ਰਿਸ਼ਟੀਕੋਣ ਪ੍ਰਤੀ ਸਰਕਾਰ ਦੀ ਵਚਨਬੱਧਤਾ ਵਿੱਚ ਇੱਕ ਮਹੱਤਵਪੂਰਨ ਪ੍ਰਾਪਤੀ ਹੈ। ਕਰਤਵਯ ਭਵਨ-3 ਸੈਂਟਰਲ ਵਿਸਟਾ ਪ੍ਰੋਜੈਕਟ ਦਾ ਇੱਕ ਹਿੱਸਾ ਹੈ। ਇਹ ਕਈ 'ਕਾਮਨ ਸੈਂਟਰਲ ਸਕੱਤਰੇਤ' ਇਮਾਰਤਾਂ ਵਿੱਚੋਂ ਪਹਿਲੀ ਹੈ ਜਿਸਦਾ ਉਦੇਸ਼ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣਾ ਅਤੇ ਚੁਸਤ ਸ਼ਾਸਨ ਨੂੰ ਸਮਰੱਥ ਬਣਾਉਣਾ ਹੈ। ਇਹ ਪ੍ਰੋਜੈਕਟ ਸਰਕਾਰ ਦੇ ਵਿਆਪਕ ਪ੍ਰਸ਼ਾਸਕੀ ਸੁਧਾਰ ਏਜੰਡੇ ਦਾ ਪ੍ਰਤੀਕ ਹੈ। ਮੰਤਰਾਲਿਆਂ ਨੂੰ ਇਕੱਠੇ ਕਰਕੇ ਅਤੇ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨੂੰ ਅਪਣਾ ਕੇ, ਕਾਮਨ ਸੈਂਟਰਲ ਸਕੱਤਰੇਤ ਅੰਤਰ-ਮੰਤਰਾਲਾ ਤਾਲਮੇਲ ਵਿੱਚ ਸੁਧਾਰ ਕਰੇਗਾ, ਨੀਤੀ ਲਾਗੂ ਕਰਨ ਵਿੱਚ ਤੇਜ਼ੀ ਲਿਆਵੇਗਾ ਅਤੇ ਇੱਕ ਜਵਾਬਦੇਹ ਪ੍ਰਸ਼ਾਸਕੀ ਵਾਤਾਵਰਣ ਨੂੰ ਉਤਸ਼ਾਹਿਤ ਕਰੇਗਾ। ਵਰਤਮਾਨ ਵਿੱਚ, ਕਈ ਮੁੱਖ ਮੰਤਰਾਲੇ 1950 ਅਤੇ 1970 ਦੇ ਦਹਾਕੇ ਦੌਰਾਨ ਬਣੀਆਂ ਸ਼ਾਸਤਰੀ ਭਵਨ, ਕ੍ਰਿਸ਼ੀ ਭਵਨ, ਉਦਯੋਗ ਭਵਨ ਅਤੇ ਨਿਰਮਾਣ ਭਵਨ ਵਰਗੀਆਂ ਪੁਰਾਣੀਆਂ ਇਮਾਰਤਾਂ ਤੋਂ ਕੰਮ ਕਰ ਰਹੇ ਹਨ ਜੋ ਹੁਣ ਢਾਂਚਾਗਤ ਤੌਰ 'ਤੇ ਪੁਰਾਣੀਆਂ ਅਤੇ ਅਕੁਸ਼ਲ ਹਨ। ਨਵੀਆਂ ਇਮਾਰਤਾਂ ਮੁਰੰਮਤ ਅਤੇ ਰੱਖ-ਰਖਾਅ ਦੀਆਂ ਲਾਗਤਾਂ ਨੂੰ ਘਟਾਉਣਗੀਆਂ, ਉਤਪਾਦਕਤਾ ਵਧਾਉਣਗੀਆਂ, ਸਟਾਫ ਦੀਆਂ ਸਹੂਲਤਾਂ ਵਿੱਚ ਸੁਧਾਰ ਕਰਨਗੀਆਂ।

ਕਰਤਵਯ ਭਵਨ-3 ਨੂੰ ਦਿੱਲੀ ਵਿੱਚ ਫੈਲੇ ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਨੂੰ ਇਕੱਠਾ ਕਰਕੇ ਕੁਸ਼ਲਤਾ, ਨਵੀਨਤਾ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਨ ਲਈ ਤਿਆਰ ਕੀਤਾ ਗਿਆ ਹੈ। ਇਹ ਇੱਕ ਅਤਿ-ਆਧੁਨਿਕ ਦਫ਼ਤਰੀ ਕੰਪਲੈਕਸ ਹੈ ਜੋ ਲਗਭਗ 1.5 ਲੱਖ ਵਰਗ ਮੀਟਰ ਦੇ ਖੇਤਰ ਵਿੱਚ ਫੈਲਿਆ ਹੋਇਆ ਹੈ ਜਿਸ ਵਿੱਚ ਦੋ ਬੇਸਮੈਂਟ ਅਤੇ ਸੱਤ ਮੰਜ਼ਿਲਾਂ (ਜ਼ਮੀਨੀ ਮੰਜ਼ਿਲ + 6 ਮੰਜ਼ਿਲਾਂ) ਹਨ। ਇਸ ਵਿੱਚ ਗ੍ਰਹਿ ਮੰਤਰਾਲੇ, ਵਿਦੇਸ਼ ਮੰਤਰਾਲੇ, ਪੇਂਡੂ ਵਿਕਾਸ ਮੰਤਰਾਲੇ, MSME, ਅਮਲਾ ਅਤੇ ਸਿਖਲਾਈ ਵਿਭਾਗ, ਪੈਟਰੋਲੀਅਮ ਅਤੇ ਕੁਦਰਤੀ ਗੈਸ ਵਿਭਾਗ ਅਤੇ ਪ੍ਰਮੁੱਖ ਵਿਗਿਆਨਕ ਸਲਾਹਕਾਰ (PSA) ਦੇ ਦਫ਼ਤਰ ਹੋਣਗੇ।

ਕਰਤਵਯ ਭਵਨ ਵਿੱਚ ਪਾਣੀ ਦੀਆਂ ਜ਼ਰੂਰਤਾਂ ਦੇ ਇੱਕ ਵੱਡੇ ਹਿੱਸੇ ਨੂੰ ਪੂਰਾ ਕਰਨ ਲਈ ਇਲਾਜ ਕੀਤੇ ਅਤੇ ਮੁੜ ਵਰਤੋਂ ਵਿੱਚ ਆਉਣ ਵਾਲੇ ਗੰਦੇ ਪਾਣੀ ਦੀ ਇੱਕ ਪ੍ਰਣਾਲੀ ਹੈ। ਇਮਾਰਤ ਨੂੰ 30 ਪ੍ਰਤੀਸ਼ਤ ਘੱਟ ਊਰਜਾ ਦੀ ਵਰਤੋਂ ਕਰਨ ਲਈ ਤਿਆਰ ਕੀਤਾ ਗਿਆ ਹੈ। ਇਮਾਰਤ ਨੂੰ ਠੰਡਾ ਰੱਖਣ ਅਤੇ ਬਾਹਰੀ ਸ਼ੋਰ ਨੂੰ ਘਟਾਉਣ ਲਈ ਇਸ ਵਿੱਚ ਵਿਸ਼ੇਸ਼ ਸ਼ੀਸ਼ੇ ਦੀਆਂ ਖਿੜਕੀਆਂ ਹਨ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਕਾਰਤਵਯ ਪਾਠ ਵਿਖੇ ਕਾਰਤਵਯ ਭਵਨ ਦੇ ਉਦਘਾਟਨ ਦੌਰਾਨ ਇੱਕ ਤਸਵੀਰ ਵਿੱਚ।

# ਐਨਡੀਏ ਦੀ ਮੀਟਿੰਗ 'ਚ 'ਅਪਰੇਸ਼ਨ ਸਿੰਧੂਰ' ਸਬੰਧੀ ਮਤਾ ਪਾਸ

- ਪਹਿਲਗਾਮ ਹਮਲੇ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ;
- ਹਥਿਆਰਬੰਦ ਬਲਾਂ ਵੱਲੋਂ ਦਿਖਾਏ ਜਜ਼ਬੇ ਨੂੰ ਸਲਾਮ ਕੀਤਾ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਇੱਥੇ ਸੰਸਦ ਭਵਨ ਵਿੱਚ ਹੋਈ ਕੌਮੀ ਜਮਹੂਰੀ ਗੱਠਜੋੜ (ਐੱਨਡੀਏ) ਦੇ ਸੰਸਦ ਮੈਂਬਰਾਂ ਦੀ ਮੀਟਿੰਗ ਵਿੱਚ 'ਅਪਰੇਸ਼ਨ ਸਿੰਧੂਰ' ਸਬੰਧੀ ਮਤਾ ਪਾਸ ਕੀਤਾ ਗਿਆ। ਐੱਨਡੀਏ ਸੰਸਦ ਮੈਂਬਰਾਂ ਨੇ 'ਅਪਰੇਸ਼ਨ ਸਿੰਧੂਰ' ਅਤੇ 'ਅਪਰੇਸ਼ਨ ਮਹਾਦੇਵ' ਦੌਰਾਨ ਭਾਰਤੀ ਹਥਿਆਰਬੰਦ ਬਲਾਂ ਵੱਲੋਂ ਦਿਖਾਏ ਜਜ਼ਬੇ ਨੂੰ ਸਲਾਮ ਕੀਤਾ। ਇਸ ਦੇ ਨਾਲ ਹੀ ਇੱਕ ਮਤੇ ਰਾਹੀਂ 22 ਅਪਰੈਲ ਨੂੰ ਪਹਿਲਗਾਮ ਅਤਿਵਾਦੀ ਹਮਲੇ ਵਿੱਚ ਮਾਰੇ ਗਏ 26 ਨਾਗਰਿਕਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ 1998 ਵਿੱਚ ਐੱਨਡੀਏ ਦੇ ਗਠਨ ਮਗਰੋਂ ਇਸਦਾ ਸਫ਼ਰ ਸਫਲਤਾਵਾਂ ਨਾਲ ਭਰਿਆ ਰਿਹਾ ਹੈ।

ਐੱਨਡੀਏ ਸੰਸਦੀ ਦਲ ਦੀ ਪਿਛਲੀ ਮੀਟਿੰਗ 2 ਜੁਲਾਈ, 2024 ਨੂੰ ਹੋਈ ਸੀ। ਲਗਪਗ ਇੱਕ ਸਾਲ ਤੋਂ ਵੱਧ ਸਮੇਂ ਮਗਰੋਂ ਹੋਈ ਇਸ ਮੀਟਿੰਗ ਵਿੱਚ ਮੋਦੀ ਨੂੰ ਪਹਿਲਗਾਮ ਅਤਿਵਾਦੀ ਹਮਲੇ ਮਗਰੋਂ ਭਾਰਤ ਦੀ ਸੰਗਠਿਤ ਜਵਾਬੀ ਪ੍ਰਤੀਕਿਰਿਆ ਵਜੋਂ ਉਨ੍ਹਾਂ ਦੀ 'ਅਸਾਧਾਰਨ ਅਗਵਾਈ' ਲਈ ਸਨਮਾਨਿਤ ਕੀਤਾ ਗਿਆ। ਆਪਣੇ ਸੰਬੋਧਨ ਵਿੱਚ ਮੋਦੀ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਉਨ੍ਹਾਂ ਦੀ ਵਜ਼ਾਰਤ ਵਿੱਚ ਸਭ ਤੋਂ ਲੰਬੇ ਸਮੇਂ ਤੱਕ ਟਿਕੇ ਰਹਿਣ ਵਾਲੇ ਮੰਤਰੀ ਬਣ ਗਏ ਹਨ। ਉਨ੍ਹਾਂ ਨੇ 1998 ਵਿੱਚ ਐੱਨਡੀਏ ਦੇ ਸਹਿਬਾਨੀ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਨੂੰ ਪਛਾੜ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ, "ਇਹ ਤਾਂ ਬਸ ਸ਼ੁਰੂਆਤ ਹੈ।"

ਐੱਨਡੀਏ ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 'ਤੇ ਨਿਸ਼ਾਨਾ ਸਾਧਿਆ। ਸੁਪਰੀਮ ਕੋਰਟ ਨੇ ਇੱਕ ਦਿਨ ਪਹਿਲਾਂ ਸਾਬਕਾ ਕਾਂਗਰਸ ਪ੍ਰਧਾਨ ਨੂੰ ਉਨ੍ਹਾਂ ਦੇ ਇਸ ਦਾਅਵੇ ਲਈ ਫਟਕਾਰ ਲਗਾਈ ਸੀ ਕਿ ਮੌਜੂਦਾ ਸਰਕਾਰ ਵਿੱਚ ਚੀਨ ਭਾਰਤੀ ਜ਼ਮੀਨ 'ਤੇ ਕਬਜ਼ਾ ਕਰ ਰਿਹਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਹੁਲ ਗਾਂਧੀ ਭਾਰਤ ਦੀ ਜ਼ਮੀਨ ਤੇ ਸੁਰੱਖਿਆ ਬਾਰੇ ਬਚਗਾਨਾ ਤੇ ਬੇਬੁਨਿਆਦ ਟਿੱਪਣੀਆਂ ਕਰਦੇ ਹਨ ਅਤੇ ਅਦਾਲਤ ਨੇ ਉਨ੍ਹਾਂ ਨੂੰ ਸਬਕ ਸਿਖਾਇਆ ਹੈ।

# ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਨਵੀਂ ਦਿੱਲੀ ਵਿੱਚ ਪਰਿਵਾਰ ਸਮੇਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਕੀਤੀ ਮੁਲਾਕਾਤ



ਨਵੀਂ ਦਿੱਲੀ : ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਆਪਣੇ ਪਰਿਵਾਰ ਸਮੇਤ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲੇ।

ਇਹ ਦੌਰਾ ਸ਼ਿੰਦੇ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਤੋਂ ਕੁਝ ਘੰਟੇ ਬਾਅਦ ਹੋਇਆ, ਜਿੱਥੇ ਉਨ੍ਹਾਂ ਨੇ ਦੁਹਰਾਇਆ ਕਿ ਮਹਾਂਯੁਤੀ ਗਠਜੋੜ, ਜਿਸ ਵਿੱਚ ਭਾਜਪਾ, ਸ਼ਿਵ ਸੈਨਾ (ਸ਼ਿੰਦੇ ਧੜਾ) ਅਤੇ ਅਜੀਤ ਪਵਾਰ ਦੀ ਅਗਵਾਈ ਵਾਲੀ ਐਨਸੀਪੀ ਸ਼ਾਮਲ ਹੈ, ਮਹਾਰਾਸ਼ਟਰ ਵਿੱਚ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਇਕੱਠੇ ਲੜਨਗੇ।

ਸ਼ਿੰਦੇ ਨੇ ਕਿਹਾ ਕਿ ਇਹ ਇੱਕ ਸ਼ਿਸ਼ਟਾਚਾਰ ਮੁਲਾਕਾਤ ਸੀ ਅਤੇ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਪਿਛਲੀ ਮਹਾਰਾਸ਼ਟਰ ਵਿਕਾਸ ਅਘਾੜੀ ਸਰਕਾਰ ਦੌਰਾਨ ਰੁਕੇ ਹੋਏ ਪ੍ਰੋਜੈਕਟਾਂ ਦੀ ਪ੍ਰਗਤੀ ਦੇ ਨਾਲ-ਨਾਲ ਮਹਾਰਾਸ਼ਟਰ ਵਿੱਚ ਭਾਰੀ ਬਾਰਿਸ਼ ਦੇ ਪ੍ਰਭਾਵ ਬਾਰੇ ਵੀ ਜਾਣਕਾਰੀ ਦਿੱਤੀ। ਮੁੱਖ ਮੰਤਰੀ ਨੇ ਕਿਹਾ ਕਿ ਮੀਟਿੰਗ ਦੌਰਾਨ ਉਨ੍ਹਾਂ ਨੇ ਪ੍ਰਧਾਨ ਮੰਤਰੀ ਨੂੰ ਰਾਏਗੜ੍ਹ ਜ਼ਿਲ੍ਹੇ ਦੇ ਸਹਿਯਾਦਰੀ ਪਹਾੜੀ ਲੜੀ ਵਿੱਚ ਸਥਿਤ ਇੱਕ ਆਦਿਵਾਸੀ ਪਿੰਡ ਇਰਸ਼ਾਲਵਾੜੀ ਵਿੱਚ ਜ਼ਮੀਨ ਖਿਸਕਣ ਕਾਰਨ ਹੋਈ ਸਥਿਤੀ ਤੋਂ ਜਾਣੂ ਕਰਵਾਇਆ।

# ਰੱਖੜੀ: ਭੈਣ-ਭਰਾ ਦੇ ਪਿਆਰ ਦਾ ਪਵਿੱਤਰ ਤਿਉਹਾਰ



ਰੱਖੜੀ (ਰਾਖੀ) ਭੈਣ-ਭਰਾ ਦੇ ਅਟੁੱਟ ਰਿਸ਼ਤੇ ਦੀ ਪਹਿਚਾਨ ਹੈ। ਇਹ ਸਿਰਫ਼ ਧਾਰਮਿਕ ਰੀਤ ਨਹੀਂ, ਸਗੋਂ ਮਨੁੱਖੀ ਜਜਬਾਤਾਂ ਅਤੇ ਮੋਹ-ਮਮਤਾ ਦਾ ਪ੍ਰਤੀਕ ਹੈ। ਭੈਣ ਆਪਣੇ ਭਰਾ ਦੀ ਕਲਾਈ 'ਤੇ ਰਾਖੀ ਬੰਨ੍ਹ ਕੇ ਉਸ ਦੀ ਲੰਮੀ ਉਮਰ, ਖੁਸ਼ਹਾਲੀ ਅਤੇ ਰੱਖਿਆ ਦੀ ਅਰਦਾਸ ਕਰਦੀ ਹੈ, ਜਦਕਿ ਭਰਾ ਉਸ ਦੀ ਰਾਖੀ ਦੀ ਲਾਜ ਰੱਖਣ ਦਾ ਵਾਅਦਾ ਕਰਦਾ ਹੈ।

ਇਸ ਤਿਉਹਾਰ ਉੱਤੇ ਭਾਈਚਾਰੇ, ਪਿਆਰ, ਸਨਮਾਨ ਤੇ ਜੁੜਾਅ ਦੀ ਭਾਵਨਾ ਉਤਸ਼ਾਹਤ ਹੁੰਦੀ ਹੈ। ਲੰਮੇ ਸਮੇਂ ਤੋਂ ਇੱਕ ਕਵਿਤਾ ਲੋਕਾਂ ਦੇ ਦਿਲਾਂ ਨੂੰ ਛੋਹਦੀ ਆ ਰਹੀ ਹੈ:

**ਭੈਣ ਕੋਲੋਂ ਵੀਰ ਵੇ ਬੰਨ੍ਹ ਲੈ ਰਾਖੀ,**
**ਸੋਹਣੇ ਜਿਹੇ ਗੁੱਟ 'ਤੇ ਸਜਾ ਲੈ ਰਾਖੀ,**
**ਏਸੇ 'ਚ ਗੂੰਜਦਾ ਪਿਆਰ ਭੈਣ ਦਾ,**
**ਏਸੇ 'ਚ ਚਮਕਦਾ ਸਨਮਾਨ ਭੈਣ ਦਾ...**

ਇਸ ਤਿਉਹਾਰ ਦੀ ਮਹੱਤਤਾ, ਰਿਸ਼ਤਿਆਂ ਦੀ ਖੁਸ਼ਬੂ ਵਾਂਗ ਵਿਖਰੀ ਹੋਈ ਹੈ। ਰਾਖੀ ਸਿਰਫ਼ ਸਜਾਵਟੀ ਧਾਗਾ ਨਹੀਂ, ਸਗੋਂ ਵਿਸ਼ਵਾਸ, ਸਨੇਹ ਤੇ ਸਾਥ ਦਾ ਪ੍ਰਤੀਕ ਹੈ।

ਅੱਜ ਕੱਲ੍ਹ ਰਾਖੀ ਦੀ ਰੀਤ ਕਈ ਥਾਵਾਂ 'ਤੇ ਪ੍ਰੰਪਰਾਵਾਂ ਤੋਂ ਦੂਰ ਹੋ ਰਹੀ ਹੈ। ਕਈ ਵਾਰੀ ਇਹ ਪਿਆਰ ਦੀ ਥਾਂ ਕੇਵਲ ਲੈਣ-ਦੇਣ ਦੀ ਰਸਮ ਬਣ ਕੇ ਰਹਿ ਜਾਂਦੀ ਹੈ। ਪਰ ਅਜੇ ਵੀ ਅਜਿਹੀਆਂ ਭੈਣਾਂ ਹਨ ਜੋ ਰਾਖੀ ਦੀ ਮੂਲ ਆਤਮਕਤਾ ਨੂੰ ਜਿਉਂਦਾ ਰੱਖਦੀਆਂ ਹਨ।

ਇਤਿਹਾਸਕ ਤੌਰ 'ਤੇ ਵੀ ਰਾਖੀ ਦੇ ਕਈ ਪ੍ਰਮਾਣ ਮਿਲਦੇ ਹਨ। ਚਿਤੌੜ ਦੀ ਮਹਾਰਾਣੀ ਕਰਨਾਵਤੀ ਨੇ ਹਮਾਇੂੰ ਨੂੰ ਰਾਖੀ ਭੇਜੀ ਸੀ। ਉਸਨੇ ਰਾਣੀ ਦੀ ਇੱਜ਼ਤ ਬਚਾਉਣ ਲਈ ਆਪਣੀ ਫੌਜ ਭੇਜੀ, ਭਾਵੇਂ ਥੋੜੀ ਦੇਰ ਨਾਲ।

ਹਾਂ, ਇਹ ਕਥਾ ਭਾਰਤੀ ਇਤਿਹਾਸ ਅਤੇ ਰੱਖੀ ਦੇ ਤਿਉਹਾਰ ਨਾਲ ਜੁੜੀ ਹੋਈ ਇੱਕ ਪ੍ਰਸਿੱਧ ਲੋਕ ਕਥਾ ਹੈ।

ਕਹਾਣੀ ਮੁਤਾਬਕ, ਗੁਜਰਾਤ ਦੀ ਰਾਣੀ ਕਰਨਾਵਤੀ ਨੇ ਮੁਗਲ ਬਾਦਸ਼ਾਹ ਹਮਾਇੂੰ ਨੂੰ ਰਾਖੀ ਭੇਜੀ ਸੀ, ਜਦੋਂ ਚਿੱਤੌੜ ਦੇ ਸੁਲਤਾਨ ਬਹਾਦੁਰ ਸ਼ਾਹ ਨੇ ਉਸ ਦੀ ਰਿਆਸਤ 'ਤੇ ਹਮਲਾ ਕਰ ਦਿੱਤਾ ਸੀ। ਰਾਖੀ ਦੇ ਰਿਸ਼ਤੇ ਨੂੰ ਨਿਭਾਉਂਦੇ ਹੋਏ, ਹਮਾਇੂੰ ਨੇ ਰਾਣੀ ਦੀ ਰੱਖਿਆ ਲਈ ਆਪਣੀ ਫੌਜ ਭੇਜਣ ਦਾ ਫੈਸਲਾ ਕੀਤਾ।

ਹਾਲਾਂਕਿ ਇਤਿਹਾਸਕ ਤੱਥਾਂ ਅਨੁਸਾਰ ਹਮਾਇੂੰ ਦੇ ਪਹੁੰਚਣ ਤੱਕ ਚਿੱਤੌੜ 'ਤੇ ਹਮਲਾ ਹੋ ਚੁੱਕਾ ਸੀ ਅਤੇ ਰਾਣੀ ਨੇ ਜਹਿਰ ਖਾਕੇ ਆਤਮਹੱਤਿਆਂ ਕਰ ਲਈ ਸੀ। ਫਿਰ ਵੀ, ਇਹ ਕਥਾ ਰੱਖੀ ਦੇ ਪਵਿੱਤਰ ਰਿਸ਼ਤੇ ਨੂੰ ਦਰਸਾਉਂਦੀ ਹੈ ਅਤੇ ਭਾਰਤੀ ਸਭਿਆਚਾਰ ਵਿੱਚ ਇਸਨੂੰ ਭਾਈਚਾਰੇ, ਭਰੋਸੇ ਅਤੇ ਇੱਜ਼ਤ ਦੀ ਮਿਸਾਲ ਵਜੋਂ ਦੇਖਿਆ ਜਾਂਦਾ ਹੈ।

ਸਿਰਫ਼ ਰਿਸ਼ਤੇਦਾਰ ਹੀ ਨਹੀਂ, ਕਈ ਥਾਵਾਂ 'ਤੇ ਮੂੰਹ-ਬੋਲੇ ਰਿਸ਼ਤੇ ਵੀ ਰਾਖੀ ਰਾਹੀਂ ਬਣਦੇ ਹਨ। ਪਰ ਇਹ ਰਿਸ਼ਤੇ ਸੱਚਾਈ, ਆਦਰ ਅਤੇ ਪਿਆਰ ਦੀ ਮਜ਼ਬੂਤ ਨੀਂਹ 'ਤੇ ਖੜੇ ਹੋਣੇ ਚਾਹੀਦੇ ਹਨ।

ਅੰਤ ਵਿੱਚ, ਇਹ ਕਹਿਣਾ ਉਚਿਤ ਹੋਏਗਾ ਕਿ ਰਾਖੀ ਇਕ ਰਿਵਾਇਤੀ ਪਵਿੱਤਰ ਤਿਉਹਾਰ ਹੋਣ ਦੇ ਨਾਲ ਨਾਲ ਸਾਫ ਦਿਲੀ, ਭਰੋਸੇ ਅਤੇ ਆਪਸੀ ਮੋਹ ਦਾ ਪ੍ਰਤੀਕ ਹੈ। ਰੱਖੜੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਰਿਸ਼ਤੇ ਸਿਰਫ਼ ਲਫ਼ਜ਼ਾਂ ਜਾਂ ਰੀਤਾਂ ਨਾਲ ਨਹੀਂ, ਸਗੋਂ ਦਿਲੋਂ ਬਣਦੇ ਹਨ। ਅੱਜ ਦੇ ਇਸ ਮਹਾਨ ਪਵਿੱਤਰ ਦਿਨ ਉਪਰ ਅਸੀਂ ਸਾਡੇ ਲੋਕ ਦੇ ਸਮੂਹ ਪ੍ਰਵਾਰ ਵਲੋਂ ਲੱਖ ਲੱਖ ਵਧਾਈ ਦੇਦੇ ਹਾਂ।

**-ਸਤਨਾਮ ਸਿੰਘ ਖਾਲਸਾ**









# ਲੈਂਡ ਪੂਲਿੰਗ ਨੀਤੀ 'ਤੇ ਹਾਈਕੋਰਟ ਨੇ ਲਾਈ ਰੋਕ

ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਦੀ 'ਲੈਂਡ ਪੂਲਿੰਗ ਨੀਤੀ' ਖ਼ਿਲਾਫ਼ ਦਾਇਰ ਪਟੀਸ਼ਨ 'ਤੇ ਸੁਣਵਾਈ ਦੌਰਾਨ ਇਸ ਨੀਤੀ ਵਿਚਲੀਆਂ ਕੁਤਾਹੀਆਂ ਦਾ ਸਖ਼ਤ ਨੋਟਿਸ ਲਿਆ ਹੈ। ਐਡਵੋਕੇਟ ਗੁਰਦੀਪ ਸਿੰਘ ਫਾਗਲਾ ਵੱਲੋਂ ਹਾਈਕੋਰਟ 'ਚ ਲੋਕ ਹਿਤ ਪਟੀਸ਼ਨ ਦਾਇਰ ਕੀਤੀ ਗਈ ਹੈ।

ਹਾਈਕੋਰਟ ਨੇ ਅੱਜ ਪਟੀਸ਼ਨ 'ਤੇ ਮੁਢਲੀ ਸੁਣਵਾਈ ਮਗਰੋਂ ਮਾਮਲਾ ਭਲਕ ਤੱਕ ਟਾਲ ਦਿੱਤਾ ਹੈ। ਗ਼ੌਰਤਲਬ ਹੈ ਕਿ ਸਮੁੱਚੇ ਪੰਜਾਬ ਦੀ ਨਜ਼ਰ ਇਸ ਪਟੀਸ਼ਨ 'ਤੇ ਲੱਗੀ ਹੋਈ ਹੈ।


ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਦਾਇਰ ਪਟੀਸ਼ਨ 'ਚ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਨੂੰ 'ਭੌਂ ਪ੍ਰਾਪਤੀ ਐਕਟ 2013' ਦੀ ਉਲੰਘਣਾ ਕਿਹਾ ਗਿਆ ਹੈ। ਅੱਜ ਪੰਜਾਬ ਸਰਕਾਰ ਦੀ ਤਰਫ਼ੋਂ ਐਡਵੋਕੇਟ ਜਨਰਲ ਮਨਿੰਦਰਜੀਤ ਸਿੰਘ ਬੇਦੀ ਪੇਸ਼ ਹੋਏ। ਵੇਰਵਿਆਂ ਅਨੁਸਾਰ ਹਾਈ ਕੋਰਟ ਨੇ ਪਟੀਸ਼ਨ 'ਤੇ ਬਹਿਸ ਦੌਰਾਨ ਇਸ ਗੱਲ ਦਾ ਨੋਟਿਸ ਲਿਆ ਕਿ ਜ਼ਮੀਨ ਪ੍ਰਾਪਤੀ ਤੋਂ ਪਹਿਲਾਂ ਪੰਜਾਬ ਸਰਕਾਰ ਵੱਲੋਂ ਕਿਸੇ ਤਰ੍ਹਾਂ ਦੀ 'ਸੋਸ਼ਲ ਇੰਪੈਕਟ ਅਸੈਸਮੈਂਟ' (ਸਮਾਜਿਕ ਪ੍ਰਭਾਵ ਮੁਲੰਕਣ) ਨਹੀਂ ਕਰਾਈ ਗਈ।

ਐਡਵੋਕੇਟ ਜਨਰਲ ਨੇ ਪੱਖ ਰੱਖਦਿਆਂ ਕਿਹਾ ਕਿ ਪੰਜਾਬ ਸਰਕਾਰ ਫ਼ ?ਲਹਾਲ ਜ਼ਮੀਨ ਨੂੰ ਇਕੱਠਾ ਕਰ ਰਹੀ ਹੈ। ਅਦਾਲਤ 'ਚ ਪਟੀਸ਼ਨਰ ਨੇ ਕਿਹਾ ਕਿ ਲੈਂਡ ਪੂਲਿੰਗ ਨੀਤੀ ਨਾਲ ਜੋ ਜ਼ਮੀਨ 'ਤੇ ਨਿਰਭਰ ਤਬਕੇ ਪ੍ਰਭਾਵਿਤ ਹੋਣੇ ਹਨ, ਉਸ ਦੇ ਮੱਦੇਨਜ਼ਰ ਕੋਈ ਸਰਵੇ ਨਹੀਂ ਕੀਤਾ ਗਿਆ ਅਤੇ ਇਸ ਨੀਤੀ ਨਾਲ ਪੈਣ ਵਾਲੇ ਸਮਾਜਿਕ ਪ੍ਰਭਾਵਾਂ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ ਹੈ। ਭਲਕੇ ਇਸ ਮਾਮਲੇ 'ਤੇ ਮੁੜ ਸੁਣਵਾਈ ਹੋਵੇਗੀ।



# ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਨੂੰ ਬੰਨ੍ਹ ਕੇ ਰੱਖਦੈ ਰੱਖੜੀ ਦਾ ਤਿਉਹਾਰ





ਰੱਖੜੀ ਭੈਣ-ਭਰਾ ਦੇ ਪ੍ਰੇਮ ਦਾ ਪ੍ਰਤੀਕ ਅਜਿਹਾ ਤਿਉਹਾਰ ਹੈ, ਜੋ ਸਦੀਆਂ ਤੋਂ ਆਪਣੀ ਮਹਾਨਤਾ ਲੈ ਕੇ ਚੱਲਿਆ ਆ ਰਿਹਾ ਹੈ। ਸਮੇਂ-ਸਮੇਂ 'ਤੇ ਹਾਲਾਤ ਦੇ ਅਨੁਸਾਰ ਇਸ ਦੇ ਰੂਪ ਵਿਚ ਤਬਦੀਲੀਆਂ ਚਾਹੇ ਆ ਗਈਆਂ ਹੋਣ, ਪਰ ਇਹ ਇੱਕ ਅਜਿਹਾ ਬੰਧਨ ਹੈ ਜੋ ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਨੂੰ ਬੰਨ੍ਹ ਕੇ ਰੱਖਦਾ ਹੈ। ਇਸ ਤਿਉਹਾਰ ਨੂੰ ਦਿਨ ਅਤੇ ਮਹੀਨਿਆਂ ਦੇ ਹਿਸਾਬ ਨਾਲ ਪੂਰਨਮਾਸ਼ੀ ਵਾਲੇ ਦਿਨ ਮਨਾਇਆ ਜਾਂਦਾ, ਇਸ ਲਈ ਤਾਂ ਇਸ ਨੂੰ ਰੱਖੜ ਪੁੰਨਿਆ ਵੀ ਆਖਿਆ ਜਾਂਦਾ।

ਇਸ ਤਿਉਹਾਰ ਦਾ ਆਰੰਭ ਕਦੋਂ ਹੋਇਆ, ਇਸ ਬਾਰੇ ਕਹਿਣਾ ਕਠਿਨ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਮੱਧਕਾਲੀ ਰਾਜਪੂਤ ਇਸਤਰੀਆਂ ਯੁੱਧ ਦੇ ਮੈਦਾਨ ਵਿਚ ਜਾ ਰਹੇ ਆਪਣੇ ਪਤੀਆਂ ਨੂੰ ਤਿਲਕ ਲਾ ਕੇ ਰੱਖਿਆ ਸੂਤਰ ਬੰਨ੍ਹਿਆ ਕਰਦੀਆਂ ਸਨ। ਲੇਕਿਨ ਅੱਜ-ਕੱਲ੍ਹ ਜ਼ਿਆਦਾ ਭੈਣਾਂ ਹੀ ਭਰਾਵਾਂ ਨੂੰ ਰੱਖਿਆ ਬੰਧਨ ਬੰਨ੍ਹਦੀਆਂ ਹਨ। ਇਹ ਤਿਉਹਾਰ ਬੇਸਹਾਰਿਆਂ ਦਾ ਸਹਾਰਾ ਤੇ ਸ਼ਕਤੀ ਦੇਣ ਵਾਲਾ ਰਿਹਾ ਹੈ। ਕਿਉਂਕਿ ਇਤਿਹਾਸ ਵਿਚ ਕਈ ਪੰਨੇ ਅਜਿਹੀਆਂ ਘਟਨਾਵਾਂ ਨਾਲ ਭਰੇ ਪਏ ਹਨ ਜਿੱਥੇ ਸ਼ਕਤੀਸ਼ਾਲੀ ਸ਼ਾਸਕਾਂ ਨੇ ਰੱਖਿਆ ਸੂਤਰ ਬੰਨ੍ਹਾ ਕੇ ਨਿਰਬਲਾਂ ਦੀ ਰੱਖਿਆ ਕਰਨ ਦਾ ਮਹਾਨ ਕੰਮ ਕੀਤਾ। ਇਨ੍ਹਾਂ ਪੰਨਿਆਂ ਵਿਚ ਕਰਮਵਤੀ ਦੀ ਰੱਖੜੀ ਦੀ ਆਪਣੀ ਵਿਸ਼ੇਸ਼ ਚਮਕ-ਦਮਕ ਹੈ। ਜਿਸ ਨੇ ਇੱਕ ਮੁਗਲ ਸ਼ਾਸਕ ਨੂੰ ਬੰਧਨਾਂ ਵਿਚ ਬੰਨ੍ਹ ਕੇ ਆਪਣੀ ਰੱਖਿਆ ਕਰਵਾਈ।

ਉਸ ਸਮੇਂ ਦਾ ਮੁਗਲ ਬਾਦਸ਼ਾਹ ਹਮਾਯੂੰ ਭਾਰਤੀ ਇਸਤਰੀਆਂ ਦੇ ਇਨ੍ਹਾਂ ਬੰਧਨਾਂ ਦਾ ਮੁੱਲ ਅਤੇ ਉਨ੍ਹਾਂ ਦੀ ਇੱਜਤ ਕਰਨਾ ਜਾਣਦਾ ਸੀ। ਉਸ ਨੇ ਆਪਣੇ ਪਿਤਾ ਦੇ ਦੁਸ਼ਮਣ ਰਾਣਾ ਸਾਂਗਾ ਦੀ ਪਤਨੀ ਕਰਮਵਤੀ ਕੋਲੋਂ ਰੱਖੜੀ ਬੰਨ੍ਹਵਾ ਕੇ ਉਸ ਨੂੰ ਭੈਣ ਬਣਾਇਆ। ਇਸ ਸਮੇਂ ਭਾਵੇਂ ਉਹ ਆਪਣੀਆਂ ਮੁਸੀਬਤਾਂ ਵਿਚ ਘਿਰਿਆ ਹੋਇਆ ਸੀ, ਇਨ੍ਹਾਂ ਮੁਸੀਬਤਾਂ ਦੀ ਪ੍ਰਵਾਹ ਨਾ ਕਰਦਾ ਹੋਇਆ ਉਹ ਆਪਣੀ ਭੈਣ ਦੀ ਇੱਜਤ ਬਚਾਉਣ ਲਈ ਚੱਲ ਪਿਆ। ਇਸ ਕਰਤੱਵ ਪਾਲਣ ਵਿਚ ਉਹ ਆਪਣਾ ਰਾਜ ਵੀ ਗੁਆ ਬੈਠਾ। ਅਜਿਹੇ ਹੋਰ ਵੀ ਅਨੇਕਾਂ ਸਬੂਤ ਹਨ, ਜੋ ਇਸ ਤਿਉਹਾਰ ਦੇ ਮਹੱਤਵ ਨੂੰ ਵਧਾਉਂਦੇ ਹਨ। ਭਾਰਤ ਨੂੰ ਅੰਗਰੇਜਾਂ ਦੀ ਗੁਲਾਮੀ ਤੋਂ ਅਜਾਦ ਕਰਾਉਣ ਵੇਲੇ ਵੀ ਰੱਖੜੀ ਦਾ ਆਪਣਾ ਅਲੱਗ ਹੀ ਮਹੱਤਵ ਰਿਹਾ, ਕਿਉਂਕਿ ਦੇਸ਼ ਦੇ ਜਵਾਨਾਂ ਨੇ ਭਾਰਤ ਮਾਂ ਦੀ ਰੱਖਿਆ ਲਈ ਰੱਖਿਆ ਸੂਤਰ ਬਨ੍ਹਾਏ। ਭੈਣਾਂ ਨੇ ਭਰਾਵਾਂ ਦੇ ਗੁੱਟਾਂ 'ਤੇ ਰੱਖੜੀ ਬੰਨ੍ਹ ਕੇ ਦੇਸ਼ ਨੂੰ ਅਜ਼ਾਦ ਕਰਾਉਣ ਲਈ ਤੋਰਿਆ।

ਰੱਖੜੀ ਜਾਂ ਰਾਖੀ ਦਾ ਅਸਲ ਭਾਵ ਹੀ ਕਿ ਵੀਰ ਭੈਣਾਂ ਦੀ ਰੱਖਿਆ ਕਰਨ ਜਾਂ ਕਿਸੇ ਔਕੜ ਸਮੇਂ ਰੱਖਿਆ ਕਰਨ ਲਈ ਵਚਨਬੱਧ ਹੋਣ। ਇਹ ਤਿਉਹਾਰ ਭੈਣ-ਭਰਾਵਾਂ ਦੇ ਮਿਲਣ ਦਾ ਵੀ ਸਬੱਬ ਬਣਦਾ। ਕਿਉਂਕਿ ਇਸ ਮਸ਼ੀਨੀ ਯੁੱਗ ਵਿਚ ਇੱਕ-ਦੂਜੇ ਨੂੰ ਮਿਲਣ ਦਾ ਜਿਵੇਂ ਕਾਲ ਹੀ ਪੈ ਗਿਆ ਲੱਗਦਾ। ਹਰ ਤਿਉਹਾਰ ਨੂੰ ਮਨਾਉਣ ਪਿੱਛੇ ਕੋਈ ਮਨੋਰਥ ਛੁਪਿਆ ਹੁੰਦਾ, ਇਸ ਲਈ ਰੱਖੜੀ ਬੰਨ੍ਹਣ ਦਾ ਮਨੋਰਥ ਤਾਂ ਹੀ ਪੂਰਾ ਹੋ ਸਕਦਾ ਹੈ, ਜੇ ਦੋਵੇਂ ਧਿਰਾਂ ਇੱਕ-ਦੂਜੇ ਨੂੰ ਦਿਲੋਂ ਇਮਾਨਦਾਰੀ ਨਾਲ ਪਿਆਰ ਤੇ ਸਤਿਕਾਰ ਦੇਣ, ਨਹੀਂ ਤਾਂ ਮਹਿੰਗੀਆਂ ਤੇ ਖ਼ੂਬਸੂਰਤ ਰੱਖੜੀਆਂ ਬੰਨ੍ਹਣ ਦਾ ਕੋਈ ਮਹੱਤਵ ਨਹੀਂ ਰਹਿ ਜਾਂਦਾ।

ਅੱਜ ਦੇ ਸਵਾਰਥੀ ਸਮੇਂ ਵਿਚ ਤਾਂ ਭੈਣ-ਭਰਾ ਦੇ ਪਵਿੱਤਰ ਰਿਸ਼ਤੇ ਵਿਚ ਵੀ ਤਰੇੜਾਂ ਪੈਂਦੀਆਂ ਜਾ ਰਹੀਆਂ ਹਨ, ਕਿਉਂਕਿ ਇਸ ਸਵਾਰਥੀ ਯੁੱਗ ਵਿਚ ਭਰਾ ਦੇ ਸਾਹੀਂ ਜਿਊਣ ਵਾਲੀਆਂ ਭੈਣਾਂ ਜਦੋਂ ਆਪਣੇ ਘਰੇਲੂ ਕਾਰਜ ਬੱਚਿਆਂ ਦੇ ਵਿਆਹਾਂ ਵਿਚ ਨਾਨਕੀ-ਛੱਕਾਂ, ਸੱਸ-ਸਹੁਰੇ ਦੇ ਮਰਨੇ-ਪਰਨੇ ਭਰਾਵਾਂ ਕੋਲੋਂ ਪੂਰੇ ਕਰਵਾ ਲੈਣ ਤਾਂ ਕਈ ਵਾਰ ਉਸ ਤੋਂ ਬਾਅਦ ਉਹ ਭਰਾਵਾਂ ਨੂੰ ਬੇਲੋੜੀ ਚੀਜ਼ ਵਾਂਗ ਸਮਝਣ ਲਗ ਜਾਂਦੀਆਂ ਹਨ। ਇਸ ਲਈ ਅੱਜ ਰੱਖੜੀ ਦਾ ਮੁੱਲ ਮੋਹ-ਪਿਆਰ ਨਾਲ ਨਹੀਂ, ਕੱਪੜੇ-ਗਹਿਣੇ ਤੇ ਪੈਸੇ ਨਾਲ ਹੀ ਪਾਇਆ ਜਾਂਦਾ। ਪਰ ਮੋਹ ਦੀ ਤੰਦ ਤਾਂ ਇੱਕ ਧਾਗਾ ਹੀ ਹੋ ਨਿੱਬੜਦਾ ਹੈ, ਜੋ ਉਮਰ ਭਰ ਰੂਹ ਨਾਲ ਲਿਪਟਿਆ ਰਹੇ।

ਦੇਖਣ ਵਿਚ ਆਉਂਦਾ ਕਿ ਕੁਝ ਭੈਣਾਂ ਉਸੇ ਭਰਾ

**ਮੇਵਾ ਸਿੰਘ**

ਨੂੰ ਜ਼ਿਆਦਾ ਮਾਣ-ਸਤਿਕਾਰ ਦਿੰਦੀਆਂ ਜੋ ਉਨ੍ਹਾਂ ਦੀ ਰੱਖੜੀ ਦਾ ਜ਼ਿਆਦਾ ਮੁੱਲ ਪਾਉਂਦਾ। ਪਿਛਲੇ ਸਮਿਆਂ ਦੌਰਾਨ ਰੱਖੜੀ ਦਾ ਮੁੱਲ ਦਿਖਾਵੇ ਦੇ ਕੱਪੜੇ ਤੇ ਗਹਿਣਿਆਂ ਨਾਲ ਨਹੀਂ, ਸਗੋਂ ਮੋਹ-ਪਿਆਰ ਨਾਲ ਪੈਂਦਾ ਸੀ। ਪਰ ਜਿਸ ਤਰ੍ਹਾਂ ਕਹਿੰਦੇ ਹਨ ਕਿ ਦੁਨੀਆਂ ਅੰਦਰ ਕਿਸੇ ਵੀ ਚੀਜ ਦੀ ਕਦੇ ਕਮੀ ਨਹੀਂ ਹੁੰਦੀ, ਉਸੇ ਤਰ੍ਹਾਂ ਸਾਰੀਆਂ ਭੈਣਾਂ ਸਵਾਰਥੀ ਨਹੀਂ ਹੁੰਦੀਆਂ, ਸਗੋਂ ਬਹੁਤ ਸਾਰੀਆਂ ਭੈਣਾਂ ਰੱਖੜੀ ਨੂੰ ਪੈਸੇ ਨਾਲ ਨਹੀਂ ਤੋਲਦੀਆਂ, ਕਈ ਵਾਰ ਤਾਂ ਉਹ ਭਰਾ ਦੇ ਘਰੋਂ ਫੋਕੇ ਪਾਣੀ ਦਾ ਗਲਾਸ ਪੀ ਕੇ ਵੀ ਅਸੀਸਾਂ ਦਿੰਦੀਆਂ ਹਨ, ਤੇ ਕਈ ਅਜਿਹੀਆਂ ਭੈਣਾਂ ਵੀ ਹੁੰਦੀਆਂ ਹਨ, ਜੋ ਸੂਟ ਦਾ ਰੰਗ ਪਸੰਦ ਨਾ ਆਉਣ 'ਤੇ ਮੂੰਹ ਮੋਟਾ ਬਣਾ ਲੈਂਦੀਆਂ ਹਨ।

ਇਹ ਤਿਉਹਾਰ ਤਾਂ ਭੈਣ-ਭਰਾ ਦੇ ਪਵਿੱਤਰ ਸਾਂਝ ਤੇ ਸਨੇਹ ਦਾ ਪਿਆਰਾ ਤਿਉਹਾਰ ਹੈ। ਸਮਾਜ ਅੰਦਰ ਅਜਿਹੇ ਭਰਾ ਵੀ ਹਨ, ਜੋ ਭੈਣਾਂ ਨੂੰ ਆਪਣੇ ਮਾਪਿਆਂ ਦੀ ਕਮੀ ਕਦੇ ਮਹਿਸੂਸ ਨਹੀਂ ਹੋਣ ਦਿੰਦੇ, ਤੇ ਅਜਿਹੀਆਂ ਭੈਣਾਂ ਵੀ ਹਨ ਜੋ ਭਰਾਵਾਂ ਨੂੰ ਮਾਪਿਆਂ ਵਾਂਗ ਸਤਿਕਾਰਦੀਆਂ ਤੇ ਪਿਆਰਦੀਆਂ ਹਨ, ਪਰੰਤੂ ਅਜਿਹੇ ਭੈਣ-ਭਰਾ ਸਮਾਜ ਵਿਚ ਬਹੁਤ ਹੀ ਘੱਟ ਦੇਖਣ ਨੂੰ ਮਿਲਦੇ ਹਨ। ਰੱਖੜੀ ਦੀ ਅਸਲ ਕੀਮਤ ਤਾਂ ਉਨ੍ਹਾਂ ਭੈਣਾਂ ਤੋਂ ਪੁੱਛਣ 'ਤੇ ਪਤਾ ਲੱਗਦਾ ਜਿਨ੍ਹਾਂ ਭੈਣਾਂ ਦੇ ਕੋਈ ਵੀਰ ਨਹੀਂ, ਤਾਹੀਓਂ ਤਾਂ ਕਲੀਆਂ ਦੇ ਬਾਦਸ਼ਾਹ ਸਵ: ਕੁਲਦੀਪ ਮਾਣਕ ਦੀ ਇੱਕ ਕਲੀ ਦੇ ਵੀ ਬੋਲ ਹਨ, ਜੋ ਅਕਸਰ ਹੀ ਭੈਣਾਂ ਅਕਾਲਪੁਰਖ ਅੱਗੇ ਕਹਿੰਦੀਆਂ, "ਇੱਕ ਵੀਰ ਦੇਈਂ ਵੇ ਰੱਬਾ, ਸਹੁੰ ਖਾਣ ਨੂੰ ਬੜਾ ਹੀ ਚਿੱਤ ਕਰਦਾ" ਅੱਗੇ ਫਿਰ ਕਲੀ ਦੀ ਦੂਸਰੀ ਲਾਈਨ ਹੈ, "ਭਾਈਆਂ ਬਾਝੋਂ ਭੈਣ ਸੱਖਣੀ, ਬੈਠੀ ਰੱਖੜੀ ਵਾਲੇ ਵੇ ਦਿਨ ਰੋਵੇ।" ਇਹ ਭੈਣਾਂ ਕਿਸੇ ਮੂੰਹ ਜਾਏ ਭਰਾ ਜਾਂ ਤਾਏ, ਚਾਚੇ, ਭੂਆ, ਮਾਮੇ ਦੇ ਪੁੱਤ ਭਰਾ ਦੇ ਰੱਖੜੀ ਬੰਨ੍ਹਦੀਆਂ ਵੀ ਹਨ, ਤਾਂ ਵੀ ਉਨ੍ਹਾਂ ਦੀ ਰੂਹ ਮਾਂ ਜਾਏ ਵੀਰ ਨੂੰ ਤਰਸਦੀ ਰਹਿੰਦੀ ਹੈ। ਕਈ ਵਾਰ ਨੇਕ ਦਿਲ ਮੂੰਹ ਬੋਲੇ ਭਰਾ, ਨਾਲ ਜੰਮੇ ਭਰਾਵਾਂ ਵਾਂਗ ਨਿਭ ਵੀ ਜਾਂਦੇ ਹਨ, ਪਰੰਤੂ ਇਸ ਸਵਾਰਥੀ ਯੁੱਗ ਵਿਚ ਅਜਿਹਾ ਕਿਤੇ ਹੀ ਦੇਖਣ ਨੂੰ ਮਿਲਦਾ।

ਜਦੋਂ ਕਿਸੇ ਭੈਣ ਦੇ ਆਪਣਾ ਭਰਾ ਨਾ ਹੋਵੇ ਤੇ ਜਾਂ ਕਿਸੇ ਦੇ ਆਪਣੀ ਸਕੀ ਭੈਣ ਨਾ ਹੋਵੇ ਤਾਂ ਉਹ ਸਮਾਜ ਵਿਚ ਧਰਮ ਦਾ ਭਰਾ ਜਾਂ ਧਰਮ ਦੀ ਭੈਣ ਦਾ ਰਿਸ਼ਤਾ ਅਖਤਿਆਰ ਕਰ ਲੈਂਦੇ ਹਨ, ਪਰੰਤੂ ਸਾਡਾ ਸਮਾਜ ਉਸ ਨੂੰ ਜਲਦੀ ਸਵੀਕਾਰ ਨਹੀਂ ਕਰਦਾ।

ਕਿਉਂਕਿ ਮੂੰਹ ਬੋਲੇ ਰਿਸ਼ਤੇ ਦੀ ਤਸਵੀਰ ਦੇ ਦੋ ਪਾਸੇ ਹਨ, ਇਸ ਲਈ ਅਜਿਹੇ ਰਿਸ਼ਤੇ ਵੀ ਡੂੰਘੀ ਸੋਚ-ਵਿਚਾਰ ਕਰਨ ਤੋਂ ਬਾਅਦ ਹੀ ਬਣਾਉਣੇ ਚਾਹੀਦੇ ਹਨ, ਤਾਂ ਜੋ ਰੱਖੜੀ ਦੀ ਮੋਹ ਭਰੀ ਸੁੱਚੀ ਡੋਰ ਮੈਲੀ ਨਾ ਹੋਵੇ। ਸਮਾਂ ਬੀਤਣ ਨਾਲ ਇਸ ਤਿਉਹਾਰ ਨਾਲ ਸਬੰਧਤ ਭਾਵ ਉੱਕਾ ਹੀ ਬਦਲ ਗਏ ਹਨ, ਤੇ ਹੁਣ ਇਹ ਇੱਕ ਭੈਣਾਂ ਦਾ ਤਿਉਹਾਰ ਬਣਕੇ ਰਹਿ ਗਿਆ ਹੈ। ਇਸ ਤਿਉਹਾਰ ਦੀ ਮੁਗਲਾਂ ਦੇ ਹਮਲਿਆਂ ਤੋਂ ਬਾਅਦ ਹੀ ਜ਼ਿਆਦਾ ਮਹੱਤਤਾ ਵਧੀ, ਕਿਉਂਕਿ ਹਰ ਭੈਣ ਨੂੰ ਵਾਸਤਵਿਕ ਵਿਚ ਸੁਰੱਖਿਆ ਦੀ ਬੜੀ ਲੋੜ ਸੀ। ਇਸ ਦਾ ਵੱਡਾ ਕਾਰਨ ਇਹ ਰਿਹਾ ਕਿ ਬੀਤੇ ਸਮਿਆਂ ਵਿਚ ਪੰਜਾਬ ਅੰਦਰ ਉੱਤਰ ਵੱਲੋਂ ਹਮੇਸ਼ਾ ਹਮਲਾਵਰ ਆਉਂਦੇ ਰਹੇ, ਤੇ ਹਰ ਹਮਲਾਵਰ ਜਾਂਦੀ ਵਾਰੀ ਧੀਆਂ-ਭੈਣਾਂ ਨੂੰ ਫੜਕੇ ਲੈ ਜਾਂਦਾ ਰਿਹਾ, ਤੇ ਗੁਲਾਮ ਬਣਾ ਕੇ ਰੱਖਦਾ। ਅਜਿਹੇ ਮਾੜੇ ਵਕਤ ਵਿਚ ਭੈਣਾਂ ਨੇ ਵੀਰਾਂ ਨੂੰ ਵੰਗਾਰਨ ਵਾਸਤੇ ਇਸ ਰੱਖੜੀ ਦੀ ਰਸਮ ਨੂੰ ਅਪਣਾਇਆ। ਇਸ ਲਈ ਭੈਣਾਂ ਹਰ ਸਾਲ ਦੇ ਸਾਲ ਵਿਚ ਵੀਰਾਂ ਨੂੰ ਰਕਸ਼ਾ ਬੰਧਨ ਬੰਨ੍ਹ ਕੇ ਉਨ੍ਹਾਂ ਨੂੰ ਭੈਣਾਂ ਪ੍ਰਤੀ ਉਨ੍ਹਾਂ ਦਾ ਧਰਮ ਯਾਦ ਕਰਾਉਂਦੀਆਂ ਹਨ।

ਬੇਸ਼ੱਕ ਅੱਜ ਦੇ ਸਮੇਂ ਅੰਦਰ ਰਿਸ਼ਤਿਆਂ ਵਿਚ ਪਹਿਲਾਂ ਵਾਲੀ ਨਿੱਘ ਤਾਂ ਨਹੀਂ ਰਹੀ, ਪਰੰਤੂ ਅਜੇ ਵੀ ਕੁਝ ਲੋਕ ਮੋਹ ਭਰਿਆ ਦਿਲ ਰੱਖਦੇ ਹਨ। ਲੇਕਿਨ ਅੱਜ-ਕੱਲ੍ਹ ਰੱਖੜੀ ਦਾ ਤਿਉਹਾਰ ਇੱਕ ਫੈਸ਼ਨ ਜਿਹਾ ਬਣ ਕੇ ਰਹਿ ਗਿਆ ਹੈ, ਸੋਨੇ ਜਾਂ ਚਾਂਦੀ ਦੀਆਂ ਰੱਖੜੀਆਂ ਬੰਨ੍ਹ ਕੇ ਇਸ ਦੀ ਚਮਕ-ਦਮਕ ਵਧਾਈ ਜ਼ਰੂਰ ਜਾ ਰਹੀ ਹੈ, ਪਰ ਤਿਉਹਾਰ ਵਾਲੇ ਤੱਤ ਇਸ ਵਿਚੋਂ ਖੁੱਸਦੇ ਜਾ ਰਹੇ ਹਨ।

## ਰੱਖੜੀ ਦਾ ਤਿਉਹਾਰ ਕੀ ਹੈ

### ਅਸਲ ਇਹ ਰਾਜਕੁਮਾਰੀ ਰਾਖੀ ਦੀ ਜੀਵਨੀ 'ਚੋਂ ਤਿਉਹਾਰ ਬਣਿਆ ਹੈ।

### ਜ਼ੋਤਸੀ ਲੋਕ ਇਸ ਬਾਰੇ ਆਪਣੀਆਂ ਕਥਾ ਕਹਾਣੀਆਂ ਸੁਣਾ ਰਹੇ ਹਨ।



**ਰਾਗੀ ਸੁਖਵਿੰਦਰ ਸਿੰਘ ਨਾਗੋਕੇ**

ਵਿਸ਼ਵ ਦੇ ਰਾਜੇ ਕੁਰਾਸ ਕਾਮਬੋਜਿਆ ਸਾਇਰਸ ਮਹਾਨ ਦੇ ਵੰਸ਼ਜ਼ ਸ੍ਰ: ਸਰਬਜੀਤ ਸਿੰਘ ਨਿਊਯਾਰਕ ਦੇ ਸਹਿਯੋਗ ਨਾਲ ਸਾਨੂੰ ਬਹੁਤ ਕੁਝ ਇਤਿਹਾਸ ਬਾਰੇ ਜਾਣਕਾਰੀ ਪ੍ਰਾਪਤ ਹੋਈ ਹੈ ਜੋ ਹਰ ਤਿਉਹਾਰ ਦੇ ਬਾਰੇ ਦੱਸਣ ਦਾ ਓਪਰਾਲਾ ਕਰਕੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਰੋਕਸਾਨਾ 'ਰਾਖੀ' ਦਾ ਜਨਮ ਲਗਭਗ 340 ਈਸਾ ਪੂਰਵ ਬੈਕਟਰੀਆ ਦੇ ਅਚੈਮੇਨਿਡ ਸਾਮਰਾਜ ਦੀ ਰਾਜਕੁਮਾਰੀ ਵਜੋਂ ਹੋਇਆ ਸੀ, ਜਿਸਨੇ ਆਧੁਨਿਕ ਅਫਗਾਨਿਸਤਾਨ ਅਤੇ ਉਜ਼ਬੇਕਿਸਤਾਨ ਨੂੰ ਕਵਰ ਕੀਤਾ ਸੀ।

ਉਸਦੇ ਪਿਤਾ, ਆਕਸੀਆਰਟੇਸ, ਅਚੈਮੇਨਿਡ ਸਾਮਰਾਜ ਦੇ ਇੱਕ ਬੈਕਟਰੀਅਨ ਰਈਸ ਸਨ। ਜਦੋਂ ਸਿਕੰਦਰ ਮਹਾਨ ਨੇ ਬੈਕਟਰੀਆ ਅਤੇ ਸੋਗਡੀਆ ਨੂੰ ਜਿੱਤਿਆ, ਤਾਂ ਆਕਸੀਆਰਟੇਸ ਅਤੇ ਹੋਰ ਜੰਗੀ ਸਰਦਾਰਾਂ ਨੇ ਮੈਸੇਡੋਨੀਅਨ ਫੌਜ ਦਾ ਵਿਰੋਧ ਕੀਤਾ, ਸੋਗਡੀਅਨ ਚੱਟਾਨ ਵਜੋਂ ਜਾਣੀ ਜਾਂਦੀ ਇੱਕ ਕਿਲ੍ਹਾਬੰਦੀ ਸਥਾਪਤ ਕੀਤੀ। ਹਾਲਾਂਕਿ, 327 ਈਸਾ ਪੂਰਵ ਵਿੱਚ, ਸਿਕੰਦਰ ਨੇ ਅੰਤ ਵਿੱਚ ਉਨ੍ਹਾਂ ਨੂੰ ਜਿੱਤ ਲਿਆ।

ਬਾਅਦ ਵਿੱਚ, ਸਿਕੰਦਰ ਨੇ ਚੋਰੀਨਸ ਨਾਮਕ ਇੱਕ ਸੋਗਡੀਅਨ ਰਈਸ ਦੇ ਘਰ ਇੱਕ ਜਸ਼ਨ ਵਿੱਚ ਸ਼ਿਰਕਤ ਕੀਤੀ, ਜਿੱਥੇ ਉਸਨੇ ਰੋਕਸਾਨਾ 'ਰਾਖੀ' ਨਾਲ ਵਿਆਹ ਕੀਤਾ, ਜੋ ਕਿ ਉਸਦੀ ਕਿਸ਼ੋਰ ਅਵਸਥਾ ਦੇ ਅਖੀਰ ਵਿੱਚ ਜਾਂ 20 ਦੇ ਦਹਾਕੇ ਦੇ ਸ਼ੁਰੂ ਵਿੱਚ ਸੀ, ਮੈਸੇਡੋਨੀਅਨ ਜਰਨੈਲਾਂ ਦੀ ਅਸਵੀਕਾਰ ਦੇ ਵਿਚਕਾਰ। ਇਸ ਤੋਂ ਬਾਅਦ, ਸਿਕੰਦਰ ਭਾਰਤ ਆਇਆ ਅਤੇ ਆਪਣੇ ਨਵੇਂ ਸਹੁਰੇ, ਆਕਸੀਰਿੰਚਸ ਨੂੰ ਹਿੰਦੂ ਕੁਸ਼ ਖੇਤਰ ਦਾ ਗਵਰਨਰ ਨਿਯੁਕਤ ਕੀਤਾ।

ਜਦੋਂ ਸਿਕੰਦਰ ਨੇ ਭਾਰਤੀ ਰਾਜਾ ਪੋਰਸ ਦੇ ਰਾਜ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਰੋਕਸਾਨਾ 'ਰਾਖੀ' ਨੇ ਦਖਲ ਦਿੱਤਾ, ਜਿਸ ਨਾਲ ਉਨ੍ਹਾਂ ਦੇ ਭਰਾ-ਭੈਣ ਦੇ ਰਿਸ਼ਤੇ ਦਾ ਖੁਲਾਸਾ ਹੋਇਆ, ਜਿਸ ਨਾਲ ਹਜ਼ਾਰਾਂ ਜਾਨਾਂ ਬਚ ਗਈਆਂ। ਸਿਕੰਦਰ ਨੇ ਜਿੱਤਿਆ ਹੋਇਆ ਇਲਾਕਾ ਰਾਜਾ ਪੋਰਸ ਨੂੰ ਸੌਂਪ ਦਿੱਤਾ ਅਤੇ ਆਪਣੀ ਫੌਜ ਨਾਲ ਸੂਸਾ (ਆਧੁਨਿਕ ਇਰਾਕ) ਵੱਲ ਮਾਰਚ ਕੀਤਾ।

ਭੈਣ ਅਤੇ ਭਰਾ ਦੇ ਪਵਿੱਤਰ ਰਿਸ਼ਤੇ ਨੂੰ ਉਸ ਦਿਨ ਤੋਂ ਭਾਰਤ ਵਿੱਚ ਰਾਜਕੁਮਾਰੀ ਰੋਕਸਾਨਾ 'ਰਾਖੀ' ਦੀ ਯਾਦ ਵਿੱਚ ਰੱਖੜੀ ਦੇ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ।

ਹਾਲਾਂਕਿ ਰੋਕਸਾਨਾ 'ਰਾਖੀ' ਦਾ ਇਤਿਹਾਸ ਭੁੱਲ ਗਿਆ ਹੈ, ਪਰ ਰੱਖੜੀ ਦਾ ਪਵਿੱਤਰ ਦਿਨ ਅਜੇ ਵੀ ਖੜ੍ਹਾ ਹੈ, ਜੋ ਭਰਾ-ਭੈਣ ਦੇ ਬੰਧਨ ਦੀ ਯਾਦ ਵਿੱਚ ਹੈ। ਜਿਸਨੇ ਸਿਕੰਦਰ ਅਤੇ ਪੋਰਸ ਵਿਚਕਾਰ ਯੁੱਧ ਨੂੰ ਰੋਕ ਦਿੱਤਾ ਸੀ।

ਇੱਥੇ ਕੁਝ ਹਵਾਲੇ ਹਨ ਜੋ ਰਾਜਕੁਮਾਰੀ ਰੋਕਸਾਨਾ 'ਰਾਖੀ' ਦੇ ਇਤਿਹਾਸਕ ਬਿਰਤਾਂਤ ਅਤੇ ਰਾਜਾ ਪੋਰਸ ਅਤੇ ਸਿਕੰਦਰ ਮਹਾਨ ਨਾਲ ਉਸਦੇ ਸਬੰਧ ਦਾ ਸਮਰਥਨ ਕਰਦੇ ਹਨ: ਇੱਥੇ ਘਟਨਾਵਾਂ ਦੀ ਸਮਾਂ-ਰੇਖਾ ਹੈ:

- **340 ਈਸਾ ਪੂਰਵ:** ਰੋਕਸਾਨਾ 'ਰਾਖੀ' ਦਾ ਜਨਮ ਬੈਕਟਰੀਆ (ਆਧੁਨਿਕ ਅਫਗਾਨਿਸਤਾਨ ਅਤੇ ਉਜ਼ਬੇਕਿਸਤਾਨ) ਵਿੱਚ ਹੋਇਆ ਸੀ।
- **327 ਈਸਾ ਪੂਰਵ:** ਸਿਕੰਦਰ ਮਹਾਨ ਨੇ ਬੈਕਟਰੀਆ ਅਤੇ ਸੋਗਦੀਆ ਨੂੰ ਜਿੱਤਿਆ।
- **327 ਈਸਾ ਪੂਰਵ:** ਸਿਕੰਦਰ ਨੇ ਚੋਰਿਨਸ ਦੇ ਘਰਾਣੇ ਦੀ ਰੋਕਸਾਨਾ 'ਰਾਖੀ' ਨਾਲ ਵਿਆਹ ਕੀਤਾ।
- **326 ਈਸਾ ਪੂਰਵ:** ਸਿਕੰਦਰ ਨੇ ਭਾਰਤ ਦੀ ਯਾਤਰਾ ਕੀਤੀ ਅਤੇ ਆਕਸੀਰਿੰਚਸ ਨੂੰ ਹਿੰਦੂ ਕੁਸ਼ ਖੇਤਰ ਦਾ ਗਵਰਨਰ ਨਿਯੁਕਤ ਕੀਤਾ।
- **326 ਈਸਾ ਪੂਰਵ:** ਰੋਕਸਾਨਾ 'ਰਾਖੀ' ਨੇ ਸਿਕੰਦਰ ਅਤੇ ਰਾਜਾ ਪੋਰਸ ਵਿਚਕਾਰ ਯੁੱਧ ਵਿੱਚ ਦਖਲ ਦਿੱਤਾ, ਜਿਸ ਨਾਲ ਉਨ੍ਹਾਂ ਦੇ ਭਰਾ-ਭੈਣ ਦੇ ਰਿਸ਼ਤੇ ਦਾ ਖੁਲਾਸਾ ਹੋਇਆ।
- **326 ਈਸਾ ਪੂਰਵ:** ਸਿਕੰਦਰ ਨੇ ਜਿੱਤਿਆ ਹੋਇਆ ਇਲਾਕਾ ਰਾਜਾ ਪੋਰਸ ਨੂੰ ਸੌਂਪ ਦਿੱਤਾ ਅਤੇ ਸੂਸਾ (ਆਧੁਨਿਕ ਇਰਾਕ) 'ਤੇ ਕਬਜ਼ਾ ਕਰ ਲਿਆ।

**ਨੋਟ:** ਤਾਰੀਖਾਂ ਅਨੁਮਾਨਿਤ ਹਨ ਅਤੇ ਇਤਿਹਾਸਕ ਰਿਕਾਰਡਾਂ 'ਤੇ ਅਧਾਰਤ ਹਨ।

1. ਪਲੂਟਾਰਕ ਦੁਆਰਾ 'ਸਿਕੰਦਰ ਮਹਾਨ ਦਾ ਜੀਵਨ' (ਅਧਿਆਇ 47)
2. ਦਾਰਾ ਮਹਾਨ ਦੁਆਰਾ 'ਅਕਮੀਨੀਡ ਸਾਮਰਾਜ ਦਾ ਇਤਿਹਾਸ' (ਪਰਸੇਪੋਲਿਸ ਵਿਖੇ ਸ਼ਿਲਾਲੇਖ)
3. ਏਰੀਅਨ ਦੁਆਰਾ 'ਸਿਕੰਦਰ ਮਹਾਨ ਦੀਆਂ ਮੁਹਿੰਮਾਂ' (ਕਿਤਾਬ 4, ਅਧਿਆਇ 15)
4. ਵੱਖ-ਵੱਖ ਲੇਖਕਾਂ ਦੁਆਰਾ 'ਪ੍ਰਾਚੀਨ ਭਾਰਤ ਦੀ ਆਕਸਫੋਰਡ ਹੈਂਡਬੁੱਕ' (ਅਧਿਆਇ 12)
5. ਜੇ.ਐਮ. ਕੁੱਕ ਦੁਆਰਾ 'ਪ੍ਰਾਚੀਨ ਸਾਮਰਾਜ' (ਅਧਿਆਇ 10)
6. ਪੀਅਰੇ ਬ੍ਰਾਇਨਟ ਦੁਆਰਾ 'ਸਿਕੰਦਰ ਮਹਾਨ ਅਤੇ ਪਰਸ਼ੀਅਨ ਸਾਮਰਾਜ' (ਅਧਿਆਇ 8)
7. ਐਸ.ਪੀ. ਗੁਪਤਾ ਦੁਆਰਾ 'ਅਕਮੀਨੀਡ ਸਾਮਰਾਜ ਅਤੇ ਭਾਰਤੀ ਉਪ-ਮਹਾਂਦੀਪ' (ਅਧਿਆਇ 5)
8. ਈ. 'ਰੋਕਸਾਨਾ, ਬੈਕਟਰੀਅਨ ਰਾਜਕੁਮਾਰੀ' ਬਾਡੀਅਨ ਦੁਆਰਾ (ਜਰਨਲ ਆਫ਼ ਐਨਸ਼ੀਅੰਟ ਹਿਸਟਰੀ, 2003)
9. ਐਫ.ਐਲ. ਦੁਆਰਾ 'ਸੋਗਡੀਅਨ ਰੌਕ ਐਂਡ ਦ ਕਨਕੁਏਸਟ ਆਫ਼ ਬੈਕਟਰੀਆ' ਹੋਲਟ (ਜਰਨਲ ਆਫ਼ ਐਨਸ਼ੀਐਂਟ ਹਿਸਟਰੀ, 2005)
10. ਆਰ. ਸ਼ਮਿਟ (ਐਨਸਾਈਕਲੋਪੀਡੀਆ ਈਰਾਨਿਕਾ) ਦੁਆਰਾ 'ਦਿ ਹਿੰਦੂ ਕੁਸ਼ ਐਂਡ ਦ ਫਾਰਸੀ ਐਂਪਾਇਰ'

ਇਸ ਤੋਂ ਇਲਾਵਾ, ਤੁਸੀਂ ਰਾਖੀ ਤਿਉਹਾਰ ਅਤੇ ਇਸਦੇ ਇਤਿਹਾਸਕ ਮਹੱਤਵ ਬਾਰੇ ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੇ ਸਰੋਤਾਂ ਦਾ ਹਵਾਲਾ ਦੇ ਸਕਦੇ ਹੋ:

1. ਕੇ. ਐਸ. ਦਾਰਦੀ ਦੁਆਰਾ 'ਦਿ ਰਾਖੀ ਫੈਸਟੀਵਲ: ਏ ਹਿਸਟੋਰੀਕਲ ਪਰਸਪੈਕਟਿਵ' (ਜਰਨਲ ਆਫ਼ ਇੰਡੀਅਨ ਹਿਸਟਰੀ, 2010)
2. ਆਰ. ਕੇ. ਸ਼ਰਮਾ ਦੁਆਰਾ 'ਦਿ ਸੈਕਰਡ ਬਾਂਡ ਆਫ਼ ਸਿਸਟਰ ਐਂਡ ਬ੍ਰਦਰ: ਏ ਸਟੱਡੀ ਆਫ਼ ਦ ਰਾਖੀ ਫੈਸਟੀਵਲ' (ਜਰਨਲ ਆਫ਼ ਸੋਸ਼ਲ ਐਂਡ ਕਲਚਰਲ ਐਂਥਰੋਪੋਲੋਜੀ, 2015

# ਬਿਹਾਰ 'ਚ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ 'ਤੇ ਚਰਚਾ ਦੀ ਮੰਗ ਕਰਦੇ ਹੋਏ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਵਿਰੋਧ ਕੀਤਾ ਪ੍ਰਦਰਸ਼ਨ

ਨਵੀਂ ਦਿੱਲੀ : ਕਾਂਗਰਸ ਸੰਸਦ ਮੈਂਬਰ ਪ੍ਰਿਯੰਕਾ ਗਾਂਧੀ, ਐਨਸੀਪੀ-ਐਸਸੀਪੀ ਸੰਸਦ ਮੈਂਬਰ ਸੁਪ੍ਰੀਆ ਸੂਲੇ, ਡੀਐਮਕੇ ਸੰਸਦ ਮੈਂਬਰ ਕਨੀਮੋਝੀ ਕਰੁਣਾਨਿਧੀ ਅਤੇ ਹੋਰ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਮਾਨਸੂਨ ਸੈਸ਼ਨ ਦੌਰਾਨ ਸੰਸਦ ਕੰਪਲੈਕਸ ਵਿੱਚ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੋਧ ਵਿਰੁੱਧ ਵਿਰੋਧ ਪ੍ਰਦਰਸ਼ਨ ਕੀਤਾ।





ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨੇ ਕਿਹਾ ਕਿ ਬਿਹਾਰ 'ਚ ਵੋਟਰ ਸੂਚੀ ਦੀ ਵਿਸ਼ੇਸ਼ ਵਿਆਪਕ ਸੁਧਾਈ (ਐੱਸਆਈਆਰ) ਦਾ ਮੁੱਦਾ 'ਬਹੁਤ ਵੱਡਾ' ਹੈ ਅਤੇ ਇਸ 'ਤੇ ਸਰਕਾਰ ਨੂੰ ਸੰਸਦ 'ਚ ਚਰਚਾ ਕਰਾਉਣੀ ਚਾਹੀਦੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਦੋਂ ਵੋਟਰ ਸੂਚੀਆਂ 'ਚ ਇਹ ਸਭ ਕੀਤਾ ਜਾ ਰਿਹਾ ਹੈ ਤਾਂ ਵਿਰੋਧੀ ਧਿਰ ਇਹ ਮਸਲਾ ਕਿਉਂ ਨਾ ਚੁੱਕੇ ? ਲੋਕ ਸਭਾ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕੀਤੇ ਜਾਣ ਮਗਰੋਂ ਲੋਕ ਸਭਾ ਮੈਂਬਰ ਨੇ ਇਹ ਟਿੱਪਣੀ ਕੀਤੀ ਹੈ। ਕੇਰਲ ਦੇ ਵਾਇਨਾਡ ਤੋਂ ਲੋਕ ਸਭਾ ਮੈਂਬਰ ਨੇ ਸੰਸਦੀ ਕੰਪਲੈਕਸ 'ਚ ਪੱਤਰਕਾਰਾਂ ਨੂੰ ਕਿਹਾ, 'ਇਹ (ਐੱਸਆਈਆਰ) ਬਹੁਤ ਵੱਡਾ ਮੁੱਦਾ ਹੈ। ਜੇ ਵੋਟਰ ਸੂਚੀ ਨਾਲ ਇਹ ਸਭ ਕੁਝ ਕੀਤਾ ਜਾ ਰਿਹਾ ਹੈ ਤਾਂ ਵਿਰੋਧੀ ਧਿਰ ਇਹ ਮੁੱਦਾ ਕਿਉਂ ਨਾ ਚੁੱਕੇ ? ਸਰਕਾਰ ਨੂੰ ਇਸ 'ਤੇ ਚਰਚਾ ਕਰਾਉਣੀ ਚਾਹੀਦੀ ਹੈ।' ਵਿਰੋਧੀ ਧਿਰ ਦੇ ਸੰਸਦ ਮੈਂਬਰ ਐੱਸਆਈਆਰ 'ਤੇ ਚਰਚਾ ਦੀ ਮੰਗ ਕਰਦਿਆਂ ਪਿਛਲੇ ਕੁਝ ਦਿਨਾਂ ਤੋਂ ਸੰਸਦ ਦੇ ਅੰਦਰ ਤੇ ਬਾਹਰ ਦੋਵਾਂ ਥਾਵਾਂ 'ਤੇ ਰੋਸ ਮੁਜ਼ਾਹਰੇ ਕਰ ਰਹੇ ਹਨ। ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਸ਼ਿਬੂ ਸੋਰੇਨ ਦੇ ਦੇਹਾਂਤ ਕਾਰਨ ਵਿਰੋਧੀ ਸੰਸਦ ਮੈਂਬਰਾਂ ਨੇ ਅੱਜ ਸੰਸਦੀ ਕੰਪਲੈਕਸ 'ਚ ਐੱਸਆਈਆਰ ਦੇ ਮੁੱਦੇ 'ਤੇ ਰੋਸ ਮੁਜ਼ਾਹਰਾ ਨਹੀਂ ਕੀਤਾ।

## ਬੰਗਾਲੀਆਂ ਦੇ ਕਥਿਤ ਤੌਰ 'ਤੇ ਪ੍ਰੇਸ਼ਾਨੀ ਵਿਰੁੱਧ ਕੀਤਾ ਵਿਰੋਧ ਪ੍ਰਦਰਸ਼ਨ



ਝਾਰਗ੍ਰਾਮ : ਰਵਾਇਤੀ ਪਹਿਰਾਵੇ ਵਿੱਚ ਸਜੇ ਲੋਕਾਂ ਨੇ ਝਾਰਗ੍ਰਾਮ ਵਿੱਚ ਪ੍ਰਵਾਸੀਆਂ ਨੂੰ 'ਬੰਗਲਾਦੇਸ਼ੀ' ਵਜੋਂ ਪੇਸ਼ ਕਰਨ ਅਤੇ ਬੰਗਾਲੀ ਪਛਾਣ ਅਤੇ ਭਾਸ਼ਾ ਦੀ ਸੁਰੱਖਿਆ ਦੀ ਮੰਗ ਕਰਨ ਦੇ ਵਿਰੋਧ ਵਿੱਚ ਇੱਕ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ।

## ਗੈਰ-ਕਾਨੂੰਨੀ ਪ੍ਰਵਾਸ ਨੂੰ ਉਤਸ਼ਾਹਿਤ ਕਰਦੇ ਗਰੋਹਾਂ ਨੂੰ ਕਾਬੂ ਕਰਨ ਲਈ ਯੂ.ਕੇ. ਲਿਆਵੇਗਾ ਨਵਾਂ ਕਾਨੂੰਨ

ਲੰਡਨ : ਸੋਸ਼ਲ ਮੀਡੀਆ ਰਾਹੀਂ ਗੈਰ-ਕਾਨੂੰਨੀ ਪ੍ਰਵਾਸ ਨੂੰ ਉਤਸ਼ਾਹਿਤ ਕਰਨ ਵਾਲੇ ਗਰੋਹਾਂ ਨੂੰ ਕਾਬੂ ਕਰਨ ਲਈ ਯੂ.ਕੇ. ਵੱਲੋਂ ਨਵਾਂ ਕਾਨੂੰਨ ਲਾਗੂ ਕੀਤਾ ਜਾ ਰਿਹਾ ਹੈ। ਜਿਸ ਰਾਹੀਂ ਦੇਸ਼ 'ਚ ਖਤਰਨਾਕ ਛੋਟੀਆਂ ਕਿਸ਼ਤੀਆਂ ਰਾਹੀਂ ਸਰਹੱਦਾਂ ਪਾਰ ਕਰਨ ਤੇ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੇ ਹੋਰ ਰੂਪਾਂ ਨੂੰ ਉਤਸ਼ਾਹਿਤ ਕਰਨ ਵਾਲੇ ਸੋਸ਼ਲ ਮੀਡੀਆ ਰਾਹੀਂ ਪ੍ਰਚਾਰ ਕਰਨ ਵਾਲੇ ਅਪਰਾਧਿਕ ਗਰੋਹਾਂ 'ਤੇ ਕਾਰਵਾਈ ਕੀਤੀ ਜਾਵੇਗੀ। ਸਰਹੱਦੀ ਸੁਰੱਖਿਆ, ਸ਼ਰਣ ਤੇ ਇਮੀਗ੍ਰੇਸ਼ਨ ਬਿੱਲ 'ਚ ਸੋਧ ਕਰਕੇ ਇਮੀਗ੍ਰੇਸ਼ਨ ਨਿਯਮਾਂ ਦੀ ਉਲੰਘਣਾ ਕਰਦੀ ਔਨਲਾਈਨ ਪ੍ਰਕਾਸ਼ਨ ਸਮੱਗਰੀ ਨੂੰ ਅਪਰਾਧ ਬਣਾਉਣ ਲਈ ਪੇਸ਼ ਕੀਤਾ ਜਾਵੇਗਾ। ਇਸ ਕਾਨੂੰਨ ਰਾਂਹੀ ਇੰਗਲਿਸ਼ ਚੈਨਲ ਨੂੰ ਛੋਟੀਆਂ ਕਿਸ਼ਤੀਆਂ ਰਾਹੀਂ ਪਾਰ ਕਰਨਾ, ਪਾਸਪੋਰਟ ਜਾਂ ਵੀਜ਼ਾ ਵਰਗੇ ਜਾਅਲੀ ਯਾਤਰਾ ਦਸਤਾਵੇਜ਼ ਬਣਾਉਣਾ, ਜਾਂ ਯੂ.ਕੇ. 'ਚ ਗੈਰ-ਕਾਨੂੰਨੀ ਕੰਮ ਦੇਣ ਦੀ ਪੇਸ਼ਕਸ਼ ਕਰਨ ਵਾਲੇ ਦੁਨੀਆ ਦੇ ਕਿਸੇ ਵੀ ਕੋਨੇ 'ਚ ਰਹਿੰਦੇ ਤਸਕਰਾਂ ਨੂੰ ਨਿਸ਼ਾਨਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਨਵੇਂ ਨਿਯਮਾਂ ਤਹਿਤ ਫੜੇ ਗਏ ਅਪਰਾਧੀਆਂ ਨੂੰ 5 ਸਾਲ ਤੱਕ ਦੀ ਕੈਦ ਤੇ ਭਾਰੀ ਜੁਰਮਾਨੇ ਦੀ ਸਜ਼ਾ ਹੋ ਸਕਦੀ ਹੈ। ਯੂ.ਕੇ. ਦੀ ਗ੍ਰਹਿ ਸਕੱਤਰ ਯਵੇਟ ਕੂਪਰ ਨੇ ਕਿਹਾ ਕਿ 'ਯੂ.ਕੇ. ਆਉਣ ਤੇ ਇਸ ਦੇਸ਼ 'ਚ ਚੰਗੀ ਜ਼ਿੰਦਗੀ ਦਾ ਔਨਲਾਈਨ ਜਾਂ ਔਫਲਾਈਨ ਝੂਠਾ ਵਾਅਦਾ ਕਰਨ ਵਾਲੇ ਲੋਕਾਂ ਦਾ ਮਕਸਦ ਸਿਰਫ਼ ਪੈਸਾ ਕਮਾਉਣਾ ਹੈ। 'ਇਨ੍ਹਾਂ ਅਪਰਾਧੀਆਂ ਨੂੰ ਸੋਸ਼ਲ ਮੀਡੀਆ 'ਤੇ ਬੇਸ਼ਰਮੀ ਭਰੇ ਤਰੀਕਿਆਂ ਨਾਲ ਪ੍ਰਵਾਸੀਆਂ ਦੀ ਜ਼ਿੰਦਗੀ ਖ਼ਤਰੇ 'ਚ ਪਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਅਸੀਂ ਉਨ੍ਹਾਂ ਨੂੰ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰਨ ਲਈ ਦ੍ਰਿੜ ਹਾਂ, ਭਾਵੇਂ ਉਹ ਦੁਨੀਆ ਦੇ ਕਿਸੇ ਵੀ ਹਿੱਸੇ 'ਚ ਕੰਮ ਕਰਦੇ ਹੋਣ। ਉਹਨਾਂ ਕਿਹਾ ਕਿ 'ਸਾਨੂੰ ਲੋਕਾਂ ਦੀ ਤਸਕਰੀ ਕਰਨ ਵਾਲੇ ਗਰੋਹਾਂ ਦੀਆਂ ਲਗਾਤਾਰ ਵਿਕਸਤ ਹੋ ਰਹੀਆਂ ਚਾਲਾਂ ਤੋਂ ਇਕ ਕਦਮ ਅੱਗੇ ਰਹਿਣਾ ਪਵੇਗਾ ਤੇ ਇਹ ਕਦਮ, ਸਰਹੱਦੀ ਸੁਰੱਖਿਆ ਨੂੰ ਵਧਾਉਣ ਲਈ ਸਾਡੀ ਤਬਦੀਲੀ ਯੋਜਨਾ ਦਾ ਹਿੱਸਾ, ਕਾਨੂੰਨ ਲਾਗੂ ਕਰਨ ਵਾਲਿਆਂ ਨੂੰ ਇਨ੍ਹਾਂ ਚਾਲਾਂ ਨੂੰ ਤੇਜ਼ੀ ਨਾਲ ਤੇ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਅਯੋਗ ਕਰਨ ਲਈ ਸ਼ਕਤੀ ਪ੍ਰਦਾਨ ਕਰੇਗਾ, ਇਹ ਯਕੀਨੀ ਬਣਾਵੇਗਾ ਕਿ ਲੋਕਾਂ ਨੂੰ ਢੁਕਵੇਂ ਜੁਰਮਾਨੇ ਦਾ ਸਾਹਮਣਾ ਕਰਨਾ ਪਵੇ'। ਗ੍ਰਹਿ ਵਿਭਾਗ ਨੇ ਕਿਹਾ ਕਿ ਗੈਰ-ਕਾਨੂੰਨੀ ਤੌਰ 'ਤੇ ਕੰਮ ਕਰਨ ਵਾਲੇ ਫੜੇ ਗਏ ਲੋਕਾਂ ਦੀਆਂ ਗ੍ਰਿਫਤਾਰੀਆਂ 'ਚ 50 ਫ਼ੀਸਦੀ ਵਾਧਾ ਹੋਇਆ ਹੈ ਤੇ ਯੂ.ਕੇ. 'ਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਹੇ ਲਗਭਗ 35,000 ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ ਹੈ।

## ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਨੇ ਐਡਵੋਕੇਟ ਧਾਮੀ ਨਾਲ ਕੀਤੀ ਮੁਲਾਕਾਤ

### 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਸਜਾਇਆ ਜਾਵੇਗਾ ਨਗਰ ਕੀਰਤਨ

ਅੰਮ੍ਰਿਤਸਰ : ਬੀਤੇ ਦਿਨ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਦੀ ਅਗਵਾਈ ਹੇਠ ਇਕ ਵਫ਼ਦ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਮੁਲਾਕਾਤ ਕਰਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਕੀਤੇ ਜਾਣ ਵਾਲੇ ਸਮਾਗਮਾਂ ਬਾਰੇ ਵਿਚਾਰ-ਚਰਚਾ ਕੀਤੀ। ਵਫ਼ਦ ਨੇ ਐਡਵੋਕੇਟ ਧਾਮੀ ਨੂੰ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ 31 ਅਗਸਤ ਨੂੰ ਸਜਾਏ ਜਾ ਰਹੇ ਨਗਰ ਕੀਰਤਨ ਵਿਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਅਤੇ ਸਿੱਖ ਸੰਸਥਾ ਵੱਲੋਂ ਸਹਿਯੋਗ ਦੀ ਅਪੀਲ ਕੀਤੀ।



ਇਸ ਵਫ਼ਦ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ, ਸਿੱਖ ਆਗੂ ਸ. ਜਸਬੀਰ ਸਿੰਘ ਧਾਮ ਮੁੰਬਈ, ਜਨਰਲ ਸਕੱਤਰ ਸ. ਇੰਦਰਜੀਤ ਸਿੰਘ ਅਤੇ ਮੀਤ ਪ੍ਰਧਾਨ ਸ. ਗੁਰਵਿੰਦਰ ਸਿੰਘ ਮੌਜੂਦ ਸਨ।

ਮੁਲਾਕਾਤ ਦੌਰਾਨ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸ੍ਰੀ ਪਟਨਾ ਸਾਹਿਬ ਤੋਂ 31 ਅਗਸਤ ਨੂੰ ਵਿਸ਼ੇਸ਼ ਤੌਰ 'ਤੇ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ, ਜੋ ਝਾੜਖੰਡ, ਬੰਗਾਲ, ਕਲਕੱਤਾ, ਆਸਣਸੋਹਲ, ਉੜੀਸਾ, ਬਨਾਰਸ, ਕਾਨ੍ਹਪੁਰ, ਲਖਨਊ, ਉਤਰਾਖੰਡ, ਦਿੱਲੀ ਅਤੇ ਹਰਿਆਣਾ ਰਾਹੀਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੇਗਾ। ਉਨ੍ਹਾਂ ਕਿਹਾ ਕਿ ਉਹ ਸਿੱਖ ਪੰਥ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਜਿਥੇ ਸ਼ਮੂਲੀਅਤ ਲਈ ਬੇਨਤੀ ਕਰਨ ਆਏ ਹਨ, ਉਥੇ ਹੀ ਉਨ੍ਹਾਂ ਨੇ ਸਿੱਖ ਸੰਸਥਾ ਵੱਲੋਂ ਸਹਿਯੋਗ ਲਈ ਵੀ ਅਪੀਲ ਕੀਤੀ ਹੈ। ਇਸ ਮੌਕੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਕੌਮ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਕੌਮੀ ਜਾਹੋ-ਜਲਾਲ ਨਾਲ ਮਨਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਤਖ਼ਤ ਸ੍ਰੀ ਪਟਨਾ ਸਾਹਿਬ ਤੋਂ ਸਜਾਏ ਜਾ ਰਹੇ ਨਗਰ ਕੀਰਤਨ ਲਈ ਹਰ ਤਰ੍ਹਾਂ ਦੇਵੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਆਗੂਆਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਤੁਗਲਵਾਲ, ਮੈਂਬਰ ਸ. ਰਣਜੀਤ ਸਿੰਘ ਕਾਹਲੋਂ, ਸ. ਅੰਮ੍ਰਿਤਪਾਲ ਸਿੰਘ ਕੁਲਾਰ, ਓਐਸਡੀ ਸ. ਸਤਬੀਰ ਸਿੰਘ ਧਾਮੀ, ਮੀਤ ਸਕੱਤਰ ਸ. ਹਰਭਜਨ ਸਿੰਘ ਵਕਤਾ, ਸ. ਰਣਜੀਤ ਸਿੰਘ ਜਲੰਧਰ ਸਮੇਤ ਹੋਰ ਮੌਜੂਦ ਸਨ।

## ਪੰਜਾਬ ਦੀ ਇੱਕ ਇੰਚ ਉਪਜਾਊ ਧਰਤੀ ਸਰਕਾਰ ਨੂੰ ਨਹੀਂ ਖੋਹਣ ਦੇਵਾਂਗੇ: ਡੱਲੇਵਾਲ

### ਪਿੰਡ ਜੋਧਾਂ 'ਚ ਜ਼ਮੀਨ ਬਚਾਓ ਰੈਲੀ ਵਿਚ ਹਰਿਆਣਾ, ਰਾਜਸਥਾਨ, ਮਹਾਰਾਸ਼ਟਰ, ਕਰਨਾਟਕ ਤੇ ਤਾਮਿਲਨਾਡੂ ਦੇ ਕਿਸਾਨ ਵੀ ਹੋਏ ਸ਼ਾਮਲ

ਮੰਡੀ ਅਹਿਮਦਗੜ੍ਹ : ਸੰਯੁਕਤ ਕਿਸਾਨ ਮੋਰਚਾ (ਸਿੱਧੂਪੁਰ) ਆਗੂ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਹੇਠ ਨੇੜਲੇ ਪਿੰਡ ਜੋਧਾਂ ਵਿਚ ਜ਼ਮੀਨ ਬਚਾਉ ਰੈਲੀ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਚਿਤਾਵਨੀ ਦਿੱਤੀ ਕਿ ਜੇ ਸਰਕਾਰਾਂ ਨੇ ਜ਼ਮੀਨ ਖੋਹ ਕੇ ਪਿੰਡਾਂ ਦੀ ਹੋਂਦ ਨੂੰ ਖ਼ਤਮ ਕਰਨ ਦਾ ਏਜੰਡਾ ਵਾਪਸ ਨਾ ਲਿਆ ਤਾਂ ਹਿੰਦੁਸਤਾਨ ਦੇ ਸਮੂਹ ਕਿਸਾਨਾਂ ਤੇ ਮਜ਼ਦੂਰਾਂ ਨੂੰ ਲਾਮਬੰਦ ਕਰਕੇ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਰੈਲੀ ਵਿਚ ਪੰਜਾਬ ਤੋਂ ਇਲਾਵਾ ਹਰਿਆਣਾ, ਰਾਜਸਥਾਨ, ਮਹਾਰਾਸ਼ਟਰ, ਕਰਨਾਟਕ ਤੇ ਤਾਮਿਲ ਨਾਡੂ ਤੋਂ ਕਿਸਾਨ ਸ਼ਾਮਲ ਹੋਏ। ਰੈਲੀ ਵਿਚ ਵੱਡੀ ਗਿਣਤੀ 'ਚ ਕਿਸਾਨ ਬੀਬੀਆਂ ਵੀ ਸ਼ਾਮਲ ਹੋਈਆਂ।



ਡੱਲੇਵਾਲ ਨੇ ਰੈਲੀ ਤੋਂ ਇਕਪਾਸੇ ਟ੍ਰਿਬਿਊਨ ਨਾਲ ਵੱਖਰੇ ਤੌਰ 'ਤੇ ਗੱਲ ਕਰਦਿਆਂ ਚਿਤਾਵਨੀ ਦਿੱਤੀ ਕਿ ਉਹ ਕਿਸੇ ਵੀ ਹਾਲਤ ਵਿੱਚ ਪੰਜਾਬ ਦੀ ਇੱਕ ਇੰਚ ਥਾਂ ਸਰਕਾਰ ਨੂੰ ਨਹੀਂ ਖੋਹਣ ਦੇਣਗੇ।

ਉਨ੍ਹਾਂ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਲੁਕਵੇਂ ਢੰਗ ਤਰੀਕੇ ਨਾਲ ਕੇਂਦਰ ਸਰਕਾਰ ਦੇ ਉਸ ਹੱਥ-ਠੋਕੇ ਵਜੋਂ ਕੰਮ ਕਰਦੀ ਰਹੀ ਹੈ ਜਿਸ ਨੇ ਤਿੰਨ ਕਿਸਾਨ ਵਿਰੋਧੀ ਖੇਤੀਬਾੜੀ ਕਾਨੂੰਨਾਂ ਰਾਹੀਂ ਕਿਸਾਨਾਂ ਦੇ ਨਾਲ ਨਾਲ ਮਜ਼ਦੂਰਾਂ ਤੇ ਛੋਟੇ ਵਪਾਰੀਆਂ ਦੇ ਹੱਕਾਂ 'ਤੇ ਵੀ ਡਾਕਾ ਮਾਰਨ ਦੀ ਕੋਸ਼ਿਸ਼ ਕੀਤੀ ਸੀ।।

# ਪੱਛਮੀ ਬੰਗਾਲ: ਭਾਜਪਾ ਸਮਰਥਕਾਂ ਨੇ ਕੰਨਿਆ ਸੁਰੱਖਿਆ ਯਾਤਰਾ ਰੈਲੀ ਵਿੱਚ ਲਿਆ ਹਿੱਸਾ




ਉੱਤਰੀ 24 ਪਰਗਨਾ : ਭਾਜਪਾ ਸਮਰਥਕਾਂ ਨੇ ਬੁੱਧਵਾਰ ਨੂੰ ਉੱਤਰੀ 24 ਪਰਗਨਾ ਦੇ ਬਾਰਾਸਾਤ ਵਿਖੇ ਰਾਜ ਵਿੱਚ ਔਰਤਾਂ 'ਤੇ ਹਿੰਸਾ ਦੇ ਵਿਰੋਧ ਵਿੱਚ ਕੰਨਿਆ ਸੁਰੱਖਿਆ ਯਾਤਰਾ ਰੈਲੀ ਵਿੱਚ ਹਿੱਸਾ ਲਿਆ।

# ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੰਗਾਲੀਆਂ ਦੇ ਕਥਿਤ ਸ਼ੋਸ਼ਣ ਵਿਰੁੱਧ ਕੀਤਾ ਪ੍ਰਦਰਸ਼ਨ



ਝਾਰਗ੍ਰਾਮ : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕੋਲਕਾਤਾ ਦੇ ਮੇਅਰ ਫਿਰਹਾਦ ਹਕੀਮ ਅਤੇ ਹੋਰਾਂ ਨਾਲ ਮਿਲ ਕੇ ਬੁੱਧਵਾਰ ਨੂੰ ਝਾਰਗ੍ਰਾਮ ਵਿੱਚ ਪ੍ਰਵਾਸੀਆਂ ਨੂੰ 'ਬੰਗਲਾਦੇਸ਼ੀ' ਵਜੋਂ ਪੇਸ਼ ਕਰਨ ਅਤੇ ਬੰਗਾਲੀ ਪਛਾਣ ਅਤੇ ਭਾਸ਼ਾ ਦੀ ਸੁਰੱਖਿਆ ਦੀ ਮੰਗ ਕਰਨ ਵਾਲੇ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਕੀਤੀ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਦਾਅਵਾ ਕੀਤਾ ਕਿ ਦਿੱਲੀ ਵਿੱਚ ਕਥਿਤ ਤੌਰ 'ਤੇ ਹਮਲੇ ਦਾ ਸ਼ਿਕਾਰ ਹੋਈ ਇੱਕ ਬੰਗਾਲੀ ਬੋਲਣ ਵਾਲੀ ਔਰਤ ਅਤੇ ਉਸਦੇ ਬੱਚੇ ਨੂੰ ਧਮਕਾਇਆ ਗਿਆ ਸੀ। ਬੈਨਰਜੀ ਨੇ ਸੋਸ਼ਲ ਮੀਡੀਆ 'ਤੇ ਇੱਕ ਵੀਡੀਓ ਸਾਂਝਾ ਕੀਤਾ ਸੀ, ਜਿਸ ਵਿੱਚ ਦੋਸ਼ ਲਾਇਆ ਗਿਆ ਕਿ ਕੌਮੀ ਰਾਜਧਾਨੀ ਵਿੱਚ ਇੱਕ ਬੰਗਾਲੀ ਬੋਲਣ ਵਾਲੀ ਔਰਤ ਅਤੇ ਉਸਦੇ ਬੱਚੇ 'ਤੇ ਉਨ੍ਹਾਂ ਦੀ ਭਾਸ਼ਾ ਬੋਲਣ ਕਾਰਨ ਹਮਲਾ ਕੀਤਾ ਗਿਆ ਸੀ।

# ਏਆਈਡੀਡਬਲਯੂਏ ਸਮਰਥਕਾਂ ਨੇ ਗਾਜ਼ਾ 'ਤੇ ਹਮਲੇ ਦੇ ਵਿਰੋਧ 'ਚ ਕੀਤਾ ਪ੍ਰਦਰਸ਼ਨ




ਲਖਨਊ : ਆਲ ਇੰਡੀਆ ਡੈਮੋਕ੍ਰੇਟਿਕ ਵੂਮੈਨਜ਼ ਐਸੋਸੀਏਸ਼ਨ (ਏਆਈਡੀਡਬਲਯੂਏ) ਦੇ ਸਮਰਥਕਾਂ ਨੇ ਲਖਨਊ ਵਿੱਚ ਗਾਜ਼ਾ 'ਤੇ ਹਮਲੇ ਲਈ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ 'ਤੇ ਦੋਸ਼ ਲਗਾਉਣ ਵਿਰੁੱਧ ਪ੍ਰਦਰਸ਼ਨ ਕੀਤਾ।

# ਸੈਲਵਾ ਬ੍ਰਿੰਧਾ ਭਾਰਤ ਦੀ ਸਭ ਤੋਂ ਵੱਡੀ ਮਾਂ ਦੇ ਦੁੱਧ ਦੀ ਦਾਤਾ ਬਣੀ, 22 ਮਹੀਨੇ 'ਚ 300 ਲੀਟਰ ਤੋਂ ਵੱਧ ਦਾਨ

**ਤਮਿਲਨਾਡੂ ਦੇ ਤਿਰੁਚੀ ਜ਼ਿਲ੍ਹੇ ਦੇ ਕੱਟੂਰ ਇਲਾਕੇ ਦੀ 33 ਸਾਲਾ ਘਰੇਲੂ ਮਹਿਲਾ ਸੈਲਵਾ ਬ੍ਰਿੰਧਾ ਨੇ ਬੱਚਿਆਂ ਲਈ ਮਾਂ ਦੇ ਦੁੱਧ ਦੇ ਮਹੱਤਵ ਨੂੰ ਨਿਰਾਲੇ ਢੰਗ ਨਾਲ ਦਰਸਾਇਆ ਹੈ। ਉਨ੍ਹਾਂ ਨੇ ਪਿਛਲੇ 22 ਮਹੀਨਿਆਂ ਦੌਰਾਨ 300.17 ਲੀਟਰ ਝਿਲ (breast milk) ਦਾਨ ਕਰਕੇ India Book of Records ਅਤੇ Asia Book of Records ਵਿੱਚ ਆਪਣਾ ਨਾਂ ਦਰਜ ਕਰਵਾਇਆ ਹੈ। ਸੈਲਵਾ ਬ੍ਰਿੰਧਾ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਇਸ ਯਤਨ ਰਾਹੀਂ ਤਮਿਲਨਾਡੂ ਭਰ ਦੇ ਹਜ਼ਾਰਾਂ ਪਰੀਮੈਚੋਰ (ਅਧੂਰੇ ਜਨਮੇ) ਅਤੇ ਬੀਮਾਰ ਨਵਜਾਤ ਬੱਚਿਆਂ ਦੀ ਜ਼ਿੰਦਗੀ ਬਚਾਉਣ ਵਿੱਚ ਮਦਦ ਮਿਲੀ ਹੈ। ਇਹ ਸੇਵਾ ਉਨ੍ਹਾਂ ਵੱਲੋਂ ਇਕ ਘਰੇਲੂ ਮਾਂ ਹੋਣ ਦੇ ਨਾਤੇ ਸ਼ੁਰੂ ਕੀਤੀ ਗਈ ਸੀ, ਪਰ ਅੱਜ ਇਹ ਪੂਰੇ ਦੇਸ਼ ਲਈ ਪ੍ਰੇਰਣਾ ਦਾ ਸਰੋਤ ਬਣ ਗਈ ਹੈ। ਸੈਲਵਾ ਬ੍ਰਿੰਧਾ ਦੀ ਇਹ ਉਪਲਬਧੀ ਸਿਰਫ਼ ਰਿਕਾਰਡ ਨਹੀਂ, ਇਕ ਮਾਂ ਦੇ ਦਿਲ ਦੀ ਦਾਤ ਹੈ।**






ਤਿਰੁਚੀਰਾਪੱਲੀ (ਤਮਿਲਨਾਡੂ) : ਤਮਿਲਨਾਡੂ ਦੇ ਤਿਰੁਚੀ ਜ਼ਿਲ੍ਹੇ ਦੇ ਕੱਟੂਰ ਦੀ ਰਹਿਵਾਸਣ ਸੈਲਵਾ ਬ੍ਰਿੰਧਾ, ਇਕ 33 ਸਾਲਾ ਘਰੇਲੂ ਮਹਿਲਾ ਨੇ ਮਾਂ ਦੇ ਦੁੱਧ ਦੇ ਦਾਨ ਰਾਹੀਂ ਇਕ ਵਿਲੱਖਣ ਇਤਿਹਾਸ ਰਚ ਦਿੱਤਾ ਹੈ। ਉਨ੍ਹਾਂ ਨੇ ਪਿਛਲੇ 22 ਮਹੀਨਿਆਂ ਵਿੱਚ 300.17 ਲੀਟਰ ਮਾਂ ਦਾ ਦੁੱਧ ਦਾਨ ਕਰਕੇ India Book of Records ਅਤੇ Asia Book of Records ਵਿੱਚ ਆਪਣਾ ਨਾਮ ਦਰਜ ਕਰਵਾਇਆ ਹੈ।

ਸੈਲਵਾ ਬ੍ਰਿੰਧਾ ਨੇ ਦੱਸਿਆ ਕਿ 2023 ਵਿੱਚ ਜਦੋਂ ਉਨ੍ਹਾਂ ਦੀ ਦੂਜੀ ਬੇਟੀ ਦਾ ਜਨਮ ਹੋਇਆ, ਤਾਂ ਉਹ ਕੁਝ ਦਿਨ NICU (ਨਿਓਨੈਟਲ ਇੰਟੈਂਸਿਵ ਕੇਅਰ ਯੂਨਿਟ) ਵਿੱਚ ਭਰਤੀ ਰਹੀ। ਉਸ ਦੌਰਾਨ ਉਨ੍ਹਾਂ ਨੂੰ ਆਪਣਾ ਦੁੱਧ ਪੰਪ ਕਰਕੇ ਬੱਚੀ ਨੂੰ ਪਿਲਾਉਣ ਲਈ ਕਿਹਾ ਗਿਆ। ਉਨ੍ਹਾਂ ਨੇ ਜੋ ਵਾਧੂ ਦੁੱਧ ਉਤਪੰਨ ਕੀਤਾ, ਉਹ ਹੋਰ NICU ਵਿੱਚ ਦਾਖਲ ਨਵਜਾਤ ਬੱਚਿਆਂ ਨੂੰ ਦਿੱਤਾ ਗਿਆ। ਇਥੋਂ ਹੀ ਉਨ੍ਹਾਂ ਨੇ ਮਾਂ ਦਾ ਦੁੱਧ ਦਾਨ ਕਰਨ ਦਾ ਫੈਸਲਾ ਕੀਤਾ।

ਸੈਲਵਾ ਨੇ ਸੰਗਠਨਾਂ ਦੀ ਮਦਦ ਨਾਲ ਹਰ ਮਹੀਨੇ ਆਪਣਾ ਦੁੱਧ ਫਰੀਜ਼ ਕਰਕੇ ਸੰਭਾਲਿਆ ਅਤੇ ਵਲੰਟੀਅਰ ਉਨ੍ਹਾਂ ਕੋਲੋਂ ਦੁੱਧ ਦੇ ਪੈਕਟ ਇਕੱਠੇ ਕਰਕੇ ਸਰਕਾਰੀ ਹਸਪਤਾਲਾਂ ਵਿੱਚ ਭੇਜਦੇ ਰਹੇ। ਇੱਥੇ ਨਰਸਾਂ ਦੁੱਧ ਨੂੰ ਪਾਸਚਰਾਈਜ਼ ਕਰਕੇ ਕੱਪ, ਸਿਰੀਜ ਜਾਂ ਟਿਊਬ ਰਾਹੀਂ NICU ਵਿੱਚ ਭਰਤੀ ਬੱਚਿਆਂ ਨੂੰ ਪਿਲਾਉਂਦੀਆਂ ਹਨ।

ਸੈਲਵਾ ਦਾ ਅੰਦਾਜ਼ਾ ਹੈ ਕਿ ਉਨ੍ਹਾਂ ਦੇ ਦੁੱਧ ਰਾਹੀਂ ਹਜ਼ਾਰਾਂ ਅਧੂਰੇ ਜਨਮੇ ਅਤੇ ਬੀਮਾਰ ਬੱਚਿਆਂ ਦੀ ਜ਼ਿੰਦਗੀ ਬਚੀ ਹੈ।

ਉਨ੍ਹਾਂ ਨੇ ਨਵੀਂ ਮਾਵਾਂ ਨੂੰ ਅਪੀਲ ਕੀਤੀ ਕਿ ਜੋ ਵੀ ਥੋੜ੍ਹਾ ਜਿਹਾ ਵੀ ਦੁੱਧ ਉਤਪੰਨ ਹੁੰਦਾ ਹੋਵੇ, ਉਹ ਦਾਨ ਕਰਨਾ ਚਾਹੀਦਾ ਹੈ, ਕਿਉਂਕਿ ਇਹ ਦੁੱਧ ਓਹਨਾਂ ਬੱਚਿਆਂ ਲਈ ਜੀਵਨਦਾਤਾ ਸਾਬਤ ਹੋ ਸਕਦਾ ਹੈ ਜੋ ਆਪਣੀ ਮਾਂ ਦਾ ਦੁੱਧ ਨਹੀਂ ਪੀ ਸਕਦੇ।

'ਇਹ ਮੇਰੇ ਲਈ ਸਿਰਫ਼ ਰਿਕਾਰਡ ਨਹੀਂ, ਇੱਕ ਮਾਂ ਦੀ ਦਿਲੋਂ ਦਿੱਤੀ ਦਾਤ ਹੈ', ਸੈਲਵਾ ਬ੍ਰਿੰਧਾ ਨੇ ਖੁਸ਼ੀ ਜ਼ਾਹਿਰ ਕਰਦੇ ਹੋਏ ਕਿਹਾ।

# ਕੁਬਰੇਸ਼ਵਰ ਭਗਦੜ 'ਚ 3 ਸ਼ਰਧਾਲੂਆਂ ਦੀ ਮੌਤ



ਭੋਪਾਲ : ਬੀਤੇ ਦਿਨ ਸਿਹੋਰ ਦੇ ਕੁਬਰੇਸ਼ਵਰ ਧਾਮ ਵਿਖੇ ਸਵੈ-ਘੋਸ਼ਿਤ ਅਧਿਆਤਮਿਕ ਗੁਰੂ ਪ੍ਰਦੀਪ ਮਿਸ਼ਰਾ ਦੁਆਰਾ ਆਯੋਜਿਤ ਇੱਕ ਧਾਰਮਿਕ ਇਕੱਠ ਵਿੱਚ ਭਗਦੜ ਅਤੇ ਹੰਗਾਮੇ ਵਿੱਚ ਜ਼ਖਮੀ ਹੋਏ ਤਿੰਨ ਹੋਰ ਸ਼ਰਧਾਲੂਆਂ ਦੀ ਮੌਤ ਹੋ ਗਈ, ਜਿਸ ਨਾਲ ਮਰਨ ਵਾਲਿਆਂ ਦੀ ਗਿਣਤੀ ਪੰਜ ਹੋ ਗਈ।

ਮੌਤਾਂ ਦੇ ਬਾਵਜੂਦ, ਇਸ ਰਿਪੋਰਟ ਦੇ ਦਰਜ ਹੋਣ ਤੱਕ ਕੋਈ ਐਫਆਈਆਰ ਦਰਜ ਨਹੀਂ ਕੀਤੀ ਗਈ ਹੈ, ਨਾ ਹੀ ਜਾਨਾਂ ਦੇ ਨੁਕਸਾਨ ਲਈ ਕੋਈ ਜ਼ਿੰਮੇਵਾਰੀ ਤੈਅ ਕੀਤੀ ਗਈ ਹੈ। ਟੀਓਆਈ ਵੱਲੋਂ ਜ਼ਿਲ੍ਹਾ ਕੁਲੈਕਟਰ ਅਤੇ ਪੁਲਿਸ ਸੁਪਰਡੈਂਟ, ਸਿਹੋਰ ਨਾਲ ਉਨ੍ਹਾਂ ਦੇ ਬਿਆਨ ਲਈ ਸੰਪਰਕ ਕਰਨ ਦੀਆਂ ਕੋਸ਼ਿਸ਼ਾਂ ਅਸਫਲ ਰਹੀਆਂ।

ਪ੍ਰਦੀਪ ਮਿਸ਼ਰਾ ਦੁਆਰਾ ਯੋਜਨਾਬੱਧ ਧਾਰਮਿਕ ਸਭਾ (ਕੰਵਰ ਯਾਤਰਾ) ਨੇ ਲੱਖਾਂ ਸ਼ਰਧਾਲੂਆਂ ਨੂੰ ਆਕਰਸ਼ਿਤ ਕੀਤਾ ਅਤੇ ਇੰਦੌਰ-ਭੋਪਾਲ ਹਾਈਵੇਅ 'ਤੇ ਆਵਾਜਾਈ ਵਿੱਚ ਵਿਘਨ ਪੈਣ ਕਾਰਨ ਭਾਰੀ ਆਵਾਜਾਈ ਜਾਮ ਹੋ ਗਈ। ਯਾਤਰਾ 11 ਕਿਲੋਮੀਟਰ ਯਾਤਰਾ ਦੇ ਰਸਤੇ 'ਤੇ ਸ਼ਰਧਾਲੂਆਂ 'ਤੇ ਹੈਲੀਕਾਪਟਰ ਦੁਆਰਾ ਫੁੱਲਾਂ ਦੀਆਂ ਪੱਤੀਆਂ ਵਰਖਾ ਦੇ ਨਾਲ ਸ਼ਡਿਊਲ ਅਨੁਸਾਰ ਚੱਲੀ।

ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਦਮ ਤੋੜਨ ਵਾਲਿਆਂ ਵਿੱਚ ਚਤੁਰ ਸਿੰਘ (50), ਪੁੱਤਰ ਭੂਰਾ ਪੰਚਵਾਲ, ਵਾਸੀ ਗੁਜਰਾਤ, ਦਿਲੀਪ ਸਿੰਘ (57), ਈਸ਼ਵਰ ਸਿੰਘ (65) ਰੋਹਤਕ (ਹਰਿਆਣਾ) ਸ਼ਾਮਲ ਹਨ। ਇਸ ਤੋਂ ਪਹਿਲਾਂ, ਦੋ ਔਰਤਾਂ ਦੀ ਪਛਾਣ ਜਸਵੰਤੀ ਬੇਨ (56), ਚੰਦੂ ਭਾਈ ਦੀ ਪਤਨੀ, ਓਮ ਨਗਰ, ਰਾਜਕੋਟ (ਗੁਜਰਾਤ) ਵਜੋਂ ਹੋਈ ਹੈ; ਸੰਗੀਤਾ ਗੁਪਤਾ (48), ਮਨੋਜ ਗੁਪਤਾ ਦੀ ਪਤਨੀ, ਫਿਰੋਜ਼ਾਬਾਦ (ਉੱਤਰ ਪ੍ਰਦੇਸ਼) ਦੀ ਮੰਗਲਵਾਰ ਨੂੰ ਮੌਤ ਹੋ ਗਈ ਸੀ।

# ਗੁਰੂ ਸਰੀਕ ਨਾ ਕੋਊ ਬਚਾਵਤ

## (ਭੇਖੀ ਗੁਰੂ-ਚੇਲਿਆਂ ਦਾ ਹਾਲ)

### ਭੂਤ ਕਾਲ

ਹੁਤੇ ਜੋ ਥੇ  ਭੰਡ ਭਗਤੀਏ, ਰਾਜਨ ਕੇ ਥੇ ਸਵਾਂਗ ਰਚਾਵਤ।
ਭਿੰਨ ਭਿੰਨ ਕਰ ਭੇਸ ਧਾਰ, ਲੋਗਨ ਕੇ ਮਨ ਕੋ ਪਰਚਾਵਤ।
ਕਉਡੀ, ਦਮੜਾ ਜੋਰਿ ਜੋਰਿ, ਘਰ ਕਟੁੰਬ ਕਾ ਉਦਰ ਪੁਰਾਵਤ।
ਥੇ ਸਵਾਂਗੀ ਬਹੁ ਸਵਾਂਗ ਕਰ, ਭੂਲ ਪਰੇ ਨਹੀਂ ਅਸਲ ਕਹਾਵਤ।

### ਵਰਤਮਾਨ ਕਾਲ

ਨਮਰੂਦ[1], ਫਰਊਨ[2], ਭੁਲਾਇ ਕਰ, ਕਲਜੁਗ ਐਸੇ ਭੰਡ ਉਪਜਾਏ।
ਭੇਖੀ ਗੁਰੂਅਨ ਕੇ ਲੇਹੜੇ[3], ਹਰਲ ਹਰਲ ਕਰ ਖੌਰੂ ਪਾਏ।
ਲੋਕ ਲਾਜ ਕੋ ਤਿਆਗ ਕਰ, ਗ੍ਰੰਥ ਗੁਰੂ ਕੇ ਸਰੀਕ ਸਦਾਏ।
ਰਾਮ ਰਾਇ ਅਰ ਧੀਰਮਲ ਸਮ, ਪ੍ਰਤਖ ਗੁਰੂ ਆਪਨ ਕਹਲਾਏ।
ਵੈਸਾਖ ਨੰਦਨ[4], ਧਾਰ ਬਯਾਘ੍ਰ[5] ਰੂਪ, ਲੋਗਨ ਕੇ ਮਨ ਕੋ ਭਰਮਾਏ।
ਗ੍ਰੰਥ ਗੁਰੂ ਕੀ ਸਾਮ ਤਜ, ਛੱਤਰ ਚਉਰ ਪਰ ਹੱਕ ਜਤਲਾਏ।
ਘੋਰ ਨਰਕ ਕੇ ਪਾਤਕੀ, ਕਬਹੂੰ ਠਉਰ ਨਾ ਕਤਹੂੰ ਪਾਏ।
ਲੋਕ ਪਰਲੋਕ ਗਵਾਇ ਕਰ, ਅਗਨ ਕੁੰਡ ਮਕਸੂਦ ਕਰਾਏ।
ਚੰਮ ਚਿੱਚੜ ਇਹ ਕਟੁੰਬ ਸੰਗ, ਅੰਧ ਕੂਪ ਮੈ ਡਾਰ ਗਿਰਾਏ।
ਗ੍ਰੰਥ ਪੰਥ ਬਿਨੁ ਕਉਨ ਹੈ, ਗਜ ਗਰਾਹ[6]  ਤੇ ਲਏ ਛੁਡਾਏ।।

1 ਨਮਰੂਦ = ਸ਼ਿਨਾਰ ਦਾ ਬਾਦਸ਼ਾਹ, ਇਸਨੇ ਵੀ ਆਪਣੇ ਆਪ ਨੂੰ ਰੱਬ ਐਲਾਨਿਆ ਸੀ।
2 ਫਰਊਨ = (Pharaoh) ਬਾਈਬਲ ਅਤੇ ਕੁਰਾਨ ਵਿਚ ਵਰਣਤ ਕ੍ਰੂਰ ਬਾਦਸ਼ਾਹ ਜਿਸਨੇ ਆਪਣੇ ਆਪ ਨੂੰ ਰੱਬ ਅਖਵਾਇਆ। ਇਹ ਨੀਲ ਨਦੀ ਵਿਚ ਗ਼ਰਕ ਹੋਇਆ।
3 ਲੇਹੜੇ = ਝੁੰਡ
4 ਵੈਸ਼ਾਖ ਨੰਦਨ = ਗਧਾ, ਵੈਸਾਖ ਵਿਚ ਜਦੋਂ ਘਾਹ ਪੀਲੀ ਪੈ ਜਾਂਦੀ ਹੈ ਤਾਂ ਖੋਤਾ ਸਮਝਤਾ ਹੈ ਕਿ ਸਾਰੀ ਹਰੀ ਘਾਹ ਉਸਨੇ ਖਾ ਲਈ ਹੈ ਅਤੇ ਉਹ ਲੋਟਦਾ ਪੋਟਦਾ ਹੈ। ਇਸ ਤਰ੍ਹਾਂ ਉਸਦਾ ਵਜ਼ਨ ਵੱਧ ਜਾਂਦਾ ਹੈ।
5 ਬਯਾਘ੍ਰ = ਸ਼ੇਰ
6 ਗਜ ਗਰਾਹ = ਜਬ ਹੀ ਸਰਨਿ ਗਹੀ ਕਿਰਪਾ ਨਿਧਿ ਗਜ ਗਰਾਹ ਤੇ ਛੂਟਾ।। (ਅੰਗ 632) ਧੰਨ ਗੁਰੂ ਤੇਗ ਬਹਾਦੁਰ ਜੀ ਵਲੋਂ ਵਰਣਤ ਪੌਰਾਣਿਕ ਹਾਥੀ ਜਿਸਨੂੰ ਤੇਂਦੁਏ ਨੇ ਜਕੜ ਲਿਆ ਸੀ ਐਪਰ ਪੁਕਾਰ ਕਰਨ ਤੇ ਪ੍ਰਮਾਤਮਾ ਨੇ ਉਸਦੀ ਖਲਾਸੀ ਕੀਤੀ।

### ਭਵਿੱਖ ਕਾਲ

ਲੋਹੂ ਲਥਪਥ ਅਜਗਰ ਡਿਠ ਮੈਂ, ਭੇਖੀ ਗੁਰੂ ਜੋ ਆਪ ਸਦਾਵਤ।
ਘਇਲ ਆਤਰ ਉਲਟ ਪਲਟ, ਤੜਪ ਤੜਪ ਪੀੜਤ ਕੁਰਲਾਵਤ।
ਕੁੰਭੀ ਨਰਕ ਮਹਿ ਡੂਬਤ ਹੈ ਇਹ, ਵਿਸ਼ਧਰ ਥੇ ਜੋ ਜਗ ਕਹਿਲਾਵਤ।
ਦੁਰਗੰਧਤ ਕਿਰਮ ਸਭ ਚੂੰਡ ਰਹੇ, ਚੈਨ ਨਾ ਕਤਹੂੰ ਹੈ ਇਹ ਪਾਵਤ।
ਦੋਜ਼ਖ ਗਾਮੀ ਗੁਰ ਅਰ ਚੇਲੇ, ਬਿਰਥਾ ਕੂਕ ਪੁਕਾਰ ਅਰੜਾਵਤ।
ਜਿਤਨਕ ਚੇਲੇ ਕਰ ਲੀਨੇ ਤੁਮ, ਉਤਨਕ ਜਨਮ ਤੋ ਇਮ ਹੀ ਜਾਵਤ।
ਪਾਪ ਸਮਗ੍ਰ ਬਿਨਾਸ ਹੋ ਸਕਹੈ, ਪਰ ਗੁਰੂ ਸਰੀਕ ਨਾ ਕੋਊ ਬਚਾਵਤ।



ਗੁਰਚਰਨਜੀਤ ਸਿੰਘ ਲਾਂਬਾ
www.santsipahi.org; www.patshahi10.org

# ਨੰਦਨ ਹਰਗੋਬਿੰਦ ਕੋ, ਗਜ ਕੀ ਸੁਨੋ ਪੁਕਾਰ

## (ਗੁਰੂ ਤੇਗ ਬਹਾਦੁਰ ਜੀ ਦੇ ਦਰ ਤੇ ਪੰਥ ਦੀ ਪੁਕਾਰ)

ਨੰਦਨ ਹਰਗੋਬਿੰਦ ਕੋ ਅਭਿਨੰਦਨ ਕਰੋਂ ਚਿਤ ਲਾਇ।
ਸਿਖ ਤਿਹਾਰੇ ਆਤੁਰ ਭਏ, 'ਕਿਰਪਾ ਰਾਮ' ਸਮ ਆਏ।
ਧਰਮ ਤਿਹਾਰਾ ਛਿੰਨ੍ਹ ਕਰੋਂ ਜਬ ਭਾਖਿਆ ਤੁਰਕ ਦਿਲੀਸ।
ਦਾਰਦ ਦੇਖ ਦਰਿਦ੍ਰ ਕਾ ਦ੍ਰਵਿਤ ਭਏ 'ਅਵਨੀਸ਼'।
ਸ਼ਿਖਾ ਸੂਤ ਸਭ ਰਾਖ ਲਏ, ਦੇ ਕਰ ਆਪਣਾ ਸੀਸ।
ਸੀਸ ਗੰਜ ਤੇ ਉਤਪਤ ਭਏ ਅਗਣਿਤ ਗੰਜ ਸ਼ਹੀਦ।
ਧਰਮ ਜਿਨ੍ਹਾਂ ਕਾ ਰਾਖਿਆ, ਅਬ ਉਹ ਭਏ ਦਿਲੀਸ।
ਧਰਮ ਨਾ ਚੀਨੇਂ ਸਿਖ ਕਾ, ਇਹ ਕੈਸੋ ਹੈ ਬਿਉਹਾਰ।
ਤਿਲਕ ਜੰਞੂ ਜਿਮ ਰਾਖਿਆ, ਅਬ ਰਾਖੋ ਮੋਰ ਕਕਾਰ।
ਨਿਰਮਲ ਪੰਥ ਪ੍ਰਗਾਸਿਆ ਨਾਨਕ ਸ਼ਾਹ ਸਿਰਦਾਰ।
ਅਬ ਤੁਮਰੇ ਦੁਆਰੇ ਢਹਿ ਪਿਆ ਕਰੇ ਪੰਥ ਪੁਕਾਰ।
ਮੋਹੇ ਅਨਾਥ ਪੇ ਕਿਰਪਾ ਕਰੋ, ਨਾਤਰ ਨਾ ਚਾਹੋਂ ਇਹ ਸੀਸ।
ਪਰ ਪੰਥ ਅਕਾਲੀ ਰਾਖ ਲੇਉ ਕਿਰਪਾ ਕਰ ਜਗਦੀਸ਼।

-ਗੁਰਚਰਨਜੀਤ ਸਿੰਘ ਲਾਂਬਾ

# ਕਲਗੀਆਂ ਵਾਲੇ ਦੇ ਨੀਲੇ ਦਾ ਸਾਥੀ ਚਿੱਟਾ ਬਾਜ

ਆਦਿ ਅੰਤ ਹੀਣ ਅੰਬਰ ਦਾ ਨਹੀਂ ਹੁੰਦਾ ਪੂਰਬ ਪੱਛਮ ਜਾਂ ਉੱਤਰ ਦੱਖਣ ਆ ਗਿਆ ਬਾਜ਼ ਚਿੱਟਾ, ਪੈਗ਼ਾਮ ਲੈ ਕੇ ਖਾਲਸੇ ਦੇ ਨਿਆਰੇ ਪਨ ਦਾ ਸ਼ਾਹਿ ਸ਼ਹਿਨਸ਼ਾਹ ਦਾ ਸ਼ਾਹੀ ਸ਼ਾਹੀਨ ਤੇ ਨੀਲੇ ਦਾ ਸੰਗੀ। ਕਲਗੀਵਾਲੇ ਦੀ ਅਸੀਸ ਸਦਕਾ, ਆਗਾਸਾਂ ਤੋਂ ਉਚੀ ਉਡਾਣ ਇਸਦੀ। ਅਨੰਦਪੁਰ ਤੋਂ ਲਾ ਉਡਾਰੀ ਸਾਰੇ ਬ੍ਰਹਮਾਂਡ ਨੂੰ ਸਰ ਕਰਨਾ ਕਾਲ ਰਹਿਤ ਪਰਵਾਜ਼ ਇਸ ਦੀ, ਹਲੇਮੀ ਰਾਜ ਦਾ ਮੁਹਾਫਿਜ਼ ਧੁਰੋਂ ਮਿਲੀ ਇਹ ਅਰਸ਼ੀ ਦਾਤ ਕਿਸੇ ਰੜੇ ਰਾਜ ਦੀ ਮੁਥਾਜ ਨਹੀਂ। ਦੇਸ ਦਿਸਾਨ ਨਾ ਇਸ ਨੂੰ ਰੋਕ ਸਕਣ ਨਾ ਹੀ ਹੋੜ ਸਕਣ ਜੇ ਕੋਈ ਮਦ ਮੱਤਾ ਸ਼ਿਕਾਰੀ ਜਾਲ ਤਾਣ ਇਸ ਨੂੰ ਫਹਾਣਾ ਚਾਹੇ ਇਹ ਸਮਰੱਥਾ ਹੈ ਤਾਰਾਂ ਸਣੇ ਉਸ ਅਹੇਰੀ ਨੂੰ ਵੀ ਤਾਰ ਤਾਰ ਕਰ ਦੇਣ ਦੇ।

-ਗੁਰਚਰਨਜੀਤ ਸਿੰਘ ਲਾਂਬਾ

# ਭਾਰਤ ਸਰਕਾਰ ਅਤੇ ਜੰਮੂ-ਕਸ਼ਮੀਰ ਨੇ 25 ਮਹੱਤਵਪੂਰਨ ਕਿਤਾਬਾਂ 'ਤੇ ਪਾਬੰਦੀ ਲਗਾਈ




ਬੇਹੱਦ ਲੱਚਰ ਤੇ ਆਪਹੁਦਰੇ ਤਰੀਕੇ ਰਾਹੀਂ ਭਾਰਤ ਸਰਕਾਰ ਅਤੇ ਜੰਮੂ-ਕਸ਼ਮੀਰ ਦੇ ਹਿੰਦੂਤਵੀ ਬਹੁਤਾਤ ਤੇ ਮਾਨਸਿਕਤਾ ਵਾਲੇ ਪ੍ਰਸ਼ਾਸਨ ਵੱਲੋਂ 5 ਅਗਸਤ, 2025 ਨੂੰ 25 ਕਿਤਾਬਾਂ 'ਤੇ ਪਾਬੰਦੀ ਲਗਾਉਣ ਦਾ ਇਕ ਮਹੱਤਵਪੂਰਨ ਅਤੇ ਵਿਵਾਦਪੂਰਨ ਫ਼ੈਸਲਾ ਲਿਆ ਗਿਆ ਹੈ। ਇਸ ਕਾਰਵਾਈ ਨੂੰ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 (BNSS) ਦੀ ਧਾਰਾ 98 ਤਹਿਤ ਅੰਜਾਮ ਦਿੱਤਾ ਗਿਆ ਹੈ, ਜੋ ਕਿ ਕਿਸੇ ਵੀ ਪ੍ਰਕਾਸ਼ਨ ਨੂੰ ਜ਼ਬਤ ਕਰਨ ਅਤੇ ਰਾਜ ਵਿਰੋਧੀ ਸਮੱਗਰੀ 'ਤੇ ਰੋਕ ਲਗਾਉਣ ਲਈ ਕਾਨੂੰਨੀ ਆਧਾਰ ਪ੍ਰਦਾਨ ਕਰਦੀ ਹੈ. ਸਰਕਾਰ ਨੇ ਇਨ੍ਹਾਂ ਕਿਤਾਬਾਂ ਨੂੰ 'ਰਾਸ਼ਟਰ ਵਿਰੋਧੀ', 'ਵੱਖਵਾਦੀ ਸੋਚ ਨੂੰ ਉਤਸ਼ਾਹਿਤ ਕਰਨ ਵਾਲੀਆਂ' ਅਤੇ 'ਝੂਠੇ ਪਰਿਪੇਖ' ਰਾਹੀਂ ਨੌਜਵਾਨਾਂ ਨੂੰ ਭੜਕਾਉਣ ਵਾਲੀਆਂ ਦੱਸਿਆ ਹੈ।

ਇਨ੍ਹਾਂ ਪਾਬੰਦੀਸ਼ੁਦਾ ਕਿਤਾਬਾਂ ਵਿਚ ਕਈ ਪ੍ਰਸਿੱਧ ਭਾਰਤੀ ਅਤੇ ਅੰਤਰਰਾਸ਼ਟਰੀ ਲੇਖਕਾਂ ਦੀਆਂ ਰਚਨਾਵਾਂ ਸ਼ਾਮਲ ਹਨ, ਜਿਨ੍ਹਾਂ ਦਾ ਅਕਾਦਮਿਕ ਅਤੇ ਵਿਦਵਤਾ ਭਰਿਆ ਮਹੱਤਵ ਹੈ। ਉਦਾਹਰਣ ਵਜੋਂ, 'ਕੀ ਤੁਹਾਨੂੰ ਕੁਨਾਨ ਪੋਸ਼ਪੋਰਾ ਯਾਦ ਹੈ? ਜਿਸ ਨੂੰ ਪੰਜਾਬੀ ਤੇ ਹਿੰਦੀ ਵਿਚ 'ਗੀਥਿੰਕ ਬੁਕਸ' ਨੇ ਪ੍ਰਕਾਸ਼ਿਤ ਕੀਤਾ ਹੈ, ਤੋਂ ਇਲਾਵਾ ਅਰੁੰਧਤੀ ਰਾਏ ਦੀ Azadi, ਏ.ਜੀ. ਨੂਰਾਨੀ ਦੀ The Kashmir Dispute, ਸੁਮੰਤਰਾ ਬੋਸ ਦੀਆਂ Kashmir at the Crossroads ਅਤੇ Contested Lands, ਅਤੇ ਅਨੁਰਾਧਾ ਭਸੀਨ ਦੀ The Untold Story of Kashmir after Article 370 ਵਰਗੀਆਂ ਰਚਨਾਵਾਂ ਕਸ਼ਮੀਰ ਸੰਘਰਸ਼ ਦੇ ਵੱਖ-ਵੱਖ ਪਹਿਲੂਆਂ 'ਤੇ ਗਹਿਰਾ ਵਿਸ਼ਲੇਸ਼ਣ ਪੇਸ਼ ਕਰਦੀਆਂ ਹਨ। ਇਹ ਲਿਖਤਾਂ ਇਤਿਹਾਸਕ ਦ੍ਰਿਸ਼ਟੀਕੋਣ, ਰਾਜਨੀਤਿਕ ਵਿਸ਼ਲੇਸ਼ਣ, ਅਤੇ ਮਨੁੱਖੀ ਅਧਿਕਾਰਾਂ ਦੀ ਚਰਚਾ ਲਈ ਅਕਾਦਮਿਕ ਅਤੇ ਪੱਤਰਕਾਰੀ ਖੇਤਰਾਂ ਵਿਚ ਅਹਿਮ ਮੰਨੀਆਂ ਜਾਂਦੀਆਂ ਹਨ। ਇਸ ਲਈ, ਇਹ ਪਾਬੰਦੀ ਕੇਵਲ ਕਿਤਾਬਾਂ 'ਤੇ ਨਹੀਂ, ਬਲਕਿ ਗਿਆਨ ਅਤੇ ਵਿਚਾਰਾਂ ਦੇ ਪ੍ਰਵਾਹ ਨੂੰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਵਜੋਂ ਦੇਖੀ ਜਾ ਸਕਦੀ ਹੈ।

ਜੰਮੂ-ਕਸ਼ਮੀਰ ਸਰਕਾਰ ਅਨੁਸਾਰ, ਇਨ੍ਹਾਂ ਕਿਤਾਬਾਂ ਦੀ ਸਮੱਗਰੀ ਨੌਜਵਾਨਾਂ ਵਿਚ 'ਸ਼ਿਕਾਇਤ, ਅਸੰਤੋਸ਼, ਅਤੇ ਹਿੰਸਾ' ਦੀ ਭਾਵਨਾ ਨੂੰ ਉਭਾਰਦੀ ਹੈ। ਸਰਕਾਰ ਦਾ ਦਾਅਵਾ ਹੈ ਕਿ ਇਨ੍ਹਾਂ ਰਚਨਾਵਾਂ ਵਿਚ 'ਸੁਰੱਖਿਆ ਬਲਾਂ ਦੀ ਨਿੰਦਾ', 'ਧਾਰਮਿਕ ਉਕਸਾਵੇ' ਅਤੇ 'ਵੱਖਵਾਦੀ ਵਿਚਾਰਧਾਰਾ' ਨੂੰ ਉਤਸ਼ਾਹਿਤ ਕਰਨ ਵਾਲੀ ਭਾਸ਼ਾ ਵਰਤੀ ਗਈ ਹੈ, ਜੋ ਕਿ ਭਾਰਤ ਦੀ ਰਾਸ਼ਟਰੀ ਏਕਤਾ ਅਤੇ ਅਖੰਡਤਾ ਲਈ ਖ਼ਤਰਾ ਪੈਦਾ ਕਰਦੀ ਹੈ।

ਇਸ ਤਰਕ ਦਾ ਵਿਸ਼ਲੇਸ਼ਣ ਕਰਦੇ ਹੋਏ, ਇਹ ਸਪੱਸ਼ਟ ਹੈ ਕਿ ਸਰਕਾਰ ਰਾਸ਼ਟਰੀ ਸੁਰੱਖਿਆ ਦੇ ਨਾਂ 'ਤੇ ਵਿਚਾਰਾਂ ਦੀ ਅਭਿਵਿਅਕਤੀ ਨੂੰ ਸੀਮਤ ਕਰ ਰਹੀ ਹੈ। ਜਦੋਂ ਅਕਾਦਮਿਕ ਲਿਖਤਾਂ, ਜੋ ਕਿ ਕਿਸੇ ਸਮੱਸਿਆ ਦੇ ਵੱਖ-ਵੱਖ ਪੱਖਾਂ ਨੂੰ ਪੇਸ਼ ਕਰਦੀਆਂ ਹਨ, ਨੂੰ 'ਰਾਸ਼ਟਰ ਵਿਰੋਧੀ' ਮੰਨਿਆ



ਡਾ. ਪਰਮਿੰਦਰ ਸਿੰਘ ਸ਼ੌਂਕੀ

ਜਾਂਦਾ ਹੈ, ਤਾਂ ਇਹ ਲੋਕਤੰਤਰ ਵਿਚ ਵਿਚਾਰਾਂ ਦੇ ਆਦਾਨ-ਪ੍ਰਦਾਨ ਦੇ ਮੂਲ ਸਿਧਾਂਤਾਂ 'ਤੇ ਸਵਾਲ ਖੜ੍ਹੇ ਕਰਦਾ ਹੈ। ਅਰੁੰਧਤੀ ਰਾਏ ਵਰਗੇ ਲੇਖਕ, ਜੋ ਲੰਬੇ ਸਮੇਂ ਤੋਂ ਸਰਕਾਰੀ ਨੀਤੀਆਂ ਦੇ ਆਲੋਚਕ ਰਹੇ ਹਨ ਅਤੇ ਏ. ਜੀ. ਨੂਰਾਨੀ ਵਰਗੇ ਸੰਵਿਧਾਨਕ ਵਿਦਵਾਨਾਂ ਦੀਆਂ ਰਚਨਾਵਾਂ 'ਤੇ ਪਾਬੰਦੀ ਲਗਾਉਣਾ, ਇਹ ਦਰਸਾਉਂਦਾ ਹੈ ਕਿ ਸਰਕਾਰ ਆਪਣੇ ਆਲੋਚਕਾਂ ਪ੍ਰਤੀ ਅਸਹਿਣਸ਼ੀਲ ਹੈ।

ਇਹ ਸਾਰਾ ਮਾਮਲਾ ਸਿਰਫ਼ ਜੰਮੂ-ਕਸ਼ਮੀਰ ਤੱਕ ਸੀਮਤ ਨਹੀਂ ਹੈ, ਬਲਕਿ ਇਹ ਭਾਰਤ ਵਿਚ ਵੱਧ ਰਹੇ ਰਾਜਨੀਤਿਕ ਅਤੇ ਵਿਚਾਰਧਾਰਕ ਨਿਯੰਤਰਣ ਦੇ ਰੁਝਾਨ ਨੂੰ ਦਰਸਾਉਂਦਾ ਹੈ। ਸਾਲ 2019 ਵਿਚ ਧਾਰਾ 370 ਦੇ ਰੱਦ ਹੋਣ ਤੋਂ ਬਾਅਦ, ਕਸ਼ਮੀਰ ਨਾਲ ਸਬੰਧਤ ਵਿਵਾਦਪੂਰਨ ਵਿਸ਼ਿਆਂ 'ਤੇ ਲਿਖਣ ਵਾਲੇ ਲੇਖਕਾਂ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ। ਇਸ ਤਰ੍ਹਾਂ ਦੀਆਂ ਕਾਰਵਾਈਆਂ ਅਕਾਦਮਿਕ ਆਜ਼ਾਦੀ ਅਤੇ ਵਿਚਾਰਾਂ ਦੇ ਖੁੱਲ੍ਹੇ ਪ੍ਰਗਟਾਵੇ ਲਈ ਇਕ ਵੱਡੀ ਚੁਣੌਤੀ ਹਨ, ਜੋ ਕਿਸੇ ਵੀ ਲੋਕਤੰਤਰ ਲਈ ਜ਼ਰੂਰੀ ਮੰਨੇ ਜਾਂਦੇ ਹਨ।

ਇਸ ਪਾਬੰਦੀ 'ਤੇ ਵਿਦਵਾਨਾਂ, ਸਾਹਿਤਕਾਰਾਂ, ਅਤੇ ਮਨੁੱਖੀ ਅਧਿਕਾਰ ਸੰਸਥਾਵਾਂ ਵੱਲੋਂ ਪ੍ਰਤੀਕਿਰਿਆਵਾਂ ਆਉਣ ਦੀ ਸੰਭਾਵਨਾ ਹੈ। ਇਸ ਲਈ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਇਹ ਮਾਮਲਾ ਅਦਾਲਤਾਂ ਤੱਕ ਪਹੁੰਚਦਾ ਹੈ ਅਤੇ ਕੀ ਇਨ੍ਹਾਂ ਪਾਬੰਦੀਸ਼ੁਦਾ ਕਿਤਾਬਾਂ ਨੂੰ ਮੁੜ ਪ੍ਰਕਾਸ਼ਤ ਕਰਨ ਜਾਂ ਪੜ੍ਹਨ ਦੀ ਆਜ਼ਾਦੀ ਲਈ ਕੋਈ ਕਾਨੂੰਨੀ ਚੁਣੌਤੀ ਦਿੱਤੀ ਜਾਂਦੀ ਹੈ।

ਪਰ ਉਸ ਤੋਂ ਪਹਿਲਾਂ ਹੀ ਇਹ ਘਟਨਾ ਸਾਨੂੰ ਇਕ ਮਹੱਤਵਪੂਰਨ ਸਵਾਲ ਪੁੱਛਣ ਲਈ ਮਜਬੂਰ ਕਰਦੀ ਹੈ: ਜਦੋਂ ਸਵੈ-ਅਭਿਵਿਅਕਤੀ ਅਤੇ ਸੁਤੰਤਰ ਵਿਚਾਰਾਂ 'ਤੇ ਲਗਾਮ ਲਗਾਈ ਜਾਂਦੀ ਹੈ, ਤਾਂ ਕੀ ਕੋਈ ਲੋਕਤੰਤਰ ਸੱਚਮੁੱਚ ਜੀਵੰਤ ਰਹਿ ਸਕਦਾ ਹੈ? ਕਸ਼ਮੀਰ ਦਾ ਇਹ ਮੁੱਦਾ ਸਿਰਫ਼ ਜ਼ਮੀਨ ਦਾ ਵਿਵਾਦ ਨਹੀਂ, ਸਗੋਂ ਭਾਰਤ ਦੇ ਰਾਜਨੀਤਿਕ ਅਤੇ ਵਿਚਾਰਧਾਰਕ ਭਵਿੱਖ ਲਈ ਇਕ ਪਰਖ਼ ਦੀ ਘੜੀ ਬਣ ਚੁੱਕਾ ਹੈ।

ਜਾਂਦਿਆਂ-ਜਾਂਦਿਆਂ- ਪਿਛਲੇ ਦਿਨੀਂ ਨਵੀਂ ਦਿੱਲੀ ਏਅਰਪੋਰਟ ਤੇ "ਗੀਥਿੰਕ ਬੁਕਸ" ਦੀਆਂ ਕਿਤਾਬਾਂ ਨੂੰ ਰੋਕਿਆ ਗਿਆ। ਜਿਸ ਲਈ ਇਹ ਕਾਰਨ ਦੱਸਿਆ ਗਿਆ ਕਿ ਇਹ ਕਿਤਾਬਾਂ "ਖਾਲਿਸਤਾਨੀ" ਪੱਖੀ ਹਨ। ਪਰ ਕੀ ਇਸ ਤਰ੍ਹਾਂ ਕਿਤਾਬਾਂ ਤੇ ਪਾਬੰਦੀ ਲੱਗ ਸਕਦੀ ਹੈ?

ਪੰਜਾਬ ਅੰਦਰ "ਗੀਥਿੰਕ ਬੁਕਸ" ਅਜਿਹੀ ਸਰਕਾਰੀ ਦਮਨ ਦੀ ਨੀਤੀ ਦਾ ਪੁਰਜ਼ੋਰ ਵਿਰੋਧ ਕਰਦਾ ਹੈ।

# ਹਿਮਾਚਲ 'ਚ ਭਾਰੀ ਮੀਂਹ ਕਾਰਨ ਪੋਂਗ ਡੈਮ ਭਰਿਆ, ਬਿਆਸ ਦਰਿਆ ਦੇ ਕਿਨਾਰੇ ਵਸੇ ਪਿੰਡਾਂ 'ਤੇ ਖ਼ਤਰਾ

ਹਿਮਾਚਲ ਪ੍ਰਦੇਸ਼ ਵਿੱਚ ਹੋ ਰਹੀ ਭਾਰੀ ਵਰਖਾ ਦੇ ਚਲਦੇ ਪੋਂਗ ਡੈਮ ਦਾ ਪੱਧਰ ਬੁੱਧਵਾਰ ਨੂੰ ਕਾਫੀ ਉੱਚਾ ਹੋ ਗਿਆ। ਸੁਰੱਖਿਆ ਕਾਰਨਾਂ ਕਰਕੇ ਡੈਮ ਤੋਂ ਲਗਭਗ 4000 ਕਿਉਸਕ ਪਾਣੀ ਛੱਡਿਆ ਗਿਆ, ਜਿਸ ਦੌਰਾਨ ਸ਼ਾਹ ਨਹਿਰ ਦੇ 52 ਵਿੱਚੋਂ ਕਈ ਗੇਟ ਖੋਲ੍ਹੇ ਗਏ।

ਇਸ ਕਾਰਨ ਬਿਆਸ ਦਰਿਆ ਦਾ ਪਾਣੀ ਲਹਿਰਾਂ ਵਿੱਚ ਤਬਦੀਲ ਹੋ ਰਿਹਾ ਹੈ, ਜੋ ਕਿ ਨੇੜਲੇ ਇਲਾਕਿਆਂ, ਖ਼ਾਸ ਕਰਕੇ ਗੁਰਦਾਸਪੁਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਢਿੱਲਵਾਂ ਵੱਲ ਵਧ ਰਿਹਾ ਹੈ। ਬਿਆਸ ਦਰਿਆ ਦੇ ਕੰਢਿਆਂ 'ਤੇ ਵਸੇ ਕਈ ਪਿੰਡਾਂ ਲਈ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ।



ਪ੍ਰਸ਼ਾਸਨ ਨੇ ਇਮਰਜੈਂਸੀ ਸਥਿਤੀ ਨੂੰ ਦੇਖਦੇ ਹੋਏ ਤਿਆਰੀਆਂ ਮੁਕੰਮਲ ਕਰ ਲਈਆਂ ਹਨ, ਹਾਲਾਂਕਿ ਹਾਲਾਤਾਂ 'ਤੇ ਨਿਗਰਾਨੀ ਜਾਰੀ ਹੈ। ਲੋਕਾਂ ਨੂੰ ਹਦਾਇਤ ਦਿੱਤੀ ਗਈ ਹੈ ਕਿ ਉਹ ਦਰਿਆ ਦੇ ਨੇੜੇ ਨਾ ਜਾਣ ਅਤੇ ਤੁਰੰਤ ਸੁਰੱਖਿਅਤ ਥਾਵਾਂ ਵੱਲ ਸਫਰ ਕਰ ਲੈਣ।

# ਬੀਸੀ ਸਰਕਾਰ ਦਾ ਸਾਊਥ ਏਸ਼ੀਅਨ ਮਿਊਜ਼ੀਅਮ ਵਿਵਾਦਾਂ ਦੇ ਘੇਰੇ ਵਿੱਚ

## 'ਗਲਤ ਕਰਨ ਨਾਲੋਂ, ਨਾ ਕਰਨਾ ਚੰਗਾ ਹੈ'

ਡਾ. ਗੁਰਵਿੰਦਰ ਸਿੰਘ
604 825 1550



ਅੱਜ ਬੀਸੀ ਸਰਕਾਰ, ਕੈਨੇਡਾ ਵੱਲੋਂ 'ਸਾਊਥ ਏਸ਼ੀਅਨ ਮਿਊਜ਼ੀਅਮ' ਬਾਰੇ 5 ਲੱਖ ਡਾਲਰ ਕਰ-ਦਾਤਾਵਾਂ ਦਾ ਖਰਚ ਕੇ, ਤਿਆਰ ਕੀਤੀ ਗਈ ਰਿਪੋਰਟ ਬਾਹਰ ਆਈ ਹੈ, ਜਿਹੜੀ ਕੱਖੋਂ ਹੌਲੀ ਅਤੇ ਨਿਰਾਸ਼ ਕਰਨ ਵਾਲੀ ਹੈ। ਇਸ ਰਿਪੋਰਟ ਨੇ ਵਿਸ਼ੇਸ਼ ਕਰ ਸਿੱਖਾਂ ਦੀ ਪਛਾਣ ਨੂੰ ਨਾ ਸਿਰਫ ਰੋਲਿਆ ਹੈ, ਬਲਕਿ ਕੈਨੇਡਾ ਰਹਿੰਦੇ ਸਾਰੇ ਸਿੱਖਾਂ ਨੂੰ ਇੰਡੀਅਨ ਪਰਿਭਾਸ਼ਿਤ ਕੀਤਾ ਹੈ, ਜੋ ਕਿ ਆਪਣੇ ਆਪ ਵਿੱਚ ਗੁੰਮਰਾਹਕੁਨ ਜਾਣਕਾਰੀ ਹੈ।ਕੈਨੇਡਾ ਵਿੱਚ ਦੁਨੀਆਂ ਦੇ ਵੱਖ-ਵੱਖ ਖਿੱਤਿਆਂ 'ਚੋਂ ਸਿੱਖ ਵੱਸਦੇ ਹਨ ਅਤੇ ਉਨ੍ਹਾਂ ਦੀ ਪਛਾਣ ਸਿੱਖ ਕੈਨੇਡੀਅਨ ਵਜੋਂ ਹੀ ਕੀਤੀ ਜਾ ਸਕਦੀ ਹੈ।

**ਸਾਊਥ ਏਸ਼ੀਅਨ (ਦੱਖਣੀ ਏਸ਼ੀਆਈ) ਨਾਂ ਕਿਉਂ ਨਹੀਂ ਮਨਜ਼ੂਰ ?**

ਪਹਿਲੀ ਗੱਲ, ਮਿਊਜ਼ੀਅਮ ਸਾਊਥ ਏਸ਼ੀਅਨ ਯਾਨੀ ਕਿ ਦੱਖਣੀ ਏਸ਼ੀਆਈ ਭਾਈਚਾਰੇ ਵਰਗੀ ਸ਼ਬਦਾਵਲੀ ਇਸ ਕਰਕੇ ਮਨਜ਼ੂਰ ਨਹੀਂ, ਕਿਉਂਕਿ ਇਹ ਖਿੱਤਾ ਤਾਂ ਹੋ ਸਕਦਾ ਹੈ, ਲੋਕਾਂ ਦੀ ਪਛਾਣ ਨਹੀਂ। ਵੱਖ-ਵੱਖ ਮੁਲਕਾਂ ਦੇ, ਵੱਖ-ਵੱਖ ਬੋਲੀਆਂ ਵਾਲੇ, ਇੱਕ ਦੂਜੇ ਤੋਂ ਹਟਵੇਂ ਸੱਭਿਆਚਾਰਾਂ ਅਤੇ ਇੱਕ ਦੂਜੇ ਦੇ ਝੱਲੇ ਸੰਤਾਪ ਵਾਲੇ ਲੋਕ, ਜੇ ਇਕੋ ਛੱਤ ਹੇਠ ਇਕ ਮਿਊਜ਼ੀਅਮ ਦੇ ਵਿੱਚ ਰੱਖੇ ਜਾਣਗੇ, ਤਾਂ ਇਸ ਤੋਂ ਵੱਡਾ ਰੋਲ ਘਚੋਲ ਕੀ ਹੋ ਸਕਦਾ ਹੈ? ਸੱਚ ਤਾਂ ਇਹ ਹੈ ਕਿ ਸਾਊਥ ਏਸ਼ੀਅਨ ਸ਼ਬਦ ਨਸਲਵਾਦੀ ਵਰਤਾਰੇ ਦਾ ਪ੍ਰਤੀਕ ਹੈ, ਜੋ ਕਿਸੇ ਵੀ ਰੂਪ ਵਿੱਚ ਸਵੀਕਾਰ ਨਹੀਂ ਹੋ ਸਕਦਾ।

**ਇੰਡੀਅਨ ਮਿਊਜ਼ੀਅਮ (ਭਾਰਤੀ) ਨਾਂ ਕਿਉਂ ਨਹੀਂ ਮਨਜ਼ੂਰ ?**


ਦੂਜਾ, ਇੱਕ ਨਵੇਂ ਰੇਡੀਓ ਟਿੱਪਣੀਕਾਰ ਨੇ ਨਵੀਂ ਛਿੰਗੜੀ ਛੇੜਦਿਆਂ ਕਿਹਾ ਕਿ ਇੰਡੀਅਨ ਮਿਊਜ਼ੀਅਮ ਕਾਇਮ ਕੀਤਾ ਜਾਏ। ਭਲਾ ਪੁੱਛਣ ਵਾਲਾ ਹੋਵੇ ਕਿ ਮਿਊਜ਼ੀਅਮ ਵਿਰਾਸਤ ਅਤੇ ਇਤਿਹਾਸ ਦੀ ਪਛਾਣ ਹੁੰਦਾ ਹੈ। ਇੰਡੀਆ ਵਿੱਚ ਰਹਿੰਦੇ ਸਿੱਖਾਂ ਦੇ ਇਤਿਹਾਸ ਵਿੱਚ, 1984 ਤੋਂ ਲੈ ਕੇ ਲਗਾਤਾਰ ਜੋ ਦੁਖਾਂਤ ਵਾਪਰੇ ਹਨ, ਚਾਹੇ ਉਹ ਦਰਬਾਰ ਸਾਹਿਬ ਤੇ ਹਮਲੇ ਦੀ ਗੱਲ ਹੋਵੇ ਜਾਂ ਫਿਰ ਸਿੱਖ ਨਸਲਕੁਸ਼ੀ ਦੀ ਗੱਲ ਹੋਵੇ, ਉਸ ਦੀ ਜਿੰਮੇਵਾਰ ਇੰਡੀਅਨ ਸਰਕਾਰ ਹੈ। ਕੀ ਇੰਡੀਅਨ ਮਿਊਜ਼ੀਅਮ ਦੀ ਮੰਗ ਕਰਨ ਵਾਲੇ ਇੰਡੀਅਨ ਸਰਕਾਰ ਵੱਲੋਂ ਘੱਟ ਗਿਣਤੀਆਂ ਅਤੇ ਕੀਤੇ ਜਾ ਰਹੇ ਜੁਰਮਾਂ ਨੂੰ ਪੇਸ਼ ਕਰਨ ਦੀ ਜੁਅਰਤ ਕਰਨਗੇ? ਜੇ ਨਹੀਂ ਤਾਂ ਫਿਰ ਇਹ ਭੰਬਲ ਭੂਸਾ ਕਿਉਂ?

**ਸਿੱਖ ਜਾਂ ਪੰਜਾਬੀ ਮਿਊਜ਼ੀਅਮ ਨਾਂ ਰੱਖਣ 'ਤੇ ਇਤਰਾਜ਼ ਕਿਸ ਦਾ ਅਤੇ ਕਿਉਂ?**

ਜੇਕਰ ਕੈਨੇਡਾ ਵਿੱਚ ਪਿਛਲੇ ਸੌ-ਸਵਾ ਸੌ ਸਾਲ ਦਾ ਇਤਿਹਾਸ ਦੇਖੋ, ਤਾਂ ਇਸ ਵਿੱਚ ਜ਼ਿਆਦਾਤਰ ਪ੍ਰਵਾਸੀ ਭਾਈਚਾਰਿਆਂ 'ਚੋਂ ਸਿੱਖਾਂ ਅਤੇ ਪੰਜਾਬੀਆਂ ਦੀ ਵੱਡੀ ਦੇਣ ਹੈ, ਚਾਹੇ ਗੱਲ ਨਸਲਵਾਦ ਖਿਲਾਫ ਲੜਾਈ ਦੀ ਹੋਵੇ, ਬਸਤੀਵਾਦ ਵਿਰੁੱਧ ਸੰਘਰਸ਼ ਦੀ ਹੋਵੇ ਜਾਂ ਕੈਨੇਡਾ ਦੀ ਕੁੱਲ ਤਰੱਕੀ 'ਚ ਯੋਗਦਾਨ ਦੀ ਹੋਵੇ। ਫਿਰ ਸਿੱਖ ਜਾਂ ਪੰਜਾਬੀ ਮਿਊਜ਼ੀਅਮ ਨਾਂ ਰੱਖਣ 'ਤੇ ਇਤਰਾਜ਼ ਕਿਉਂ? ਦਿਲਚਸਪ ਗੱਲ ਇਹ ਹੈ ਕਿ ਪਹਿਲਾਂ 'ਸਿੱਖ' ਸ਼ਬਦ ਸਥਾਨਕ ਯੂਨੀਵਰਸਿਟੀ ਵਿੱਚ ਵੀ ਚੇਅਰ ਲਈ ਹੋਣਾ ਸੀ, ਪਰ ਸਾਡੇ ਵਿੱਚੋਂ ਹੀ ਬਹੁਤੇ ਪੜ੍ਹਿਆਂ-ਲਿਖਿਆਂ ਕਾਬਜ਼ ਲੋਕਾਂ ਨੇ 'ਸਿੱਖ' ਹਟਾ ਕੇ, 'ਪੰਜਾਬੀ' ਤੇ ਫਿਰ 'ਪੰਜਾਬੀ' ਹਟਾ ਕੇ 'ਸਾਊਥ ਏਸ਼ੀਅਨ' ਯਾਨੀ ਕਿ ਦੱਖਣੀ ਏਸ਼ੀਆਈ ਕਰਾਇਆ।

**ਮਿਊਜ਼ੀਅਮ ਦਾ ਮਕਸਦ : ਪਛਾਣ ਅਤੇ ਇਤਿਹਾਸ ਦਰਸਾਉਣਾ ਜਾਂ ਮਿਟਾਉਣਾ?**

ਹੁਣ 100 ਮਿਲੀਅਨ ਡਾਲਰਾਂ ਦੀ ਫੰਡਿੰਗ ਦਾ ਰੋਲ ਘਚੋਲ ਪਾ ਕੇ, ਇਹੋ ਜਿਹਾ ਮਿਊਜ਼ੀਅਮ ਕਾਇਮ ਕਰਨਾ, ਜਿਹੜਾ ਕਿ ਸਾਡੀ ਪਛਾਣ ਬਣਾਉਣ ਦੀ ਥਾਂ ਸਾਡੀ ਪਛਾਣ ਨੂੰ ਗਵਾਉਣ ਵਿੱਚ ਜਿਆਦਾ ਰੋਲ ਅਦਾ ਕਰੇਗਾ, ਇਸ ਦੀ ਲੋੜ ਕੀ ਹੈ? ਜਦੋਂ ਕੈਨੇਡਾ ਵਿੱਚ ਟਰਾਂਸ-ਨੈਸ਼ਨਲ ਰਪਰੇਸ਼ਨ ਅਤੇ ਇੰਡੀਅਨ ਇੰਟਰਫੇਅਰੈਂਸ ਦਾ ਮਾਮਲਾ ਸਿਖਰਾਂ 'ਤੇ ਹੋਵੇ, ਉਸ ਵੇਲੇ ਅਜਿਹਾ ਭੰਬਲਭੂਸਾ ਹੋਰ ਵੀ ਖਤਰਨਾਕ ਸਾਬਤ ਹੋਣ ਦਾ ਖਦਸ਼ਾ ਹੈ।






Appendix A: Grant Recipients

CONFIDENTIAL DRAFT

| | Organization |
|---|---|
| 1. | 1277490 BC LTD |
| 2. | Abbotsford Cultural Centre (DBA The Reach Gallery Museum) |
| 3. | Amar Wellness Inc |
| 4. | Arts BC Arts Service Society |
| 5. | Bangladesh Canada Cultural Association in Victoria (BCCAV) |
| 6. | BC Federation of Labour |
| 7. | BC-India Business Network |
| 8. | Belonging Matters Consulting (3 grants received) |
| 9. | Culture Chats Association BC |
| 10. | DIVERSEcity Community Resources Society/Surrey Local Immigration Partnership |
| 11. | Do Not Touch Studio Inc. |
| 12. | Dori Events and Catering |
| 13. | Engaged Communities Canada Society |
| 14. | Familogue Education Society |
| 15. | India Cultural Association of Vancouver |
| 16. | Inner Vision Productions Inc. (5 grants received) |
| 17. | Kelowna Hindu Cultural Society |
| 18. | Khalsa Diwan Society |
| 19. | Khalsa Secondary School |
| 20. | KRK TRUCKING LTD |
| 21. | Let Her Talk |
| 22. | Marathi Society of B.C |
| 23. | Middlepeace Clinical Counselling Society (2) |

| | Organization |
|---|---|
| 24. | Moving Forward Family Services |
| 25. | Museum Liberation Force |
| 26. | Nadeem Zia Consulting Inc. |
| 27. | Network to Eliminate Violence in Relationships (NEVR) Society |
| 28. | PICS |
| 29. | Poetic Justice Foundation |
| 30. | Punjabi Market Collective Society |
| 31. | Rira Janitorial Services And Building Maintenence Inc. |
| 32. | SACH South Asian Community Hub Society (2 grants received) |
| 33. | Sanjh Foundation |
| 34. | SATNAM Education Society of BC (2 grants received) |
| 35. | Scout Zoo Ventures Inc. |
| 36. | Sher Vancouver |
| 37. | Skeena Diversity Society |
| 38. | Skyrocket Digital Inc |
| 39. | Solid State Community Industries Genconnect |
| 40. | South Vancouver Neighbourhood House |
| 41. | Surrey Board of Trade |
| 42. | Surrey Local Immigration Partnership |
| 43. | The South Asian Collective Society (2 grants received) |
| 44. | VanCitySingh Productions LTD. (4 grants received) |
| 45. | VM's Art of Installation LTD. |
| 46. | Worldwide Gypsum Supplier Ltd |

**ਆਪਣੇ ਲਈ ਫੰਡਿੰਗ ਲੈਂਡ ਵਾਲਿਆਂ ਨੂੰ ਚੋਣ ਕਮੇਟੀਆਂ ਰੱਖਣ 'ਤੇ ਕਿਉਂ ਹੈ ਇਤਰਾਜ਼ ?**

ਜੇਕਰ ਸੱਚਮੁੱਚ ਬੀਸੀ ਸਰਕਾਰ ਨੇ ਅਜਿਹਾ ਕੋਈ ਮਿਊਜੀਅਮ ਬਣਾਉਣਾ ਹੈ, ਤਾਂ ਪਹਿਲਾਂ ਸਲਾਹਕਾਰ ਕਮੇਟੀਆਂ 'ਚੋਂ ਉਹ ਲੋਕ ਕੱਢੋ, ਜਿਹੜੇ ਮਿਊਜ਼ਮੀਆਂ 'ਚ ਨੌਕਰੀਆਂ ਵੀ ਕਰਦੇ ਹਨ ਅਤੇ ਫੈਸਲਾ ਲੈਣ ਵਾਲੇ ਵੀ ਹਨ। ਇਹ ਤਾਂ ਉਹ ਗੱਲ ਹੋਈ ਕਿ ਜਿਨਾਂ ਦੀ ਲੌਟਰੀ ਕੱਢਣੀ ਹੈ, ਉਹੀ ਲੌਟਰੀ ਵੇਚਣ ਵਾਲਿਆਂ ਵਿੱਚ ਸ਼ਾਮਿਲ ਹੋਣ। ਇਸ ਲੇਖ ਨਾਲ ਨੱਥੀ ਦਸਤਾਵੇਜ਼ਾਂ 'ਚੋਂ ਇਹ ਗੱਲ ਜਿਆਦਾ ਸਪਸ਼ਟ ਹੋ ਜਾਵੇਗੀ। ਫੰਡਿੰਗਾਂ ਲੈਣ ਲਈ ਨਾਮਧਰੀਕ ਸੰਸਥਾਵਾਂ ਬਣਾ ਕੇ ਜੋ ਘਪਲੇਬਾਜ਼ੀ ਹੋ ਰਹੀ ਹੈ, ਉਹ ਹੁਣ ਕਿਸੇ ਤੋਂ ਲੁਕੀ ਛਪੀ ਨਹੀਂ।

**ਮਿਊਜ਼ੀਅਮ ਬਣਾਉਣਾ ਹੈ, ਤਾਂ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੇ ਨਾਂ 'ਤੇ ਬਣੇ**

ਸਿਖਰਲੀ ਗੱਲ ਕਿ ਕੈਨੇਡਾ 'ਚ ਨਸਲਵਾਦ ਤੇ ਬਸਤੀਵਾਦ ਖਿਲਾਫ ਸੰਘਰਸ਼ ਕਰਨ ਵਾਲੇ ਮੋਢੀ ਵਿਅਕਤੀ ਕੌਣ ਹਨ? ਜੇਕਰ ਬੀਸੀ ਸਰਕਾਰ ਨੇ ਮਿਊਜ਼ੀਅਮ ਕਾਇਮ ਕਰਨਾ ਹੀ ਹੈ, ਤਾਂ ਉਹਨਾਂ ਦੇ ਨਾਂ 'ਤੇ ਕਾਇਮ ਕਰੇ। ਉਹਨਾਂ ਦੇ ਵਿੱਚੋਂ ਇੱਕ ਨਾਂ ਸੁਝਾਅ ਵਾਸਤੇ ਹੈ : ਸ਼ਹੀਦ ਮੇਵਾ ਸਿੰਘ ਲੋਪੋਕੇ। ਮਿਊਜ਼ੀਅਮ ਬਣਾਉਣਾ ਹੈ, ਤਾਂ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦੇ ਨਾਂ 'ਤੇ ਬਣੇ! ਉਹ ਮਹਾਨ ਸ਼ਹੀਦ, ਜਿਸ ਨੇ ਕੈਨੇਡਾ 'ਚੋਂ ਨਸਲਵਾਦ ਦੀ ਜੜ ਪੁੱਟੀ। ਜਿਹੜਾ ਕੈਨੇਡਾ ਦੇ ਬਹੁਤ ਸੱਭਿਆਚਾਰਕ ਢਾਂਚੇ ਦਾ ਪਹਿਲਾ ਸ਼ਹੀਦ ਹੈ। ਜਿਸ ਸਦਕਾ ਕੈਨੇਡਾ ਦੀ ਵਿਭਿੰਨਤਾ ਤੇ ਬਹੁਸੱਭਿਆਚਾਰਕਤਾ ਨੂੰ ਚਾਰ ਚੰਨ ਲੱਗੇ ਹਨ। ਉਸ ਮਹਾਨ ਯੋਧੇ ਦੇ ਨਾਂ 'ਤੇ ਬਣਿਆ ਮਿਊਜ਼ੀਅਮ ਸਦੀਵੀ ਮਾਰਗ ਦਰਸ਼ਨ ਕਰਦਾ ਰਹੇਗਾ!

# ਪਾਕਿਸਤਾਨ 'ਚ ਹੜ੍ਹ ਨੇ ਮਚਾਈ ਤਬਾਹੀ, 299 ਲੋਕਾਂ ਦੀ ਮੌਤ; ਸੈਂਕੜੇ ਲੋਕ ਹੋਏ ਬੇਘਰ



ਲਾਹੌਰ : ਇਸ ਸਮੇਂ ਪਾਕਿਸਤਾਨ ਦੇ ਕਈ ਹਿੱਸਿਆਂ ਵਿੱਚ ਹੜ੍ਹ ਤਬਾਹੀ ਮਚਾ ਰਹੇ ਹਨ। ਜੂਨ ਦੇ ਅੰਤ ਤੋਂ ਹੁਣ ਤੱਕ ਗੁਆਂਢੀ ਦੇਸ਼ ਵਿੱਚ ਹੜ੍ਹਾਂ ਕਾਰਨ 299 ਲੋਕਾਂ ਦੀ ਜਾਨ ਜਾ ਚੁੱਕੀ ਹੈ। ਇਸ ਤੋਂ ਇਲਾਵਾ 700 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਮਰਨ ਵਾਲਿਆਂ ਵਿੱਚ 140 ਬੱਚੇ ਸ਼ਾਮਲ ਹਨ।

ਪਾਕਿਸਤਾਨ ਦੀ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ (ਐਨਡੀਐਮਏ) ਨੇ ਇਹ ਜਾਣਕਾਰੀ ਦਿੱਤੀ ਹੈ। ਐਨਡੀਐਮਏ ਨੇ ਕਿਹਾ ਕਿ 26 ਜੂਨ ਨੂੰ ਸ਼ੁਰੂ ਹੋਏ ਹੜ੍ਹਾਂ ਨੇ ਦੇਸ਼ ਭਰ ਵਿੱਚ ਤਬਾਹੀ ਦਾ ਦ੍ਰਿਸ਼ ਛੱਡ ਦਿੱਤਾ ਹੈ।

ਪਾਕਿਸਤਾਨੀ ਅਖਬਾਰ ਦ ਡਾਨ ਦੇ ਅਨੁਸਾਰ ਪਾਕਿਸਤਾਨ ਦੇ ਕਈ ਹਿੱਸੇ ਇਸ ਸਮੇਂ ਹੜ੍ਹਾਂ ਦੀ ਤ੍ਰਾਸਦੀ ਦਾ ਸਾਹਮਣਾ ਕਰ ਰਹੇ ਹਨ। ਸਰਕਾਰੀ ਜਾਣਕਾਰੀ ਅਨੁਸਾਰ ਗੰਭੀਰ ਮੌਸਮ ਨੇ 1,676 ਘਰਾਂ ਨੂੰ ਵੀ ਨੁਕਸਾਨ ਪਹੁੰਚਾਇਆ ਹੈ। ਇਨ੍ਹਾਂ ਵਿੱਚੋਂ 562 ਪੂਰੀ ਤਰ੍ਹਾਂ ਤਬਾਹ ਹੋ ਗਏ ਅਤੇ 1,114 ਅੰਸ਼ਕ ਤੌਰ 'ਤੇ ਨੁਕਸਾਨੇ ਗਏ। ਹੜ੍ਹਾਂ ਕਾਰਨ 400 ਤੋਂ ਵੱਧ ਜਾਨਵਰਾਂ ਦੀ ਵੀ ਜਾਨ ਗਈ ਹੈ। ਰਿਪੋਰਟਾਂ ਅਨੁਸਾਰ ©4$1 ਨੇ ਪੁਸ਼ਟੀ ਕੀਤੀ ਹੈ ਕਿ ਉਸ ਨੇ 223 ਬਚਾਅ ਕਾਰਜ ਕੀਤੇ ਹਨ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ 2,880 ਲੋਕਾਂ ਨੂੰ ਸਫਲਤਾਪੂਰਵਕ ਬਾਹਰ ਕੱਢਿਆ ਹੈ। ਦੱਸਿਆ ਜਾ ਰਿਹਾ ਹੈ ਕਿ ਰਾਹਤ ਕਾਰਜਾਂ ਵਿੱਚ 13,400 ਤੋਂ ਵੱਧ ਜ਼ਰੂਰੀ ਚੀਜ਼ਾਂ ਦੀ ਵੰਡ ਸ਼ਾਮਲ ਹੈ, ਜਿਸ ਵਿੱਚ 2,000 ਟੈਂਟ, 958 ਕੰਬਲ, 569 ਰਜਾਈਆਂ, 613 ਗੱਦੇ ਅਤੇ 1,100 ਤੋਂ ਵੱਧ ਭੋਜਨ ਪੈਕੇਟ ਸ਼ਾਮਲ ਹਨ।

# ਪੰਜਾਬ 'ਚ ਹੜ੍ਹਾਂ ਦਾ ਖ਼ਤਰਾ: ਪੌਂਗ ਡੈਮ ਤੋਂ ਛੱਡਿਆ ਜਾਵੇਗਾ ਦੁੱਗਣਾ ਪਾਣੀ

## ਡੈਮ 'ਚ ਪਾਣੀ ਦਾ ਪੱਧਰ ਦੋ ਦਹਾਕੇ ਦੀ ਔਸਤ ਤੋਂ ਵਧਿਆ

ਚੰਡੀਗੜ੍ਹ : ਪੰਜਾਬ 'ਚ ਹੜ੍ਹਾਂ ਦੀ ਸਥਿਤੀ ਗੰਭੀਰ ਹੋ ਗਈ ਹੈ। ਪੌਂਗ ਡੈਮ ਤੋਂ ਵੀਰਵਾਰ ਨੂੰ ਕਰੀਬ 22 ਹਜ਼ਾਰ ਕਿਊਸਿਕ ਪਾਣੀ ਬਿਆਸ ਦਰਿਆ 'ਚ ਛੱਡਿਆ ਜਾਣਾ ਹੈ। ਪੌਂਗ ਡੈਮ ਵਿੱਚ ਅੱਜ ਪਾਣੀ ਦਾ ਪੱਧਰ 1374 ਫੁੱਟ ਹੋ ਗਿਆ ਜੋ ਪਿਛਲੇ 20 ਸਾਲਾਂ 'ਚ ਇਨ੍ਹਾਂ ਦਿਨਾਂ ਦੀ ਔਸਤ ਦੇ ਮੁਕਾਬਲੇ 25 ਫੁੱਟ ਜ਼ਿਆਦਾ ਹੈ। ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਅਤੇ ਪੰਜਾਬ ਦੇ ਜਲ ਸਰੋਤ ਵਿਭਾਗ ਨੇ ਅੱਜ ਮੀਟਿੰਗ ਕਰਕੇ ਡੈਮਾਂ ਵਿੱਚ ਪਾਣੀ ਦੇ ਪੱਧਰ ਨੂੰ ਦੇਖਦਿਆਂ ਰਣਨੀਤੀ ਘੜੀ ਹੈ। ਮੀਟਿੰਗ ਵਿੱਚ ਪੌਂਗ ਡੈਮ ਤੋਂ ਕੁੱਲ 40 ਹਜ਼ਾਰ ਕਿਊਸਿਕ ਪਾਣੀ ਛੱਡਣ ਦਾ ਫ਼ੈਸਲਾ ਲਿਆ ਗਿਆ ਹੈ। ਇਸ ਵੇਲੇ ਪੌਂਗ ਡੈਮ ਤੋਂ ਬਿਆਸ ਦਰਿਆ ਵਿੱਚ 18 ਹਜ਼ਾਰ ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਇਸ ਤੋਂ ਇਲਾਵਾ 22 ਹਜ਼ਾਰ ਕਿਊਸਿਕ ਹੋਰ ਪਾਣੀ ਵੀਰਵਾਰ ਤੋਂ ਬਿਆਸ ਦਰਿਆ ਵਿੱਚ ਆਏਗਾ। ਬਿਆਸ ਦਰਿਆ ਵਿੱਚ ਇਕਦਮ ਵਾਧੂ ਪਾਣੀ ਆਉਣ ਨਾਲ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਤਰਨ ਤਾਰਨ ਅਤੇ ਹਰੀਕੇ ਦੇ ਇਲਾਕਿਆਂ ਲਈ ਖ਼ਤਰਾ ਖੜ੍ਹਾ ਹੋ ਸਕਦਾ ਹੈ। ਬੇਸ਼ੱਕ ਪਹਾੜਾਂ ਵਿੱਚ ਬਾਰਸ਼ ਰੁਕੀ ਹੋਈ ਹੈ ਪ੍ਰੰਤੂ ਪੌਂਗ ਡੈਮ ਵਿੱਚ ਔਸਤਨ ਰੋਜ਼ਾਨਾ 88 ਹਜ਼ਾਰ ਕਿਊਸਿਕ ਪਾਣੀ ਆ ਰਿਹਾ ਹੈ। ਮੀਟਿੰਗ ਦੌਰਾਨ ਇਹ ਯੋਜਨਾ ਵੀ ਬਣੀ ਕਿ ਬਿਆਸ ਸਤਲੁਜ ਲਿੰਕ ਜ਼ਰੀਏ 8500 ਕਿਊਸਿਕ ਪਾਣੀ ਨੂੰ ਭਾਖੜਾ ਡੈਮ ਵੱਲ ਮੋੜਾ ਦੇ ਦਿੱਤਾ ਜਾਵੇ।



ਮਾਨਸੂਨ ਸੀਜ਼ਨ ਦਾ ਇੱਕ ਤਿਹਾਈ ਹੀ ਲੰਘਿਆ ਹੈ ਅਤੇ ਸਤੰਬਰ ਤੱਕ ਸੀਜ਼ਨ ਚੱਲਣਾ ਹੈ ਜਿਸ ਕਰਕੇ ਪੰਜਾਬ ਸਰਕਾਰ ਦੀ ਚਿੰਤਾ ਵਧੀ ਹੋਈ ਹੈ। ਘੱਗਰ ਦਰਿਆ ਵਿੱਚ ਵੀ ਪਾਣੀ ਦਾ ਪੱਧਰ ਵਧਣ ਲੱਗ ਪਿਆ ਹੈ। ਅੱਜ ਸ਼ਾਮ ਘੱਗਰ ਵਿੱਚ 55 ਹਜ਼ਾਰ ਕਿਊਸਿਕ ਪਾਣੀ ਚੱਲ ਰਿਹਾ ਸੀ। ਪਟਿਆਲਾ ਪ੍ਰਸ਼ਾਸਨ ਨੇ ਰਾਜਪੁਰਾ ਅਤੇ ਘਨੌਰ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਨੂੰ ਅਲਰਟ ਕਰ ਦਿੱਤਾ ਹੈ। ਪੰਜਾਬ ਵਿੱਚ ਇਸ ਤੋਂ ਪਹਿਲਾਂ ਹੀ ਹਜ਼ਾਰਾਂ ਏਕੜ ਫ਼ਸਲ ਪਾਣੀ ਦੀ ਮਾਰ ਹੇਠ ਆ ਚੁੱਕੀ ਹੈ। ਇਸੇ ਦੌਰਾਨ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਕਿਸੇ ਵੀ ਹੜ੍ਹ ਵਰਗੀ ਸਥਿਤੀ ਨਾਲ ਨਜਿੱਠਣ ਲਈ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਪੂਰੀ ਤਰ੍ਹਾਂ ਕਾਰਜਸ਼ੀਲ ਹਨ। ਉਨ੍ਹਾਂ ਕਿਹਾ ਕਿ ਹਰ ਸੰਭਾਵੀ ਸਥਿਤੀ ਨਾਲ ਸਿੱਝਣ ਲਈ ਠੋਸ ਹੜ੍ਹ ਰੋਕਥਾਮ ਉਪਾਅ ਅਤੇ ਵਿਆਪਕ ਤਿਆਰੀਆਂ ਸਬੰਧੀ ਪ੍ਰੋਟੋਕੋਲ ਲਾਗੂ ਕੀਤੇ ਗਏ ਹਨ। ਸੂਬੇ ਭਰ ਵਿੱਚ ਕੰਟਰੋਲ ਰੂਮ ਸਰਗਰਮ ਹਨ ਅਤੇ ਐਮਰਜੈਂਸੀ ਰਿਸਪਾਂਸ ਟੀਮਾਂ ਅਲਰਟ 'ਤੇ ਹਨ। ਉਨ੍ਹਾਂ ਦੱਸਿਆ ਕਿ ਪ੍ਰਮੁੱਖ ਡੈਮਾਂ ਵਿੱਚ ਮੌਜੂਦਾ ਪਾਣੀ ਦਾ ਪੱਧਰ ਸੁਰੱਖਿਅਤ ਮਾਪਦੰਡਾਂ ਦੇ ਅੰਦਰ ਹੈ। ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 1637.40 ਫੁੱਟ ਹੈ ਜਦਕਿ ਇਸ ਦੀ ਵੱਧ ਤੋਂ ਵੱਧ ਸਮਰੱਥਾ 1680 ਫੁੱਟ ਹੈ। ਪੌਂਗ ਡੈਮ ਵਿੱਚ ਪਾਣੀ ਦਾ ਪੱਧਰ 1373.08 ਫੁੱਟ ਅਤੇ 1731.55 ਫੁੱਟ ਦੀ ਵੱਧ ਤੋਂ ਵੱਧ ਸਮਰੱਥਾ ਵਾਲੇ ਰਣਜੀਤ ਸਾਗਰ ਡੈਮ ਵਿੱਚ ਪਾਣੀ ਦਾ ਪੱਧਰ 1694.64 ਫੁੱਟ ਹੈ। ਉਨ੍ਹਾਂ ਦਰਿਆ ਦੇ ਕੰਢਿਆਂ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਦੇ ਨੇੜੇ ਰਹਿੰਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਭਾਰੀ ਬਾਰਸ਼ ਦੌਰਾਨ ਚੌਕਸ ਰਹਿਣ ਅਤੇ ਐਮਰਜੈਂਸੀ ਸਹਾਇਤਾ ਲਈ ਤੁਰੰਤ ਕੰਟਰੋਲ ਰੂਮਾਂ ਨਾਲ ਸੰਪਰਕ ਕਰਨ।

# ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਵਲੋਂ ਖਾਲਸਾਈ ਜਾਹੋ-ਜਲਾਲ ਨਾਲ ਸਜਾਏ ਗਏ 'ਮੀਰੀ-ਪੀਰੀ ਦਿਵਸ' ਨਗਰ ਕੀਰਤਨ

## ਸਰੀ ਦੀ ਮੇਅਰ ਬਰਿੰਡਾ ਲੌਕ ਨੂੰ 'ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜਾ' ਐਲਾਨੇ ਜਾਣ 'ਤੇ ਕੀਤਾ ਗਿਆ ਸਨਮਾਨਿਤ





ਸਰੀ : ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਸਰੀ ਡੈਲਟਾ ਵੱਲੋਂ ਮੀਰੀ ਪੀਰੀ ਦਿਵਸ ਨਗਰ ਕੀਰਤਨ ਖਾਲਸਾਈ ਜਾਹੋ-ਜਲਾਲ ਨਾਲ ਸਜਾਏ ਗਏ, ਜਿਸ ਦੌਰਾਨ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿੱਚ ਸੰਗਤਾਂ ਨੇ ਬੇਮਿਸਾਲ ਉਤਸ਼ਾਹ ਦਿਖਾਇਆ। ਇਸ ਮੌਕੇ 'ਤੇ ਗੁਰੂ ਨਾਨਕ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀਆਂ ਜੀਵਨ ਝਾਕੀਆਂ ਤੋਂ ਇਲਾਵਾ ਵੱਖ ਵੱਖ ਫਲੋਟ, ਸਿੱਖ ਸੰਸਥਾਵਾਂ, ਵਿਦਿਅਕ ਅਦਾਰੇ ਅਤੇ ਸੇਵਾਦਾਰ ਭਰਪੂਰ ਉਤਸ਼ਾਹ ਨਾਲ ਸ਼ਾਮਿਲ ਹੋਏ। ਨਗਰ ਕੀਰਤਨ ਸਵੇਰੇ 9 ਵਜੇ ਆਰੰਭ ਹੋਇਆ ਅਤੇ ਕਰੀਬ 3 ਵਜੇ ਨਿਰਵਿਘਨਤਾ ਨਾਲ ਸੰਪੂਰਨ ਹੋਇਆ। ਸਮੁੱਚੇ ਨਗਰ ਕੀਰਤਨ ਦੌਰਾਨ ਸ਼ਹੀਦੀ ਅਸਥਾਨ ਭਾਈ ਹਰਦੀਪ ਸਿੰਘ ਜੀ ਨਿੱਝਰ ਵਿਖੇ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਅਤੇ ਖਾਲਿਸਤਾਨ ਦੇ ਨਾਅਰਿਆਂ ਦੀਆਂ ਗੂੰਜਾ ਪੈਂਦੀਆਂ ਰਹੀਆਂ।

ਮੀਰੀ ਪੀਰੀ ਨਗਰ ਕੀਰਤਨ ਨਾਲ ਸਬੰਧਿਤ ਸਮਾਗਮਾਂ ਦੌਰਾਨ ਢਾਡੀ ਦਰਬਾਰ, ਕਥਾ ਦਰਬਾਰ ਅਤੇ ਕੀਰਤਨ ਦਰਬਾਰ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਕੀਰਤਨੀ ਜਥੇ ਭਾਈ ਲਖਵਿੰਦਰ ਸਿੰਘ ਜੀ, ਭਾਈ ਦਵਿੰਦਰ ਸਿੰਘ ਜੀ ਅਤੇ ਭਾਈ ਸੰਦੀਪ ਸਿੰਘ ਜੀ ਅਤੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਗੁਰਮਤਿ ਸਕੂਲ ਦੇ ਵਿਦਿਆਰਥੀਆਂ ਵੱਲੋਂ ਹਾਜ਼ਰੀ ਭਰੀ ਗਈ ਅਤੇ ਹਜ਼ਾਰਾਂ ਹੀ ਸੰਗਤਾਂ ਨੇ ਹਾਜ਼ਰੀ ਭਰ ਕੇ ਮਨੁੱਖੀ ਜੀਵਨ ਦਾ ਲਾਹਾ ਲਿਆ ।

ਨਗਰ ਕੀਰਤਨ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਮੁੱਖ ਸਟੇਜ 'ਤੇ ਸਰੀ ਦੀ ਮੇਅਰ ਬਰਿੰਡਾ ਲੌਕ ਨੂੰ ਸਨਮਾਨਤ ਕੀਤਾ ਗਿਆ। ਮੇਅਰ ਨੂੰ ਇਸ ਸਨਮਾਨ ਉਹਨਾਂ ਵੱਲੋਂ 23 ਜੁਲਾਈ ਦੇ ਦਿਹਾੜੇ ਨੂੰ 'ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜਾ' ਐਲਾਨੇ ਜਾਣ ਅਤੇ ਗੁਰੂ ਨਾਨਕ ਜਹਾਜ਼ ਨਾਂ ਦੀ ਬਹਾਲੀ ਲਈ ਕੀਤੇ ਉਪਰਾਲੇ ਲਈ ਦਿੱਤਾ ਗਿਆ। ਮੇਅਰ ਨੇ ਇਸ ਮੌਕੇ 'ਤੇ ਸਿੱਖ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਸਨਮਾਨ ਲਈ ਉਹ ਸਿੱਖ ਭਾਈਚਾਰੇ ਦੀ ਹਮੇਸ਼ਾ ਰਿਣੀ ਰਹੇਗੀ। ਉਸਨੇ ਕਿਹਾ ਕਿ ਗੁਰੂ ਨਾਨਕ ਜਹਾਜ਼ ਨਾਂ ਦਾ ਐਲਾਨ ਕਰਨਾ ਉਸ ਲਈ ਬਹੁਤ ਮਾਣ ਵਾਲੀ ਗੱਲ ਹੈ। ਇਸ ਮੌਕੇ 'ਤੇ ਗੁਰੂ ਨਾਨਕ ਜਹਾਜ਼ ਹੈਰੀਟੇਜ਼ ਸੁਸਾਇਟੀ ਬੀਸੀ ਕੈਨੇਡਾ ਡਾ. ਗੁਰਵਿੰਦਰ ਸਿੰਘ ਨੇ ਗੁਰੂ ਨਾਨਕ ਜਹਾਜ਼ ਦੇ ਨਾਂ ਦੀ ਬਹਾਲੀ ਲਈ ਸਮੁੱਚੇ ਯਤਨਾ ਬਾਰੇ ਜਾਣਕਾਰੀ ਦਿੱਤੀ ਅਤੇ ਪਹਿਲਾਂ ਵੈਨਕੂਵਰ ਅਤੇ ਫਿਰ ਸਰੀ ਵੱਲੋਂ ਇਸ ਦਿਹਾੜੇ ਨੂੰ ਅਸਲੀਅਤ ਮੁਤਾਬਿਕ ਗੁਰੂ ਨਾਨਕ ਜਹਾਜ ਦਿਹਾੜਾ, ਐਲਾਨੇ ਜਾਣ ਤੇ ਖੁਸ਼ੀ ਪ੍ਰਗਟਾਈ। ਸੰਸਥਾ ਦੇ ਸੇਵਾਦਾਰ ਭਾਈ ਰਾਜ ਸਿੰਘ ਭੰਡਾਲ ਨੇ ਸਰੀ ਸਿਟੀ ਵੱਲੋਂ ਪੇਸ਼ ਕੀਤਾ ਐਲਾਨਨਾਮਾ ਸੰਗਤਾਂ ਦੌਰਾਨ ਪੜ੍ਹ ਕੇ ਸੁਣਾਇਆ।




ਸਰੀ ਦੀ ਮੇਅਰ ਬਰਿੰਡਾ ਲੌਕ ਨੂੰ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼।

ਨਗਰ ਕੀਰਤਨ ਦੇ ਸਮਾਪਤੀ ਸਮਾਗਮ ਦੇ ਅਖੀਰ ਵਿੱਚ ਸਿੱਖ ਸੰਘਰਸ਼ 'ਚ ਸ਼ਹੀਦ ਹੋਣ ਵਾਲੇ ਯੋਧਿਆਂ ਦੇ ਪਰਿਵਾਰਾਂ ਨੂੰ ਵਿਸ਼ੇਸ਼ ਤੌਰ 'ਤੇ ਖਾਲਸਾ ਪੰਥ ਵੱਲੋਂ ਸਤਿਕਾਰ ਦਿੱਤਾ ਗਿਆ। ਨੌਜਵਾਨ ਸਿੱਖ ਆਗੂ ਭਾਈ ਮਨਿੰਦਰ ਸਿੰਘ ਬੋਇਲ ਸਮੇਤ ਸਿੱਖ ਸੰਸਥਾਵਾਂ ਦੇ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕੀਤਾ ਅਤੇ ਪੰਥ ਦੀ ਇੱਕਜੁੱਟਤਾ ਅਤੇ ਸਾਂਝ ਵਾਸਤੇ ਦ੍ਰਿੜ ਅਹਦ ਲੈਣ ਦੀ ਅਰਦਾਸ ਕੀਤੀ। ਇਹ ਸਮਾਗਮ ਇਤਿਹਾਸਿਕ, ਯਾਦਗਾਰੀ ਅਤੇ ਪ੍ਰੇਰਨਾ ਸਰੋਤ ਹੋ ਨਿਬੜੇ।

# ਮਾਲੇਗਾਓਂ ਧਮਾਕਾ ਕੇਸ: NIA ਅਦਾਲਤ ਵੱਲੋਂ ਸਾਰੇ ਦੋਸ਼ੀ ਬਰੀ

ਮਾਲੇਗਾਓਂ ਬੰਬ ਧਮਾਕੇ ਦੇ ਕੇਸ ਵਿੱਚੋਂ ਵਿਵਾਦਿਤ ਸਾਧਵੀ ਪ੍ਰਗਿਆ ਤੇ ਕਰਨਲ ਪੁਰੋਹਿਤ ਨੂੰ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਹੈ। ਇਹ ਭਾਰਤੀ ਇਤਿਹਾਸ ਅੰਦਰ ਇੱਕ ਅਜਿਹਾ ਮਸਲਾ ਸੀ, ਜਿਸ ਨੇ ਪਹਿਲੀ ਵਾਰ "ਹਿੰਦੂ ਅੱਤਵਾਦ" ਦੀ ਸੰਕਲਪਨਾ ਨੂੰ ਸਾਡੇ ਸਾਹਮਣੇ ਲਿਆਂਦਾ। ਇਸ ਤੋਂ ਪਹਿਲਾਂ ਧਰਮ ਦੇ ਆਧਾਰ ਤੇ ਭਾਰਤ ਅੰਦਰ ਅੱਤਵਾਦੀ ਜਾਂ ਤਾਂ ਮੁਸਲਮਾਨ ਹੁੰਦੇ ਸਨ ਤੇ ਜਾਂ ਫਿਰ ਸਿੱਖ। ਇਸ ਲਈ ਅੱਜ ਜਦ ਉਕਤ ਫ਼ੈਸਲਾ ਸਾਡੇ ਸਾਹਮਣੇ ਆਇਆ ਹੈ, ਇਸ ਬਹਿਸ ਨੇ ਮੁੜ ਜਨਮ ਲੈ ਲਿਆ ਹੈ ਕਿ ਕੀ "ਹਿੰਦੂ ਅੱਤਵਾਦ" ਦੀ ਸੰਕਲਪਨਾ ਮਹਿਜ਼ ਇਕ ਸਿਆਸੀ ਚਾਲ ਸੀ ਜਾਂ ਇਸ ਦਾ ਕੋਈ ਜਮੀਨੀ ਆਧਾਰ ਵੀ ਹੈ?



ਡਾ. ਪਰਮਿੰਦਰ ਸਿੰਘ ਸ਼ੌਂਕੀ

ਦਰਅਸਲ "ਹਿੰਦੂ ਅੱਤਵਾਦ" ਜਾਂ "ਸੈਫਰਨ ਟੈਰਰ" ਦੀ ਸ਼ਬਦਾਵਲੀ ਮਾਲੇਗਾਓਂ ਬੰਬ ਧਮਾਕਾ ਕੇਸ 2008 ਤੋਂ ਬਾਅਦ ਭਾਰਤੀ ਰਾਜਨੀਤਿਕ ਅਤੇ ਮੀਡੀਆ ਵਿਆਖਿਆ ਵਿੱਚ ਇੱਕ ਨਵੇਂ ਪਰਿਭਾਸ਼ਿਕ ਰੂਪ ਵਿੱਚ ਆਈ ਸੀ। ਇਹ ਪਹਿਲੀ ਵਾਰ ਸੀ ਜਦੋਂ ਕੁਝ ਅਜਿਹੇ ਵਿਅਕਤੀਆਂ, ਜੋ ਹਿੰਦੂ ਧਾਰਮਿਕ ਰਾਸ਼ਟਰਵਾਦੀ ਗਠਜੋੜਾਂ ਜਾਂ ਸੰਘ ਪਰਿਵਾਰ ਨਾਲ ਸੰਬੰਧਤ ਦਿੱਖ ਰਹੇ ਸਨ, ਉਨ੍ਹਾਂ ਉੱਤੇ ਅੱਤਵਾਦੀ ਹਮਲੇ ਦੀ ਯੋਜਨਾ ਬਣਾਉਣ ਜਾਂ ਉਸ ਵਿੱਚ ਸ਼ਾਮਲ ਹੋਣ ਦੇ ਦੋਸ਼ ਲਾਏ ਗਏ ਸਨ. ਇਸ ਸੰਦਰਭ ਵਿੱਚ "ਹਿੰਦੂ ਟੈਰਰ" ਦੀ ਸ਼ਬਦਾਵਲੀ ਇੱਕ ਵਿਵਾਦਿਤ ਪਰ ਰਾਜਨੀਤਿਕ ਰੂਪ ਵਿੱਚ ਲੋੜੀਂਦੀ ਵਿਆਖਿਆ ਵਜੋਂ ਉੱਭਰੀ ਸੀ।





ਅਦਾਲਤ ਵੱਲੋਂ ਸਬੂਤਾਂ ਦੀ ਘਾਟ ਕਾਰਨ ਸਾਰੇ ਦੋਸ਼ੀ ਬਰੀ : ਫੋਟੋ AI ਜਿਨਰੇਟਡ

ਇਹ ਸ਼ਬਦ ਮੂਲ ਰੂਪ ਵਿੱਚ 2010 ਵਿੱਚ ਸਾਬਕਾ ਗ੍ਰਹਿ ਮੰਤਰੀ ਪੀ. ਚਿਦੰਬਰਮ ਵੱਲੋਂ ਵਰਤਿਆ ਗਿਆ ਸੀ, ਜਦੋਂ ਉਸ ਨੇ ਬਚਨਬੱਧਤਾ ਦਿਖਾਈ ਕਿ ਅੱਤਵਾਦ ਕਿਸੇ ਵੀ ਧਰਮ ਜਾਂ ਕੌਮ ਦੀ ਵਿਰਾਸਤ ਨਹੀਂ ਹੋ ਸਕਦੀ, ਪਰ ਸਿਆਸੀ ਤੇ ਬੌਧਿਕ ਹਲਕਿਆਂ ਇਹ ਵਾਕ ਮੂਲ ਰੂਪ ਵਿੱਚ ਉਸ ਸਮੇਂ ਦੀ ਰਾਜਨੀਤਿਕ ਹਮਦਰਦੀ ਅਤੇ ਜਾਂਚਕਾਰੀਆਂ ਵੱਲੋਂ ਕੀਤੇ ਜਾ ਰਹੇ ਨਿਰਣਿਆਂ ਦੇ ਪ੍ਰਤੀਕ ਵਜੋਂ ਵੇਖਿਆ ਗਿਆ। ਭਾਜਪਾ ਅਤੇ ਸੰਘ ਪਰਿਵਾਰ ਨੇ ਇਸ ਸ਼ਬਦ ਦੀ ਸਖ਼ਤ ਆਲੋਚਨਾ ਕੀਤੀ ਅਤੇ ਦਾਅਵਾ ਕੀਤਾ ਕਿ ਇਹ ਪੂਰੇ ਹਿੰਦੂ ਧਰਮ ਨੂੰ ਅੱਤਵਾਦ ਨਾਲ ਜੋੜਣ ਦੀ ਸਾਜ਼ਿਸ਼ ਹੈ।

ਹਾਲਾਂਕਿ ਇਹ ਸ਼ਬਦ ਰਾਜਨੀਤਿਕ ਦਲਾਂ ਦੀ ਵਿਚਾਰਧਾਰਾ ਅਨੁਸਾਰ ਵੱਖ-ਵੱਖ ਢੰਗ ਨਾਲ ਅਰਥ ਲੈਂਦਾ ਹੈ। ਜਿੱਥੇ ਇੱਕ ਪਾਸੇ ਕਈ ਵਿਦਵਾਨ ਅਤੇ ਧਾਰਮਿਕ ਨਿਰਪੱਖਤਾ ਦੀ ਪਾਲਣਾ ਕਰਨ ਵਾਲੇ ਵਿਅਕਤੀ ਇਹ ਮੰਨਦੇ ਹਨ ਕਿ ਧਾਰਮਿਕ ਰੂਪ ਵਿੱਚ ਮੋਟੀਵੇਟ ਹੋਏ ਕਿਸੇ ਵੀ ਹਿੰਸਕ ਗਿਰੋਹ ਨੂੰ, ਚਾਹੇ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਵੇ, ਅੱਤਵਾਦੀ ਕਹਿਣਾ ਜਾਇਜ਼ ਹੈ – ਉੱਥੇ ਦੂਜੇ ਪਾਸੇ, ਇਸ ਸ਼ਬਦ ਦੀ ਵਰਤੋਂ ਨੂੰ ਇੱਕ ਸਮੂਹ ਵਿਅਕਤੀਆਂ ਦੀ ਦੁਰਨਾਮੀ ਕਰਨ ਦੀ ਰਣਨੀਤੀ ਵਜੋਂ ਵੀ ਵੇਖਿਆ ਜਾਂਦਾ ਹੈ। ਪਰ ਫਿਰ ਵੀ ਇਹ ਕਿਹਾ ਜਾ ਸਕਦਾ ਹੈ ਕਿ ਹਿੰਦੂ ਟੈਰਰ" ਦੀ ਸੰਕਲਪਨਾ ਨੇ ਭਾਰਤ ਵਿੱਚ ਅੱਤਵਾਦ ਨੂੰ ਲੈ ਕੇ ਚੱਲ ਰਹੇ ਰਾਜਨੀਤਿਕ ਨੈਰੇਟਿਵ ਨੂੰ ਵੀ ਬਦਲਣ ਦੀ ਕੋਸ਼ਿਸ਼ ਕੀਤੀ ਹੈ।



ਮਾਲੇਗਾਓਂ ਧਮਾਕਾ ਕੇਸ : NIA ਅਦਾਲਤ ਵੱਲੋਂ ਸਾਰੇ ਦੋਸ਼ੀ ਬਰੀ, UAPA, Arms Act ਸਮੇਤ ਸਾਰੇ ਇਲਜ਼ਾਮਾਂ ਤੋਂ ਬਰੀ ਕਰਾਰ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਭਿਆਨਕ ਦਹਿਸ਼ਤਗਰਦ ਧਮਾਕਿਆਂ 'ਚ 8 ਮਸੂਮ ਮਾਰੇ ਗਏ ਸਨ ਅਤੇ 100 ਤੋਂ ਵੱਧ ਭਿਆਨਕ ਜ਼ਖ਼ਮੀ ਹੋਏ ਸਨ।
ਫੋਟੋ : ਧੰਨਵਾਦ ਸਾਹਿਤ ਸੋਸ਼ਲ ਮੀਡੀਆ

ਪਰ ਹੁਣ ਜਦ ਇਸ ਸ਼ਬਦਾਵਲੀ ਦਾ ਆਰੰਭਿਕ ਬਿੰਦੂ ਹੀ ਕਾਨੂੰਨੀ ਤੌਰ 'ਤੇ ਖਤਮ ਹੋ ਗਿਆ ਹੈ (ਭਾਰਤੀ ਸੰਦਰਭ 'ਚ ਮੇਰੇ ਨਹੀਂ) ਕੀ ਹਿੰਦੂ ਅੱਤਵਾਦ ਦੀ ਸੰਕਲਪਨਾ ਵੀ ਰੱਦ ਹੋ ਗਈ ਸਮਝੀ ਜਾਣੀ ਚਾਹੀਦੀ ਹੈ? ਇਹ ਵਿਚਾਰਨ ਵਾਲੀ ਗੱਲ ਹੈ। ਬੇਸ਼ੱਕ ਮੈਂ ਸਪੱਸ਼ਟ ਰੂਪ ਵਿਚ ਇਹ ਸਮਝਦਾ ਹਾਂ ਕਿ ਇਸ ਫੈਸਲੇ ਨਾਲ ਇਹ ਸੰਕਲਪਨਾ ਰੱਦ ਨਹੀਂ ਹੋਈ, ਬਲਕਿ ਹੋਰ ਮਜ਼ਬੂਤ ਹੋਈ ਹੈ। ਇਸ ਨੂੰ ਮਜ਼ਬੂਤੀ ਪ੍ਰਦਾਨ ਕਰਨ ਵਾਲੇ ਹੋਰ ਬਹੁਤ ਸਾਰੇ ਕਾਰਕ ਭਾਰਤ ਅੰਦਰ ਅੱਜ ਵੀ ਸਰਗਰਮ ਹਨ। ਇਸ ਲਈ ਹਿੰਦੂ ਟੈਰਰ ਦੀ ਸੰਕਲਪਨਾ ਬੇਸ਼ੱਕ ਮਾਲੇਗਾਂਵ ਨਾਲ ਜੁੜੀ ਹੋਏ, ਪਰ ਇਹ ਉਸ ਨਾਲ ਕਦੀ ਵੀ ਖਤਮ ਨਹੀਂ ਹੋ ਸਕਦੀ। ਕਿਉਂਕਿ ਇਹ ਦਿਨੋਂ ਦਿਨ ਫਲ-ਫੁੱਲ ਰਹੀ ਹੈ। ਅੱਜ ਭਾਰਤ ਸਾਹਮਣੇ ਹਿੰਦੂ ਅੱਤਵਾਦ ਇੱਕ ਚਨੌਤੀ ਵਜੋਂ ਖੜ੍ਹਾ ਹੈ। ਭਾਵੇਂਕਿ ਸੱਤਾ ਇਸ ਨੂੰ ਲਗਾਤਾਰ ਅਣਦੇਖਾ ਕਰਦੀ ਆ ਰਹੀ ਹੈ।

# ਸ੍ਰੀ ਗੁਰੂ ਤੇਗ ਬਹਾਦਰ ਸਿਮਰਿਐ



ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਅਪ੍ਰੈਲ 1621 ਈਸਵੀ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਘਰ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ। ਆਪ ਜੀ ਦਾ ਵਿਆਹ ਮਾਤਾ ਗੁਜਰੀ ਜੀ ਨਾਲ ਹੋਇਆ ਅਤੇ ਆਪ ਜੀ ਦੇ ਘਰ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਨਮ ਲਿਆ।

ਆਪ ਜੀ ਦੇ ਬਚਪਨ ਦਾ ਨਾਮ ਤਿਆਗ ਮੱਲ ਸੀ। ਆਪ ਜੀ ਨੇ ਮਾਇਆ ਦਾ ਤਿਆਗ ਕੀਤਾ ਅਤੇ ਸਮੁੱਚੀ ਮਾਨਵਤਾ ਨੂੰ ਸਹੀ ਸੇਧ ਦਿੱਤੀ। ਆਪ ਜੀ ਤਲਵਾਰ ਦੇ ਧਨੀ ਸਨ , ਆਪ ਜੀ ਵੱਲੋਂ ਕਰਤਾਰਪੁਰ ਸਾਹਿਬ ਜੀ ਦੀ ਜੰਗ ਵਿੱਚ ਵਿਖਾਈ ਬਹਾਦਰੀ ਤੋਂ ਖ਼ੁਸ਼ ਹੋ ਕੇ ਆਪ ਜੀ ਦਾ ਨਾਂ ਤਿਆਗ ਮੱਲ ਤੋਂ ਬਦਲ ਕੇ ਤੇਗ ਬਹਾਦਰ ਰੱਖ ਦਿੱਤਾ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਲਗਪਗ 26 ਸਾਲ, 9 ਮਹੀਨੇ 13 ਦਿਨ ਬਾਬਾ ਬਕਾਲਾ ਵਿਖੇ ਭੋਰੇ ਵਿੱਚ ਭਗਤੀ ਕੀਤੀ। ਇਸੇ ਅਸਥਾਨ ਤੇ ਮੱਖਣ ਸ਼ਾਹ ਲੁਬਾਣਾ ਨਾਂ ਦਾ ਵਪਾਰੀ ਆਇਆ ਜਿਸ ਨੇ ਸਮੁੰਦਰ ਵਿੱਚ ਡੁੱਬਦੇ ਬੇੜੇ ਨੂੰ ਬਚਾਉਣ ਲਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਅਰਦਾਸ ਕੀਤੀ ਸੀ ਤੇ 500 ਮੋਹਰਾਂ ਸੋਨੇ ਦੀਆਂ ਚੜ੍ਹਾਉਣ ਦਾ ਵਚਨ ਦਿੱਤਾ ਸੀ। ਉਸਨੇ ਬੜੇ ਨਾਟਕੀ ਢੰਗ ਨਾਲ ਆਪੇ ਬਣੇ ਬਾਈ ਮੰਜੀਆਂ ਲਗਾਈ ਬੈਠੇ ਪਾਖੰਡੀ ਗੁਰੂਆਂ ਦੀ ਪੋਲ ਖੋਲੀ। ਜਦੋਂ 500 ਸੋਨੇ ਦੀਆਂ ਮੋਹਰਾਂ ਦੀ ਥਾਂ ਦੋ ਦੋ ਸੋਨੇ ਦੀਆਂ ਮੋਹਰਾਂ ਅੱਗੇ ਰੱਖੀਆਂ ਤਾਂ ਸਾਰੇ ਅਸੀਸਾਂ ਦੇਣ ਲੱਗੇ ਕਿਸੇ ਨੇ ਵੀ ਪੰਜ ਸੌ ਮੋਹਰਾਂ ਦੀ ਗੱਲ ਨਹੀਂ ਕੀਤੀ। ਸੱਚੇ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਅੱਗੇ ਜਦੋਂ ਦੋ ਸੋਨੇ ਦੀਆਂ ਮੋਹਰਾਂ ਲੱਖ ਮੱਥਾ ਟੇਕਿਆ ਤਾਂ ਗੁਰੂ ਜੀ ਨੇ ਆਪਣਾ ਜਖ਼ਮੀ ਮੋਢਾ ਵਿਖਾਇਆ ਤੇ ਕਹਿਣ ਲੱਗੇ ਸੁੱਖਣਾ ਪੰਜ ਸੌ ਤੇ ਦਿੰਨਾਂ ਦੋ ਮੋਹਰਾਂ। ਇੰਨਾਂ ਸੁਣਦਿਆਂ ਮੱਖਣ ਸ਼ਾਹ ਲੁਬਾਣੇ ਦਾ ਦਿਲ ਝੂਮ ਉੱਠਿਆ ਤੇ ਛੱਤ ਤੇ ਚੜ੍ਹ ਕੇ ਉੱਚੀ ਉੱਚੀ ਹੋਕਾ ਦੇਣ ਲੱਗਿਆ 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ' । ਇਸ ਤਰਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਪ੍ਰਗਟ ਹੋ ਗਏ ਤੇ ਸੰਗਤਾਂ ਵਹੀਰਾਂ ਘੱਤ ਆਉਣ ਲੱਗੀਆਂ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਸ੍ਰੀ ਆਨੰਦਪੁਰ ਸਾਹਿਬ ਸ਼ਹਿਰ ਵਸਾਇਆ ਜਿੱਥੇ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਜਦੋਂ ਔਰੰਗਜੇਬ ਦੇ ਅਪਰਾਧ ਹੱਦੋਂ ਵਧ ਗਏ ਤਾਂ ਕਸ਼ਮੀਰੀ ਪੰਡਿਤਾਂ ਦਾ ਟੋਲਾ ਆਪਣੇ ਆਗੂ ਪੰਡਿਤ ਕਿਰਪਾ ਰਾਮ ਦੱਤ ਜੀ ਦੀ ਅਗਵਾਈ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਫਰਿਆਦ ਕਰਨ ਲਈ ਸ੍ਰੀ ਆਨੰਦਪੁਰ ਸਾਹਿਬ ਪਹੁੰਚਿਆ। ਉਹਨਾਂ ਗੁਰੂ ਸਾਹਿਬ ਜੀ ਨੂੰ ਫਰਿਆਦ ਕੀਤੀ ਕਿ ਔਰੰਗਜ਼ੇਬ ਧੱਕੇ ਨਾਲ ਹਿੰਦੂਆਂ ਨੂੰ ਮੁਸਲਮਾਨ ਬਣਾ ਰਿਹਾ ਹੈ , ਸਾਡੇ ਤੇ ਅਥਾਹ ਜੁਲਮ ਢਾਅ ਰਿਹਾ ਹੈ। ਸਾਡੀਆਂ ਬਹੂ ਬੇਟੀਆਂ ਦੀ ਇੱਜ਼ਤ ਰੁਲ ਰਹੀ ਹੈ। ਸਾਡਾ ਹਿੰਦੂ ਧਰਮ ਖਤਰੇ ਵਿੱਚ ਹੈ ਸਾਡੀ ਰੱਖਿਆ ਕਰੋ। ਗੁਰੂ ਤੇਗ ਬਹਾਦਰ ਜੀ ਨੇ ਸਹਿਜ ਸੁਭਾਅ ਕਿਹਾ ਕਿ ਹਿੰਦੂ ਧਰਮ ਦੀ ਰੱਖਿਆ ਲਈ ਕਿਸੇ ਮਹਾਂਪੁਰਖ ਨੂੰ ਆਪਣਾ ਬਲੀਦਾਨ ਦੇਣਾ ਪਵੇਗਾ ਤਾਂ ਕੋਲ ਬੈਠੇ ਬਾਲ ਗੋਬਿੰਦ ਰਾਇ ਜੀ ਕਹਿਣ ਲੱਗੇ ਪਿਤਾ ਜੀ ਤੁਹਾਡੇ ਤੋਂ ਵੱਡਾ ਕੌਣ ਹੋਵੇਗਾ, ਇਹ ਸੁਣ ਕੇ ਗੁਰੂ ਜੀ ਨੇ ਪੰਡਿਤਾਂ ਨੂੰ ਕਿਹਾ ਕਿ ਔਰੰਗਜ਼ੇਬ ਨੂੰ ਸੁਨੇਹਾ ਘੱਲ ਦਿਓ ਜੇ ਗੁਰੂ ਤੇਗ ਬਹਾਦਰ ਜੀ ਆਪਣਾ ਧਰਮ ਬਦਲ ਲੈਣ ਭਾਵ ਮੁਸਲਮਾਨ ਬਣ ਜਾਣ ਤਾਂ ਅਸੀਂ ਵੀ ਆਪਣਾ ਧਰਮ ਬਦਲ ਲਵਾਂਗੇ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਲੱਖਣ, ਅਦੁੱਤੀ, ਬੇਮਿਸਾਲ ਤੇ ਲਾਸਾਨੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹਿੰਦ ਦੀ ਚਾਦਰ ਜਾਂ ਹਿੰਦੂ ਧਰਮ ਦੀ ਰੱਖਿਆ ਲਈ ਬਲਿਦਾਨ ਦੇਣਾ ਤੱਕ ਸੀਮਿਤ ਨਹੀਂ ਹੈ ਸਗੋਂ ਗੁਰੂ ਜੀ ਨੇ ਸ਼ਹਾਦਤ ਸਮੁੱਚੀ ਮਾਨਵਤਾ ਦੇ ਭਲੇ ਲਈ ਜ਼ੁਲਮ ਦੇ ਖਿਲਾਫ ਦਿੱਤੀ। ਗੁਰੂ ਜੀ ਨੂੰ ਚਾਂਦਨੀ ਚੌਂਕ ਜੇਲ ਵਿੱਚ ਕੈਦ ਕੀਤਾ ਗਿਆ। ਗੁਰੂ ਜੀ ਨੂੰ ਮੁਸਲਿਮ ਧਰਮ ਅਪਨਾਉਣ ਲਈ ਜੋਰ ਪਾਇਆ ਗਿਆ। ਗੁਰੂ ਜੀ ਨੂੰ ਹਿੰਦ ਦਾ ਪੀਰ ਤੇ ਸਭ ਸੁੱਖ ਸਹੂਲਤਾਂ ਦੇਣ ਦਾ ਲਾਲਚ ਦਿੱਤਾ ਗਿਆ। ਗੁਰੂ ਜੀ ਨੂੰ ਤਿੰਨ ਸ਼ਰਤਾਂ ਰੱਖੀਆਂ ਗਈਆਂ ਕਿ ਮੁਸਲਿਮ ਧਰਮ ਅਪਣਾ ਲਵੋ ਜਾਂ ਕਰਾਮਾਤ ਵਿਖਾਓ ਜਾਂ ਸ਼ਹੀਦੀ ਦਿਓ। ਗੁਰੂ ਜੀ ਅਡੋਲ ਰਹੇ, ਧਰਮ ਨਹੀਂ ਹਾਰਿਆ, ਜ਼ੁਲਮਾਂ ਅੱਗੇ ਨਹੀਂ ਝੁਕੇ।

ਗੁਰੂ ਜੀ ਨੂੰ ਅਨੇਕਾਂ ਤਸੀਹੇ ਦੇ ਕੇ ਡਰਾਇਆ, ਅਜਿਹੇ ਪਿੰਜਰੇ ਵਿੱਚ ਕੈਦ ਰੱਖਿਆ ਜਿਸ ਵਿੱਚ ਗੁਰੂ ਜੀ ਨਾ ਤਾਂ ਸਹੀ ਖੜ੍ਹ ਸਕਦੇ ਸੀ ਤੇ ਨਾ ਹੀ ਆਰਾਮ ਕਰ ਸਕਦੇ ਸੀ। ਗੁਰੂ ਜੀ ਨੂੰ ਡਰਾਉਣ ਲਈ ਉਹਨਾਂ ਦੇ ਸਾਹਮਣੇ ਗੁਰੂ ਜੀ ਦੇ ਸੇਵਕਾਂ ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਤੇ ਭਾਈ ਸਤੀ ਦਾਸ ਜੀ ਨੂੰ ਤਸਹੇ ਦਿੱਤੇ ਗਏ। ਇੰਨਾਂ ਤਿੰਨਾ ਸੇਵਕਾਂ ਨੂੰ ਤਸੀਹੇ ਦੇਣ ਤੋਂ ਪਹਿਲਾਂ ਮੁਸਲਿਮ ਧਰਮ ਅਪਣਾਉਣ ਲਈ ਹਰ ਲਾਲਚ ਦਿੱਤਾ ਗਿਆ ਪਰ ਇਹ ਅਡੋਲ ਰਹੇ। ਭਾਈ ਮਤੀ ਦਾਸ ਜੀ ਦਾ ਸਰੀਰ ਆਰੇ ਨਾਲ ਦੋ ਫਾੜ ਕਰਕੇ ਸ਼ਹੀਦ ਕਰ ਦਿੱਤਾ ਗਿਆ, ਭਾਈ ਦਿਆਲਾ ਜੀ ਨੂੰ ਵੱਡੀ ਦੇਗ ਅੰਦਰ ਉਬਲਦੇ ਪਾਣੀ ਵਿੱਚ ਬਿਠਾ ਉਬਾਲ ਕੇ ਸ਼ਹੀਦ ਕੀਤਾ ਗਿਆ ਤੇ ਭਾਈ ਸਤੀ ਦਾਸ ਜੀ ਦੇ ਸਰੀਰ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਗਾ ਮਚਾ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਮਤੀ ਦਾਸ ਜੀ, ਭਾਈ ਦਿਆਲਾ ਜੀ ਤੇ ਭਾਈ ਸਤੀਦਾਸ ਜੀ ਨੂੰ ਗੁਰੂ ਜੀ ਤੇ ਹੋਰ ਤਮਾਸ਼ਬੀਨ ਲੋਕਾਂ ਸਾਹਮਣੇ ਸ਼ਹੀਦ ਕੀਤਾ ਗਿਆ।

ਹਿੰਦੂ ਧਰਮ ਦੀ ਆਨ ਬਾਨ ਸ਼ਾਨ ਸਮੱਚੀ ਜਿੰਮੇਵਾਰੀ ਸ੍ਰੀ ਗੁਰੂ ਤੇਗ ਬਹਾਦਰ ਜੀ ਸਿਰ ਸੀ। ਗੁਰੂ ਜੀ ਮੁਗਲਾਂ ਦੇ ਜ਼ੁਲਮਾਂ ਅੱਗੇ ਅਡੋਲ ਡਟੇ ਰਹੇ। ਗੁਰੂ ਜੀ ਨੂੰ 24 ਨਵੰਬਰ 1675 ਈਸਵੀ ਨੂੰ ਦਿਨ ਛਿਪਦੇ ਸਮੇਂ, ਦਿੱਲੀ ਵਿੱਚ, ਤਲਵਾਰ ਨਾਲ ਸੀਸ ਧੜ ਨਾਲੋਂ ਵੱਖ ਕਰ ਸ਼ਹੀਦ ਕਰ ਦਿੱਤਾ ਗਿਆ। ਜਿਸ ਥਾਂ ਗੁਰੂ ਜੀ ਸ਼ਹੀਦ ਹੋਏ ਉੱਥੇ ਗੁਰੂਦੁਆਰਾ ਸੀਸ਼ਗੰਜ ਸਾਹਿਬ ਤੇ ਜਿਸ ਥਾਂ ਗੁਰੂ ਜੀ ਦੀ ਧੜ ਦਾ ਸਸਕਾਰ ਹੋਇਆ ਉੱਥੇ ਗੁਰਦੁਆਰਾ ਰਕਾਬਗੰਜ ਸਾਹਿਬ ਸ਼ਸ਼ੋਭਿਤ ਹੈ।

ਗੁਰੂ ਜੀ ਨੇ ਸ਼ਹੀਦ ਹੋਣ ਤੋਂ ਪਹਿਲਾਂ ਭਾਈ ਜੈਤਾ ਜੀ ਕੋਲ ਸਲੋਕ ਜੋ ਭੋਗ ਸਮੇਂ ਪੜ੍ਹੇ ਜਾਂਦੇ ਹਨ ਤੇ ਗੁਰਗੱਦੀ ਲਈ ਜ਼ਰੂਰੀ ਸਮਾਨ ਸ੍ਰੀ ਆਨੰਦਪੁਰ ਸਾਹਿਬ ਪਹੁੰਚਾਇਆ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਭਾਵੇਂ ਸਰੀਰ ਨੂੰ ਸਾਥੋਂ ਵੱਖ ਕਰ ਲਿਆ ਪਰ ਗੁਰੂ ਦੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਸਾਨੂੰ ਅਮੋਲਕ ਗਿਆਨ ਬਖ਼ਸ਼ ਕੇ ਸੱਚ ਨਾਲ ਜੋੜ ਰਹੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ 15 ਰਾਗਾਂ ਅੰਦਰ 59 ਸ਼ਬਦ ਤੇ 57 ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਸ਼ੁਸ਼ੋਭਿਤ ਹਨ। ਗੁਰੂ ਜੀ ਦਾ ਉਪਦੇਸ਼ ਸਮੁੱਚੀ ਮਾਨਵਤਾ ਲਈ ਸਾਂਝਾ ਹੈ। ਗੁਰੂ ਜੀ ਦੀ ਬਾਣੀ ਤੋਂ ਸਾਨੂੰ ਸੋਝੀ ਮਿਲਦੀ ਹੈ ਕਿ ਨਾ ਕਿਸੇ ਤੇ ਜੁਲਮ ਕਰਨਾ ਤੇ ਨਾ ਹੀ ਕਿਸੇ ਦਾ ਜੁਲਮ ਸਹਿਣਾ-

**ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥**
**ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥**
( ਮ ੯ , ਅੰਗ ੧੪੨੭ , ਸਲੋਕ ੧੬ )

ਗੁਰੂ ਜੀ ਨੇ ਸਾਨੂੰ ਸਿੱਖਿਆ ਬਖ਼ਸ਼ਿਸ਼ ਕੀਤੀ ਕਿ ਜੀਵਨ ਦੀਆਂ ਮੁਸ਼ਕਿਲਾਂ ਦੁੱਖਾਂ ਤਕਲੀਫਾਂ ਤੋਂ ਕਦੀ ਨਾ ਘਬਰਾਓ। ਰੱਬ ਤੇ ਭਰੋਸਾ ਰੱਖੋ , ਸੱਚ ਤੇ ਪਹਿਰਾ ਦਿੰਦੇ ਹੋਏ ਅੱਗੇ ਵਧੋ -

**ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥**
**ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥**
( ਮ ੯ , ਅੰਗ ੧੪੨੯ , ਸਲੋਕ ੫੪)

ਸਾਨੂੰ ਇਹ ਸਰੀਰ, ਸਵਾਸ, ਸਕੇ ਸੰਬੰਧੀ, ਧਨ ਦੌਲਤ ਤੇ ਘਰ ਆਦਿ ਪਰਮਾਤਮਾ ਦੇ ਬਖ਼ਸ਼ੇ ਹਨ ਸੋ ਦਿਨ ਰਾਤ ਮਾਲਕ ਦੇ ਸ਼ੁਕਰਾਨਾ ਕਰੀਏ। ਪ੍ਰਭੂ ਜੀ ਖ਼ੁਸ਼ ਹੋ ਕੇ ਸਾਨੂੰ ਚੌਰਾਸੀ ਲੱਖ ਜੂਨਾਂ ਵਿੱਚੋਂ ਉੱਤਮ ਜੂਨ ਮਨੁੱਖਾ ਜਨਮ ਬਖ਼ਸ਼ਿਸ਼ ਕੀਤਾ -

**ਤਨੁ ਧਨੁ ਸੰਪੈ ਸੁਖ ਦੀਓ ਅਰੁ ਜਿਹ ਨੀਕੇ ਧਾਮ ॥**
**ਕਹੁ ਨਾਨਕ ਸੁਨੁ ਰੇ ਮਨਾ ਸਿਮਰਤ ਕਾਹਿ ਨ ਰਾਮੁ ॥**
( ਮ ੯ , ਅੰਗ ੧੪੨੬, ਸਲੋਕ ੮)

ਜੋ ਜੀਵ ਅਮੋਲਕ ਮਨੁੱਖਾ ਜਨਮ ਵਿੱਚ ਆ ਕੇ ਵੀ ਪਰਮਾਤਮਾ ਦਾ ਸਿਮਰਨ, ਸਿਫਤਿ ਸਾਲਾਹ ਭਾਵ ਭਗਤੀ ਨਹੀਂ ਕਰਦੇ, ਸੱਚ ਦੇ ਮਾਰਗ ਤੇ ਨਹੀਂ ਚਲਦੇ, ਅਜਿਹੇ ਜੀਵ ਮਨੁੱਖਾ ਜਨਮ ਹੁੰਦੇ ਹੋਏ ਵੀ ਸੂਰਾਂ ਕੁੱਤਿਆਂ ਆਦਿਕ ਦੇ ਸਮਾਨ ਹਨ। ਪ੍ਰਮਾਤਮਾ ਦੀ ਬੰਦਗੀ, ਨਾਮ ਬਾਣੀ ਤੋਂ ਬਗੈਰ ਗੁਜ਼ਾਰਿਆ ਅਮੋਲਕ ਮਨੁੱਖਾ ਜੀਵਨ ਬਿਰਥਾ ਚਲਿਆ ਜਾਵੇਗਾ-

**ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ ॥**



ਇਕਬਾਲ ਸਿੰਘ ਪੁੜੈਣ
8872897500


**ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ ॥**
( ਮ ੯ , ਅੰਗ ੧੪੨੯, ਸਲੋਕ ੪੪)

ਜਦੋਂ ਸਾਡਾ ਮਨ ਪੰਚ ਚੋਰਾਂ ਭਾਵ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੀ ਸੰਗਤ ਕਰਦਾ ਹੈ ਤਾਂ ਸਾਡਾ ਮਨ ਮਾਇਆ ਦੀ ਦਲਦਲ ਵਿੱਚ ਧਸਦਾ ਜਾਂਦਾ ਹੈ। ਕ੍ਰੋਧ ਸਾਡੀ ਬੁੱਧੀ , ਮਨ ਨੂੰ ਸਥਿਰ ਨਹੀਂ ਰਹਿਣ ਦਿੰਦਾ ਜੋ ਸਾਡੇ ਰਤਨਾਂ ਰੂਪੀ ਗਿਆਨ ਨੂੰ ਚੁਰਾ ਲੈਂਦਾ ਹੈ। ਗੁਰੂ ਜੀ ਸਾਨੂੰ ਮਾਣ ਨੂੰ ਤਿਆਗਣ ਤੇ ਇੰਨਾਂ ਵਿਕਾਰਾਂ ਭਾਵ ਦੁਰਜਨਾਂ ਦੀ ਸੰਗਤ ਤੋਂ ਬਚਣ ਦਾ ਉਪਦੇਸ਼ ਦਿੰਦੇ ਹਨ। ਇਹ ਤਨ ਸੁਪਨੇ ਦੀ ਨਿਆਈਂ ਹੈ ਪਰ ਅਸੀਂ ਇਸ ਨੂੰ ਸੱਚਾ ਸਮਝੀ ਬੈਠੇ ਹਾਂ ਜੋ ਸਾਡੀ ਵੱਡੀ ਭੁੱਖ ਹੈ -

**ਕਾਮ ਕ੍ਰੋਧ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥**
**ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ ॥**
( ਮ ੯ , ਅੰਗ ੨੧੯)

**ਕਠਨ ਕਰੋਧ ਘਟ ਹੀ ਕੇ ਭੀਤਰਿ ਜਿਹ ਸੁਧਿ ਸਭ ਬਿਸਰਾਈ ।।**
**ਰਤਨੁ ਗਿਆਨੁ ਸਭ ਕੋ ਹਿਰਿ ਲੀਨਾ ਤਾ ਸਿਉ ਕਛੁ ਨ ਬਸਾਈ ।।** ( ਮ ੯ , ਅੰਗ ੨੧੯ )

**ਸਾਧੋ ਮਨ ਕਾ ਮਾਨ ਤਿਆਗੋ ॥**
**ਕਾਮੁ ਕ੍ਰੋਧ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥** ( ਮ ੯, ਅੰਗ ੨੧੯)

ਹਉਮੈ ਅਹੰਕਾਰ ਅੰਦਰ ਕੀਤੇ ਕਰਮ ਦੁੱਖ ਦਾ ਕਾਰਨ ਹਨ, ਜੋ ਜੀਵ ਪੂਰੇ ਗੁਰੂ ਜੀ ਦੇ ਲੜ ਲੱਗ, ਪੂਰੇ ਗੁਰੂ ਜੀ ਦੀ ਦਇਆ ਮਿਹਰ ਬਖ਼ਸ਼ਿਸ਼ ਨਾਲ ਪੰਚ ਵਿਕਾਰਾਂ ਕਾਮ, ਕ੍ਰੋਧ, ਲੋਭ ਤੇ ਹੰਕਾਰ ਦਾ ਤਿਆਗ ਕਰਦੇ ਹਨ, ਮੁਕਤ ਹਨ। ਜੋ ਜੀਵ ਹਉਮੈ ਅਹੰਕਾਰ ਤੋਂ ਨਿਰਲੇਪ ਗਏ, ਉਹਨਾਂ ਨੇ ਪ੍ਰਭੂ ਪਰਮਾਤਮਾ ਨੂੰ ਪਛਾਣ ਲਿਆ ਹੈ ਤੇ ਸੱਚ ਨੂੰ ਪ੍ਰਵਾਨ ਹੋਏ ਹਨ-

**ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ।।**
**ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ।।੧੯ ।।** ( ਮ ੯ , ਅੰਗ ੧੪੨੭, ਸਲੋਕ ੧੯)

ਮਾਲਕ ਨੇ ਪੰਜਾਂ ਤੱਤਾਂ ਤੋਂ ਸਰੀਰ ਤਿਆਰ ਕਰਵਾਇਆ। ਅੰਤ ਸਮੇਂ ਇਹ ਪੰਜੇ ਤੱਤ ਆਪਣੇ ਮੂਲ ਤੱਤਾਂ ਨਾਲ ਰਲ ਜਾਣਗੇ ਤੇ ਸੂਖਮ ਅਸਥੂਲ ਤੋਂ ਵੱਖ ਹੋ ਜਾਵੇਗਾ। ਇਹ ਜੀਵਨ ਸੁਪਨੇ ਦੀ ਨਿਆਈ ਹੈ ਅੰਤ ਸਮੇ ਪਰਿਵਾਰਕ ਰਿਸ਼ਤੇ, ਧੀਆਂ ਪੁੱਤਰ, ਮਾਂ ਬਾਪ, ਭੈਣ ਭਰਾ, ਧੰਨ ਦੌਲਤ ਆਦਿ ਕਿਸੇ ਨੇ ਸਾਥ ਨਹੀਂ ਨਿਭਾਉਣਾ। ਅੰਤ ਸਮੇਂ ਕੇਵਲ ਤੇ ਕੇਵਲ ਸ਼ੁਭ ਅਮਲ, ਨੇਕੀ ਸੱਚ ਨਾਮ ਨੇ ਹੀ ਸਾਥ ਨਿਭਾਉਣਾ ਹੈ -

**ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ।।**
**ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ।।**
(ਮ ੯, ਅੰਗ ੧੪੨੭, ਸਲੋਕ ੫ )

**ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ ॥**
**ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮੈ ਮਾਨੁ ॥**
( ਮ ੯ , ਅੰਗ ੧੪੨੭, ਸਲੋਕ ੧੧ )

ਅਸੀਂ ਦੁਨਿਆਵੀ ਪਦਾਰਥਾਂ ਭਾਵ ਮਾਇਆ ਦੇ ਪ੍ਰਭਾਵ ਹੇਠ ਰੱਬੀ ਗੁਣਾਂ ਨੂੰ ਵਿਸਾਰ ਰਹੇ ਹਾਂ। ਮਾਇਆ ਦੇ ਚੁੰਗਲ ਜਾਲ ਵਿੱਚ ਫਸ ਕੇ ਪ੍ਰਭੂ ਭਗਤੀ ਤੋਂ ਦੂਰ ਹੋ ਰਹੇ ਹਾਂ। ਮਾਇਆ ਪਿੱਛੇ ਲੱਗ ਕੀਤੇ ਅਪਰਾਧ, ਦੁੱਖ ਭਾਵ ਜਮ ਡੰਡ ਦੇ ਮਾਰਗ ਤੋਰਨਗੇ। ਸੁੱਖ ਸਮੇਂ ਪਰਿਵਾਰਕ ਰਿਸ਼ਤੇ ਸਾਥ ਨਿਭਾਉਣਗੇ ਪਰ ਦੁੱਖ ਸਮੇਂ ਸਾਥ ਛੱਡ ਜਾਣਗੇ। ਅੰਤ ਸਮੇਂ ਕੇਵਲ ਤੇ ਕੇਵਲ ਬੰਦਗੀ ਨਾਮ ਬਾਣੀ ਹੀ ਸਹਾਰਾ ਬਣੇਗੀ, ਕਿਸੇ ਦੁਨੀਆਵੀ ਰਿਸ਼ਤੇ ਜਾਂ ਪਦਾਰਥ ਨੇ ਨਾਲ ਨਹੀਂ ਖੜਨਾ -

**ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥**
**ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥**
(ਮ ੯, ਅੰਗ ੫੩੩ )

**ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥**
**ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥**
(ਮ ੯ , ਅੰਗ ੧੪੨੬, ਸਲੋਕ ੪)

**ਸੁਖ ਮੈ ਬਹੁ ਸੰਗੀ ਭਏ ਦੁਖ ਮੈ ਸੰਗਿ ਨ ਕੋਇ ॥**
**ਕਹੁ ਨਾਨਕ ਹਰਿ ਭਜੁ ਮਨਾ ਅੰਤਿ ਸਹਾਈ ਹੋਇ ॥**
( ਮ ੯ , ਅੰਗ ੧੪੨੮ ਸਲੋਕ ੩੨ )

ਜੀਵਨ ਦੇ ਪੜਾਅ ਭਾਵ ਬਚਪਨ, ਜਵਾਨੀ ਤੇ ਬੁਢਾਪੇ ਰਾਹੀਂ ਅਸੀਂ ਮੌਤ ਦੇ ਕਰੀਬ ਜਾ ਰਹੇ ਹਾਂ। ਵੈਸੇ ਅਸੀਂ ਇਕਦਮ ਦੇ ਮਹਿਮਾਨ ਹਾਂ, ਪਤਾ ਨਹੀਂ ਕਦੋਂ ਮੌਤ ਆ ਜਾਵੇ। ਪਰਮਾਤਮਾ ਦੇ ਸਿਮਰਨ ਤੋਂ ਬਿਨਾਂ ਇਹ ਤਿੰਨੋਂ ਅਵਸਥਾਵਾਂ ਬਿਰਥਾ ਹਨ। ਅਸੀਂ ਆਪਣੇ ਰੂਪ, ਸਰੀਰ, ਧਨ ਦੌਲਤ, ਅਹੁਦੇ ਆਦਿ ਦੇ ਅਹੰਕਾਰ ਅੰਦਰ ਫੁੱਲੇ ਰਹਿੰਦੇ ਹਾਂ। ਜਦੋਂ ਹੀ ਸਵਾਸ ਨਿੱਕਲੇ ਇਹ ਸਭ ਦੁਨਿਆਵੀ ਵਡਿਆਈਆਂ ਮਿੱਟੀ ਹੋ ਜਾਣਗੀਆਂ। ਸੇਵਾ, ਸੱਚੀ ਸੰਗਤ, ਸਿਮਰਨ ਤੇ ਨਾਮ ਬਾਣੀ ਨੇ ਹੀ ਸਾਥ ਨਿਭਾਉਣਾ ਹੈ -

**ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ।।**
**ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ।।੩੫ ।।** (ਮ ੯, ਅੰਗ ੧੩੨੮, ਸਲੋਕ ੩੫ )

ਇਸ ਸੰਸਾਰ ਅੰਦਰ ਜੋ ਵੀ ਪੈਦਾ ਹੋਇਆ ਹੈ ਉਸ ਨੇ ਜਾਣਾ ਹੀ ਹੈ। ਮੌਤ ਇਕ ਅਟੱਲ ਸਚਾਈ ਹੈ ਜਿਸ ਤੋਂ ਭੱਜਿਆ ਨਹੀਂ ਜਾ ਸਕਦਾ, ਮਹਾਨ ਸ਼ਕਤੀ ਦੇ ਮਾਲਕ ਦਸ਼ਰਥ ਨੰਦਨ ਰਾਮ ਜੀ ਤੇ ਲੰਕਾਪਤੀ ਰਾਜਾ ਰਾਵਣ ਵੀ ਨਹੀਂ ਰਹੇ। ਇਹ ਜੀਵਨ ਸੁਪਨੇ ਦੀ ਤਰ੍ਹਾਂ ਛਲਾਵਾ, ਰੇਤ ਦੀ ਕੰਧ ਤਰਾਂ ਹੈ। ਸੋ ਪੂਰੇ ਗੁਰੂ ਜੀ ਦੀ ਦਇਆ ਮਿਹਰ ਬਖ਼ਸ਼ਿਸ਼ ਨਾਲ ਮਾਇਆ ਦੇ ਚੁੰਗਲ ਤੋਂ ਆਜ਼ਾਦ ਹੋਣ ਲਈ ਸੇਵਾ ਸਿਮਰਨ ਨਾਮ ਬਾਣੀ ਨਾਲ ਜੁੜੀਏ -

**ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ ॥**
**ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ ॥**
( ਮ ੯, ਅੰਗ ੧੪੨੯, ਸਲੋਕ ੪੯)

**ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ ॥**
**ਕਹੁ ਨਾਨਕ ਥਿਰੁ ਕਛੁ ਨਹੀ ਸੁਪਨੇ ਜਿਉ ਸੰਸਾਰੁ ॥**
( ਮ ੯ , ਅੰਗ ੧੪੨੯, ਸਲੋਕ ੫੦)

**ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ ॥**
**ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ।। ੫੨ ॥**
( ਮ ੯ , ਅੰਗ ੧੪੨੯ , ਸਲੋਕ ੫੨ )

ਕਲਯੁਗ ਦੇ ਪ੍ਰਭਾਵ ਹੇਠ ਸਾਡਾ ਮਨ ਕੁੱਤੇ ਦੀ ਪੂਛ ਤਰਾਂ ਹੋ ਗਿਆ ਹੈ, ਇਹ ਉਪਦੇਸ਼ ਸੁਣਦਾ ਜ਼ਰੂਰ ਹੈ ਪਰ ਕੰਨ ਨਹੀਂ ਧਰਦਾ। ਗੁਰੂ ਜੀ ਦੇ ਉਪਦੇਸ਼ ਸੁਣਦਾ ਹੈ ਪਰ ਛਾਪ ਥੋੜੇ ਸਮੇਂ ਲਈ ਹੀ ਰਹਿੰਦੀ ਹੈ। ਗੁਰੂ ਜੀ ਉਪਦੇਸ਼ ਬਖ਼ਸ਼ ਰਹੇ ਹਨ ਕਿ ਹਰ ਰੋਜ਼ ਸਿਮਰਨ ਬੰਦਗੀ ਕਰਦੇ ਰਹੋ, ਪਰਮਾਤਮਾ ਅੱਗੇ ਬੇਨਤੀਆਂ ਕਰਦੇ ਰਹੋ ਸਾਰੇ ਕੰਮ ਸਿੱਧੇ ਹੋ ਜਾਣਗੇ-

**ਸੁਆਨ ਪੂਛ ਜਿਉ ਭਇਓ ਨ ਸੂਧਉ ਬਹੁਤੁ ਜਤਨੁ ਮੈ ਕੀਨਉ ॥**
**ਨਾਨਕ ਲਾਜ ਬਿਰਧ ਕੀ ਰਾਖਹੁ ਨਾਮੁ ਤੁਹਾਰਉ ਲੀਨਉ ।।** ( ਮ ੯ , ਅੰਗ ੬੩੩ )

**ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ ।।**
**ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾਤੇ ਕਾਜੁ ਸਰੈ ।।**
( ਮ ੯, ਅੰਗ ੫੩੬ )

ਗੁਰੂ ਜੀ ਉਪਦੇਸ਼ ਬਖ਼ਸ਼ ਰਹੇ ਹਨ ਕਿ ਮਾਇਆ ਦੀ ਨੀਂਦ ਤੋਂ ਜਾਗੋ, ਪਰਮਾਤਮਾ ਦੇ ਨਾਮ ਤੋਂ ਬਿਨਾਂ ਕੋਈ ਵੀ ਦੁਨਿਆਵੀ ਪਦਾਰਥ ਨਾਲ ਨਹੀਂ ਜਾਣਾ। ਜੋ ਸਰੀਰ ਸਾਨੂੰ ਮਾਂ ਦੇ ਗਰਭ ਤੋਂ ਮਿਲਿਆ ਹੈ, ਜੋ ਦੁਨਿਆਵੀ ਤੌਰ 'ਤੇ ਸਾਡਾ ਸਭ ਤੋਂ ਨਜ਼ਦੀਕੀ ਹੈ, ਓਸ ਨੇ ਵੀ ਨਾਲ ਨਹੀਂ ਜਾਣਾ -

**ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ।।**
**ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ।।**
( ਮ ੯ , ਅੰਗ ੭੨੬ )

ਅਸੀਂ ਮਾਂ ਬਾਪ, ਪਤੀ, ਪਤਨੀ, ਧੀਆਂ ਪੁੱਤਰ, ਭੈਣ ਭਰਾ, ਰਿਸ਼ਤੇਦਾਰ ਤੇ ਦੋਸਤਾਂ ਨੂੰ ਆਪਣਾ ਸਮਝਦੇ ਹਾਂ ਪਰ ਜਦੋਂ ਹੀ ਸਵਾਸ ਨਿੱਕਲੇ ਇੰਨਾਂ ਨੇ ਆਪ ਹੀ ਅਗਨ ਹਵਾਲੇ ਕਰ ਦੇਣਾ ਹੈ-

**ਮਾਤ ਪਿਤਾ ਸੁਤ ਬੰਧ ਜਨ ਹਿਤੁ ਜਾ ਸਿਉ ਕੀਨਾ ।।**
**ਜੀਉ ਛੂਟਿਓ ਜਬ ਦੇਹ ਤੇ ਡਾਰਿ ਅਗਨਿ ਮੈ ਦੀਨਾ ।।**
( ਮ ੯ , ਅੰਗ ੭੨੬ -- ੭੨੭ )

**ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ ।।**
**ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ ।।**
( ਮ ੯ , ਅੰਗ ੫੩੬)

ਭੋਗ ਸਮੇਂ ਪੜ੍ਹੇ ਜਾਣ ਵਾਲੇ ਨੌਵੇਂ ਮਹਲੇ ਦੇ 57 ਸਲੋਕਾਂ ਵਿੱਚੋਂ ਪਹਿਲੇ ਸਲੋਕ ਅੰਦਰ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਖ਼ਸ਼ਿਸ਼ ਕੀਤੀ ਕਿ ਜਿੰਨਾਂ ਜੀਵਾਂ ਨੇ ਦੁਰਲੱਭ ਅਮੋਲਕ ਮਨੁੱਖ ਪਾ ਕੇ ਵੀ ਪਰਮਾਤਮਾ ਦੀ ਸੇਵਾ, ਸਿਮਰਨ ਬੰਦਗੀ ਨਹੀਂ ਕੀਤੀ, ਉਹਨਾਂ ਦਾ ਜੀਵਨ ਬਿਰਥਾ ਚਲਿਆ ਗਿਆ ਤੇ ਆਖਿਰੀ 57 ਵੇਂ ਸਲੋਕ ਅੰਦਰ ਬਖ਼ਸ਼ਿਸ਼ ਕਰਦੇ ਹਨ ਕਿ ਜਿੰਨਾਂ ਜੀਵਾਂ ਦੇ ਹਿਰਦੇ ਅੰਦਰ ਪ੍ਰਭੂ ਨਾਮ ਵਸ ਗਿਆ ਉਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ, ਅਜਿਹੇ ਜੀਵ ਜਨਮ ਦਾ ਸਫਲ ਲਾਹਾ ਖੱਟ ਕੇ ਪ੍ਰਭੂ ਲੀਨ ਹੋ ਜਾਂਦੇ ਹਨ -

**ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥**
**ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥**
( ਮ ੯ , ਅੰਗ ੧੪੨੬, ਸਲੋਕ ੧)

**ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥**
**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥**
( ਮ ੯ , ਅੰਗ ੧੪੨੬, ਸਲੋਕ ੫੭)

ਜਿਵੇਂ ਫੁੱਲਾਂ ਵਿੱਚ ਸੁਗੰਧ ਹੈ, ਦਰਪਣ ਵਿੱਚ ਪ੍ਰਤੀਬਿੰਬ ਦਿਖਦਾ ਹੈ, ਪੱਥਰਾਂ ਤੇ ਲੱਕੜੀ ਵਿੱਚ ਅਗਨ ਹੈ, ਦੁੱਧ ਵਿੱਚ ਘਿਓ ਹੈ ਪਰ ਪ੍ਰਗਟ ਕਰਨ ਦੀ ਵਿਧੀ ਹੈ ਓਸੇ ਤਰਾਂ ਜ਼ਰੇ ਜ਼ਰੇ ਹਰ ਜੀਵ ਅੰਦਰ ਮਾਲਕ ਵਸਦਾ ਹੈ, ਵਾਹਿਗੁਰੂ ਜੀ ਨੂੰ ਭਾਲਣ ਲਈ ਜੰਗਲਾਂ ਪਹਾੜਾਂ ਜਾਣ ਦੀ ਲੋੜ ਨਹੀਂ , ਆਪਣੀ ਕਾਇਆ ਵਿੱਚ ਹੀ ਵੜਨਾ ਪਵੇਗਾ। ਪੂਰੇ ਗੁਰੂ ਜੀ ਦੀ ਦਇਆ ਮਿਹਰ ਬਖ਼ਸ਼ਿਸ਼ ਨਾਲ ਜੁਗਤੀ ਅਨੁਸਾਰ ਲੱਭਣਾ ਪਵੇਗਾ-

**ਕਾਹੇ ਰੇ ਬਨ ਖੋਜਨ ਜਾਈ ॥**
**ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥**
**ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ ॥**
**ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥**
( ਮ ੯ , ਅੰਗ ੬੮੪)

ਜੋ ਜੀਵ ਵਾਹਿਗੁਰੂ ਜੀ ਦੀ ਅਪਾਰ ਦਇਆ ਮਿਹਰ ਬਖ਼ਸ਼ਿਸ਼ ਨਾਲ ਰਸਨਾ ਤੇ ਹਿਰਦੇ ਤੋਂ ਸਿਮਰਨ ਬੰਦਗੀ ਕਰਦੇ ਤੇ ਨਾਮ ਸੁਣਦੇ ਹਨ ਉਹ ਜਮਾਂ ਦੇ ਮਾਰਗ ਤੋਂ ਛੁੱਟ ਜਾਂਦੇ ਹਨ ਤੇ ਮਾਲਕ ਦੀ ਦਰਗਾਹ ਅੰਦਰ ਪ੍ਰਵਾਨ ਹੁੰਦੇ ਹਨ। ਆਓ ਪਿਛਲੇ ਔਗੁਣਾਂ ਤੋਂ ਤੋਬਾ ਕਰੀਏ, ਪੂਰੇ ਗੁਰੂ ਜੀ ਦੀ ਸ਼ਰਣ ਵਿੱਚ ਜਾਈਏ ਤੇ ਪ੍ਰਭੂ ਸਿਫਤਿ ਸਾਲਾਹ, ਸੇਵਾ ਸਿਮਰਨ ਰੇ ਰਾਹ ਤੁਰੀਏ-

**ਜਿਹਬਾ ਗੁਨ ਗੋਬਿੰਦ ਭਜਹੁ ਕਰਨ ਸੁਨਹੁ ਹਰਿ ਨਾਮੁ ॥**
**ਕਹੁ ਨਾਨਕੁ ਸੁਨਿ ਰੇ ਮਨਾ ਪਰਹਿ ਨ ਜਮ ਕੈ ਧਾਮ ॥**
( ਮ ੯, ਅੰਗ ੧੪੨੭, ਸਲੋਕ ੨੧ )

**ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥**
**ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥**
( ਮ ੯, ਅੰਗ ੭੨੬ )

**ਰੇ ਮਨ ਰਾਮ ਸਿਉ ਕਰਿ ਪ੍ਰੀਤਿ ॥**
**ਸ੍ਰਵਨ ਗੋਬਿੰਦ ਗੁਨੁ ਸੁਨਉ ਅਰੁ ਗਾਉ ਰਸਨਾ ਗੀਤਿ ॥**
( ਮ ੯, ਅੰਗ ੬੩੧)

# ਇੱਕ ਖਿਝਿਆ ਹੋਇਆ ਰਾਸ਼ਟਰੀ ਪ੍ਰਧਾਨ

ਆਖ਼ਰਕਾਰ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਭਾਰਤ ਸਮੇਤ 70 ਦੇਸ਼ਾਂ 'ਤੇ ਵਾਧੂ ਟੈਰਿਫ ਲਾ ਦਿੱਤਾ। ਉਨ੍ਹਾਂ ਨੇ ਭਾਰਤ 'ਤੇ ਵਾਧੂ ਟੈਰਿਫ ਲਾਉਣ ਦਾ ਐਲਾਨ ਤਦ ਕੀਤਾ ਸੀ, ਜਦ ਦੇਸ਼ ਦੀ ਸੰਸਦ 'ਚ ਆਪ੍ਰੇਸ਼ਨ ਸਿੰਧੂਰ 'ਤੇ ਚਰਚਾ ਹੋ ਰਹੀ ਸੀ। ਟਰੰਪ ਨੇ ਭਾਰਤ ਨੂੰ ਆਪਣਾ ਦੋਸਤ ਦੇਸ਼ ਵੀ ਦੱਸਿਆ ਤੇ ਇਹ ਵੀ ਦੋਸ਼ ਲਾਇਆ ਕਿ ਉਸ ਦੀਆਂ ਟੈਰਿਫ ਦਰਾਂ ਦੁਨੀਆ 'ਚ ਸਭ ਤੋਂ ਵੱਧ ਹਨ।

ਉਸੇ ਸਮੇਂ ਉਨ੍ਹਾਂ ਨੇ ਭਾਰਤ 'ਤੇ ਰੂਸ ਤੋਂ ਹਥਿਆਰ ਤੇ ਤੇਲ ਖ਼ਰੀਦਣ ਕਾਰਨ ਜੁਰਮਾਨਾ ਲਾਉਣ ਦਾ ਐਲਾਨ ਵੀ ਕੀਤਾ। ਹਾਲਾਂਕਿ ਫ਼ ?ਲਹਾਲ ਭਾਰਤ 'ਤੇ ਜੁਰਮਾਨੇ ਦੇ ਰੂਪ 'ਚ ਵਾਧੂ ਡਿਊਟੀ ਲਾਉਣ ਦਾ ਕੋਈ ਹੁਕਮ ਜਾਰੀ ਨਹੀਂ ਹੋਇਆ ਪਰ ਭਾਰਤ ਤੋਂ ਦਰਾਮਦ ਹੋਣ ਵਾਲੀ ਸਮੱਗਰੀ 'ਤੇ 25 ਫ਼ੀਸਦੀ ਟੈਰਿਫ ਸੱਤ ਅਗਸਤ ਤੋਂ ਲਾਗੂ ਹੋ ਜਾਵੇਗਾ। ਟਰੰਪ ਨੇ ਭਾਰਤ ਖ਼ਿਲਾਫ਼ ਕਠੋਰ ਰਵੱਈਆ ਦਿਖਾਉਣ ਦੇ ਨਾਲ ਹੀ ਇਕ ਅਜੀਬ ਕੰਮ ਇਹ ਵੀ ਕੀਤਾ ਕਿ ਪਾਕਿਸਤਾਨ 'ਤੇ ਕਿਤੇ ਘੱਟ 19 ਫ਼ੀਸਦੀ ਟੈਰਿਫ ਲਾਇਆ। ਇਸ ਤੋਂ ਇਲਾਵਾ ਉਨ੍ਹਾਂ ਨੇ ਇਹ ਵੀ ਥੋਥਾ ਦਾਅਵਾ ਕੀਤਾ ਕਿ ਪਾਕਿਸਤਾਨ ਕੋਲ ਤੇਲ ਦੇ ਭੰਡਾਰ ਹਨ ਤੇ ਅਮਰੀਕਾ ਉਨ੍ਹਾਂ 'ਚੋਂ ਤੇਲ ਕੱਢਣ 'ਚ ਉਸ ਦੀ ਮਦਦ ਕਰੇਗਾ। ਸਾਫ਼ ਹੈ ਕਿ ਉਹ ਭਾਰਤ ਨੂੰ ਖਿਝਾਉਣਾ ਚਾਹੁੰਦਾ ਹੈ। ਉਨ੍ਹਾਂ ਨੇ ਭਾਰਤ ਨੂੰ ਸਭ ਤੋਂ ਵੱਧ ਟੈਰਿਫ ਲਾਉਣ ਵਾਲਾ ਦੇਸ਼ ਦੱਸਦੇ ਹੋਏ ਜਿਹੋ-ਜਿਹੀ ਭਾਸ਼ਾ ਦੀ ਵਰਤੋਂ ਕੀਤੀ ਤੇ ਇੱਥੇ ਤੱਕ ਕਿ ਭਾਰਤ ਤੇ ਰੂਸ ਦੇ ਅਰਥਚਾਰੇ ਨੂੰ ਮਰਦੇ ਹੋਏ ਅਰਥਚਾਰੇ ਕਿਹਾ, ਉਸ ਤੋਂ ਬਾਅਦ ਉਨ੍ਹਾਂ ਨੂੰ ਭਾਰਤ ਦੇ ਹਿਤੈਸ਼ੀ ਦੇ ਰੂਪ 'ਚ ਨਹੀਂ ਦੇਖਿਆ ਜਾ ਸਕਦਾ। ਉਹ ਆਪਣੀ ਅਜੀਬ ਭਾਸ਼ਾ ਲਈ ਜਾਣੇ ਜਾਂਦੇ ਹਨ, ਪਰ ਉਨ੍ਹਾਂ ਨੇ ਦੋਸਤ ਦੇਸ਼ ਭਾਰਤ ਪ੍ਰਤੀ ਜਿਹੋ-ਜਿਹੀ ਭਾਸ਼ਾ ਵਰਤੀ, ਉਹ ਅਮਰੀਕੀ ਰਾਸ਼ਟਰਪਤੀ ਲਈ ਚੰਗੀ ਨਹੀਂ। ਉਨ੍ਹਾਂ ਨੇ ਕੁਝ ਹੋਰ ਦੇਸ਼ਾਂ ਖ਼ਿਲਾਫ਼ ਵੀ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ।

ਚੀਨ ਪ੍ਰਤੀ ਤਾਂ ਤਿੱਖੀਆਂ ਟਿੱਪਣੀਆਂ ਸਮਝ ਆਉਂਦੀਆਂ ਹਨ, ਕਿਉਂਕਿ ਅਮਰੀਕਾ ਨਾਲ ਉਸ ਦਾ ਵਪਾਰ ਘਾਟਾ ਬਹੁਤ ਵੱਧ ਹੈ, ਪਰ ਉਹ ਕਈ ਦੋਸਤ ਦੇਸ਼ਾਂ ਖ਼ਿਲਾਫ਼ ਵੀ ਉਲਟੀ-ਸਿੱਧੀ ਭਾਸ਼ਾ ਬੋਲਦੇ ਹਨ। ਹੁਣ ਅਜਿਹੇ ਦੇਸ਼ਾਂ 'ਚ ਭਾਰਤ ਵੀ ਸ਼ਾਮਲ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਇਕ ਲੰਬੇ ਸਮੇਂ ਤੋਂ ਇਹ ਝੂਠਾ ਪ੍ਰਚਾਰ ਕਰਨ 'ਚ ਲੱਗੇ ਹੋਏ ਹਨ ਕਿ ਭਾਰਤ ਬਹੁਤ ਵੱਧ ਟੈਰਿਫ ਲਾਉਂਦਾ ਹੈ ਤੇ ਇਸ ਕਾਰਨ



ਉਸ ਨਾਲ ਵਪਾਰ ਕਰਨਾ ਮੁਸ਼ਕਲ ਹੈ, ਪਰ ਇਹ ਸਹੀ ਨਹੀਂ। ਜੇ ਭਾਰਤ ਆਪਣੇ ਕਿਸਾਨਾਂ, ਵਪਾਰੀਆਂ ਆਦਿ ਦੇ ਹਿਤਾਂ ਦੀ ਰਾਖੀ ਲਈ ਕੁਝ ਚੀਜ਼ਾਂ 'ਤੇ ਉੱਚੀਆਂ ਟੈਰਿਫ ਦਰਾਂ ਰੱਖਦਾ ਹੈ ਤਾਂ ਅਜਿਹਾ ਅਮਰੀਕਾ ਵੀ ਕਰਦਾ ਹੈ। ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਅਮਰੀਕਾ ਦੇ ਮੁਕਾਬਲੇ ਭਾਰਤ ਆਰਥਿਕ ਤੌਰ 'ਤੇ ਓਨਾ ਸਮਰੱਥ ਨਹੀਂ ਤੇ ਇੱਥੇ ਇਕ ਵੱਡੀ ਆਬਾਦੀ ਗ਼ਰੀਬ ਵੀ ਹੈ।

ਇਹ ਮੰਨਣ ਦੇ ਚੰਗੇ ਕਾਰਨ ਹਨ ਕਿ ਅਮਰੀਕੀ ਰਾਸ਼ਟਰਪਤੀ ਵੱਧ ਤੋਂ ਵੱਧ ਅਮਰੀਕੀ ਚੀਜ਼ਾਂ ਭਾਰਤ ਨੂੰ ਵੇਚਣਾ ਚਾਹੁੰਦੇ ਹਨ। ਇਨ੍ਹਾਂ 'ਚ ਕੁਝ ਉਹ ਵੀ ਹਨ, ਜਿਨ੍ਹਾਂ ਨੂੰ ਭਾਰਤ ਲੈਣਾ ਨਹੀਂ ਚਾਹੁੰਦਾ ਜਾਂ ਉਨ੍ਹਾਂ ਨੂੰ ਆਪਣੇ ਲਈ ਵਾਜਬ ਨਹੀਂ ਮੰਨਦਾ। ਭਾਰਤ ਅਮਰੀਕਾ ਤੋਂ ਉਹ ਸਭ ਲੜਾਕੂ ਜਹਾਜ਼ ਵੀ ਨਹੀਂ ਲੈਣਾ ਚਾਹੁੰਦਾ, ਜੋ ਅਮਰੀਕਾ ਵੇਚਣਾ ਚਾਹੁੰਦਾ ਹੈ। ਭਾਰਤ ਦਾ ਅਮਰੀਕਾ ਦੇ ਨਾਲ ਜੋ ਵਪਾਰ ਘਾਟਾ ਹੈ, ਉਹ ਇੰਨਾ ਵੱਧ ਨਹੀਂ ਕਿ ਟਰੰਪ ਆਸਮਾਨ ਸਿਰ 'ਤੇ ਚੁੱਕ ਲੈਣ। ਭਾਰਤ ਆਪਣੀ ਆਜ਼ਾਦ ਵਿਦੇਸ਼ ਨੀਤੀ 'ਤੇ ਚੱਲ ਰਿਹਾ ਹੈ ਤੇ ਉਸ ਨੂੰ ਇਸ ਦਾ ਹੱਕ ਹੈ ਕਿ ਕਿਸ ਦੇਸ਼ ਤੋਂ ਕਿਨ੍ਹਾਂ ਚੀਜ਼ਾਂ ਨੂੰ ਖ਼ਰੀਦੇ ਤੇ ਕਿਨ੍ਹਾਂ ਨੂੰ ਨਾ। ਟਰੰਪ ਚਾਹੁੰਦੇ ਹਨ ਕਿ ਭਾਰਤ ਉਹ ਸਭ ਕੁਝ ਖ਼ਰੀਦੇ, ਜੋ ਉਹ ਉਸ ਨੂੰ ਵੇਚਣਾ ਚਾਹੁੰਦੇ ਹਨ। ਭਾਰਤ ਇਸ ਲਈ ਤਿਆਰ ਨਹੀਂ, ਇਸ ਲਈ ਟਰੰਪ ਖਿਝ ਗਏ ਹਨ। ਉਨ੍ਹਾਂ ਦੀ ਖਿਝ ਦਾ ਇਕ ਕਾਰਨ ਭਾਰਤ ਦਾ ਰੂਸ ਤੋਂ ਤੇਲ ਖ਼ਰੀਦਣਾ ਵੀ ਹੈ।

**ਸੰਜੇ ਗੁਪਤ**

ਉਹ ਇਸ ਤੋਂ ਵੀ ਨਾਰਾਜ਼ ਹਨ ਕਿ ਭਾਰਤ ਪਹਿਲਗਾਮ ਅੱਤਵਾਦੀ ਹਮਲੇ ਦੇ ਜਵਾਬ 'ਚ ਆਪ੍ਰੇਸ਼ਨ ਸਿੰਧੂਰ ਦੇ ਤਹਿਤ ਪਾਕਿਸਤਾਨ ਖ਼ਿਲਾਫ਼ ਜੋ ਫ਼ੌਜੀ ਕਾਰਵਾਈ ਕੀਤੀ ਗਈ, ਉਸ 'ਤੇ ਰੋਕ ਲਾਉਣ ਦਾ ਸਿਹਰਾ ਉਨ੍ਹਾਂ ਨੂੰ ਦੇਣ ਲਈ ਤਿਆਰ ਨਹੀਂ। ਉਹ ਵਾਰ-ਵਾਰ ਇਹ ਦਾਅਵਾ ਕਰਨ 'ਚ ਲੱਗੇ ਹੋਏ ਹਨ ਕਿ ਉਨ੍ਹਾਂ ਨੇ ਭਾਰਤ-ਪਾਕਿਸਤਾਨ ਵਿਚਾਲੇ ਜੰਗਬੰਦੀ ਕਰਵਾਈ। ਭਾਰਤ ਇਸ ਨੂੰ ਮੰਨਣ ਲਈ ਤਿਆਰ ਨਹੀਂ ਤੇ ਉਹ ਇਸ ਨੂੰ ਸਪੱਸ਼ਟ ਕਰ ਚੁੱਕਾ ਹੈ।

ਭਾਰਤੀ ਪ੍ਰਧਾਨ ਮੰਤਰੀ ਨੇ ਸੰਸਦ 'ਚ ਇਹ ਸਾਫ਼ ਸੰਕੇਤ ਦਿੱਤਾ ਕਿ ਆਪ੍ਰੇਸ਼ਨ ਸਿੰਧੂਰ 'ਤੇ ਟਰੰਪ ਜੋ ਕੁਝ ਕਹਿ ਰਹੇ ਹਨ, ਉਹ ਸਹੀ ਨਹੀਂ। ਪ੍ਰਧਾਨ ਮੰਤਰੀ ਮੋਦੀ ਨੇ ਅਮਰੀਕੀ ਆਗੂਆਂ ਨਾਲ ਹੋਈ ਗੱਲਬਾਤ ਦਾ ਹਵਾਲਾ ਦੇ ਕੇ ਦੋ ਟੁੱਕ ਕਿਹਾ ਕਿ ਆਪ੍ਰੇਸ਼ਨ ਸਿੰਧੂਰ ਰੋਕਣ ਲਈ ਕਿਸੇ ਦੇਸ਼ ਦੇ ਕੌਮੀ ਪ੍ਰਧਾਨ ਨੇ ਕੁਝ ਨਹੀਂ ਕਿਹਾ। ਇਸ ਤੋਂ ਬਾਅਦ ਵੀ ਟਰੰਪ ਇਹੀ ਕਹਿ ਰਹੇ ਹਨ ਕਿ ਉਨ੍ਹਾਂ ਨੇ ਭਾਰਤ-ਪਾਕਿਸਤਾਨ ਵਿਚਾਲੇ ਖ਼ਤਰਨਾਕ ਹੋ ਸਕਦੀ ਜੰਗ ਨੂੰ ਰੋਕਿਆ। ਉਹ ਇਹ ਫ਼ਰਜ਼ੀ ਦਾਅਵਾ 20-25 ਵਾਰ ਕਰ ਚੁੱਕੇ ਹਨ।

ਆਪ੍ਰੇਸ਼ਨ ਸਿੰਧੂਰ ਦੌਰਾਨ ਅਮਰੀਕੀ ਰਾਸ਼ਟਰਪਤੀ ਦੀ ਪਾਕਿਸਤਾਨ ਦੇ ਆਗੂਆਂ ਨਾਲ ਕੀ ਗੱਲ ਹੋਈ, ਇਹ ਤਾਂ ਉਹੀ ਜਾਣਨ, ਪਰ ਇਸ 'ਚ ਕੋਈ ਸ਼ੱਕ ਨਹੀਂ ਕਿ ਇਸ ਫ਼ੌਜੀ ਕਾਰਵਾਈ ਨੂੰ ਰੋਕੇ ਜਾਣ ਦੇ ਮਾਮਲੇ 'ਚ ਉਹ ਝੂਠ ਬੋਲ ਰਹੇ ਹਨ। ਹੈਰਾਨੀ ਇਸ 'ਤੇ ਹੈ ਕਿ ਭਾਰਤ ਦੀਆਂ ਕਈ ਵਿਰੋਧੀ ਪਾਰਟੀਆਂ ਟਰੰਪ ਦੇ ਝੂਠ ਨੂੰ ਸੱਚ ਮੰਨ ਰਹੀਆਂ ਹਨ। ਉਹ ਭਾਰਤੀ ਪ੍ਰਧਾਨ ਮੰਤਰੀ ਤੋਂ ਵੱਧ ਅਮਰੀਕੀ ਰਾਸ਼ਟਰਪਤੀ 'ਤੇ ਯਕੀਨ ਕਰ ਰਹੀਆਂ ਹਨ।

ਸੰਸਦ 'ਚ ਆਪ੍ਰੇਸ਼ਨ ਸਿੰਧੂਰ 'ਤੇ ਚਰਚਾ 'ਚ ਵਿਰੋਧੀ ਪਾਰਟੀਆਂ ਨੇ ਜਿਹੋ ਜਿਹਾ ਰਵੱਈਆ ਦਿਖਾਇਆ, ਉਸ ਨਾਲ ਇਹ ਸਵਾਲ ਉੱਠਣਾ ਸੁਭਾਵਿਕ ਹੈ ਕਿ ਆਖ਼ਰ ਇਸ ਬਹਿਸ ਨਾਲ ਉਸ ਨੂੰ ਹਾਸਲ ਕੀ ਹੋਇਆ? ਵਿਰੋਧੀ ਧਿਰ ਤੇ ਖ਼ਾਸ ਤੌਰ 'ਤੇ ਕਾਂਗਰਸ ਨੇ ਆਪ੍ਰੇਸ਼ਨ ਸਿੰਧੂਰ 'ਤੇ ਬਿਨਾਂ ਕਾਰਨ ਦੇ ਸਵਾਲ ਚੁੱਕ ਕੇ ਫ਼ਜ਼ੀਹਤ ਹੀ ਕਰਵਾਈ। ਰਾਹੁਲ ਗਾਂਧੀ ਨੇ ਭਾਰਤੀ ਅਰਥਚਾਰੇ ਦੇ ਡੈੱਡ ਇਕਾਨਮੀ ਹੋਣ ਦੀ ਟਰੰਪ ਦੀ ਬੇਤੁਕੀ ਗੱਲ ਨੂੰ ਸਹੀ ਦੱਸ ਕੇ ਵੀ ਆਪਣੀ ਫ਼ਜ਼ੀਹਤ ਕਰਵਾਈ। ਅਜਿਹਾ ਲਗਦਾ ਹੈ ਕਿ ਉਨ੍ਹਾਂ ਨੂੰ ਇਹ ਸਮਝ ਨਹੀਂ ਕਿ ਉਹ ਵਿਰੋਧੀ ਧਿਰ ਦੇ ਆਗੂ ਹਨ ਤੇ ਆਪਣੇ ਅਜੀਬ ਬਿਆਨਾਂ ਨਾਲ ਆਪਣੇ ਨਾਲ ਕਾਂਗਰਸ ਨੂੰ ਵੀ ਸ਼ਰਮਸਾਰ ਕਰ ਰਹੇ ਹਨ। ਉਨ੍ਹਾਂ ਦਾ ਰਵੱਈਆ ਸ਼ਾਇਦ ਹੀ ਬਦਲੇ, ਪਰ ਭਾਰਤ ਨੂੰ ਟਰੰਪ ਦੇ ਅੱਗੇ ਝੁਕਣਾ ਨਹੀਂ ਚਾਹੀਦਾ।

ਪਿਛਲੇ ਕੁਝ ਸਾਲਾਂ ਤੋਂ ਭਾਰਤ-ਅਮਰੀਕੀ ਸਬੰਧ ਅੱਗੇ ਵਧੇ ਹਨ। ਦੋਵਾਂ ਦੇਸ਼ਾਂ ਵਿਚਾਲੇ ਆਰਥਿਕ ਦੇ ਨਾਲ ਸਮਾਜਿਕ ਸਬੰਧ ਵੀ ਮਜ਼ਬੂਤ ਹੋਏ ਹਨ। ਪਤਾ ਨਹੀਂ ਕਿੰਨੇ ਭਾਰਤੀ ਅਮਰੀਕਾ ਦੀਆਂ ਨਾਮੀ ਕੰਪਨੀਆਂ 'ਚ ਸਿਖਰਲੇ ਅਹੁਦਿਆਂ 'ਤੇ ਹਨ। ਟਰੰਪ ਭਾਰਤ ਤੇ ਭਾਰਤੀਆਂ ਦੀ ਅਹਿਮੀਅਤ ਨੂੰ ਸਵੀਕਾਰ ਕਰਨ ਤੋਂ ਜਾਣ-ਬੁੱਝ ਕੇ ਇਨਕਾਰ ਕਰ ਰਹੇ ਹਨ।

ਫ਼ਿਲਹਾਲ ਇਹ ਕਹਿਣਾ ਮੁਸ਼ਕਲ ਹੈ ਕਿ ਵਪਾਰ ਸਮਝੌਤੇ 'ਤੇ ਜਾਰੀ ਗੱਲਬਾਤ ਦਾ ਕੀ ਹੋਵੇਗਾ, ਪਰ ਇੰਨਾ ਤਾਂ ਹੈ ਕਿ ਜੇ ਟਰੰਪ ਟੈਰਿਫ 'ਤੇ ਰਵੱਈਆ ਨਹੀਂ ਬਦਲਦੇ ਤਾਂ ਕੁਝ ਭਾਰਤੀ ਉਦਯੋਗਾਂ ਨੂੰ ਨੁਕਸਾਨ ਹੋ ਸਕਦਾ ਹੈ, ਕਿਉਂਕਿ ਇੰਡੋਨੇਸ਼ੀਆ, ਵੀਅਤਨਾਮ ਵਰਗੇ ਦੇਸ਼ਾਂ 'ਤੇ ਉਨ੍ਹਾਂ ਨੇ ਭਾਰਤ ਤੋਂ ਘੱਟ ਟੈਰਿਫ ਲਾਇਆ ਹੈ। ਇਸ ਨਾਲ ਭਾਰਤੀ ਉਦਯੋਗਾਂ ਨੂੰ ਉਲਟ ਹਾਲਾਤ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ। ਸਾਡੇ ਕਾਰੋਬਾਰੀਆਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਉਤਪਾਦਾਂ ਦੀ ਉਤਪਾਦਕਤਾ ਤੇ ਗੁਣਵੱਤਾ ਅਜਿਹੀ ਨਹੀਂ, ਜਿੰਨੀ ਜ਼ਰੂਰੀ ਹੁੰਦੀ ਹੈ। ਕਾਰੋਬਾਰੀਆਂ ਦੇ ਨਾਲ ਭਾਰਤ ਸਰਕਾਰ ਨੂੰ ਵੀ ਦੇਖਣਾ ਚਾਹੀਦਾ ਹੈ ਕਿ ਆਪਣੇ ਉਦਯੋਗਾਂ ਦੀ ਉਤਪਾਦਕਤਾ ਤੇ ਗੁਣਵੱਤਾ ਕਿਵੇਂ ਵਧਾਈ ਜਾਵੇ। ਭਾਰਤ ਆਰਥਿਕ ਰੂਪ ਨਾਲ ਸਮਰੱਥ ਹੋ ਕੇ ਹੀ ਟਰੰਪ ਵੱਲੋਂ ਪੇਸ਼ ਕੀਤੀਆਂ ਜਾ ਰਹੀਆਂ ਚੁਣੌਤੀਆਂ ਤੇ ਹੋਰ ਮੁਸ਼ਕਲਾਂ ਦਾ ਸਾਹਮਣਾ ਕਰ ਸਕਦਾ ਹੈ।

# ਕੂਟਨੀਤੀ ਤੋਂ ਜ਼ਿਆਦਾ ਆਰਥਿਕ ਛੜੀ ਦੀ ਵਰਤੋਂ ਕਰ ਰਹੇ ਹਨ ਟਰੰਪ

1 ਅਪ੍ਰੈਲ ਨੂੰ ਆਪਣੇ ਵਾਅਦੇ ਅਨੁਸਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 1 ਅਗਸਤ ਨੂੰ ਦੁਨੀਆ ਭਰ ਦੇ ਦੇਸ਼ਾਂ 'ਤੇ ਦਰਾਮਦ ਟੈਰਿਫ ਲਗਾਉਣ ਦਾ ਐਲਾਨ ਕੀਤਾ, ਜਿਸ ਤਹਿਤ ਦੁਨੀਆ ਭਰ ਦੇ ਲਗਭਗ ਹਰ ਦੇਸ਼ 'ਤੇ ਸਜ਼ਾ ਦੇ ਤੌਰ 'ਤੇ ਟੈਰਿਫ ਲਗਾਇਆ ਗਿਆ। ਕੁਲ ਮਿਲਾ ਕੇ ਉਨ੍ਹਾਂ ਨੇ 92 ਦੇਸ਼ਾਂ 'ਤੇ ਨਵੇਂ ਅਤੇ ਮਨਮਾਨੇ ਟੈਰਿਫ ਦਾ ਐਲਾਨ ਕੀਤਾ।

ਟਰੇਡ ਡੀਲ ਦੇ ਕਾਰਨ ਇਸ 'ਚ 7 ਦੇਸ਼ ਅਜਿਹੇ ਸਨ ਜੋ ਜ਼ਿਆਦਾ ਟੈਰਿਫ ਤੋਂ ਬਚ ਸਕੇ (ਯੂ. ਕੇ. 10 ਫੀਸਦੀ, ਈ. ਯੂ. 15 ਫੀਸਦੀ, ਨਾਰਵੇ 15 ਫੀਸਦੀ, ਜਾਪਾਨ 15 ਫੀਸਦੀ, ਦੱਖਣੀ ਕੋਰੀਆ 9 ਫੀਸਦੀ)। ਹਾਲਾਂਕਿ ਚੀਨ ਅਤੇ ਮੈਕਸੀਕੋ ਨੂੰ ਗੱਲਬਾਤ ਕਰਨ ਲਈ ਵਿਸਤਾਰ ਦਿੱਤਾ ਗਿਆ। ਇਸ ਦੌਰਾਨ ਉਨ੍ਹਾਂ ਨੇ 20 ਫੀਸਦੀ ਟੈਰਿਫ ਨੂੰ ਮੰਨਿਆ।

ਇਸ ਦੇ ਨਾਲ ਬ੍ਰਾਜ਼ੀਲ 'ਤੇ 50 ਫੀਸਦੀ, ਲਾਓਸ ਅਤੇ ਮਿਆਂਮਾਰ 'ਤੇ 40 ਫੀਸਦੀ, ਸਵਿਟਜ਼ਰਲੈਂਡ 'ਤੇ 39 ਫੀਸਦੀ, ਸਰਬੀਆ ਅਤੇ ਕੈਨੇਡਾ 'ਤੇ 35 ਫੀਸਦੀ ਟੈਰਿਫ ਲਗਾਇਆ ਗਿਆ। ਇਨ੍ਹਾਂ 'ਚੋਂ ਸਵਿਟਜ਼ਰਲੈਂਡ ਵਰਗੇ ਕਈ ਦੇਸ਼ ਗੁੱਸੇ 'ਚ ਆ ਗਏ ਹਨ।

ਸਵਿਟਜ਼ਰਲੈਂਡ ਵਰਗਾ ਦੇਸ਼ ਜੋ ਦੂਜੀ ਵਿਸ਼ਵ ਜੰਗ 'ਚ ਵੀ ਨਿਰਪੱਖ ਰਿਹਾ ਸੀ, ਦੇ ਨਾਲ ਵੀ ਯੂਰਪ 'ਚ ਸਭ ਤੋਂ ਵੱਧ (39 ਫੀਸਦੀ) ਟੈਰਿਫ ਲਗਾ ਕੇ ਅਨਿਆਂ ਕੀਤਾ ਹੈ।

ਟਰੰਪ ਦੀਆਂ ਆਰਥਿਕ ਅਤੇ ਰਾਜਨੀਤਿਕ ਨੀਤੀਆਂ ਦਾ ਸ਼ਾਇਦ ਸਭ ਤੋਂ ਵੱਧ ਭੁਲੇਖਾ ਪਾਊ ਪਹਿਲੂ ਉਨ੍ਹਾਂ ਦੀ ਭਾਰਤ ਪ੍ਰਤੀ ਨੀਤੀ ਹੈ। ਇਸੇ ਸਾਲ ਫਰਵਰੀ 'ਚ ਜਦੋਂ ਟਰੰਪ ਨੇ 'ਓਵਲ ਆਫਿਸ' 'ਚ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੇਜ਼ਬਾਨੀ ਕੀਤੀ ਸੀ, ਤਾਂ ਉਨ੍ਹਾਂ ਨੇ ਨਰਿੰਦਰ ਮੋਦੀ ਨੂੰ 'ਮਹਾਨ ਦੋਸਤ' ਦੱਸਿਆ ਸੀ। ਉਦੋਂ ਟਰੰਪ ਨੇ ਟੈਰਿਫ ਦੀ ਗੱਲ ਤਾਂ ਕੀਤੀ ਸੀ।

ਉਸ ਮੁਲਾਕਾਤ ਦੇ 6 ਮਹੀਨਿਆਂ ਬਾਅਦ ਨਾ ਸਿਰਫ ਟਰੰਪ ਵਲੋਂ ਭਾਰਤੀ ਸਾਮਾਨ 'ਤੇ 25 ਫੀਸਦੀ ਟੈਰਿਫ ਲਗਾਉਣ ਸਗੋਂ ਇਸ ਤੋਂ ਇਲਾਵਾ ਰੂਸ ਤੋਂ ਤੇਲ ਖਰੀਦਣ 'ਤੇ ਜੁਰਮਾਨਾ ਲਗਾਉਣ ਦੇ ਐਲਾਨ ਨਾਲ ਦੋਵਾਂ ਦੇਸ਼ਾਂ ਦੇ ਰਿਸ਼ਤੇ ਬੁਰੀ ਤਰ੍ਹਾਂ ਹਿੱਲ ਗਏ ਹਨ। ਬ੍ਰਿਕਸ ਰਾਸ਼ਟਰ ਹੋਣ ਦੇ ਕਾਰਨ ਟਰੰਪ ਨੇ ਭਾਰਤ 'ਤੇ 10 ਫੀਸਦੀ ਵਾਧੂ ਪੈਨਲਟੀ ਲਗਾਉਣ ਲਈ ਕਿਹਾ ਹੈ।

ਪਿਛਲੇ ਦੋ ਦਹਾਕਿਆਂ ਦੌਰਾਨ ਦੋਵੇਂ ਦੇਸ਼ ਕਾਫੀ ਨੇੜੇ ਆ ਗਏ ਸਨ ਪਰ ਹੁਣ ਟਰੰਪ ਨੇ ਭਾਰਤ ਅਤੇ ਰੂਸ ਨੂੰ 'ਡੈੱਡ ਇਕਾਨਮੀ' ਕਰਾਰ ਦੇ ਦਿੱਤਾ ਹੈ। ਭਾਰਤ ਅਤੇ ਅਮਰੀਕਾ ਵਿਚਾਲੇ 6 ਦੌਰ ਦੀ ਗੱਲਬਾਤ ਹੋ ਚੁੱਕੀ ਹੈ ਜਦਕਿ ਸੱਤਵੇਂ ਦੌਰ ਦੀ ਗੱਲਬਾਤ ਅਗਸਤ ਮਹੀਨੇ 'ਚ ਹੋਣੀ ਤੈਅ ਹੈ ਜੋ ਕਿ ਦਿੱਲੀ 'ਚ ਹੋਵੇਗੀ।



ਟਰੰਪ ਵਲੋਂ ਵਾਰ-ਵਾਰ ਪਾਕਿਸਤਾਨ ਨੂੰ ਭਾਰਤ ਦੇ ਬਰਾਬਰ ਦੱਸਿਆ ਜਾ ਰਿਹਾ ਹੈ। ਹਾਲ ਹੀ 'ਚ ਟਰੰਪ ਨੇ ਪਾਕਿਸਤਾਨ ਨੂੰ ਆਪਣਾ ਚੰਗਾ ਦੋਸਤ ਦੱਸਦੇ ਹੋਏ ਕਿਹਾ ਕਿ "ਅਮਰੀਕਾ ਇਸ ਨੂੰ ਤੇਲ ਦੀ ਖੋਦਾਈ ਕਰਨ 'ਚ ਸਹਾਇਤਾ ਦੇਵੇਗਾ ਅਤੇ ਹੋ ਸਕਦਾ ਹੈ ਕਿ ਕਿਸੇ ਦਿਨ ਭਾਰਤ ਪਾਕਿਸਤਾਨ ਤੋਂ ਤੇਲ ਖਰੀਦੇ।"

ਅਨੇਕ ਵਿਦਵਾਨਾਂ ਦਾ ਵਿਚਾਰ ਹੈ ਕਿ ਟਰੰਪ ਭਾਰਤ ਦੀ ਅਰਥਵਿਵਸਥਾ ਨੂੰ ਚੀਨ ਵਾਂਗ ਹੀ ਵਧਦੇ ਹੋਏ ਦੇਖ ਰਹੇ ਹਨ ਜੋ ਅਗਲੇ 10 ਸਾਲਾਂ 'ਚ ਅਮਰੀਕਾ ਲਈ ਸਮੱਸਿਆ ਖੜ੍ਹੀ ਕਰ ਸਕਦਾ ਹੈ। ਟਰੰਪ ਨੂੰ ਇਹ ਵੀ ਲੱਗਦਾ ਹੈ ਕਿ ਦਹਾਕਿਆਂ ਤੱਕ ਪਾਕਿਸਤਾਨ ਨੂੰ ਇਕ ਅਮਰੀਕੀ ਰਾਜ ਦੇ ਰੂਪ 'ਚ ਤਿਆਰ ਕਰਨ ਦੇ ਬਾਅਦ ਹੁਣ ਪਾਕਿਸਤਾਨ ਚੀਨ ਦੀ ਝੋਲੀ 'ਚ ਜਾ ਸਕਦਾ ਹੈ।

ਇਸ ਲਈ ਪਾਕਿਸਤਾਨ ਨੂੰ ਆਪਣੇ ਪੱਖ 'ਚ ਰੱਖਣ ਲਈ ਉਸ ਨੂੰ ਸਹਿਲਾਉਂਦੇ ਰਹਿਣਾ ਜ਼ਰੂਰੀ ਹੈ। ਜਿੱਥੋਂ ਤੱਕ ਪਾਕਿਸਤਾਨ 'ਚ ਤੇਲ ਦੀ ਖੋਦਾਈ ਦਾ ਸਵਾਲ ਹੈ, ਮਾਹਿਰਾਂ ਅਨੁਸਾਰ ਸਾਊਦੀ ਅਰਬ, ਇਰਾਕ ਜਾਂ ਵੈਨੇਜ਼ੁਏਲਾ ਵਾਂਗ ਤੇਲ ਦੇ ਭਾਰੀ ਭੰਡਾਰ ਹੋਣ ਦਾ ਵਿਚਾਰ ਹੀ ਸੱਚਾਈ ਤੋਂ ਕੋਸਾਂ ਦੂਰ ਹੈ। ਵੱਖ-ਵੱਖ ਜਾਇਜ਼ਿਆਂ ਅਨੁਸਾਰ ਪਾਕਿਸਤਾਨ ਦਾ ਯੋਗ ਕੱਚੇ ਤੇਲ ਦਾ ਭੰਡਾਰ 234 ਮਿਲੀਅਨ ਅਤੇ 353 ਮਿਲੀਅਨ ਬੈਰਲ ਆਂਕਿਆ ਗਿਆ ਹੈ। ਇਸ ਦੇ ਉਲਟ ਭਾਰਤ ਦਾ ਤੇਲ ਭੰਡਾਰ 4.85 ਬਿਲੀਅਨ ਬੈਰਲ ਸਿੱਧ ਹੋ ਚੁੱਕਾ ਹੈ ਅਤੇ ਇਹ ਮਾਤਰਾ ਪਾਕਿਸਤਾਨ ਦੇ ਸਿੱਧ ਹੋ ਚੁੱਕੇ ਤੇਲ ਭੰਡਾਰ ਨਾਲੋਂ 14 ਗੁਣਾ ਵੱਧ ਹੈ।

ਟਰੰਪ ਦੀ ਰਣਨੀਤੀ ਸਿਰਫ 'ਮੇਕ ਅਮਰੀਕਾ ਗ੍ਰੇਟ' ਨਹੀਂ ਸਗੋਂ ਦੁਨੀਆ ਦੀ ਅਰਥਵਿਵਸਥਾ 'ਤੇ ਕੰਟਰੋਲ ਹਾਸਲ ਕਰਨ ਦੀ ਹੈ। ਜਿਹੜੇ ਦੇਸ਼ਾਂ ਦੀ ਅਰਥਵਿਵਸਥਾ 'ਚ ਸੁਧਾਰ ਹੋ ਰਿਹਾ ਹੈ, ਉਨ੍ਹਾਂ ਦੇਸ਼ਾਂ ਨੂੰ ਉਹ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹਨ।


ਅਜਿਹਾ ਮੰਨਿਆ ਜਾ ਰਿਹਾ ਹੈ ਕਿ ਟਰੰਪ ਆਪਣੀਆਂ ਉਪਲਬਧੀਆਂ ਦੀ ਸੂਚੀ 'ਚ ਹੋਰ ਜ਼ਿਆਦਾ ਵਿਸਤਾਰ ਕਰਨ ਲਈ ਉਤਸੁਕ ਹਨ। ਇਸ ਤਰ੍ਹਾਂ ਉਹ ਚਾਹੁੰਦੇ ਹਨ ਕਿ ਯੂਕ੍ਰੇਨ ਅਤੇ ਰੂਸ ਵਿਚਾਲੇ ਚੱਲ ਰਿਹਾ ਯੁੱਧ ਖਤਮ ਹੋਵੇ। ਖੁਦ ਰੂਸ ਦਾ ਮਿੱਤਰ ਸਾਬਿਤ ਕਰਨ ਦਾ ਉਨ੍ਹਾਂ ਦਾ ਯਤਨ ਵੀ ਅਸਫਲ ਹੋਇਆ। ਹੁਣ ਟਰੰਪ ਰੂਸ ਦੇ ਵਿੱਤੀ ਲਾਭਾਂ 'ਚ ਕਟੌਤੀ ਕਰਨਾ ਚਾਹੁੰਦੇ ਹਨ ਤਾਂ ਕਿ ਪੁਤਿਨ ਨੂੰ ਸੀਜ਼ ਫਾਇਰ ਲਈ ਮਜਬੂਰ ਕੀਤਾ ਜਾ ਸਕੇ।

ਅਜਿਹਾ ਪ੍ਰਤੀਤ ਹੁੰਦਾ ਹੈ ਕਿ ਟਰੰਪ ਚਾਹੁੰਦੇ ਹਨ ਕਿ ਕੂਟਨੀਤੀ ਤੋਂ ਵੱਧ ਆਰਥਿਕ ਛੜੀ ਦੀ ਵਰਤੋਂ ਵੱਧ ਤੋਂ ਵੱਧ ਕੀਤੀ ਜਾਵੇ। ਹਾਲਾਂਕਿ ਬੈਂਕ ਆਫ ਬੜੌਦਾ ਅਨੁਸਾਰ ਭਾਰਤ ਦੀ ਜੀ. ਡੀ. ਪੀ. 'ਤੇ ਟਰੰਪ ਦੇ ਟੈਰਿਫ ਦਾ ਜ਼ਿਆਦਾ ਅਸਰ ਨਹੀਂ ਪਵੇਗਾ ਅਤੇ ਇਹ 0.2 ਫੀਸਦੀ ਹੀ ਘੱਟ ਰਹੇਗੀ।

## ਕੁੱਤੇ ਵਾਂਗ ਰਾਸ਼ਟਰੀ ਕੰਮ ਦਿਵਸ 5 ਅਗਸਤ 2025

# ਵਫ਼ਾਦਾਰੀ ਨਾਲ ਸਖ਼ਤ ਮਿਹਨਤ ਕਰਨ ਵਾਲਿਆਂ ਨੂੰ ਸਲਾਮ !


*5 ਅਗਸਤ 2025 ਅਜਿਹੇ ਕਾਮਿਆਂ, ਕਰਮਚਾਰੀਆਂ, ਵਪਾਰੀਆਂ ਅਤੇ ਉਨ੍ਹਾਂ ਸਾਰੇ ਲੋਕਾਂ ਲਈ ਇੱਕ ਦਿਨ ਹੈ ਜੋ ਕੁੱਤੇ ਵਾਂਗ ਵਫ਼ਾਦਾਰੀ, ਨਿਰਸਵਾਰਥਤਾ ਅਤੇ ਸਮਰਪਣ ਨਾਲ ਕੰਮ ਕਰਦੇ ਹਨ – ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ ਗੋਂਡੀਆ ਮਹਾਰਾਸ਼ਟਰ*



ਵਿਸ਼ਵ ਪੱਧਰ 'ਤੇ, ਹਰ ਵਿਵਹਾਰ, ਕੰਮ ਅਤੇ ਸਥਿਤੀ ਵਿੱਚ ਜਿੱਥੇ ਕਿਸੇ ਵਿਅਕਤੀ ਨੂੰ ਅਪਮਾਨਿਤ, ਅਪਮਾਨਿਤ ਜਾਂ ਬਦਨਾਮ ਕਰਨਾ ਪੈਂਦਾ ਹੈ, ਕੁੱਤਾ ਸ਼ਬਦ ਤਾਅਨੇ ਮਾਰਨ ਦੀ ਮੁੱਖ ਗੈਰ-ਸਿਹਤਮੰਦ ਭਾਸ਼ਾ ਦੇ ਪ੍ਰਤੀਕ ਵਜੋਂ ਵਰਤਿਆ ਜਾਂਦਾ ਹੈ। ਇਸ ਅਰਥ ਵਿੱਚ, ਬਹੁਤ ਸਾਰੇ ਜਾਨਵਰਾਂ ਅਤੇ ਪੰਛੀਆਂ ਦੇ ਨਾਮ ਵਰਤੇ ਜਾਂਦੇ ਹਨ ਜਿਵੇਂ ਕਿ ਗਧਾ, ਉੱਲੂ, ਬਲਦ, ਗਿਰਗਿਟ, ਕਾਲਾ ਸੱਪ ਆਦਿ, ਜਿਸਨੂੰ ਸੁਣਦਿਆਂ ਹੀ ਬਹਿਸ ਅਤੇ ਜਵਾਬੀ ਦਲੀਲ ਇੰਨੀ ਵੱਧ ਜਾਂਦੀ ਹੈ ਕਿ ਕਤਲ ਵੀ ਹੋ ਜਾਂਦਾ ਹੈ। ਮੈਂ, ਐਡਵੋਕੇਟ ਕਿਸ਼ਨ ਸਨਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਇਸਨੂੰ ਨਕਾਰਾਤਮਕ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਂਦਾ ਹੈ, ਜਦੋਂ ਕਿ ਇਸਦਾ ਸਕਾਰਾਤਮਕ ਪਹਿਲੂ ਇਹ ਹੈ ਕਿ ਗਧਾ ਬਹੁਤ ਭਾਰੀ ਭਾਰ ਚੁੱਕ ਕੇ ਸਖ਼ਤ ਮਿਹਨਤ ਲਈ ਸਮਰਪਿਤ ਹੁੰਦਾ ਹੈ, ਬਲਦ ਖੇਤਾਂ ਨੂੰ ਹਲ ਕਰਨ ਦੀ ਸਖ਼ਤ ਮਿਹਨਤ ਕਰਦਾ ਹੈ, ਇਸ ਤਰ੍ਹਾਂ, ਇਨ੍ਹਾਂ ਜਾਨਵਰਾਂ ਦਾ ਸਾਡੀ ਜ਼ਿੰਦਗੀ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਕੁਝ ਯੋਗਦਾਨ ਹੁੰਦਾ ਹੈ, ਫਿਰ ਵੀ ਅਸੀਂ ਉਨ੍ਹਾਂ ਨੂੰ ਹਾਸੋਹੀਣੇ ਅਤੇ ਅਪਮਾਨਜਨਕ ਸ਼ਬਦਾਂ ਵਿੱਚ ਪ੍ਰਗਟ ਕਰਨ ਵਿੱਚ ਕੋਈ ਕਸਰ ਨਹੀਂ ਛੱਡਦੇ, ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ 5 ਅਗਸਤ 2025 ਨੂੰ, ਅਸੀਂ ਰਾਸ਼ਟਰੀ ਕੰਮ ਕੁੱਤੇ ਵਾਂਗ ਦਿਵਸ ਮਨਾ ਰਹੇ ਹਾਂ, ਜੋ ਕਿ ਅਮਰੀਕਾ, ਪੱਛਮੀ ਭਾਰਤ, ਦੱਖਣੀ ਏਸ਼ੀਆ ਆਦਿ ਦੇਸ਼ਾਂ ਵਿੱਚ ਮਨਾਇਆ ਜਾਂਦਾ ਹੈ, ਇਸ ਦਿਨ ਦਾ ਉਦੇਸ਼ ਉਨ੍ਹਾਂ ਸਾਰੇ ਲੋਕਾਂ ਦਾ ਸਨਮਾਨ ਕਰਨਾ ਹੈ ਜੋ ਇੰਨੀ ਮਿਹਨਤ ਕਰਦੇ ਹਨ, ਆਪਣੀ ਵਫ਼ਾਦਾਰੀ ਅਤੇ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ ਅਤੇ ਅਨੁਸ਼ਾਸਨ ਨਾਲ ਨਿਭਾਉਂਦੇ ਹਨ ਅਤੇ ਮਨੁੱਖੀ ਸਮਾਜ ਦੀ ਤਰੱਕੀ ਵਿੱਚ ਯੋਗਦਾਨ ਪਾਉਂਦੇ ਹਨ। ਇਸ ਵਿੱਚ ਦੋ ਮਹੱਤਵਪੂਰਨ ਗੱਲਾਂ ਹਨ, (1) ਇਹ ਦਿਨ ਉਨ੍ਹਾਂ ਕਾਮਿਆਂ, ਕਰਮਚਾਰੀਆਂ, ਕਾਰੋਬਾਰੀਆਂ ਅਤੇ ਹਰ ਉਸ ਵਿਅਕਤੀ ਲਈ ਪ੍ਰਤੀਕ ਹੈ ਜੋ ਅਣਥੱਕ, ਨਿਰਸਵਾਰਥ ਅਤੇ ਸਮਰਪਣ ਨਾਲ 'ਕੁੱਤੇ ਵਾਂਗ' ਕੰਮ ਕਰਦਾ ਹੈ। (2) ਜਾਨਵਰਾਂ ਵਿੱਚੋਂ, ਕੁੱਤਾ ਉਹ ਜੀਵ ਹੈ ਜਿਸਨੂੰ ਸਭ ਤੋਂ ਵੱਧ ਵਫ਼ਾਦਾਰ, ਮਿਹਨਤੀ ਅਤੇ ਰੱਖਿਅਕ ਮੰਨਿਆ ਜਾਂਦਾ ਹੈ। ਉਹ ਸਿਰਫ਼ ਇੱਕ ਅਜਿਹਾ ਜਾਨਵਰ ਹੀ ਨਹੀਂ ਹੈ ਜੋ ਹੁਕਮਾਂ ਦੀ ਪਾਲਣਾ ਕਰਦਾ ਹੈ, ਸਗੋਂ ਕਈ ਮਾਮਲਿਆਂ ਵਿੱਚ ਇੱਕ ਨੇਤਾ, ਖੋਜੀ, ਸਹਾਇਕ ਅਤੇ ਸਮੱਸਿਆ ਨਿਵਾਰਕ ਵੀ ਹੈ। ਪੁਲਿਸ ਕੁੱਤੇ, ਥੈਰੇਪੀ ਕੁੱਤੇ, ਫਾਰਮ ਕੁੱਤੇ, ਬਚਾਅ ਕੁੱਤੇ ਅਤੇ ਗਾਈਡ ਕੁੱਤੇ – ਹਰ ਖੇਤਰ ਵਿੱਚ ਉਨ੍ਹਾਂ ਦੀ ਮਿਹਨਤ ਅਸਾਧਾਰਨ ਹੈ। ਇਹ ਵਿਸ਼ੇਸ਼ ਤੌਰ 'ਤੇ ਸਿਖਲਾਈ ਪ੍ਰਾਪਤ ਕੁੱਤੇ ਦਿਨ-ਰਾਤ ਕੰਮ ਕਰਦੇ ਹਨ, ਬਿਨਾਂ ਸ਼ਿਕਾਇਤ ਕੀਤੇ, ਬਿਨਾਂ ਥੱਕੇ। ਇਹ ਭਾਵਨਾ ਇਸ ਦਿਨ ਦੇ ਪਿੱਛੇ ਪ੍ਰੇਰਨਾ ਹੈ। ਇਸ ਲਈ, ਅੱਜ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ, ਅਸੀਂ ਲੇਖ, 5 ਅਗਸਤ 2025 ਨੂੰ ਕੁੱਤੇ ਵਾਂਗ ਕੰਮ ਕਰਨ ਵਾਲਿਆਂ ਨੂੰ ਸਲਾਮ, ਵਫ਼ਾਦਾਰੀ ਅਤੇ ਸਮਰਪਣ ਨਾਲ ਸਖ਼ਤ ਮਿਹਨਤ ਕਰਨ ਵਾਲਿਆਂ ਨੂੰ ਸਲਾਮ, ਰਾਹੀਂ ਚਰਚਾ ਕਰਾਂਗੇ।

ਦੋਸਤੋ, ਜੇਕਰ ਅਸੀਂ ਮਿਹਨਤੀ ਲੋਕਾਂ ਨੂੰ ਸਲਾਮ ਕਰਨ ਦੀ ਗੱਲ ਕਰੀਏ, ਤਾਂ ਇਸ ਦਿਨ ਦੀ ਇੱਕ ਹੋਰ ਸਾਰਥਕਤਾ ਹੈ – ਇਹ ਅੱਜ ਦੇ ਬਹੁਤ ਹੀ ਪ੍ਰਤੀਯੋਗੀ ਅਤੇ ਟੀਚਾ-ਅਧਾਰਿਤ ਕਾਰਜ ਸੱਭਿਆਚਾਰ ਦੀ ਝਲਕ ਦਿੰਦਾ ਹੈ, ਜੋ ਸਾਨੂੰ ਲਗਾਤਾਰ 'ਕੁੱਤੇ ਵਾਂਗ' ਕੰਮ ਕਰਨ ਲਈ ਮਜਬੂਰ ਕਰਦੇ ਹਨ। ਪਰ ਇਹ ਵਿਚਾਰ ਕਰਨਾ ਵੀ ਬਰਾਬਰ ਮਹੱਤਵਪੂਰਨ ਹੈ ਕਿ ਇਹ ਕਦੋਂ ਤਰੱਕੀ ਦੀ ਨਿਸ਼ਾਨੀ ਬਣ ਜਾਂਦੀ ਹੈ ਅਤੇ ਕਦੋਂ ਇਹ ਸ਼ੋਸ਼ਣ ਹੈ। ਜਿਸ ਵਿੱਚ ਇੱਕ ਵਿਅਕਤੀ ਤੋਂ ਮਸ਼ੀਨ ਵਾਂਗ 24/7 ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਸ ਦਿਨ ਦਾ ਮੁੱਖ ਉਦੇਸ਼ ਉਨ੍ਹਾਂ ਲੋਕਾਂ ਦਾ ਸਨਮਾਨ ਕਰਨਾ ਹੈ ਜੋ ਆਪਣੇ ਕੰਮ ਵਾਲੀ ਥਾਂ 'ਤੇ ਜਾਂ ਜ਼ਿੰਦਗੀ ਵਿੱਚ ਆਮ ਨਹੀਂ ਪਰ ਅਸਾਧਾਰਨ ਸਖ਼ਤ ਮਿਹਨਤ ਕਰਦੇ ਹਨ। ਇਸ ਵਿੱਚ ਸ਼ਾਮਲ ਹਨ: (1) ਕਿਸਾਨ ਜੋ ਸਵੇਰੇ 4 ਵਜੇ ਖੇਤਾਂ ਵਿੱਚ ਪਹੁੰਚਦੇ ਹਨ। (2) ਡਾਕਟਰ ਅਤੇ ਨਰਸਾਂ ਜੋ ਮਹਾਂਮਾਰੀ ਜਾਂ ਆਫ਼ਤਾਂ ਦੌਰਾਨ 18-18 ਘੰਟੇ ਸ਼ਿਫਟਾਂ ਵਿੱਚ ਕੰਮ ਕਰਦੀਆਂ ਹਨ। (3) ਸੈਨੀਟੇਸ਼ਨ ਵਰਕਰ ਜੋ ਸ਼ਹਿਰਾਂ ਨੂੰ ਸਾਫ਼ ਰੱਖਣ ਵਿੱਚ ਲੱਗੇ ਹੋਏ ਹਨ। (4) ਔਰਤਾਂ, ਜੋ ਘਰ ਅਤੇ ਦਫਤਰ ਦੋਵਾਂ ਵਿੱਚ 'ਕੁੱਤੇ ਵਾਂਗ ਕੰਮ' ਕਰਨ ਦੀ ਭੂਮਿਕਾ ਨਿਭਾਉਂਦੀਆਂ ਹਨ। (5) ਘਰ ਤੋਂ ਕੰਮ, ਓਵਰਟਾਈਮ, ਸਟਾਰਟਅੱਪ ਸੱਭਿਆਚਾਰ, ਕਰੀਅਰ ਦੀ ਦੌੜ।

ਦੋਸਤੋ, ਜੇਕਰ ਅਸੀਂ ਸਖ਼ਤ ਮਿਹਨਤ ਦੀ ਗੱਲ ਕਰਦੇ ਹਾਂ, ਜਦੋਂ ਅਸੀਂ ਸਖ਼ਤ ਮਿਹਨਤ ਦੀ ਗੱਲ ਕਰਦੇ ਹਾਂ, ਤਾਂ ਸਾਨੂੰ ਇਹ ਵੀ ਦੇਖਣਾ ਪਵੇਗਾ



ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਈ
9226229318

ਕਿ ਹਰ ਵਿਅਕਤੀ ਨੂੰ ਉਸਦੇ ਕੰਮ ਦਾ ਪੂਰਾ ਮੁਆਵਜ਼ਾ ਮਿਲੇ, ਅਤੇ ਉਸਦੀ ਮਾਨਸਿਕ, ਸਰੀਰਕ ਅਤੇ ਸਮਾਜਿਕ ਸਿਹਤ ਦਾ ਧਿਆਨ ਰੱਖਿਆ ਜਾਵੇ। (1) ਕੰਮ ਵਾਲੀ ਥਾਂ 'ਤੇ ਤੰਦਰੁਸਤੀ ਪ੍ਰੋਗਰਾਮ (2) ਮਾਨਸਿਕ ਸਿਹਤ ਜਾਗਰੂਕਤਾ (3) ਬਰਨਆਉਟ ਪਛਾਣ ਅਤੇ ਰਾਹਤ (4) ਕੰਮ-ਜੀਵਨ ਸੰਤੁਲਨ ਦੇ ਯਤਨ, ਇਹ ਸਭ ਜ਼ਰੂਰੀ ਹਨ ਤਾਂ ਜੋ ਸਖ਼ਤ ਮਿਹਨਤ ਕਰਨ ਵਾਲੇ ਥੱਕ ਨਾ ਜਾਣ, ਟੁੱਟ ਨਾ ਜਾਣ, ਪਰ ਪ੍ਰੇਰਿਤ ਅਤੇ ਸੰਤੁਲਿਤ ਰਹਿਣ। ਅਸੀਂ ਦੇਖਦੇ ਹਾਂ ਕਿ ਅੱਜ ਜਦੋਂ ਚੈਟਜੀਪੀਟੀ, ਰੋਬੋਟ, ਆਟੋਮੇਟਿਡ ਸੌਫਟਵੇਅਰ ਵਰਗੇ ਏਆਈ ਟੂਲ ਮਨੁੱਖੀ ਕੰਮ ਦੀ ਥਾਂ ਲੈ ਰਹੇ ਹਨ, ਤਾਂ 'ਕੁੱਤੇ ਵਾਂਗ ਕੰਮ ਕਰਨਾ' ਹੁਣ ਸਖ਼ਤ ਮਿਹਨਤ ਦੀ ਬਜਾਏ ਸਮਾਰਟ ਕੰਮ ਵੱਲ ਮੁੜਦਾ ਜਾਪਦਾ ਹੈ। ਪਰ ਇਸ ਬਦਲਾਅ ਵਿੱਚ ਵੀ, ਉਹ ਭਾਵਨਾ, ਉਹ ਊਰਜਾ, ਉਹ ਸਮਰਪਣ ਜੋ ਕਿ ਇੱਕ ਮਨੁੱਖ ਦਾ ਮੂਲ ਗੁਣ ਹੈ, ਅਨਮੋਲ ਹੈ। 19 ਕਦੇ ਵੀ ਵਫ਼ਾਦਾਰੀ, ਨੈਤਿਕਤਾ ਅਤੇ ਜਨੂੰਨ ਨਹੀਂ ਲਿਆ ਸਕਦਾ, ਜੋ ਇੱਕ ਮਨੁੱਖੀ ਵਰਕਰ ਵਿੱਚ ਹੁੰਦਾ ਹੈ।

ਦੋਸਤੋ, ਜੇਕਰ ਅਸੀਂ ਦੁਨੀਆਂ ਦੇ ਭਵਿੱਖ, ਬੱਚਿਆਂ ਅਤੇ ਨੌਜਵਾਨਾਂ ਨੂੰ ਕੰਮ ਦੀ ਕੀਮਤ ਸਿਖਾਉਣ ਦੀ ਗੱਲ ਕਰੀਏ, ਤਾਂ
ਕੁੱਤੇ ਵਾਂਗ ਕੰਮ ਕਰੋ ਦਿਨ ਨਾ ਸਿਰਫ਼ ਬਾਲਗਾਂ ਨੂੰ ਸਗੋਂ ਨੌਜਵਾਨਾਂ ਨੂੰ ਵੀ ਮਿਹਨਤ ਦੀ ਕੀਮਤ ਅਤੇ ਮਾਣ ਸਿਖਾਉਣ ਦਾ ਇੱਕ ਸੁਨਹਿਰੀ ਮੌਕਾ ਹੈ। (1) ਉਨ੍ਹਾਂ ਨੂੰ ਛੋਟੇ-ਛੋਟੇ ਕੰਮ ਸੌਂਪੋ। (2) ਉਨ੍ਹਾਂ ਨੂੰ ਘਰੇਲੂ ਕੰਮਾਂ ਵਿੱਚ ਭਾਈਵਾਲ ਬਣਾਓ। (3) ਉਨ੍ਹਾਂ ਨੂੰ ਦੱਸੋ ਕਿ ਸਖ਼ਤ ਮਿਹਨਤ ਸਿਰਫ਼ ਪੈਸਾ ਕਮਾਉਣ ਲਈ ਨਹੀਂ, ਸਗੋਂ ਸਵੈ-ਵਿਕਾਸ ਲਈ ਵੀ ਹੈ। ਪਰ ਕੁਝ ਆਲੋਚਕ ਕਹਿੰਦੇ ਹਨ ਕਿ 'ਕੁੱਤੇ ਵਾਂਗ ਕੰਮ ਕਰਨਾ' ਮਨੁੱਖਾਂ ਦੇ ਸਵੈ-ਮਾਣ ਦੇ ਵਿਰੁੱਧ ਹੈ। ਇਹ ਮਨੁੱਖਤਾ ਨੂੰ ਨਜ਼ਰਅੰਦਾਜ਼ ਕਰਦਾ ਹੈ। ਇਹ ਦਲੀਲ ਉਦੋਂ ਜਾਇਜ਼ ਜਾਪਦੀ ਹੈ ਜਦੋਂ ਕੰਮ ਦੀ ਮਾਤਰਾ ਮਨੁੱਖੀ ਸੀਮਾ ਤੋਂ ਵੱਧ ਜਾਂਦੀ ਹੈ। ਇਸ ਲਈ, ਇਸ ਦਿਨ ਨੂੰ ਮਨਾਉਂਦੇ ਸਮੇਂ, ਸਾਨੂੰ ਸਖ਼ਤ ਮਿਹਨਤ ਅਤੇ ਸ਼ੋਸ਼ਣ ਵਿਚਕਾਰਲੀ ਬਾਰੀਕ ਰੇਖਾ ਨੂੰ ਪਛਾਣਨਾ ਚਾਹੀਦਾ ਹੈ। 5 ਅਗਸਤ ਨੂੰ ਰਾਸ਼ਟਰੀ ਕੰਮ ਕੁੱਤੇ ਵਾਂਗ ਕੰਮ ਕਰੋ ਦਿਨ ਕੋਈ ਮਾਮੂਲੀ ਵਾਕੰਸ਼ ਨਹੀਂ ਹੈ ਸਗੋਂ ਸਖ਼ਤ ਮਿਹਨਤ ਕਰਨ ਵਾਲਿਆਂ ਦੀ ਭਾਵਨਾ ਨੂੰ ਸ਼ਰਧਾਂਜਲੀ ਹੈ। ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਸਮਾਜ ਉਨ੍ਹਾਂ ਲੋਕਾਂ ਦੇ ਮੋਢਿਆਂ 'ਤੇ ਖੜ੍ਹਾ ਹੈ ਜੋ ਲਗਾਤਾਰ ਅੱਗੇ ਵਧਣ ਲਈ ਯਤਨਸ਼ੀਲ ਹਨ। ਹਰ ਪੇਸ਼ਾ – ਭਾਵੇਂ ਉਹ ਸੀਈਓ ਹੋਵੇ ਜਾਂ ਸਟ੍ਰੀਟ ਸਵੀਪਰ – ਸਖ਼ਤ ਮਿਹਨਤ ਲਈ ਬਰਾਬਰ ਸਤਿਕਾਰ ਦਾ ਹੱਕਦਾਰ ਹੈ। ਸਭ ਤੋਂ ਮਹੱਤਵਪੂਰਨ: ਸਖ਼ਤ ਮਿਹਨਤ ਕਰਨਾ ਮਾਣ ਦੀ ਗੱਲ ਹੈ, ਪਰ ਤੁਹਾਡੀ ਸਿਹਤ, ਸੰਤੁਲਨ ਅਤੇ ਸਵੈ-ਮਾਣ ਦੇ ਨਾਲ। 'ਕੁੱਤੇ ਵਾਂਗ ਕੰਮ ਕਰਨ ਦਾ ਮਤਲਬ ਸਿਰਫ਼ ਪਸੀਨਾ ਵਹਾਉਣਾ ਨਹੀਂ ਹੈ, ਸਗੋਂ ਇਸਦਾ ਮਤਲਬ ਹੈ ਆਪਣੇ ਕੰਮ ਨੂੰ ਪਿਆਰ ਕਰਨਾ, ਇਸਨੂੰ ਜ਼ਿੰਮੇਵਾਰੀ ਨਾਲ ਕਰਨਾ ਅਤੇ ਦੁਨੀਆ ਨੂੰ ਦਿਖਾਉਣਾ ਕਿ ਇਮਾਨਦਾਰੀ ਅਤੇ ਸਖ਼ਤ ਮਿਹਨਤ ਕਦੇ ਅਸਫਲ ਨਹੀਂ ਹੁੰਦੀ।'

ਦੋਸਤੋ, ਜੇਕਰ ਅਸੀਂ ਵਰਕ ਲਾਈਕ ਏ ਡੌਗ ਡੇ ਮਨਾਉਣ ਬਾਰੇ ਗੱਲ ਕਰਦੇ ਹਾਂ, ਤਾਂ ਦਿਨ ਦਾ ਆਪਣਾ ਸਭ ਤੋਂ ਵਧੀਆ ਪ੍ਰਦਰਸ਼ਨ ਦਿਓ, (1) ਇਸ ਦਿਨ ਆਪਣੇ ਸਾਰੇ ਕੰਮ ਸਭ ਤੋਂ ਵਧੀਆ ਗੁਣਵੱਤਾ ਅਤੇ ਪੂਰੀ ਲਗਨ ਨਾਲ ਕਰੋ। (2) ਆਪਣੇ ਸਾਥੀਆਂ ਦੀ ਪ੍ਰਸ਼ੰਸਾ ਕਰੋ – ਧੰਨਵਾਦ ਕਹੋ ਜਾਂ ਟੀਮ ਵਿੱਚ ਸਭ ਤੋਂ ਮਿਹਨਤੀ ਲੋਕਾਂ ਦੀ ਇੱਕ ਛੋਟੀ ਜਿਹੀ ਪ੍ਰਸ਼ੰਸਾ ਕਰੋ। (3) ਆਪਣੇ ਕੰਮ ਪ੍ਰਤੀ ਆਪਣੇ ਆਪ ਨੂੰ ਪ੍ਰੇਰਿਤ ਕਰੋ – ਇਹ ਦਿਨ ਆਤਮ-ਨਿਰੀਖਣ ਲਈ ਵੀ ਹੈ। (4) ਇੱਕ ਸੇਵਾ ਵਾਲੇ ਕੁੱਤੇ ਦੀ ਕਹਾਣੀ ਸਾਂਝੀ ਕਰੋ – ਜਾਨਵਰਾਂ ਤੋਂ ਪ੍ਰੇਰਨਾ ਲੈਣਾ ਵੀ ਇਸ ਦਿਨ ਦਾ ਇੱਕ ਭਾਵਨਾਤਮਕ ਪਹਿਲੂ ਹੈ। (5) ਆਰਾਮ ਵੀ ਮਹੱਤਵਪੂਰਨ ਹੈ – ਯਾਦ ਰੱਖੋ ਕਿ ਸੰਤੁਲਨ ਬਣਾਈ ਰੱਖਣਾ ਵੀ ਇਸ ਦਿਨ ਦੀ ਸਿੱਖਿਆ ਹੈ।

ਦੋਸਤੋ, ਜੇਕਰ ਅਸੀਂ ਇਸ ਦਿਨ ਦੇ ਇਤਿਹਾਸ ਬਾਰੇ ਗੱਲ ਕਰੀਏ, ਤਾਂ 'ਵਰਕ ਲਾਈਕ ਏ ਡੌਗ ਡੇ÷ ਦਾ ਸਹੀ ਇਤਿਹਾਸਕ ਮੂਲ ਅਸਪਸ਼ਟ ਹੈ, ਪਰ ਇਸਦਾ ਮੂਲ ਅਮਰੀਕਾ ਵਿੱਚ ਮੰਨਿਆ ਜਾਂਦਾ ਹੈ। ਇਹ ਦਿਨ ਉਨ੍ਹਾਂ ਮਿਹਨਤੀ ਅਮਰੀਕੀਆਂ ਦੀ ਪ੍ਰਸ਼ੰਸਾ ਅਤੇ ਪਛਾਣ ਕਰਨ ਲਈ ਮਨਾਇਆ ਗਿਆ ਸੀ ਜੋ ਰੁਜ਼ਗਾਰ ਅਤੇ ਜ਼ਿੰਦਗੀ ਦੇ ਤਣਾਅ ਦੇ ਬਾਵਜੂਦ ਪੂਰੇ ਦਿਲ ਨਾਲ ਕੰਮ ਕਰਦੇ ਹਨ। ਇਸਨੂੰ ਇੱਕ ਗੈਰ-ਸਰਕਾਰੀ ਛੁੱਟੀ ਵਜੋਂ ਮਾਨਤਾ ਦਿੱਤੀ ਗਈ ਸੀ, ਅਤੇ ਸੋਸ਼ਲ ਮੀਡੀਆ ਨੇ ਇਸਨੂੰ ਪ੍ਰਸਿੱਧ ਬਣਾਇਆ। ਹੌਲੀ-ਹੌਲੀ ਇਹ ਦਿਨ ਦੁਨੀਆ ਭਰ ਦੇ ਕਾਮਿਆਂ ਲਈ ਪ੍ਰੇਰਨਾ ਬਣ ਗਿਆ।

ਇਸ ਲਈ ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ ਸਰ! ਤੁਸੀਂ ਹਮੇਸ਼ਾ ਮੇਰਾ ਨਾਮ ਅਪਮਾਨ ਦੇ ਸਮਾਨਾਰਥੀ ਵਜੋਂ ਲੈਂਦੇ ਹੋ! ਅੱਜ ਮੇਰੇ ਨਾਮ 'ਤੇ ਵਿਸ਼ਵਵਿਆਪੀ ਵਫ਼ਾਦਾਰੀ, ਸਮਰਪਣ, ਸਖ਼ਤ ਮਿਹਨਤ ਅਤੇ ਵਚਨਬੱਧਤਾ ਦਾ ਦਿਨ ਹੈ, ਰਾਸ਼ਟਰੀ ਕੰਮ ਕੁੱਤੇ ਵਾਂਗ ਦਿਵਸ 5 ਅਗਸਤ 2025 – ਵਫ਼ਾਦਾਰੀ ਨਾਲ ਸਖ਼ਤ ਮਿਹਨਤ ਕਰਨ ਵਾਲਿਆਂ ਨੂੰ ਸਲਾਮ! 5 ਅਗਸਤ 2025 ਅਜਿਹੇ ਕਾਮਿਆਂ, ਕਰਮਚਾਰੀਆਂ, ਕਾਰੋਬਾਰੀਆਂ ਅਤੇ ਉਨ੍ਹਾਂ ਸਾਰੇ ਲੋਕਾਂ ਲਈ ਇੱਕ ਦਿਨ ਹੈ ਜੋ ਕੁੱਤੇ ਵਾਂਗ ਵਫ਼ਾਦਾਰੀ, ਨਿਰਸਵਾਰਥਤਾ ਅਤੇ ਸਮਰਪਣ ਨਾਲ ਕੰਮ ਕਰਦੇ ਹਨ।

# ਪੰਜਾਬ 'ਚ ਹੜ੍ਹਾਂ ਦਾ ਖ਼ਤਰਾ



ਪੰਜਾਬ ਨੂੰ ਹਰ ਸਾਲ ਮੌਸਮੀ ਬਾਰਿਸ਼ਾਂ ਤੇ ਕੁਦਰਤੀ ਆਫ਼ਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸਾਲ ਵੀ ਪੌਂਗ ਡੈਮ 'ਚ ਪਾਣੀ ਦੇ ਪੱਧਰ ਵਿਚ ਅਚਾਨਕ ਵਾਧੇ ਤੇ ਅਸਾਧਾਰਨ ਮੀਂਹ ਨੇ ਸੂਬੇ ਦੇ ਕਈ ਇਲਾਕਿਆਂ 'ਚ ਹੜ੍ਹਾਂ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਮੌਨਸੂਨ ਸੀਜ਼ਨ ਵਿਚ ਪੰਜਾਬ ਤੇ ਨਾਲ ਲੱਗਦੇ ਹਿਮਾਚਲ ਪ੍ਰਦੇਸ਼ 'ਚ ਬੇਥਾਹ ਮੀਂਹ ਨੇ ਹਾਲਾਤ ਗੰਭੀਰ ਬਣਾ ਦਿੱਤੇ ਹਨ। ਮੌਸਮ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿਚ ਭਾਰੀ ਮੀਂਹ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਇਸ ਦੇ ਮੱਦੇਨਜ਼ਰ ਸੂਬੇ ਦੇ ਕਈ ਜ਼ਿਲ੍ਹਿਆਂ ਵਿਚ ਓਰੈਂਜ ਤੇ ਯੈਲੋ ਅਲਰਟ ਵੀ ਜਾਰੀ ਕੀਤੇ ਗਏ ਹਨ। ਇਸ ਦੇ ਨਾਲ ਹੀ ਹਿਮਾਚਲ ਪ੍ਰਦੇਸ਼ ਵਿਚ ਭਾਰੀ ਮੀਂਹ ਨੇ ਪੌਂਗ ਡੈਮ ਵਿਚ ਪਾਣੀ ਦੇ ਪੱਧਰ ਨੂੰ ਖ਼ਤਰਨਾਕ ਹੱਦ ਤੱਕ ਵਧਾ ਦਿੱਤਾ ਹੈ। ਅਜਿਹੇ ਵਿਚ ਬੀਬੀਐੱਮਬੀ ਨੇ ਕਹਿ ਦਿੱਤਾ ਹੈ ਕਿ ਇਸ ਡੈਮ ਦੇ ਫਲੱਡ ਗੇਟ ਖੋਲ੍ਹੇ ਜਾਣ ਦੀ ਨੌਬਤ ਆ ਸਕਦੀ ਹੈ। ਰਣਜੀਤ ਸਾਗਰ ਡੈਮ ਤੇ ਭਾਖੜਾ ਡੈਮ ਵਿਚ ਪਾਣੀ ਦਾ ਪੱਧਰ ਲਗਾਤਾਰ ਵਧ ਰਿਹਾ ਹੈ। ਇਸ ਨੇ ਦਰਿਆਵਾਂ ਦੇ ਲਾਗਲੇ ਜ਼ਿਲ੍ਹਿਆਂ ਵਿਚ ਰਹਿਣ ਵਾਲੇ ਲੋਕਾਂ ਦੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਖਿੱਚ ਦਿੱਤੀਆਂ ਹਨ। ਅਜਿਹਾ ਨਹੀਂ ਹੈ ਕਿ ਪੰਜਾਬ ਵਿਚ ਅਜਿਹੀ ਸਥਿਤੀ ਪਹਿਲੀ ਵਾਰ ਬਣੀ ਹੈ। ਸੂਬੇ ਨੇ 1988 'ਚ ਵਿਚ ਆਪਣੇ ਸਭ ਤੋਂ ਵਿਨਾਸ਼ਕਾਰੀ ਹੜ੍ਹ ਦਾ ਸਾਹਮਣਾ ਕੀਤਾ। ਤੇਈ ਤੋਂ 26 ਸਤੰਬਰ 1988 ਤੱਕ ਭਾਖੜਾ ਖੇਤਰ ਵਿਚ 634 ਮਿਲੀਮੀਟਰ ਮੀਂਹ ਪਿਆ ਸੀ ਜਿਸ ਨੇ 9,000 ਪਿੰਡਾਂ ਨੂੰ ਪ੍ਰਭਾਵਿਤ ਕੀਤਾ ਅਤੇ 34 ਲੱਖ ਲੋਕਾਂ ਦੀ ਜ਼ਿੰਦਗੀ 'ਚ ਉਥਲ-ਪੁਥਲ ਮਚਾ ਦਿੱਤੀ ਸੀ। ਸੰਨ 1993 ਵਿਚ ਵੀ ਪੰਜਾਬ ਸਣੇ ਸੱਤ-ਅੱਠ ਰਾਜਾਂ ਵਿਚ ਹੜ੍ਹਾਂ ਨੇ 530 ਲੋਕਾਂ ਦੀ ਜਾਨ ਲੈ ਲਈ ਸੀ।

ਇਸੇ ਤਰ੍ਹਾਂ 2023 ਵਿਚ ਅਸਧਾਰਨ ਮੀਂਹ ਤੇ ਹਿਮਾਚਲ ਪ੍ਰਦੇਸ਼ ਤੋਂ ਆਉਣ ਵਾਲੇ ਪਾਣੀ ਨੇ ਪੰਜਾਬ ਦੇ 19 ਜ਼ਿਲ੍ਹਿਆਂ 'ਚ 1,400 ਤੋਂ ਵੱਧ ਪਿੰਡਾਂ ਨੂੰ ਪ੍ਰਭਾਵਿਤ ਕੀਤਾ ਸੀ ਜਿਸ 'ਚ 38 ਲੋਕਾਂ ਦੀ ਮੌਤ ਹੋਈ ਅਤੇ 25,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਲਿਜਾਇਆ ਗਿਆ। ਇਨ੍ਹਾਂ ਹੜ੍ਹਾਂ ਨੇ ਪੰਜਾਬ ਦੀ ਸੰਵੇਦਨਸ਼ੀਲਤਾ ਨੂੰ ਉਜਾਗਰ ਕੀਤਾ ਪਰ ਇਸ ਦੇ ਬਾਵਜੂਦ ਸਬਕ ਨਹੀਂ ਸਿੱਖੇ ਜਾ ਰਹੇ। ਸੂਬੇ ਦੇ ਡਰੇਨੇਜ ਸਿਸਟਮ ਦੀ ਠੀਕ ਤਰ੍ਹਾਂ ਸੰਭਾਲ ਨਾ ਹੋਣਾ ਅਤੇ ਦਰਿਆਵਾਂ, ਬਰਸਾਤੀ ਨਾਲਿਆਂ, ਚੋਆਂ ਆਦਿ ਵਿਚ ਰੁਕਾਵਟਾਂ ਨੇ ਪਾਣੀ ਦੇ ਨਿਕਾਸ ਨੂੰ ਰੋਕਿਆ ਹੈ। ਦਰਿਆਵਾਂ ਦੇ ਕੰਢਿਆਂ 'ਤੇ ਗ਼ੈਰ-ਯੋਜਨਾਬੱਧ ਨਿਰਮਾਣ ਤੇ ਖੇਤੀਬਾੜੀ ਨੇ ਵੀ ਸਥਿਤੀ ਨੂੰ ਗੰਭੀਰ ਕੀਤਾ ਹੈ। ਸੰਨ 2023 ਦੇ ਹੜ੍ਹਾਂ ਦੌਰਾਨ ਦਰਿਆਵਾਂ ਦੇ ਕੰਢਿਆਂ 'ਤੇ ਬਣੇ ਘਰ ਤੇ ਖੇਤ ਪਾਣੀ ਵਿਚ ਡੁੱਬ ਗਏ ਸਨ। ਵੱਖ-ਵੱਖ ਚਿਤਾਵਨੀਆਂ ਦੌਰਾਨ ਪੰਜਾਬ ਸਰਕਾਰ ਨੇ ਹੜ੍ਹ ਦੀ ਸਥਿਤੀ ਨਾਲ ਨਜਿੱਠਣ ਲਈ ਕਈ ਕਦਮ ਵੀ ਚੁੱਕੇ ਹਨ। ਸਥਾਨਕ ਪ੍ਰਸ਼ਾਸਨ ਨੂੰ ਤਿਆਰ ਰਹਿਣ ਦੇ ਹੁਕਮ ਦਿੱਤੇ ਗਏ ਹਨ।

ਸੂਬੇ ਵਿਚ ਹੜ੍ਹਾਂ ਦੀ ਸਥਿਤੀ ਨੇ ਕਈ ਲੰਬੇ ਸਮੇਂ ਦੀਆਂ ਚੁਣੌਤੀਆਂ ਨੂੰ ਉਜਾਗਰ ਕੀਤਾ ਹੈ। ਬੇਸ਼ੱਕ ਮੌਸਮੀ ਤਬਦੀਲੀਆਂ ਨੂੰ ਰੋਕਣਾ ਮੁਸ਼ਕਲ ਹੈ ਪਰ ਡਰੇਨੇਜ ਸਿਸਟਮ 'ਚ ਸੁਧਾਰ ਤੇ ਸਮੇਂ ਸਿਰ ਸਫ਼ਾਈ ਨਾਲ ਸਥਿਤੀ ਨੂੰ ਸੁਧਾਰਿਆ ਜਾ ਸਕਦਾ ਹੈ। ਡੈਮਾਂ ਦੇ ਪ੍ਰਬੰਧਨ ਵਿਚ ਸੁਧਾਰ ਤੇ ਸੂਬਿਆਂ ਵਿਚਕਾਰ ਬਿਹਤਰ ਸਹਿਮਤੀ ਦੀ ਲੋੜ ਹੈ।

ਅਜਿਹੇ ਉਪਰਾਲਿਆਂ ਨੂੰ ਹੋਰ ਵਧਾਉਣ, ਜਨਤਕ ਜਾਗਰੂਕਤਾ, ਸਹੀ ਯੋਜਨਾਬੰਦੀ ਅਤੇ ਪ੍ਰਬੰਧਨ ਨਾਲ ਇਸ ਤਰ੍ਹਾਂ ਦੀਆਂ ਆਫ਼ਤਾਂ ਦੇ ਪ੍ਰਭਾਵ ਨੂੰ ਘਟਾਇਆ ਜਾ ਸਕਦਾ ਹੈ। ਸਰਕਾਰ, ਸਮਾਜ ਅਤੇ ਨਿੱਜੀ ਪੱਧਰ 'ਤੇ ਸਾਂਝੇ ਯਤਨਾਂ ਨਾਲ ਪੰਜਾਬ ਨੂੰ ਅਜਿਹੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਵਧੇਰੇ ਮਜ਼ਬੂਤ ਕੀਤਾ ਜਾ ਸਕਦਾ ਹੈ।

# ਅੰਮ੍ਰਿਤਸਰ ਦੇ ਪੰਜਾਬੀ ਲੇਖਕਾਂ ਦੀ ਸਿੱਖ ਸਾਹਿਤ ਨੂੰ ਦੇਣ





ਡਾ. ਜਸਬੀਰ ਸਿੰਘ ਸਰਨਾ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

**ਡਾ. ਕਿਰਪਾਲ ਸਿੰਘ ਕਸੇਲ (1928-)**

ਡਾ. ਕਿਰਪਾਲ ਸਿੰਘ ਕਸੇਲ ਪੰਜਾਬੀ ਦੇ ਪ੍ਰਸਿੱਧ ਖੋਜੀ ਵਿਦਵਾਨ, ਆਲੋਚਕ ਅਤੇ ਧਾਰਮਿਕ ਵਿਚਾਰਕ ਹਨ, ਜਿਨ੍ਹਾਂ ਪੰਜਾਬੀ ਭਾਸ਼ਾ, ਸਾਹਿਤ ਅਤੇ ਧਾਰਮਿਕ ਵਿਸ਼ਿਆਂ ਉੱਤੇ ਮਹੱਤਵਪੂਰਨ ਖੋਜ ਕੀਤੀ। ਉਹ 19 ਮਾਰਚ 1928 ਨੂੰ ਪਿੰਡ ਕਸੇਲ (ਅੰਮ੍ਰਿਤਸਰ) ਵਿੱਚ ਜਨਮੇ। ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਉੱਚੀ ਸਿੱਖਿਆ ਪ੍ਰਾਪਤ ਕੀਤੀ ਅਤੇ ਪੰਜਾਬ ਦੇ ਕਈ ਕਾਲਜਾਂ ਤੇ ਭਾਸ਼ਾ ਵਿਭਾਗ ਵਿੱਚ ਵਿਦਿਆਰਥੀਆਂ ਅਤੇ ਵਿਦਵਾਨਾਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕੀਤਾ। ਉਨ੍ਹਾਂ ਦੀਆਂ ਪ੍ਰਮੁੱਖ ਰਚਨਾਵਾਂ ਵਿੱਚ ਪੰਜਾਬੀ ਸਾਹਿਤ ਦਾ ਇਤਿਹਾਸ (1972, 1974), ਆਧੁਨਿਕ ਪੰਜਾਬੀ ਸਾਹਿਤ ਦਾ ਇਤਿਹਾਸਕ ਵਿਕਾਸ (1973), ਪੂਰਨ ਸਿੰਘ ਦੀ ਸਾਹਿਤਕ ਪ੍ਰਤਿਭਾ (1981), ਬਾਬਾ ਫਰੀਦ ਦੀ ਕਾਵਿ ਪ੍ਰਤਿਭਾ (1981), ਨਾਮਦੇਵ: ਜੀਵਨ ਤੇ ਦਰਸ਼ਨ (1973), ਦਸ ਗੁਰ ਦਰਸ਼ਨ (1976), ਆਤਮ ਦਾ ਸੰਗੀਤ (1996), ਵਾਲਟ ਵਿਟਮੈਨ-ਸਿੱਖੀ ਦਾ ਪ੍ਰੇਰਨਾ ਸਰੋਤ (1998) ਆਦਿ ਸ਼ਾਮਲ ਹਨ। ਡਾ. ਕਸੇਲ ਨੇ ਪੰਜਾਬੀ ਸਾਹਿਤ ਸਮੀਖਿਆ ਬੋਰਡ, ਪੰਜਾਬੀ ਸਾਹਿਤ ਅਕਾਡਮੀ ਅਤੇ ਨੈਸ਼ਨਲ ਫੈਡਰੇਸ਼ਨ ਆਫ਼ ਬਲਾਈਂਡ ਆਦਿ ਸੰਸਥਾਵਾਂ ਵਿੱਚ ਅਹੰਕਾਰਹੀਣਤਾ ਨਾਲ ਆਗੂ ਪਦਵੀਆਂ ਸੰਭਾਲੀਆਂ। ਉਨ੍ਹਾਂ ਨੂੰ ਸ਼੍ਰੋਮਣੀ ਪੰਜਾਬੀ ਸਾਹਿਤਕਾਰ (1968), ਸਾਹਿਤ ਸ਼੍ਰੋਮਣੀ (1981), ਰਾਸ਼ਟਰੀ ਪੁਰਸਕਾਰ (1988), ਕਰਤਾਰ ਸਿੰਘ ਧਾਲੀਵਾਲ ਅਵਾਰਡ (1990) ਆਦਿ ਅਨੇਕ ਸਨਮਾਨ ਮਿਲੇ। ਉਨ੍ਹਾਂ ਦੀਆਂ ਧੀਆਂ ਡਾ. ਨਵਜੋਤ ਕੌਰ ਕਸੇਲ ਅਤੇ ਡਾ. ਸਵੈਜੋਤ ਕੌਰ ਕਸੇਲ ਵੀ ਪ੍ਰਸਿੱਧ ਪੰਜਾਬੀ ਲੇਖਕਾਵਾਂ ਹਨ।

**ਡਾ. ਕਰਨੈਲ ਸਿੰਘ ਥਿੰਦ (1929)**

ਡਾ. ਕਰਨੈਲ ਸਿੰਘ ਥਿੰਦ, 12 ਅਪਰੈਲ 1929 ਨੂੰ ਲਾਇਲਪੁਰ (ਪਾਕਿਸਤਾਨ) ਵਿਖੇ ਜਨਮੇ। ਉਨ੍ਹਾਂ ਨੇ ਐਮ.ਏ. (ਪੰਜਾਬੀ), ਪੀਐੱਚ.ਡੀ. ਕੀਤੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਅਧਿਆਪਕ ਵਜੋਂ ਅਤੇ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਡਾਇਰੈਕਟਰ ਵਜੋਂ ਯੋਗਦਾਨ ਪਾਇਆ। ਲੋਕਧਾਰਾ, ਮੱਧਕਾਲੀਨ ਸਾਹਿਤ, ਨਾਵਲ ਆਲੋਚਨਾ ਅਤੇ ਪਾਕਿਸਤਾਨੀ ਪੰਜਾਬੀ ਸਾਹਿਤ ਉਨ੍ਹਾਂ ਦੇ ਖੋਜ ਖੇਤਰ ਰਹੇ। ਉਨ੍ਹਾਂ ਦੀਆਂ ਪ੍ਰਮੁੱਖ ਪੁਸਤਕਾਂ ਵਿੱਚ ਲੋਕਯਾਨ ਤੇ ਮੱਧਕਾਲੀਨ ਪੰਜਾਬੀ ਸਾਹਿਤ, ਪੰਜਾਬੀ ਨਾਵਲ: ਸਰਵੇਖਣ ਅਤੇ ਮੁਲਾਂਕਣ, ਪਾਕਿਸਤਾਨੀ ਪੰਜਾਬੀ ਕਹਾਣੀਆਂ, ਸਭਿਆਚਾਰ ਦਰਪਣ ਆਦਿ ਹਨ। ਉਨ੍ਹਾਂ ਨੇ ਲੋਕਧਾਰਾ ਨੂੰ ਵਿਸ਼ੇਸ਼ ਆਲੋਚਨਾ ਤੇ ਵਿਗਿਆਨਕ ਦ੍ਰਿਸ਼ਟੀ ਨਾਲ ਪਰਿਭਾਸ਼ਿਤ ਕਰਦੇ ਹੋਏ ਖੋਜਕਾਰਾਂ ਨੂੰ ਨਵੀਂ ਦਿਸਾ ਦਿੱਤੀ। ਡਾ. ਥਿੰਦ ਦੀ ਲਿਖਤ ਪੰਜਾਬੀ ਲੋਕ ਵਿਰਸੇ ਅਤੇ ਸਾਹਿਤਕ ਖੋਜ ਨੂੰ ਨਵੀਂ ਦਿਸ਼ਾ ਅਤੇ ਪਾਰਦਰਸ਼ਤਾ ਪ੍ਰਦਾਨ ਕਰਦੀ ਹੈ।

**ਡਾ. ਰਾਜਿੰਦਰ ਕੌਰ (1931-1989)**

ਡਾ. ਰਾਜਿੰਦਰ ਕੌਰ ਪ੍ਰਖਿਆਤ ਸਿੱਖ ਆਗੂ ਮਾਸਟਰ ਤਾਰਾ ਸਿੰਘ ਦੀ ਧੀ ਸੀ, ਜਿਨ੍ਹਾਂ ਸਿੱਖ ਧਰਮ, ਸਿੱਖ ਸਿਆਸਤ ਅਤੇ ਪੰਜਾਬੀ ਪੱਤਰਕਾਰਿਤਾ ਵਿੱਚ ਅਮੁਲਕ ਯੋਗਦਾਨ ਪਾਇਆ। 10 ਫ਼ਰਵਰੀ 1931 ਨੂੰ ਅੰਮ੍ਰਿਤਸਰ ਵਿੱਚ ਜਨਮੀ, ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਮ.ਏ. (ਫ਼ਿਲਾਸਫੀ), ਬੀ.ਟੀ. ਅਤੇ ਪੀ.ਐਚ.ਡੀ. (ਫ਼ਿਲਾਸਫੀ) ਕੀਤੀ। ਉਹ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਲੈਕਚਰਾਰ ਰਹੀਆਂ ਅਤੇ ਬਾਅਦ ਵਿੱਚ ਪ੍ਰਭਾਤ, ਜੱਥੇਦਾਰ ਅਤੇ ਸੰਤ ਸਿਪਾਹੀ ਵਰਗੇ ਅਖਬਾਰਾਂ ਦੀ ਸੰਪਾਦਕਾ ਵਜੋਂ ਪੱਤਰਕਾਰਿਤਾ ਵਿੱਚ ਨਵੀਂ ਰੁਖ ਮੋੜੀ। ਉਨ੍ਹਾਂ ਨੇ ਇਸਤਰੀ ਅਕਾਲੀ ਦਲ ਦੀ ਪ੍ਰਧਾਨਾ, ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਰਾਜ ਸਭਾ (1978) ਦੇ ਮੈਂਬਰ ਵਜੋਂ ਵੀ ਯੋਗਦਾਨ ਦਿੱਤਾ। ਉਨ੍ਹਾਂ ਦੀ ਪ੍ਰਮੁੱਖ ਰਚਨਾ God in Sikhism (2000) ਹੈ, ਜੋ ਉਨ੍ਹਾਂ ਦੇ ਪੀ.ਐਚ.ਡੀ. ਥੀਸਿਸ ਤੇ ਆਧਾਰਿਤ ਹੈ। 5 ਫ਼ਰਵਰੀ 1989 ਨੂੰ ਬਠਿੰਡਾ ਵਿਖੇ ਅਣਪਛਾਤੇ ਹਮਲੇ ਦੌਰਾਨ ਉਹ ਸ਼ਹੀਦ ਹੋ ਗਈਆਂ। ਉਨ੍ਹਾਂ ਦੀ ਘਾਟ ਸਿੱਖ ਧਰਮ ਅਤੇ ਸਾਹਿਤਕ ਹਲਕਿਆਂ ਵਿੱਚ ਗਹਿਰੀ ਮਹਿਸੂਸ ਕੀਤੀ ਜਾਂਦੀ ਹੈ।

**ਸੰਤ ਕਰਤਾਰ ਸਿੰਘ ਖਾਲਸਾ (1932-1977)**

ਸੰਤ ਕਰਤਾਰ ਸਿੰਘ ਖਾਲਸਾ ਭਿੰਡਰਾਂਵਾਲੇ ਸਿੱਖ ਧਰਮ ਦੇ ਮਹਾਨ ਪ੍ਰਚਾਰਕ, ਵਿਦਵਾਨ ਅਤੇ ਅਖੰਡ ਕੀਰਤੀ ਸੰਘਰਸ਼ੀ ਸਨ, ਜੋ ਗੁਰਬਾਣੀ ਦੇ ਰਸੀਏ ਤੇ ਨਿਰਛਲ ਜੀਵਨ ਦੇ ਮਾਲਕ ਮੰਨੇ ਜਾਂਦੇ ਹਨ। 4 ਅਕਤੂਬਰ 1932 ਨੂੰ ਪਿੰਡ ਪੁਰਾਣੇ ਭੂਰੇ (ਪੱਟੀ, ਅੰਮ੍ਰਿਤਸਰ) ਵਿੱਚ ਜਨਮੇ, ਉਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐਫ਼.ਏ. ਪਾਸ ਕੀਤੀ। 1957 ਵਿੱਚ ਪਟਵਾਰੀ ਨੌਕਰੀ ਛੱਡ ਕੇ ਜੱਥੇ ਵਿੱਚ ਪੂਰੀ ਤਰ੍ਹਾਂ ਸ਼ਾਮਲ ਹੋਏ। ਸੰਤ ਗੁਰਬਚਨ ਸਿੰਘ ਦੇ ਅਕਾਲ ਚਲਾਣੇ (1969) ਤੋਂ ਬਾਅਦ ਜੱਥੇ ਦੀ ਬਾਗਡੋਰ ਸੰਭਾਲੀ। 1969-1977 ਤੱਕ ਗੁਰਬਾਣੀ ਪ੍ਰਚਾਰ, ਅੰਮ੍ਰਿਤ ਸੰਚਾਰ ਅਤੇ ਨਕਲੀ ਗੁਰੂਆਂ ਦੇ ਵਿਰੋਧ ਵਿੱਚ ਅਹੰਕਾਰਹੀਨ ਸੰਘਰਸ਼ ਕੀਤਾ। ਐਮਰਜੈਂਸੀ ਦੌਰਾਨ ਉਨ੍ਹਾਂ ਦੀ ਅਗਵਾਈ ਹੇਠ 37 ਜਲੂਸ ਕੱਢੇ ਗਏ। ਉਨ੍ਹਾਂ ਨੇ ਜਪੁਜੀ ਸਾਹਿਬ, ਰਹਿਰਾਸ ਸਾਹਿਬ ਅਤੇ ਸੋਹਿਲਾ ਦੀ ਵਿਆਖਿਆ ਆਮ ਪੰਜਾਬੀ ਵਿੱਚ ਪ੍ਰਕਾਸ਼ਤ ਕੀਤੀ। 16 ਅਗਸਤ 1977 ਨੂੰ ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੂੰ ਜੱਥੇ ਦੀ ਸੇਵਾ ਸੌਂਪੀ ਗਈ। ਸੰਤ ਕਰਤਾਰ ਸਿੰਘ ਜੀ ਦਾ ਜੀਵਨ ਸਿੱਖ ਪੰਥ ਲਈ ਅਮੁਲਕ ਧਾਰਮਿਕ ਅਤੇ ਰੂਹਾਨੀ ਵਿਰਾਸਤ ਛੱਡ ਗਿਆ।

**ਡਾ. ਕਰਨੈਲ ਸਿੰਘ (1933 ਈ.)**

ਡਾ. ਕਰਨੈਲ ਸਿੰਘ (ਜਨਮ: 28 ਜੂਨ 1933, ਅੰਮ੍ਰਿਤਸਰ) ਅੰਗ੍ਰੇਜ਼ੀ ਭਾਸ਼ਾ ਦੇ ਪ੍ਰਸਿੱਧ ਕਵੀ, ਆਲੋਚਕ ਅਤੇ ਵਿਦਵਾਨ ਸਨ। ਆਪ ਜੀ ਨੇ ਐਮ.ਏ., ਪੀ.ਐਚ.ਡੀ. ਅਤੇ ਡੀ.ਲਿਟ. ਦੀਆਂ ਉਚੀਆਂ ਡਿਗਰੀਆਂ ਪ੍ਰਾਪਤ ਕੀਤੀਆਂ ਅਤੇ ਫ਼ਾਰਸੀ ਤੇ ਫ਼ਰੈਂਚ ਵਿੱਚ ਆਨਰਜ਼ ਕੀਤੀ। ਡਾ. ਕਰਨੈਲ ਸਿੰਘ ਨੇ ਆਪਣਾ ਵਿਦਿਆਕ ਜੀਵਨ ਸੰਤ ਸਿੰਘ ਸੁਖਾ ਸਿੰਘ ਕਾਲਜ ਤੋਂ ਸ਼ੁਰੂ ਕੀਤਾ ਅਤੇ 1981 ਤੋਂ 1993 ਤੱਕ ਖਾਲਸਾ ਕਾਲਜ, ਅੰਮ੍ਰਿਤਸਰ ਦੇ ਅੰਗ੍ਰੇਜ਼ੀ ਵਿਭਾਗ ਦੇ ਪ੍ਰੋਫੈਸਰ ਅਤੇ ਮੁੱਖੀ ਵਜੋਂ ਸੇਵਾ ਨਿਭਾਈ। ਅੰਗ੍ਰੇਜ਼ੀ ਵਿੱਚ ਡਾ. ਕਰਨੈਲ ਸਿੰਘ ਦੀਆਂ ਪ੍ਰਮੁੱਖ ਕਿਤਾਬਾਂ ਹਨ: T.S. Eliot as Critic (1982), Freud and Literary Criticism (1984), The Deconstructive Turn (1987), Notes Towards the Definition of Sikhism (1988), The Open Heart (1993) ਅਤੇ The Wounded Muse (1994)। 1994 ਵਿੱਚ ਵਰਲਡ ਪੋਇਟਸ ਕਾਂਗਰਸ ਵੱਲੋਂ ਉਨ੍ਹਾਂ ਨੂੰ ਵਿਸ਼ਵ ਪੱਧਰੀ ਸਨਮਾਨ ਦਿੱਤਾ ਗਿਆ।

**ਡਾ. ਦਲਜੀਤ ਸਿੰਘ (1934)**

ਡਾ. ਦਲਜੀਤ ਸਿੰਘ (ਜਨਮ: 10 ਅਕਤੂਬਰ 1934, ਅੰਮ੍ਰਿਤਸਰ) ਪ੍ਰਸਿੱਧ ਨੇਤਰ ਵਿਗਿਆਨੀ, ਲੇਖਕ ਅਤੇ ਵਿਦਵਾਨ ਸਨ। ਉਹ ਪ੍ਰੋ. ਸਾਹਿਬ ਸਿੰਘ ਦੇ ਪੁੱਤਰ ਸਨ। ਮੁੱਢਲੀ ਪੜ੍ਹਾਈ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਕਰਨ ਉਪਰੰਤ, 1956 ਵਿੱਚ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ ਤੋਂ ਐਮ.ਬੀ.ਬੀ.ਐਸ. ਅਤੇ 1963 ਵਿੱਚ ਮੈਡੀਕਲ ਕਾਲਜ ਪਟਿਆਲਾ ਤੋਂ ਮਾਸਟਰ ਡਿਗਰੀ ਪ੍ਰਾਪਤ ਕੀਤੀ। ਉਹ ਸੀਨੀਅਰ ਲੈਕਚਰਾਰ (ਨੇਤ੍ਰ ਵਿਗਿਆਨ) ਵਜੋਂ ਮੈਡੀਕਲ ਕਾਲਜ ਅੰਮ੍ਰਿਤਸਰ ਨਾਲ ਜੁੜੇ ਰਹੇ ਅਤੇ 1985 ਵਿੱਚ ਸੇਵਾ ਮੁਕਤ ਹੋਏ। ਉਨ੍ਹਾਂ ਦੀਆਂ ਪ੍ਰਮੁੱਖ ਪੁਸਤਕਾਂ ਵਿੱਚ ਨਿਰੋਈ ਅੱਖ (1964), ਪਠੜੀ ਦਰਿਸ਼ਟੀ (1977), Cataract and IOL (1993), Intraocular Lenses (1981) ਅਤੇ Pediatric Cataract (1998) ਸ਼ਾਮਲ ਹਨ। ਉਹ World Eye Foundation (India) ਅਤੇ Intra-Ocular Implant Society ਦੇ ਪ੍ਰਧਾਨ ਰਹੇ। ਉਨ੍ਹਾਂ ਨੂੰ ਭਾਸ਼ਾ ਵਿਭਾਗ ਪੰਜਾਬ (1963), ਪੰਜਾਬੀ ਯੂਨੀਵਰਸਿਟੀ ਪਟਿਆਲਾ (1970), ਸ਼ਿਵਾਰੌਡੀ ਗੋਲਡ ਮੈਡਲ (1983), ਪਦਮ ਸ਼੍ਰੀ (1987), ਡੀ.ਐਸ.ਸੀ. ਮਾਨਾਤਮਕ ਡਿਗਰੀ (1992) ਅਤੇ ਡਾ. ਬੀ. ਸੀ. ਰਾਏ ਅਵਾਰਡ (1994) ਸਮੇਤ ਕਈ ਪੁਰਸਕਾਰ ਮਿਲੇ।

(ਚਲਦਾ)

# ਨਸ਼ਾ ਛੁਡਾਊ ਕੇਂਦਰਾਂ ’ਚੋਂ ਕਿਉਂ ਭੱਜਦੇ ਹਨ ਨਸ਼ੇੜੀ



ਮੋਹਨ ਸ਼ਰਮਾ

ਇਕ ਮਾਰਚ 2025 ਤੋਂ ਪੰਜਾਬ ਸਰਕਾਰ ਨੇ ‘ਯੁੱਧ ਨਸ਼ਿਆਂ ਵਿਰੁੱਧ’ ਛੇੜਿਆ ਹੋਇਆ ਹੈ। ਸਰਕਾਰ ਵੱਲੋਂ ਨਸ਼ਾ ਮੁਕਤ ਪੰਜਾਬ ਬਣਾਉਣ ਦਾ ਸੁਨੇਹਾ ਦਿੱਤਾ ਗਿਆ ਹੈ। ਪੰਜਾਬ ਦੀਆਂ 26 ਜੇਲ੍ਹਾਂ ਵਿਚ 29970 ਕੈਦੀ ਅਤੇ ਹਵਾਲਾਤੀ ਰੱਖਣ ਦੀ ਸਮਰੱਥਾ ਹੈ ਪਰ ਇਸ ਵੇਲੇ ਸਮਰੱਥਾ ਤੋਂ ਕਿਤੇ ਵੱਧ ਅੰਦਾਜ਼ਨ 40,000 ਕੈਦੀ ਅਤੇ ਹਵਾਲਾਤੀ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ’ਚੋਂ ਜ਼ਿਆਦਾਤਰ ਨਸ਼ੇ ਦੇ ਤਸਕਰ ਅਤੇ ਨਸ਼ੇੜੀ ਜੇਲ੍ਹ ਦੀ ਹਵਾ ਖਾ ਰਹੇ ਹਨ।

ਦੂਜੇ ਪਾਸੇ ਪੰਜਾਬ ਵਿਚ 354 ਨਸ਼ਾ ਛੁਡਾਊ ਕੇਂਦਰ ਹਨ। ਇਨ੍ਹਾਂ ਤੋਂ ਬਿਨਾਂ ਸੈਂਕੜੇ ਹੋਰ ਅਜਿਹੇ ਨਸ਼ਾ ਛੁਡਾਊ ਕੇਂਦਰ ਹਨ ਜਿਨ੍ਹਾਂ ਨੇ ਸਰਕਾਰ ਤੋਂ ਪ੍ਰਵਾਨਗੀ ਨਹੀਂ ਲਈ। ਸਰਕਾਰੀ ਤੌਰ ’ਤੇ 36 ਮੁੜ ਵਸੇਬਾ ਕੇਂਦਰ ਤੇ 177 ਗ਼ੈਰ-ਸਰਕਾਰੀ ਮੁੜ ਵਸੇਬਾ ਕੇਂਦਰ ਮਰੀਜ਼ਾਂ ਨੂੰ ਮੁੱਖਧਾਰਾ ਵਿਚ ਲਿਆਉਣ ਲਈ ਯਤਨਸ਼ੀਲ ਹਨ। ਇਸ ਵੇਲੇ ਨਸ਼ਾ ਛੁਡਾਊ ਕੇਂਦਰਾਂ ਵਿਚ ਵੀ ਨਸ਼ਾ ਛੱਡਣ ਵਾਲੇ ਰੋਗੀ ਸਮਰੱਥਾ ਤੋਂ ਕਿਤੇ ਵੱਧ ਦਾਖ਼ਲ ਹਨ। ਪੰਜਾਬ ਦੇ ਕਿਸੇ ਨਾ ਕਿਸੇ ਕੇਂਦਰ ’ਚੋਂ ਦਾਖ਼ਲ ਹੋਏ ਮਰੀਜ਼ ਭੱਜਣ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਕਈ ਥਾਵਾਂ ’ਤੇ ਤਾਂ ਦਾਖ਼ਲ ਮਰੀਜ਼ਾਂ ਨੇ ਇਕੱਠੇ ਹੋ ਕੇ ਉੱਥੋਂ ਦੇ ਪ੍ਰਬੰਧਕਾਂ ਜਾਂ ਸੰਭਾਲ ਕਰਨ ਵਾਲਿਆਂ ਨੂੰ ਕੁੱਟਿਆ ਤੇ ਇਸ ਉਪਰੰਤ ਬਿਨਾਂ ਕਿਸੇ ਡਰ-ਭੈਅ ਦੇ ਦੌੜ ਗਏ। ਕਈ ਸੈਂਟਰਾਂ ਵਿਚ ਮਰੀਜ਼ ਵਾਰਡ ਦੀਆਂ ਗਰਿੱਲਾਂ ਤੋੜ ਕੇ, ਤਾਕੀਆਂ ਭੰਨ ਕੇ ਜਾਂ ਫਿਰ ਗੇਟ ਤੋੜ ਕੇ ਵੀ ਭੱਜਣ ਵਿਚ ਸਫਲ ਹੋਏ ਹਨ। ਇਕ ਸੈਂਟਰ ਵਿਚ ਤਾਂ ਦੌੜੇ ਮਰੀਜ਼ਾਂ ਨੂੰ ਜਦੋਂ ਉੱਥੋਂ ਦੇ ਕਰਮਚਾਰੀਆਂ ਨੇ ਫੜਨ ਦੀ ਕੋਸ਼ਿਸ਼ ਕੀਤੀ ਸੀ ਤਾਂ ਉਨ੍ਹਾਂ ਵਿੱਚੋਂ ਇਕ ਨੇ ਨਹਿਰ ਵਿਚ ਛਾਲ ਮਾਰ ਕੇ ਆਪਣੀ ਜੀਵਨ ਲੀਲਾ ਹੀ ਸਮਾਪਤ ਕਰ ਲਈ ਸੀ। ਕਈ ਵਾਰ ਦਾਖ਼ਲ ਮਰੀਜ਼ ਐਨਾ ਪਰੇਸ਼ਾਨ ਕਰਦਾ ਹੈ ਕਿ ਪ੍ਰਬੰਧਕ ਉਸ ਤੋਂ ਖਹਿੜਾ ਛੁਡਵਾਉਣ ਲਈ ਉਸ ਦੇ ਮਾਪਿਆਂ ਨੂੰ ਬੁਲਾ ਕੇ ਉਨ੍ਹਾਂ ਦੇ ਸਪੁਰਦ ਕਰ ਦਿੰਦੇ ਹਨ। ਬਹੁਤ ਵਾਰ ਮਰੀਜ਼ ਘੜੀ ਗਈ ਸਾਜ਼ਿਸ਼ ਅਨੁਸਾਰ ਕਿਸੇ ਨਾ ਕਿਸੇ ਬਿਮਾਰੀ ਦਾ ਬਹਾਨਾ ਲਾ ਕੇ ਦੁਹਾਈ ਪਾਉਂਦੇ ਹਨ। ਪ੍ਰਬੰਧਕ ਉਨ੍ਹਾਂ ਦਾ ਪਤਾ ਕਰਨ ਲਈ ਜਦੋਂ ਵਾਰਡ ਦਾ ਗੇਟ ਖੋਲ੍ਹਦੇ ਹਨ ਤਾਂ ਮਰੀਜ਼ਾਂ ਦੀ ਧਾੜ ਦੀ ਧਾੜ ਪ੍ਰਬੰਧਕਾਂ ਨੂੰ ਧੱਕੇ ਮਾਰ ਕੇ ਦੌੜ ਜਾਂਦੀ ਹੈ। ਹੁਣ ਸਾਡੇ ਅੱਗੇ ਗੰਭੀਰ ਸਵਾਲ ਹੈ ਕਿ ਦਾਖ਼ਲ ਨਸ਼ੇੜੀ ਅਨੁਸ਼ਾਸਨ ਭੰਗ ਕਰ ਕੇ ਇਸ ਤਰ੍ਹਾਂ ਕਿਉਂ ਦੌੜਦੇ ਹਨ? ਇਲਾਜ ਕਰਵਾਉਣ ਦੀ ਥਾਂ ਉਹ ਨਸ਼ਾ ਕਰਨ ਦੇ ਨਾਲ-ਨਾਲ ਜੁਰਮ ਦੀ ਦੁਨੀਆ ਵਿਚ ਦੁਬਾਰਾ ਕਿਉਂ ਪੈਰ ਧਰਦੇ ਹਨ? ਕਿਉਂ ਜ਼ਿੰਦਗੀ ਦੀ ਥਾਂ ਉਹ ਮੌਤ ਨੂੰ ਤਰਜੀਹ ਦਿੰਦੇ ਹਨ? ਇਕ ਨਾਮਵਰ ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਸੇਵਾ ਨਿਭਾਉਂਦਿਆਂ ਨਿੱਜੀ ਅਨੁਭਵ ਦੇ ਆਧਾਰ ’ਤੇ ਲਿਖ ਰਿਹਾ ਹਾਂ ਕਿ ਬਿਨਾਂ ਦ੍ਰਿੜ ਇੱਛਾ ਸ਼ਕਤੀ ਤੋਂ ਨਸ਼ੇੜੀ ਨਸ਼ਾ ਨਹੀਂ ਛੱਡ ਸਕਦਾ।

ਉਸ ਦੀ ਇੱਛਾ ਸ਼ਕਤੀ ਨੂੰ ਮਜ਼ਬੂਤ ਕਰਨ ਲਈ ਧਰਮ, ਸਾਹਿਤ ਅਤੇ ਕਿਰਤ ਦੇ ਸੰਕਲਪ ਨਾਲ ਉਸ ਨੂੰ ਜੋੜਨਾ ਅਤਿਅੰਤ ਜ਼ਰੂਰੀ ਹੈ। ਜੇਕਰ ਮਰੀਜ਼ਾਂ ਨੂੰ ਉਸਾਰੂ ਸਾਹਿਤ ਪੜ੍ਹਨ ਲਈ ਦਿੱਤਾ ਜਾਵੇ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਅਹਿਮੀਅਤ ਸਬੰਧੀ ਕੌਂਸਲਿੰਗ ਕਰਦਿਆਂ ਦੱਸਿਆ ਜਾਵੇ ਤਾਂ ਮਰੀਜ਼ਾਂ ਦੀ ਨਕਾਰਾਤਮਕ ਸੋਚ ਬਦਲ ਜਾਵੇਗੀ। ਕੁੱਟਮਾਰ, ਗਾਲੀ-ਗਲੋਚ ਜਾਂ ਫਿਰ ਮਾੜੇ ਵਤੀਰੇ ਨਾਲ ਉਨ੍ਹਾਂ ਅੰਦਰ ਵਿਦਰੋਹ ਦੀ ਭਾਵਨਾ ਜਾਗਦੀ ਹੈ। ਦਰਅਸਲ, ਨਸ਼ੇੜੀ ਜ਼ਿੰਦਗੀ ਦੇ ਖਲਨਾਇਕ ਨਹੀਂ, ਪੀੜਤ ਹਨ। ਇਨ੍ਹਾਂ ਦੇ ਹਿੱਸੇ ਆਏ ਇਸ ਦੁਖਾਂਤ ਨੂੰ ਡੂੰਘਾਈ ਨਾਲ ਘੋਖਣ ਉਪਰੰਤ ਇਸ ਦਾ ਹੱਲ ਕਰਨ ਦੀ ਲੋੜ ਹੈ। ਨੌਜਵਾਨਾਂ ਦਾ ਵਹਾਅ ਹੜ੍ਹਾਂ ਦੇ ਪਾਣੀ ਵਰਗਾ ਹੁੰਦਾ ਹੈ। ਜੇ ਉਸ ਪਾਣੀ ਦੇ ਵਹਾਅ ਨੂੰ ਵਿਉਂਤਬੰਦੀ ਨਾਲ ਰਜਬਾਹਿਆਂ, ਨਾਲਿਆਂ ਜਾਂ ਨਦੀਆਂ ਵਿਚ ਨਾ ਪਾਇਆ ਜਾਵੇ ਤਾਂ ਉਹ ਘਰਾਂ ਅਤੇ ਫ਼ਸਲਾਂ ਦਾ ਬੇਹੱਦ ਨੁਕਸਾਨ ਕਰੇਗਾ। ਜਵਾਨੀ ਦੇ ਵੇਗ ਨੂੰ ਵੀ ਸਹੀ ਦਿਸ਼ਾ ਤੇ ਦਸ਼ਾ ਦੇਣ ਦੀ ਲੋੜ ਹੈ। ਨਸ਼ਾ ਇਕ ਸਮਾਜਿਕ, ਆਰਥਿਕ ਅਤੇ ਮਨੋਵਿਗਿਆਨਕ ਸਮੱਸਿਆ ਹੈ ਤੇ ਇਹ ਸਮੱਸਿਆ ਡੰਡੇ ਦੇ ਜ਼ੋਰ ’ਤੇ, ਧਮਕਾਉਣ ਜਾਂ ਫਿਰ ਪੁਲਿਸ-ਤੰਤਰ ਵੱਲੋਂ ਬਹੁਤ ਥਾਵਾਂ ’ਤੇ ਧੱਕੇਸ਼ਾਹੀ ਨਾਲ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਜਿਹੇ ਢੰਗਾਂ ਨਾਲ ਅੰਕੜਿਆਂ ਵਿਚ ਜ਼ਰੂਰ ਵਾਧਾ ਹੁੰਦਾ ਹੈ। ‘ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਵਿਚ ਜਦੋਂ ਪੁਲਿਸ ਨਸ਼ੇੜੀ ਨੂੰ ਫੜ ਕੇ ਥਾਣੇ ਲੈ ਕੇ ਜਾਂਦੀ ਹੈ ਤਾਂ ਉਸ ਦੀ ਮਾਰ-ਕੁਟਾਈ ਕਰਨ ਉਪਰੰਤ ਉਸ ਨੂੰ ਪੁੱਛਿਆ ਜਾਂਦਾ ਹੈ ਕਿ ਬੋਲ ਜੇਲ੍ਹ ਜਾਣਾ ਹੈ ਜਾਂ ਇਲਾਜ ਕਰਵਾਉਣ ਲਈ ਨਸ਼ਾ ਛੁਡਾਊ ਕੇਂਦਰ ਛੱਡ ਕੇ ਆਈਏ? ਜੇਲ੍ਹ ਜਾਣ ਤੇ ਪੁਲਿਸ ਦੀ ਕੁੱਟਮਾਰ ਤੋਂ ਡਰਦਿਆਂ ਉਹ ਨਸ਼ਾ ਛੁਡਾਊ ਕੇਂਦਰ ’ਚ ਦਾਖ਼ਲ ਹੋਣ ਨੂੰ ਪਹਿਲ ਦਿੰਦਾ ਹੈ। ਪੁਲਿਸ ਵਾਲੇ ਉਸ ਦੇ ਮਾਪਿਆਂ ਨੂੰ ਨਾਲ ਲੈ ਕੇ ਨਸ਼ਾ ਛੁਡਾਊ ਕੇਂਦਰ ਪਹੁੰਚ ਜਾਂਦੇ ਹਨ। ਅਗਾਂਹ ਸਾਰੇ ਸੈਂਟਰ ਵਾਲਿਆਂ ਨੂੰ ਪ੍ਰਸ਼ਾਸਨ ਵੱਲੋਂ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ ਕਿ ਜਦੋਂ ਵੀ ਪੁਲਿਸ ਵਾਲੇ ਨਸ਼ੇੜੀ ਨੂੰ ਲੈ ਕੇ ਆਉਣ ਤਾਂ ਉਸ ਨੂੰ ਤੁਰੰਤ ਦਾਖ਼ਲ ਕਰ ਲਿਆ ਜਾਵੇ। ਬਿਨਾਂ ਉਸ ਦੀ ਕੌਂਸਲਿੰਗ ਕੀਤਿਆਂ, ਬਿਨਾਂ ਉਸ ਦੀ ਇੱਛਾ ਸ਼ਕਤੀ ਦੀ ਪਰਖ਼ ਕਰਨ ਤੋਂ ਹੀ ਉਸ ਨੂੰ ਦਾਖ਼ਲ ਕਰ ਲਿਆ ਜਾਂਦਾ ਹੈ। ਅਜਿਹੇ ਨਸ਼ੇੜੀ ਮਰੀਜ਼ ਸਿਰਫ਼ ਨਸ਼ਾ ਹੀ ਨਹੀਂ ਕਰਦੇ ਸਗੋਂ ਜੁਰਮ ਦੀ ਦੁਨੀਆ ਨਾਲ ਵੀ ਜੁੜੇ ਹੁੰਦੇ ਹਨ। ਵਾਰਡ ਵਿਚ ਜਾ ਕੇ ਉਹ ਆਪਣਾ ਰੰਗ ਵਿਖਾਉਂਦੇ ਹਨ। ਆਪਣੇ ਨਾਲ ਉਹ ਚਾਰ-ਪੰਜ ਹੋਰ ਮਰੀਜ਼ਾਂ ਨੂੰ ਜੋੜ ਲੈਂਦੇ ਹਨ ਅਤੇ ਫਿਰ ਸਕੀਮ ਬਣਾ ਕੇ ਸੈਂਟਰ ਤੋਂ ਦੌੜ ਜਾਂਦੇ ਹਨ। ਇੰਜ ਧੱਕੇ ਨਾਲ ਨਸ਼ੇੜੀ ਨੂੰ ਦਾਖ਼ਲ ਕਰਨ ਨਾਲ ਘਾਤਕ ਨਤੀਜੇ ਸਾਹਮਣੇ ਆਉਂਦੇ ਹਨ।

ਨਿੱਜੀ ਮੁੜ ਵਸੇਬਾ ਕੇਂਦਰ ਦਰਅਸਲ ਇਸ ਕਰਕੇ ਹੋਂਦ ਵਿਚ ਲਿਆਂਦੇ ਗਏ ਕਿ ਜਿਹੜਾ ਨਸ਼ੇੜੀ ਮੁੜ ਵਸੇਬਾ ਕੇਂਦਰ ਵਿਚ ਦਾਖ਼ਲਾ ਲੈਂਦਾ ਹੈ, ਉਸ ਦਾ ਪਹਿਲਾਂ ਮਨੋਵਿਗਿਆਨਕ ਨੂੰ ਵਿਖਾ ਕੇ ਇਲਾਜ ਕਰਵਾਇਆ ਜਾਵੇ। ਉਸ ਉਪਰੰਤ ਉਸ ਦੇ ਮੁੜ ਵਸੇਬੇ ਤੇ ਸਹੀ ਢੰਗ ਨਾਲ ਜ਼ਿੰਦਗੀ ਜਿਉਣ ਦੀ ਵਿਉਂਤਬੰਦੀ ਬਣਾਈ ਜਾਵੇ ਪਰ ਹੁੰਦਾ ਸਭ ਕੁਝ ਉਲਟ ਹੈ। ਪੀੜਤ ਮਾਪੇ ਉਨ੍ਹਾਂ ਕੋਲ ਜਾਂਦੇ ਹਨ। ਨਸ਼ੇੜੀ ਦੀ ਹਾਲਤ ਅਤੇ ਘਰ ਦੀ ਦੁਰਦਸ਼ਾ ਦਾ ਜ਼ਿਕਰ ਕਰਦੇ ਹਨ। ਨਿੱਜੀ ਕੇਂਦਰਾਂ ਦੇ ਮਾਲਕਾਂ ਵੱਲੋਂ ਉਨ੍ਹਾਂ ਦੀ ਤਰਸਯੋਗ ਹਾਲਤ ਦਾ ਨਾਜਾਇਜ਼ ਫ਼ਾਇਦਾ ਉਠਾਇਆ ਜਾਂਦਾ ਹੈ ਤੇ ਫਿਰ ਉਨ੍ਹਾਂ ਦੇ ਘਰ ਬਾਰੇ ਪੁੱਛ ਕੇ ਕਹਿ ਦਿੰਦੇ ਹਨ ਕਿ ਇੰਨੀ ਰਕਮ ਪ੍ਰਤੀ ਮਹੀਨਾ ਲੱਗੇਗੀ। ਉਸ ਨੂੰ ਗੱਡੀ ਰਾਹੀਂ ਲਿਆਉਣ ਤੇ ਡਾਕਟਰੀ ਖ਼ਰਚਾ ਇਸ ਤੋਂ ਵੱਖ ਹੋਵੇਗਾ। ਮਾਲਕਾਂ ਵੱਲੋਂ ਰਾਸ਼ੀ ਉਗਰਾਹੁਣ ਤੋਂ ਬਾਅਦ ਤੈਅ ਕਰ ਲਿਆ ਜਾਂਦਾ ਹੈ ਕਿ ਉਸ ਨੂੰ ਰਾਤ ਨੂੰ ਸੁੱਤੇ ਪਏ ਨੂੰ ਚੁੱਕ ਕੇ ਲਿਆਵਾਂਗੇ। ਅਗਲੀ ਰਾਤ ਨੂੰ ਪੰਜ-ਛੇ ਲੱਠਮਾਰ ਪੀੜਤ ਮਾਪਿਆਂ ਦੇ ਘਰ ਪੁੱਜ ਜਾਂਦੇ ਹਨ ਤੇ ਉਸ ਮਰੀਜ਼ ਨੂੰ ਸੁੱਤੇ ਪਏ ਨੂੰ ਚੁੱਕ ਲੈਂਦੇ ਹਨ। ਉਹ ਉੱਥੇ ਹੀ ਮਾਰਕੁੱਟ ਨਾਲ ਮਰੀਜ਼ ਦੀ ਸੂਰਤ ਬਦਲ ਦਿੰਦੇ ਹਨ। ਰਾਹ ’ਚ ਵੀ ਕੁਟਾਪਾ ਚਾੜ੍ਹਿਆ ਜਾਂਦਾ ਹੈ। ਇਹੋ ਜਿਹੇ ਚਾਲੀ-ਪੰਜਾਹ ਨਸ਼ੇੜੀ ਉੱਥੇ ਪਹਿਲਾਂ ਹੀ ਤੁੰਨ ਕੇ ਰੱਖੇ ਹੁੰਦੇ ਹਨ। ਅਜਿਹੇ ਸੈਂਟਰਾਂ ਵਿਚ ਡਾਂਗ ਦੇ ਜ਼ੋਰ ’ਤੇ ਮਰੀਜ਼ਾਂ ਦੇ ‘ਇਲਾਜ’ ਦੇ ਨਾਂ ’ਤੇ ਤਸੀਹੇ ਦਿੱਤੇ ਜਾਂਦੇ ਹਨ। ਭਲਾ ਅਜਿਹੀ ਨਰਕ ਭਰੀ ਜ਼ਿੰਦਗੀ ਵਿਚ ਉਹ ਨਸ਼ਾ ਕਿੰਜ ਛੱਡਣਗੇ? ਇਸ ਗੱਲ ਦੀ ਚਿੰਤਾ ਦੀ ਥਾਂ ਪ੍ਰਬੰਧਕਾਂ ਵੱਲੋਂ ਮਾਪਿਆਂ ਨੂੰ ਸੁਨੇਹਾ ਦਿੱਤਾ ਜਾਂਦਾ ਹੈ, “ਤੁਹਾਡਾ ਮੁੰਡਾ ਰਿਕਵਰੀ ਜ਼ੋਨ ਵਿਚ ਹੈ। ਕੋਈ ਫ਼ਿਕਰ ਨਾ ਕਰੋ।” ਨਾਲ ਹੀ ਮੋਟੀ ਰਕਮ ਭੇਜਣ ਦਾ ਸੁਨੇਹਾ ਵੀ ਦਿੱਤਾ ਜਾਂਦਾ ਹੈ। ਉਨ੍ਹਾਂ ਦੀ ਸਥਿਤੀ ਉਸ ਗੇਂਦ ਵਰਗੀ ਹੁੰਦੀ ਹੈ ਜਿਸ ਨੂੰ ਪੈਰਾਂ ਨਾਲ ਦਬਾਇਆ ਜਾਂਦਾ ਹੈ ਤੇ ਪੈਰ ਚੁੱਕਣ ’ਤੇ ਗੇਂਦ ਪਹਿਲਾਂ ਵਾਲੀ ਸਥਿਤੀ ਵਿਚ ਆ ਜਾਂਦੀ ਹੈ। ਅਜਿਹੇ ਸੈਂਟਰਾਂ ਵਿਚ ਦਾਖ਼ਲ ਨਸ਼ੇੜੀਆਂ ਦਾ ਜਦੋਂ ਵੀ ਦਾਅ ਲੱਗਦਾ ਹੈ, ਉਹ ਪ੍ਰਬੰਧਕਾਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਦੌੜ ਜਾਂਦੇ ਹਨ। ਉਹ ਆਪਣੇ ਮਾਪਿਆਂ ਨੂੰ ਰੋਹਬ ਨਾਲ ਸ਼ਿਕਵੇ ਭਰਪੂਰ ਲਹਿਜ਼ੇ ਵਿਚ ਸੱਟਾਂ ਦੇ ਨਿਸ਼ਾਨ ਵਿਖਾਉਂਦਿਆਂ ਕਹਿੰਦੇ ਹਨ, “ਮੈਨੂੰ ਬੁੱਚੜਾਂ ਦੇ ਵੱਸ ਪਾ ਕੇ ਕਰਵਾ ਲਿਆ ਮੇਰਾ ਇਲਾਜ? ਹੁਣ ਮੈਂ ਵੀ ਅੱਗੇ ਨਾਲੋਂ ਦੁੱਗਣਾ ਨਸ਼ਾ ਕਰੂੰਗਾ।

ਕਈ ਥਾਵਾਂ ’ਤੇ ਤਾਂ ਅਜਿਹੇ ਸੈਂਟਰਾਂ ’ਚੋਂ ਭੱਜ ਕੇ ਗਏ ਨਸ਼ੇੜੀਆਂ ਨੇ ਆਪਣੇ ਬਾਪ ਦੀ ਜਾਨ ਵੀ ਲੈ ਲਈ। ਨਸ਼ਾ ਛੁਡਾਊ ਕੇਂਦਰ ਦੇ ਡਾਇਰੈਕਟਰ ਵਜੋਂ ਮੈਂ ਜਦੋਂ ਉਨ੍ਹਾਂ ਨੂੰ ‘ਪੁੱਤ’ ਕਹਿ ਕੇ ਬੁੱਕਲ ’ਚ ਲੈਂਦਾ ਤਾਂ ਉਹ ਅੱਖਾਂ ਭਰ ਕੇ ਕਹਿੰਦੇ ਸਨ, “ਸਰ, ਸਾਨੂੰ ਤਾਂ ਹੁਣ ਤੱਕ ਕਿਸੇ ਨੇ ‘ਪੁੱਤ’ ਕਿਹਾ ਹੀ ਨਹੀਂ। ਬਸ, ਚਾਰ ਚੁਫ਼ੇਰੇ ਗਾਲ੍ਹਾਂ ਦੀ ਵਾਛੜ ਹੀ ਹੁੰਦੀ ਰਹੀ ਹੈ।”ਦਰਅਸਲ ਦਾਖ਼ਲ ਮਰੀਜ਼ਾਂ ਨਾਲ ਪ੍ਰਬੰਧਕਾਂ ਵੱਲੋਂ ਇਕ ਸੁਖਾਵਾਂ ਰਿਸ਼ਤਾ ਕਾਇਮ ਰੱਖਣਾ ਜ਼ਰੂਰੀ ਹੈ। ਇੰਜ ਹਮਦਰਦੀ, ਪਿਆਰ ਤੇ ਅਪਣੱਤ ਦੀ ਬੁਨਿਆਦ ਰੱਖਣ ਨਾਲ ਉਹ ਨਸ਼ਾ ਛੁਡਾਊ ਕੇਂਦਰ ਦੇ ਮਾਹੌਲ ਵਿਚ ਰਚ ਜਾਣਗੇ। ਦਾਖ਼ਲ ਮਰੀਜ਼ਾਂ ਲਈ ਹਰ ਰੋਜ਼ ਕੌਂਸਲਿੰਗ ਦੇ ਨਾਲ-ਨਾਲ ਉਨ੍ਹਾਂ ਨੂੰ ਸਾਹਿਤ ਪੜ੍ਹਨ ਦੀ ਪ੍ਰੇਰਨਾ ਦੇਣੀ ਚਾਹੀਦੀ ਹੈ। ਸੈਂਟਰ ’ਚ ਹੀ ਲਾਇਬ੍ਰੇਰੀ ਸਥਾਪਤ ਕਰਨੀ ਚਾਹੀਦੀ ਹੈ। ਪ੍ਰਭੂ ਸਿਮਰਨ ਲਈ ਕੁਝ ਸਮਾਂ ਰਾਖਵਾਂ ਰੱਖਣਾ ਚਾਹੀਦਾ ਹੈ। ਕਿਰਤ ਦੇ ਸੰਕਲਪ ਲਈ ਉਨ੍ਹਾਂ ਤੋਂ ਕੁਝ ਨਾ ਕੁਝ ਕੰਮ ਕਰਵਾਉਣ ਦੇ ਨਾਲ-ਨਾਲ ਕਿਸੇ ਕਿੱਤੇ ਦੀ ਸਿਖਲਾਈ ਦਾ ਪ੍ਰਬੰਧ ਵੀ ਕਰਨਾ ਚਾਹੀਦਾ ਹੈ। ਮਰੀਜ਼ਾਂ ਨੂੰ ਦੁਆ ਅਤੇ ਦਵਾਈ ਦੇ ਸੁਮੇਲ ਦੀ ਅਤਿਅੰਤ ਲੋੜ ਹੈ। ਪ੍ਰਬੰਧਕਾਂ ਨੂੰ ਇਹ ਗੰਭੀਰ ਹੋ ਕੇ ਸੋਚਣਾ ਚਾਹੀਦਾ ਹੈ ਕਿ ਸੈਂਟਰ ਸਿਰਫ਼ ਪੈਸੇ ਇਕੱਠੇ ਕਰਨ ਦਾ ਸਾਧਨ ਨਹੀਂ, ਸਗੋਂ ਜ਼ਿੰਦਗੀ ਦੇ ਖਲਨਾਇਕਾਂ ਨੂੰ ਨਾਇਕ ਵਜੋਂ ਵੀ ਪੇਸ਼ ਕਰਨਾ ਹੈ।

# ਇਨੋਵੇਟਿਵ ਜੂਨੀਅਰ ਸਕੂਲ ਉੜਮੜ ਨੇ ਮਨਾਇਆ ਤੀਜ ਦਾ ਤਿਉਹਾਰ

### ਛੋਟੇ ਛੋਟੇ ਬੱਚਿਆਂ ਨੇ ਦੱਸੀ ਇਸਦੀ ਇਤਿਹਾਸਿਕ ਮਹੱਤਤਾ



ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਾਵਨ ਦੇ ਮਹੀਨੇ ਪੰਜਾਬ ਦੀਆਂ ਮੁਟਿਆਰਾਂ ਵੱਲੋਂ ਮਨਾਏ ਜਾਂਦੇ ਪੰਜਾਬ ਦੇ ਮੁੱਖ ਤਿਉਹਾਰ ਤੀਜ ਨੂੰ ਲੈ ਕੇ ਸਕੂਲੀ ਵਿਦਿਆਰਥਨਾ ਅੰਦਰ ਵੀ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਸਥਾਨਕ ਇਨਵੇਟਿਵ ਜੂਨੀਅਰ ਸਕੂਲ ਦੀਆਂ ਛੋਟੀਆਂ ਛੋਟੀਆਂ ਵਿਦਿਆਰਥਨਾਂ ਨੇ ਇਸ ਤਿਉਹਾਰ ਨੂੰ ਬੜੇ ਹੀ ਉਤਸਾਹ ਅਤੇ ਚਾਵਾਂ ਨਾਲ ਮਨਾਇਆ ਉਹਨਾਂ ਵੱਲੋਂ ਪੇਸ਼ ਕੀਤੀਆਂ ਗਈਆਂ ਵੱਖ-ਵੱਖ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਝਾਕੀਆਂ ਨੂੰ ਹਾਜ਼ਰ ਦਰਸ਼ਕਾਂ ਨੇ ਬਹੁਤ ਹੀ ਸਹਰਾਇਆ ਅਤੇ ਬੱਚਿਆਂ ਦੀ ਹੌਂਸਲਾ ਅਫਜ਼ਾਈ ਕੀਤੀ। ਸਕੂਲ ਕੋਆਰਡੀਨੇਟਰ ਨਰਿੰਦਰ ਕੌਰ ਦੀ ਅਗਵਾਈ ਹੇਠ ਮਨਾਏ ਗਏ ਤੀਜ ਦੇ ਤਿਉਹਾਰ ਵਿੱਚ ਸਮਾਜ ਸੇਵਾ ਸੁਖਵਿੰਦਰ ਸਿੰਘ ਅਰੋੜਾ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਜਿਨਾਂ ਆਪਣੇ ਸੰਬੋਧਨ ਵਿੱਚ ਬੱਚਿਆਂ ਵੱਲੋਂ ਦਿਖਾਈ ਗਈ ਅਦਾਕਾਰੀ ਦੀ ਭਰਭੂਰ ਪ੍ਰਸੰਸਾ ਕੀਤੀ ਅਤੇ ਬੱਚਿਆਂ ਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਪੌਦੇ ਲਾਉਣ ਦੀ ਪ੍ਰੇਰਨਾ ਦਿੱਤੀ। ਇਹਨਾਂ ਛੋਟੇ ਬੱਚਿਆਂ ਵੱਲੋਂ ਜਿੱਥੇ ਗਿੱਧਾ ਅਤੇ ਭੰਗੜੇ ਦੀ ਪੇਸ਼ਕਾਰੀ ਕੀਤੀ ਗਈ ਉੱਥੇ ਇਹਨਾਂ ਨੇ ਵੱਖ-ਵੱਖ ਪੰਜਾਬੀ ਸੱਭਿਆਚਾਰਕ ਵਣਗੀਆਂ ਨੂੰ ਵੀ ਬਾਖੂਬੀ ਦਰਸ਼ਕਾਂ ਦੇ ਸਾਹਮਣੇ ਪੇਸ਼ ਕੀਤਾ ਜਿਸ ਉਪਰੰਤ ਬੱਚਿਆਂ ਨੇ ਪੀਂਘਾਂ ਝੂਟ ਕੇ ਇਸ ਪ੍ਰੋਗਰਾਮ ਦੀ ਸਮਾਪਤੀ ਕੀਤੀ। ਚੰਗੀ ਅਦਾਕਾਰੀ ਲਈ ਸਕੂਲ ਦੀ ਵਿਦਿਆਰਥਣ ਪੀਹੂ ਅਰੋੜਾ ਨੂੰ ਮਿਸ ਤੀਜ ਦਾ ਖਿਤਾਬ ਦਿੱਤਾ ਗਿਆ। ਸਕੂਲ ਕੋਆਰਡੀਨੇਟਰ ਨਰਿੰਦਰ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਬੱਚਿਆਂ ਨੂੰ ਤੀਜ ਦੇ ਤਿਉਹਾਰ ਦੀ ਵਧਾਈ ਦਿੰਦੇ ਹੋਏ ਉਹਨਾਂ ਨੂੰ ਪੜ੍ਹਾਈ ਵਿੱਚ ਵੀ ਹਮੇਸ਼ਾ ਅੱਗੇ ਰਹਿਣ ਦੀ ਪ੍ਰੇਰਨਾ ਕੀਤੀ। ਇਸ ਮੌਕੇ ਸਕੂਲ ਸਟਾਫ ਵਿੱਚ ਭੁਪਿੰਦਰ ਕੌਰ ,ਹਰਪ੍ਰੀਤ ਕੌਰ, ਨੇਹਾ ਨਾਗਲਾ, ਪ੍ਰਭਜੋਤ ਕੌਰ, ਅਨੀਤਾ ਕੱਕੜ, ਪਲਕ ਲੱਖਣਪਾਲ ਅਤੇ ਹੋਰ ਹਾਜ਼ਰ ਸਨ।

# ਪੰਜਾਬ ਦੀ ਧੀ ਨੇ ਰਚਿਆ ਇਤਿਹਾਸ, ਏਸ਼ੀਅਨ ਚੈਂਪੀਅਨਸ਼ਿਪ 'ਚ ਜਿੱਤਿਆ ਚਾਂਦੀ ਦਾ ਤਗਮਾ



ਮੋਹਾਲੀ : ਵੀਅਤਨਾਮ ਵਿੱਚ ਹੋਈ 9ਵੀਂ ਏਸ਼ੀਅਨ ਚੈਂਪੀਅਨਸ਼ਿਪ ਵਿੱਚ, ਐਸਬੀਐਸ ਨਗਰ ਦੀ ਮਹਿਲਾ ਕਾਂਸਟੇਬਲ ਬਲਜੀਤ ਕੌਰ, ਜੋ ਇਸ ਸਮੇਂ ਸੈਂਟਰ ਸਪੋਰਟਸ ਪੀਏਪੀ ਹੈੱਡਕੁਆਰਟਰ ਜਲੰਧਰ ਵਿੱਚ ਤਾਇਨਾਤ ਹੈ, ਨੇ ਚਾਂਦੀ ਦਾ ਤਗਮਾ ਜਿੱਤ ਕੇ ਦੇਸ਼ ਅਤੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਨਾ ਸਿਰਫ਼ ਉਸਦਾ ਪਰਿਵਾਰ, ਸਗੋਂ ਪੂਰਾ ਇਲਾਕਾ ਇਸ ਪ੍ਰਾਪਤੀ 'ਤੇ ਮਾਣ ਮਹਿਸੂਸ ਕਰ ਰਿਹਾ ਹੈ। ਇਸ ਦੌਰਾਨ ਉਸਦੀ ਧੀ ਵੀ ਬਹੁਤ ਖੁਸ਼ ਦਿਖਾਈ ਦੇ ਰਹੀ ਸੀ ਅਤੇ ਇਸ ਪ੍ਰਾਪਤੀ 'ਤੇ ਆਪਣੀ ਮਾਂ 'ਤੇ ਫੁੱਲ ਵਰ੍ਹਾਉਂਦੀ ਦਿਖਾਈ ਦੇ ਰਹੀ ਸੀ। ਇਸ ਮਾਣਮੱਤੇ ਮੌਕੇ 'ਤੇ ਪੰਜਾਬੀ ਕਲਾਕਾਰ ਗੁਲਜ਼ਾਰ ਲਾਹੌਰੀਆ ਵੀ ਮੌਜੂਦ ਸਨ। ਉਨ੍ਹਾਂ ਨੇ ਬਲਜੀਤ ਕੌਰ ਨੂੰ ਵਧਾਈ ਦਿੱਤੀ ਅਤੇ ਉਸਦੀ ਪ੍ਰਾਪਤੀ ਨੂੰ ਪੰਜਾਬ ਦੇ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਦੱਸਿਆ।

ਬਲਜੀਤ ਕੌਰ ਦੇ ਪਰਿਵਾਰ ਨੇ ਉਸਦੀ ਸਫਲਤਾ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਸਦੇ ਪਤੀ ਨੇ ਹਰ ਕਦਮ 'ਤੇ ਉਸਦਾ ਸਾਥ ਦਿੱਤਾ। ਉਨ੍ਹਾਂ ਕਿਹਾ, ÷ਸਾਨੂੰ ਮਾਣ ਹੈ ਕਿ ਸਾਡੀ ਪਤਨੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਭਾਰਤ ਦਾ ਨਾਮ ਰੌਸ਼ਨ ਕੀਤਾ ਹੈ। ਅੱਜ ਪੂਰਾ ਦੇਸ਼ ਅਤੇ ਸ਼ਹਿਰ ਬਲਜੀਤ ਦੀ ਪ੍ਰਾਪਤੀ 'ਤੇ ਮਾਣ ਮਹਿਸੂਸ ਕਰ ਰਿਹਾ ਹੈ।÷

ਬਲਜੀਤ ਕੌਰ ਨੇ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣਾ ਚਾਹੀਦਾ ਹੈ ਅਤੇ ਸਖ਼ਤ ਮਿਹਨਤ ਦੇ ਆਧਾਰ 'ਤੇ ਜ਼ਿੰਦਗੀ ਵਿੱਚ ਕੁਝ ਪ੍ਰਾਪਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, 'ਜੇਕਰ ਟੀਚਾ ਸਾਫ਼ ਹੋਵੇ ਅਤੇ ਸਖ਼ਤ ਮਿਹਨਤ ਇਮਾਨਦਾਰੀ ਨਾਲ ਕੀਤੀ ਜਾਵੇ, ਤਾਂ ਸਫਲਤਾ ਯਕੀਨੀ ਹੈ। ਸਮਾਜ ਤੁਹਾਡੇ 'ਤੇ ਉਦੋਂ ਹੀ ਮਾਣ ਕਰੇਗਾ ਜਦੋਂ ਤੁਸੀਂ ਆਪਣੀ ਮਿਹਨਤ ਅਤੇ ਮਿਹਨਤ ਦੇ ਆਧਾਰ 'ਤੇ ਕਿਸੇ ਅਹੁਦੇ 'ਤੇ ਪਹੁੰਚੋਗੇ।'

# ਐਮ ਐਸ ਕੇ ਡੇ ਬੋਰਡਿੰਗ ਸਕੂਲ ਨੇ ਜੋਨਲ ਖੇਡਾਂ ਵਿੱਚ ਸੱਤ ਗੋਲਡ ਤਿੰਨ ਸਿਲਵਰ ਅਤੇ ਇਕ ਬਰੋਸ ਮੈਡਲ ਜਿੱਤ ਕੇ ਆਪਣਾ ਲੋਹਾ ਮਨਵਾਇਆ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਐਮ ਐਸ ਕੇ ਡੇ ਬੋਰਡਿੰਗ ਸੀ ਬੀ ਐਸ ਈ ਸੈਕੰਡਰੀ ਸਕੂਲ ਕੋਟਲੀ ਜੰਡ ਦੇ ਖਿਡਾਰੀਆਂ ਨੇ ਇੱਕ ਵਾਰ ਫਿਰ ਦਸ ਮੈਡਲ ਜਿੱਤ ਕੇ ਪੰਜਾਬ ਸਕੂਲ ਜੋਨਲ ਖੇਡਾਂ ਵਿੱਚ ਆਪਣਾ ਲੋਹਾ ਮਨਵਾਇਆ ਹੈ ਅਤੇ ਅੱਜ ਇਹਨਾਂ ਖਿਡਾਰੀਆਂ ਨੂੰ ਸਕੂਲ ਵਿਖੇ ਇਕ ਸਨਮਾਨ ਸਮਾਰੋਹ ਦੌਰਾਨ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਦੀ ਅਗਵਾਈ ਹੇਠ ਵਿਸ਼ੇਸ਼ ਰੂਪ ਨਾਲ ਸਨਮਾਨਿਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਕੋਆਰਡੀਨੇਟਰ ਲਖਵੀਰ ਸਿੰਘ ਅਤੇ ਕੋਚ ਕਸ਼ਿਸ਼ ਗਿੱਲ ਨੇ ਦੱਸਿਆ ਕਿ ਇਹਨਾਂ ਖੇਡਾਂ ਵਿੱਚ ਸਕੂਲ ਨੇ ਸੱਤ ਗੋਲਡ ਤਿੰਨ ਸਿਲਵਰ ਅਤੇ ਇੱਕ ਬਰੋਸ ਮੈਡਲ ਜਿੱਤ ਕੇ ਵੱਡੀ ਪ੍ਰਾਪਤੀ ਹਾਸਿਲ ਕੀਤੀ ਹੈ। ਉਹਨਾਂ ਦੱਸਿਆ ਕਿ ਕਬੱਡੀ 14 ਸਾਲ ਵਰਗ ਵਿੱਚ ਲੜਕੀਆਂ ਨੇ ਗੋਲਡ ਮੈਡਲ ਅਤੇ ਇਸੇ ਤਰਾਂ 17 ਸਾਲ ਵਰਗ ਵਿੱਚ ਵੀ ਗੋਲਡ ਮੈਡਲ ਹਾਸਲ ਕੀਤਾ। ਕਿਕ ਬਾਕਸਿੰਗ ਵਿੱਚ ਸਕੂਲ ਦੀ ਜਸਮੀਤ ਕੌਰ ਸੰਧੂ ਅਤੇ ਪਾਰਸ ਨੇ ਗੋਲਡ ਮੈਡਲ ਹਾਸਲ ਕੀਤਾ। ਵੂਸ਼ੋ ਵਿੱਚ ਕਰਨਵੀਰ ਅਤੇ ਜਸਮੀਤ ਕੌਰ ਨੇ ਗੋਲਡ ਮੈਡਲ ਹਾਸਲ ਕੀਤਾ। ਇਸੇ ਤਰ੍ਹਾਂ 17 ਸਾਲ ਵਰਗ ਵਿੱਚ ਕਬੱਡੀ ਵਿੱਚੋਂ ਲੜਕਿਆਂ ਨੇ ਗੋਲਡ ਮੈਡਲ ਹਾਸਲ ਕੀਤੀ। ਇਸ ਦੇ ਨਾਲ ਹੀ ਕਿੱਕ ਬਾਕਸਿੰਗ ਵਿੱਚ ਜਸਵੀਰ ਸੈਣੀ, ਕਰਨ ਜੋਤ ਅਤੇ ਵੂਰਨ ਨੇ ਸਿਲਵਰ ਮੈਡਲ ਹਾਸਲ ਕੀਤੇ। ਜਦੋਂ ਕਿ ਖੋ ਖੋ ਲੜਕੀਆਂ ਵਿੱਚ ਇੱਕ ਬਰੋਸ ਮੈਡਲ ਹਾਸਲ ਕੀਤਾ । ਇਸ ਤਰ੍ਹਾਂ ਸਕੂਲ ਨੇ ਸੱਤ ਗੋਲਡ ਤਿੰਨ ਸਿਲਵਰ ਅਤੇ ਇੱਕ ਬਰੋਸ ਮੈਡਲ ਹਾਸਲ ਕੀਤਾ। ਅੱਜ ਹੋਏ ਸਮਾਰੋਹ ਦੌਰਾਨ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਸਮੂਹ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਦੀ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਚੰਗੀ ਖੇਡ ਦਾ ਪ੍ਰਦਰਸ਼ਨ ਕਰਨ ਲਈ ਪ੍ਰੇਰਨਾ ਦਿੱਤੀ। ਇਸ ਮੌਕੇ ਸਕੂਲ ਸਟਾਫ ਵਿੱਚ ਰਜਨੀ ਬਾਲਾ, ਗੁਰਸ਼ਰਨ ਕੌਰ, ਪ੍ਰਭਜੋਤ ਕੌਰ, ਗੁਰਪ੍ਰੀਤ ਕੌਰ, ਹਰਮਨਜੀਤ ਕੌਰ, ਰੇਖਾ, ਪ੍ਰੀਤੀ, ਨਵਨੀਤ ਕੌਰ ਅਤੇ ਹੋਰ ਹਾਜ਼ਰ ਸਨ।



ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਵਿਖੇ ਖਿਡਾਰੀਆਂ ਦਾ ਸਨਮਾਨ ਕਰਦੇ ਹੋਏ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਕੋਡੀਨੇਟਰ ਲਖਵੀਰ ਸਿੰਘ ਅਤੇ ਹੋਰ।

# ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਰੱਖੜੀ ਦਾ ਤਿਉਹਾਰ ਮਨਾਇਆ ਗਿਆ

ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਸਰ ਮਾਰਸ਼ਲ ਸਕੂਲ ਬੈਂਸ ਅਵਾਨ ਵਿਖੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਨਿਰਦੇਸਾਂ ਅਨੁਸਾਰ ਪ੍ਰਿੰਸੀਪਲ ਗਾਇਤ੍ਰੀ ਦੀ ਅਗਵਾਈ ਹੇਠ ਰੱਖੜੀ ਦੇ ਤਿਉਹਾਰ ਨੂੰ ਮਨਾਉਣ ਲਈ ਸਕੂਲ ਵਿੱਚ ਵਿਦਿਆਰਥੀਆਂ ਲਈ ਰੱਖੜੀ ਬਣਾਉਣ ਦੇ ਮੁਕਾਬਲੇ ਦਾ ਆਯੋਜਨ ਕੀਤਾ ਗਿਆ। ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਆਪਣੀ ਕਲਾ ਅਤੇ ਸਿਰਜਣਾਤਮਕਤਾ ਦਾ ਪ੍ਰਦਰਸ਼ਨ ਕੀਤਾ।

ਇਸ ਮੁਕਾਬਲੇ ਵਿੱਚ, ਵਿਦਿਆਰਥੀਆਂ ਨੇ ਵੱਖ-ਵੱਖ ਸਮੱਗਰੀਆਂ ਜਿਵੇਂਕਿ ਧਾਗਾ, ਮੋਤੀ, ਰਿਬਨ, ਅਤੇ ਹੋਰ ਸਜਾਵਟੀ ਸਮਾਨ ਦੀ ਵਰਤੋਂ ਕਰਕੇ ਰੱਖੜੀਆਂ ਬਣਾਈਆਂ। ਇਹਨਾਂ ਰੱਖੜੀਆਂ ਨੂੰ ਸੁੰਦਰਤਾ ਅਤੇ ਰੰਗਦਾਰ ਬਣਾਉਣ ਲਈ ਵਿਦਿਆਰਥੀਆਂ ਨੇ ਆਪਣੀ ਕਲਪਨਾ ਅਤੇ ਹੁਨਰ ਦੀ ਵਰਤੋਂ ਕੀਤੀ।

ਮੁਕਾਬਲੇ ਦੇ ਜੱਜਾਂ ਨੇ ਰੱਖੜੀਆਂ ਦੀ ਸਿਰਜਣਾਤਮਕਤਾ, ਕਲਾਕਾਰੀ ਅਤੇ ਸੱਭਿਆਚਾਰਕ ਮਹੱਤਵ ਨੂੰ ਦੇਖਦੇ ਹੋਏ ਜੇਤੂਆਂ ਦੀ ਚੋਣ ਕੀਤੀ। ਇਸ ਮੁਕਾਬਲੇ ਨੇ ਵਿਦਿਆਰਥੀਆਂ ਨੂੰ ਰੱਖੜੀ ਦੇ ਤਿਉਹਾਰ ਦੇ ਮਹੱਤਵ ਨੂੰ ਸਮਝਣ ਅਤੇ ਆਪਣੀ ਕਲਾਤਮਕ ਪ੍ਰਤਿਭਾ ਨੂੰ ਦਰਸਾਉਣ ਦਾ ਇੱਕ ਵਧੀਆ ਮੌਕਾ ਪ੍ਰਦਾਨ ਕੀਤਾ।



ਸਕੂਲ ਦੇ ਪ੍ਰਿੰਸੀਪਲ ਨੇ ਦੱਸਿਆ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਵਿੱਚ ਸਿਰਜਣਾਤਮਕਤਾ ਅਤੇ ਸੱਭਿਆਚਾਰਕ ਜਾਗਰੂਕਤਾ ਪੈਦਾ ਕਰਨ ਵਿੱਚ ਮਦਦ ਕਰਦੇ ਹਨ। ਇਸ ਤੋਂ ਇਲਾਵਾ, ਇਸ ਨਾਲ ਵਿਦਿਆਰਥੀਆਂ ਵਿੱਚ ਭਾਈਚਾਰਕ ਸਾਂਝ ਅਤੇ ਸਹਿਯੋਗ ਦੀ ਭਾਵਨਾ ਵੀ ਵਿਕਸਤ ਹੁੰਦੀ ਹੈ। ਸਕੂਲ ਪ੍ਰਸ਼ਾਸਨ ਨੇ ਇਸ ਮੁਕਾਬਲੇ ਨੂੰ ਸਫਲ ਬਣਾਉਣ ਲਈ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਸੁਖਲਿੰਦਰ ਪਾਲ ਸਿੰਘ, ਬਲਦੇਵ ਸਿੰਘ, ਉਂਕਾਰ ਸਿੰਘ, ਮਨੀਸ਼, ਮੈਡਮ ਮਨਦੀਪ ਕੌਰ, ਪ੍ਰਭਜੋਤ ਕੌਰ, ਭਾਵਨਾ, ਪ੍ਰਿਅੰਕਾ, ਸਨਦੀਪ ਕੌਰ, ਤਰਨਜੀਤ ਕੌਰ, ਹਰਮਨਦੀਪ, ਅੰਮ੍ਰਿਤ ਕੌਰ, ਨੀਸਾ, ਟੀਨਾ ਅਮਨਪ੍ਰੀਤ ਕੌਰ, ਅਮਨਦੀਪ ਕੌਰ, ਕੁਸ਼ਪ੍ਰੀਤ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਅਮਰੀਕਾ 'ਚ ਭਾਰਤੀ ਪ੍ਰਵਾਸੀਆਂ ਦੀ ਭੂਮਿਕਾ ਸ਼ਲਾਘਾਯੋਗ : ਭਾਰਤੀ ਰਾਜਦੂਤ ਵਿਨੈ ਕਵਾਤਰਾ

ਨਿਊਯਾਰਕ : ਅਮਰੀਕਾ ਵਿੱਚ ਭਾਰਤੀ ਰਾਜਦੂਤ ਵਿਨੈ ਕਵਾਤਰਾ ਨੇ ਭਾਰਤੀ-ਅਮਰੀਕੀ ਭਾਈਚਾਰੇ ਦੇ ਪ੍ਰਮੁੱਖ ਮੈਂਬਰਾਂ ਨਾਲ ਗੱਲਬਾਤ ਕੀਤੀ ਅਤੇ ਦੋਵਾਂ ਦੇਸ਼ਾਂ ਵਿਚਕਾਰ ਸਬੰਧਾਂ ਨੂੰ ਉਤਸ਼ਾਹਿਤ ਕਰਨ ਵਿੱਚ ਡਾਇਸਪੋਰਾ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੱਤਾ। ਭਾਰਤ ਦੇ ਕੌਂਸਲੇਟ ਜਨਰਲ ਨੇ ਇੱਥੇ ਸੋਸ਼ਲ ਮੀਡੀਆ 'ਤੇ ਦੱਸਿਆ ਕਿ ਕਵਾਤਰਾ ਨੇ ਨਿਊਯਾਰਕ ਵਿੱਚ ਭਾਰਤੀ ਕੌਂਸਲੇਟ ਵਿਖੇ ਨਿਊਯਾਰਕ, ਨਿਊ ਜਰਸੀ, ਕਨੈਕਟੀਕਟ ਅਤੇ ਪੈਨਸਿਲਵੇਨੀਆ ਦੇ ਭਾਰਤੀ-ਅਮਰੀਕੀ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕੀਤੀ। ਭਾਰਤੀ ਮਿਸ਼ਨ ਨੇ ਕਿਹਾ, 'ਰਾਜਦੂਤ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਭਾਰਤੀ ਡਾਇਸਪੋਰਾ ਨੂੰ ਇੱਕ ਗਤੀਸ਼ੀਲ 'ਜੀਵਤ ਪੁਲ' ਵਜੋਂ ਪ੍ਰਸ਼ੰਸਾ



ਦੁਹਰਾਈ ਅਤੇ ਭਾਰਤ ਅਤੇ ਅਮਰੀਕਾ ਵਿਚਕਾਰ ਡੂੰਘੇ ਸਬੰਧਾਂ ਨੂੰ ਉਤਸ਼ਾਹਿਤ ਕਰਨ ਵਿੱਚ ਭਾਰਤੀ ਡਾਇਸਪੋਰਾ ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕੀਤਾ।' ਕਵਾਤਰਾ ਨੇ ਕਿਹਾ ਕਿ 'ਅਮਰੀਕਾ ਵਿੱਚ ਅੱਠ ਨਵੇਂ ਭਾਰਤੀ ਕੌਂਸਲੇਟ ਐਪਲੀਕੇਸ਼ਨ ਸੈਂਟਰਾਂ ਦਾ ਹਾਲ ਹੀ ਵਿੱਚ ਉਦਘਾਟਨ' ਭਾਰਤੀ ਡਾਇਸਪੋਰਾ ਦੀ ਸੇਵਾ ਕਰਨ ਲਈ ਭਾਰਤ ਸਰਕਾਰ ਦੀ ਵਚਨਬੱਧਤਾ ਨੂੰ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ। ਭਾਰਤ ਨੇ ਸ਼ੁੱਕਰਵਾਰ ਨੂੰ ਅਮਰੀਕਾ ਵਿੱਚ ਅੱਠ ਨਵੇਂ ਕੌਂਸਲੇਟ ਸੈਂਟਰ ਖੋਲ੍ਹੇ, ਜੋ ਪ੍ਰਵਾਸੀ ਭਾਰਤੀਆਂ ਨੂੰ ਵੀਜ਼ਾ, ਪਾਸਪੋਰਟ ਅਤੇ ਹੋਰ ਸੇਵਾਵਾਂ ਦੀ ਵਿਵਸਥਾ ਨੂੰ ਸੁਵਿਧਾਜਨਕ ਬਣਾਉਣਗੇ। ਕਵਾਤਰਾ ਨੇ ਬੋਸਟਨ, ਕੋਲੰਬਸ, ਡੱਲਾਸ, ਡੇਟ੍ਰੋਇਟ, ਐਡੀਸਨ, ਓਰਲੈਂਡੋ, ਰੈਲੇ ਅਤੇ ਸੈਨ ਜੋਸ ਵਿੱਚ ਨਵੇਂ ਭਾਰਤੀ ਕੌਂਸਲੇਟ ਐਪਲੀਕੇਸ਼ਨ ਸੈਂਟਰਾਂ (ICACs) ਦਾ ਡਿਜੀਟਲ ਰੂਪ ਵਿੱਚ ਉਦਘਾਟਨ ਕੀਤਾ। ਜਲਦੀ ਹੀ ਲਾਸ ਏਂਜਲਸ ਵਿੱਚ ਇੱਕ ਵਾਧੂ ICAC ਖੋਲ੍ਹਿਆ ਜਾਵੇਗਾ।

# ਕਿਵੇਂ ਮਨਾਈਏ ਸ਼ਤਾਬਦੀਆਂ ?



ਡਾ. ਆਸਾ ਸਿੰਘ ਘੁੰਮਣ

ਸਿੱਖ-ਗੁਰੂਆਂ ਦੀਆਂ ਸ਼ਤਾਬਦੀਆਂ ਮਨਾਉਣ ਦਾ ਰੁਝਾਨ ਪਿਛਲੇ ਕਾਫੀ ਸਮੇਂ ਤੋਂ ਏਨਾ ਜ਼ੋਰ ਫੜ ਗਿਆ ਹੈ ਕਿ ਇਸ ਬਾਰੇ ਚਿੰਤਨ ਕਰਨ ਦੀ ਵੱਡੀ ਲੋੜ ਹੈ। ਪਹਿਲੀ ਗੱਲ ਤਾਂ ਇਹ ਕਿ ਸ਼ਤਾਬਦੀਆਂ ਮਨਾਈਆਂ ਹੀ ਕਿਉਂ ਜਾਣ ? ਜੇ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਅਸੀਂ 550 ਸਾਲਾਂ ਵਿਚ ਨਹੀਂ ਦੇ ਸਕੇ ਤਾਂ ਸਾਢੇ ਪੰਜਾਂ ਦਿਨਾਂ ਵਿਚ ਦੇਣ ਵਿਚ ਕਿਵੇਂ ਕਾਮਯਾਬ ਹੋਣ ਦੀ ਉਮੀਦ ਕਰ ਸਕਦੇ ਹਾਂ। ਪਰ ਜੇ ਮਨਾਉਣੀਆਂ ਹੀ ਹਨ ਤਾਂ ਫਿਰ ਉਨ੍ਹਾਂ ਦੇ ਮਨਾਉਣ ਦਾ ਮਕਸਦ-ਮੰਤਵ ਕੀ ਹੈ ਅਤੇ ਉਸ ਮਕਸਦ-ਮੰਤਵ ਦੀ ਪ੍ਰਾਪਤੀ ਕਿੱਦਾਂ ਹੋਵੇ ? ਸਾਡੇ ਕੋਲ ਸਪੱਸ਼ਟ ਨਿਸ਼ਾਨੇ ਹੋਣੇ ਚਾਹੀਦੇ ਹਨ।

'ਕਿਵੇਂ ਮਨਾਈਏ' ਦਾ ਉੱਤਰ ਹੁਣ ਤੱਕ ਮਨਾਈਆਂ ਗਈਆਂ ਸ਼ਤਾਬਦੀਆਂ ਦੇ ਵਿਸ਼ਲੇਸ਼ਣ ਵਿਚੋਂ ਸਹਿਜੇ ਹੀ ਮਿਲ ਸਕਦਾ ਹੈ। ਸਾਡੇ ਜੀਵਨ ਕਾਲ ਵਿਚ ਸਭ ਤੋਂ ਪਹਿਲੀ ਵੱਡੀ ਜਨਮ-ਸ਼ਤਾਬਦੀ 1969 ਵਿਚ ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਮੌਕੇ ਮਨਾਈ ਗਈ। ਉਸ ਤੋਂ ਬਾਅਦ ਸ਼ਤਾਬਦੀਆਂ ਮਨਾਉਣ ਦਾ ਕੋਈ ਮੌਕਾ ਖੁੰਝਣ ਨਹੀਂ ਦਿੱਤਾ ਗਿਆ। ਕਿਤੇ ਸਾਢ ਲਾ ਕੇ, ਕਿਤੇ ਪੌਣ ਲਾ ਕੇ ਅਤੇ ਕਿਤੇ ਸਵਾਏ ਲਾ ਕੇ। ਕਿਉਂਕਿ ਦਸ ਪਾਤਸ਼ਾਹੀਆਂ ਦੇ ਜਨਮ-ਉਤਸਵ, ਗੁਰਗੱਦੀ ਦਿਵਸ ਅਤੇ ਸ਼ਹੀਦੀ ਅਥਵਾ ਪ੍ਰਲੋਕ ਗਮਨ ਦਿਵਸ ਆਦਿ ਅਤੇ ਗੁਰ-ਪਰਿਵਾਰਾਂ ਨਾਲ ਸੰਬੰਧਿਤ ਘਟਨਾਵਾਂ ਨੂੰ ਅਜਿਹੇ ਅਵਸਰ ਸਿਰਜਣ ਲਈ ਸਹਿਜੇ ਹੀ ਵਰਤਿਆ ਜਾ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਪੁਰਬ ਤੋਂ ਬਾਅਦ 1999 ਵਿਚ ਅਨੰਦਪੁਰ ਸਾਹਿਬ ਵਿਖੇ ਖ਼ਾਲਸਾ ਸਾਜਨਾ ਦਿਵਸ ਦੀ ਤੀਸਰੀ ਸ਼ਤਾਬਦੀ ਬਹੁਤ ਵੱਡੇ ਪੱਧਰ 'ਤੇ ਮਨਾਈ ਗਈ। ਭਾਵੇਂ ਕਿ ਪੰਜਾਬੋਂ ਬਾਹਰ ਵੀ ਮੌਕਾ-ਬਾ-ਮੌਕਾ ਸ਼ਤਾਬਦੀਆਂ ਦਾ ਆਯੋਜਨ ਵੱਡੀ ਪੱਧਰ 'ਤੇ ਹੁੰਦਾ ਰਿਹਾ ਹੈ, ਪਰ ਅੱਜ ਆਪਾਂ ਇਸ ਵਿਸ਼ੇ ਨੂੰ ਪੰਜਾਬ ਤੱਕ ਹੀ ਸੀਮਤ ਰੱਖਦੇ ਹਾਂ।

1999 ਤੋਂ ਬਾਅਦ 2019 ਵਿਚ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਸੁਲਤਾਨਪੁਰ ਲੋਧੀ ਵਿਖੇ ਯਾਦਗਾਰੀ ਢੰਗ ਨਾਲ ਮਨਾਇਆ ਗਿਆ। ਹਾਲਾਂਕਿ 1969 ਵਿਚਲੇ 500 ਸਾਲਾ ਅਤੇ 2019 ਵਿਚ ਮਨਾਏ 550 ਸਾਲਾ ਪ੍ਰਕਾਸ਼ ਪੁਰਬ ਦਾ ਮਿਲਾਨ ਹੀ ਸਿੱਧ ਕਰ ਦਿੰਦਾ ਹੈ ਕਿ 50 ਸਾਲਾਂ ਵਿਚ ਧਾਰਮਿਕ, ਰਾਜਨੀਤਿਕ, ਸਮਾਜਿਕ ਸੰਸਥਾਵਾਂ ਦੇ ਕਿਰਦਾਰ ਵਿਚ ਅਤੇ ਉਨ੍ਹਾਂ ਦੀ ਜੀਵਨ-ਸ਼ੈਲੀ ਅਤੇ ਕਾਰਜ-ਸ਼ੈਲੀ ਵਿਚ ਕਿੱਡਾ ਵੱਡਾ ਨਿਘਾਰ ਆ ਚੁੱਕਾ ਹੈ। ਇਹ ਤੁਲਨਾ ਇਹ ਵੀ ਸਾਬਤ ਕਰ ਦਿੰਦੀ ਹੈ ਕਿ ਜਨਮ-ਸ਼ਤਾਬਦੀਆਂ ਮਨਾਉਣ ਦਾ ਅਸਲ ਮੰਤਵ ਕੀ ਰਹਿ ਗਿਆ ਹੈ ?

ਇਹ ਸ਼ਤਾਬਦੀਆਂ ਮਨਾਉਣ ਵਿਚ ਮੁੱਖ ਤੌਰ 'ਤੇ ਤਿੰਨ ਧਿਰਾਂ ਸ਼ਾਮਲ ਹੁੰਦੀਆਂ ਹਨ: ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ। ਉੱਪਰ ਦਿੱਤੀਆਂ ਸ਼ਤਾਬਦੀਆਂ ਦੇ ਪਹਿਲੇ ਦੋ ਮੌਕਿਆਂ 'ਤੇ ਕੇਂਦਰ ਸਰਕਾਰ, ਪੰਜਾਬ ਸਰਕਾਰ ਅਤੇ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਪੂਰਨ ਤਾਲਮੇਲ ਸੀ ਜਦੋਂ ਕਿ ਤੀਸਰੇ ਮੌਕੇ 'ਤੇ ਇਸਦੀ ਬਿਲਕੁਲ ਅਣਹੋਂਦ ਸੀ। ਹੁਣ ਤੱਕ ਦੀਆਂ ਮਨਾਈਆਂ ਗਈਆਂ ਜਨਮ ਸ਼ਤਾਬਦੀਆਂ ਵਿਚ 1969 ਵਿਚ ਕੁਝ ਅਜਿਹੇ ਉੱਦਮ ਕੀਤੇ ਗਏ, ਜੋ ਅੱਜ ਵੀ ਸਾਡੇ ਸਮਾਜਿਕ, ਆਰਥਿਕ, ਅਕਾਦਮਿਕ ਤੇ ਸੱਭਿਆਚਾਰਕ ਜੀਵਨ ਨੂੰ ਪ੍ਰਭਾਵਿਤ ਕਰ ਰਹੇ ਹਨ। ਉਸ ਮੌਕੇ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਸੀ। ਇਸ ਮੌਕੇ ਪੰਜਾਬ ਦੇ ਪੇਂਡੂ ਖੇਤਰ ਵਿਚ ਗੁਰੂ ਨਾਨਕ ਦੇਵ ਜੀ ਦੇ ਨਾਂਅ 'ਤੇ 38 ਕਾਲਜ ਖੋਲ੍ਹੇ ਗਏ, ਜਿਸ ਨਾਲ ਪੰਜਾਬ ਵਿਚ ਵੱਡਾ ਵਿੱਦਿਅਕ ਉਭਾਰ ਆਇਆ। ਲੋਕਾਂ ਵਿਚ ਗੁਰੂ ਜੀ ਬਾਰੇ ਏਨਾ ਉਤਸ਼ਾਹ ਸੀ ਕਿ ਬਹੁਤ ਸਾਰੇ ਸ਼ਰਧਾਲੂਆਂ ਅਤੇ ਪੰਚਾਇਤਾਂ ਨੇ ਦਿਲ ਖੋਲ੍ਹ ਕੇ ਪੈਸੇ ਵੀ ਦਿੱਤੇ ਅਤੇ ਜ਼ਮੀਨਾਂ ਵੀ ਦਾਨ ਕੀਤੀਆਂ। ਗੁਰੂ ਨਾਨਕ ਦੇਵ ਯੂਨਵਿਰਸਿਟੀ ਦੀ ਸਥਾਪਨਾ ਕੀਤੀ ਗਈ, ਪਿੰਡ-ਪਿੰਡ ਵਿਚ ਬਿਜਲੀ ਪਹੁੰਚਾਈ ਗਈ ਅਤੇ ਹੋਰ ਕਈ ਦੂਰ-ਪ੍ਰਭਾਵੀ ਫ਼ੈਸਲੇ ਲਏ ਗਏ। ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਸ਼ਾ ਵਿਭਾਗ ਪੰਜਾਬ ਅਤੇ ਯੂਨੀਵਰਸਿਟੀਆਂ ਵੱਲੋਂ ਮਾਅਨੇ-ਖ਼ੇਜ਼ ਖੋਜ-ਪੁਸਤਕਾਂ ਲਿਖਵਾਈਆਂ ਗਈਆਂ। ਇਸ ਮੌਕੇ 'ਤੇ ਸਾਰੇ ਹਿੰਦੁਸਤਾਨ ਨੂੰ ਸ਼ਾਮਿਲ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਪਹਿਲਾ ਮੌਕਾ ਸੀ ਜਦੋਂ ਸਾਰੇ ਦੇਸ਼ ਵਿਚ ਇਸ ਗੁਰਪੁਰਬ ਦੀ ਗਜ਼ਟਿਡ ਛੁੱਟੀ ਕੀਤੀ ਗਈ।

1999 ਵਿਚ ਮਨਾਏ ਗਏ ਖ਼ਾਲਸਾ ਸਾਜਨਾ ਦਿਵਸ ਨੇ ਵੀ ਇਕ ਵਾਰੀ ਫਿਰ ਕੌਮੀ-ਝੁਣਝੁਣੀ ਲਗਾ ਦਿੱਤੀ। ਕੇਂਦਰ ਵਿਚ ਅਕਾਲੀ-ਦਲ ਦੀ ਸਾਂਝ ਸੀ ਅਤੇ ਪੰਜਾਬ-ਸਿਆਸਤ 'ਤੇ ਭਾਰੂ ਬਾਦਲ ਪਰਿਵਾਰ ਮੌਕੇ ਦੀ ਨਬਜ਼ ਭਾਂਪਦੇ ਹੋਏ ਪਰਵਾਸੀ ਗਰਮ ਧਾਰਾ ਨੂੰ ਇਹ ਸਾਬਤ ਕਰਨਾ ਚਾਹੁੰਦਾ ਸੀ ਕਿ ਉਹ ਧੁਰੋਂ ਸਿੱਖ ਹਨ (ਇਸ ਮੌਕੇ 'ਤੇ ਉਹ ਅੰਮ੍ਰਿਤਧਾਰੀ ਵੀ ਬਣੇ)। ਮੈਗਾ ਪ੍ਰੌਜੈਕਟ ਵਕਤ ਸਿਰ ਆਰੰਭੇ ਗਏ ਅਤੇ ਨੇਪਰੇ ਚਾੜ੍ਹੇ ਗਏ। ਅਨੰਦਪੁਰ ਸਾਹਿਬ ਨੂੰ ਦੁਨੀਆ ਦੇ ਨਕਸ਼ੇ 'ਤੇ 'ਵਾਈਟ ਸਿਟੀ' ਵਜੋਂ ਚਮਕਣ ਦੀ ਖੁਸ਼-ਨਸੀਬੀ ਹਾਸਿਲ ਹੋਈ। 'ਵਿਰਾਸਤ-ਏ-ਖਾਲਸਾ', ਵਰਗੇ ਬਹੁ-ਕਰੋੜੀ ਪ੍ਰੌਜੈਕਟ ਇਨ੍ਹਾਂ ਸਮਾਗਮਾਂ ਦਾ ਵੱਡਾ ਹਾਸਲ ਬਣੇ। ਸੰਸਾਰ-ਭਰ ਦੀਆਂ ਮਹੱਤਵਪੂਰਨ ਸਿੱਖ-ਸ਼ਖਸੀਅਤਾਂ ਨੂੰ ਉਨ੍ਹਾਂ ਦੇ ਆਪੋ-ਆਪਣੇ ਖੇਤਰਾਂ ਵਿਚ ਸਾਰਥਕ ਯੋਗਦਾਨ ਪਾਉਣ ਵਾਸਤੇ 'ਨਿਸ਼ਾਨ-ਏ-ਖਾਲਸਾ' ਐਵਾਰਡ ਪ੍ਰਦਾਨ ਕੀਤੇ ਗਏ।

ਇਸ ਸਾਰੇ ਦੇ ਉਲਟ ਸੁਲਤਾਨਪੁਰ ਲੋਧੀ ਵਿਖੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕੇਂਦਰ-ਸਰਕਾਰ, ਪੰਜਾਬ ਸਰਕਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਪਸੀ ਤਾਲਮੇਲ ਦੀ ਅਣਹੋਂਦ ਕਰਕੇ ਬਹੁਤ ਕੁਝ ਐਸਾ ਵਾਪਰਿਆ, ਜੋ ਨਹੀਂ ਸੀ ਵਾਪਰਨਾ ਚਾਹੀਦਾ। ਉਸ ਮੌਕੇ ਕੇਂਦਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਜਪਾ ਸਰਕਾਰ ਸੀ ਅਤੇ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ। ਧਾਰਮਿਕ ਤੌਰ 'ਤੇ ਅਕਾਲੀ ਦਲ ਭਾਰੂ ਸ਼੍ਰੋਮਣੀ ਕਮੇਟੀ ਵਿਚ, ਬਿਨਾਂ ਸ਼ੱਕ ਮਰਹੂਮ ਪ੍ਰਕਾਸ਼ ਸਿੰਘ ਬਾਦਲ ਦੀ ਚੱਲਦੀ ਸੀ। ਤਾਲਮੇਲ ਨਾ ਹੋਣ ਕਾਰਨ ਕੋਈ ਵੀ ਪ੍ਰੌਜੈਕਟ ਸਮੇਂ ਸਿਰ ਨਾ ਸ਼ੁਰੂ ਹੋ ਸਕਿਆ। ਤਿੰਨੇ ਧਿਰਾਂ ਆਪਣੀ-ਆਪਣੀ ਪੀਪਣੀ ਵੱਖ-ਵੱਖ ਵਜਾਉਂਦੀਆਂ ਰਹੀਆਂ।

ਖ਼ੈਰ, ਫਿਰ ਵੀ ਇਸ ਪਿਛਾਂਹ-ਹਟਵੇਂ ਸ਼ਹਿਰ ਨੂੰ ਕੇਂਦਰ ਸਰਕਾਰ ਵਲੋਂ ਰੇਲਵੇ ਸਟੇਸ਼ਨ, ਪੰਜਾਬ ਸਰਕਾਰ ਵਲੋਂ ਬੱਸ-ਅੱਡਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬੇਬੇ ਨਾਨਕੀ ਨਿਵਾਸ ਵਰਗੀ ਸਰਾਂ ਨਸੀਬ ਹੋ ਗਈ। ਕੇਂਦਰ ਸਰਕਾਰ ਵਲੋਂ ਇਸ ਨੂੰ ਸਮਾਰਟ ਸਿਟੀ ਘੋਸ਼ਿਤ ਕੀਤੇ ਜਾਣ ਕਰਕੇ ਅੱਜ ਵੀ ਕੁਝ ਨਾ ਕੁਝ ਵਿਕਾਸ ਦਾ ਕੰਮ ਚਲਦਾ ਰਹਿੰਦਾ ਹੈ। ਕੇਂਦਰ ਸਰਕਾਰ ਵਲੋਂ ਇਸ ਮੌਕੇ 'ਤੇ ਘੋਸ਼ਿਤ ਮੈਡੀਕਲ ਕਾਲਜ ਦਾ ਕੰਮ ਵੀ ਕਪੂਰਥਲਾ ਵਿਖੇ ਚੱਲ ਰਿਹਾ ਹੈ। ਸੁਲਤਾਨਪੁਰ ਲੋਧੀ ਵਰਗਾ, ਪਿਛਾਂਹ ਹਟਵਾਂ, ਸੁੱਤ-ਉਨੀਂਦਾ ਸ਼ਹਿਰ ਕੁਝ ਸਮੇਂ ਲਈ ਜਾਗ ਉੱਠਿਆ। ਲੰਗਰ ਵਾਲਿਆਂ ਬਾਬਿਆਂ ਨੇ 550 ਡਿਸ਼ਾਂ ਵਾਲਾ 'ਗੁਰੂ ਕਾ ਲੰਗਰ' ਲਾਈ ਰੱਖਿਆ। ਪ੍ਰੰਤੂ ਅਫ਼ਸੋਸ ਕਿ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਨੇ ਲੱਖਾਂ ਹੀ ਰੁਪਏ ਆਪਣੇ-ਆਪਣੇ ਸਮਾਗਮ ਸਥਾਨਾਂ 'ਤੇ ਬਰਬਾਦ ਕੀਤੇ। ਸਮਾਗਮ ਸਥਾਨ ਭਾਵੇਂ ਮੁੱਖ ਤੌਰ 'ਤੇ ਸੁਲਤਾਨਪੁਰ ਲੋਧੀ ਵਿਖੇ ਰਿਹਾ, ਪਰ ਕੋਰੀਡੋਰ ਦਾ ਉਦਘਾਟਨੀ ਸਮਾਰੋਹ ਕਰਤਾਰਪੁਰ ਵਿਖੇ ਅਯੋਜਿਤ ਕੀਤਾ ਗਿਆ। ਇਸ ਸ਼ੁਭ ਮੌਕੇ ਦਾ ਸਭ ਤੋਂ ਵੱਡਾ ਹਾਸਲ ਇਹੀ ਰਿਹਾ ਕਿ ਸਿੱਖਾਂ ਦੀ ਚਿਰੋਕਣੀ ਅਰਦਾਸ ਨੂੰ ਬੂਰ ਪਿਆ ਅਤੇ ਕਰਤਾਰਪੁਰ ਕੋਰੀਡੋਰ ਖੁੱਲ੍ਹ ਗਿਆ। ਪੰਜਾਬ ਸਰਕਾਰ ਵਲੋਂ 550 'ਨਾਮਵਰ' ਵਿਅਕਤੀਆਂ ਨੂੰ ਪੀ.ਟੀ.ਯੂ. ਕਪੂਰਥਲਾ-ਜਲੰਧਰ ਵਿਖੇ ਰਾਤ ਨੂੰ ਡਿਨਰ ਸਮੇਤ ਸਨਮਾਨਿਤ ਕੀਤਾ ਗਿਆ। ਕਿਸੇ ਨੂੰ ਅੱਜ ਤੱਕ ਨਹੀਂ ਪਤਾ ਕਿ ਕਿਸ-ਕਿਸ ਨੂੰ ਸਨਮਾਨਿਤ ਕੀਤਾ ਗਿਆ ਅਤੇ ਕਿਸ ਯੋਗਦਾਨ ਲਈ ਸਨਮਾਨਤ ਕੀਤਾ ਗਿਆ। ਲਿਸਟ ਵਿਚ ਸ਼ਾਮਿਲ ਬਹੁਤ ਸਾਰੇ ਵਿਅਕਤੀ ਇਸ ਮੌਕੇ 'ਤੇ ਗ਼ੈਰ-ਹਾਜ਼ਰ ਰਹੇ। ਅਕਾਦਮਿਕ ਪੱਖੋਂ ਵੀ ਪੰਜਾਬ ਸਰਕਾਰ ਅਤੇ ਸ਼੍ਰੋਮਣੀ ਕਮੇਟੀ ਦਾ ਕਾਫੀ ਮਾੜਾ ਹਾਲ ਰਿਹਾ। ਗੁਰੂ ਜੀ ਦੇ ਜੀਵਨ ਬਾਰੇ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਿਤ ਕੀਤੇ ਦੋਵੇਂ ਕਿਤਾਬਚੇ ਚੈਲੰਜ ਹੋਣ ਕਰਕੇ ਰਿਲੀਜ਼ ਹੋਣ ਤੋਂ ਅਗਲੇ ਹੀ ਦਿਨ ਵਾਪਸ ਲੈਣੇ ਪਏ। ਪੰਜਾਬ ਸਰਕਾਰ ਵੱਲੋਂ ਤਿਆਰ ਕੀਤੀਆਂ ਬਹੁ-ਮੁੱਲੀ ਪੁਸਤਕਾਂ ਸਿਆਸਤਦਾਨਾਂ ਤੱਕ ਹੀ ਸੀਮਤ ਰੱਖੀਆਂ ਗਈਆਂ। ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਤੌਰ 'ਤੇ ਵੱਖਰੀ ਵਿਚਾਰਧਾਰਾ ਅਤੇ ਸਥਾਨਕ ਸੰਪਰਦਾਵਾਂ ਦੇ ਮੁਖੀਆਂ ਅਤੇ ਵਿਦਵਾਨਾਂ ਨੂੰ ਬੁਰੀ ਤਰ੍ਹਾਂ ਅਣਗੌਲਿਆਂ ਕੀਤਾ ਗਿਆ। ਸਮਾਗਮਾਂ ਮੌਕੇ ਹਉਮੈ ਦੀ ਐਸੀ ਧੂਣੀ ਧੁਖੀ ਕਿ ਮੌਜੂਦਾ ਅਕਾਲੀ-ਦੁਫੇੜ ਵਿਚ ਉਹ ਪ੍ਰਭਾਵ ਅੱਜ ਵੀ ਅਸਰ-ਦੇਹ ਹਨ।

ਦੱਸਣ ਵਾਲੇ ਦੱਸਦੇ ਹਨ ਤੇ ਬੋਲਣ ਵਾਲੇ ਬੋਲਦੇ ਹਨ ਕਿ ਸ਼ਤਾਬਦੀਆਂ ਖੂਬ ਕਮਾਈ ਕਰਨ ਦੇ ਮੌਕੇ ਵੀ ਪ੍ਰਦਾਨ ਕਰਦੀਆਂ ਹਨ। ਕਰੋੜਾਂ ਦੇ ਬਜਟ ਵਿਚੋਂ ਸਹੀ ਅਰਥਾਂ ਵਿਚ ਕਿੰਨੇ ਲੱਗਦੇ ਹਨ, ਇਹ ਤਾਂ ਰੱਬ ਹੀ ਜਾਣੇ। ਨਗਰ-ਕੀਰਤਨਾਂ ਵਿਚ ਚੜ੍ਹਾਵੇ ਦੇ ਪੈਸਿਆਂ ਦਾ ਕੀ ਬਣਦਾ ਹੈ, ਪਬਲਿਕ ਕੀ ਜਾਣੇ ? ਪੰਜਾਬੋਂ ਬਾਹਰ, ਘੱਟ ਗਿਣਤੀ ਖੇਤਰਾਂ ਵਿਚ ਦੂਜਿਆਂ ਨੂੰ ਜਾਣੂ ਕਰਵਾਉਣ ਲਈ ਤਾਂ ਨਗਰ-ਕੀਰਤਨਾਂ ਦੀ ਸਮਝ ਲੱਗਦੀ ਹੈ, ਪਰ ਪੰਜਾਬ ਵਿਚ ਇਕ ਪਿੰਡ ਤੋਂ ਦੂਜੇ-ਚੌਥੇ ਪਿੰਡ ਤੱਕ ਅਯੋਜਿਤ ਕੀਤੇ ਜਾਂਦੇ ਨਗਰ ਕੀਰਤਨਾਂ ਵਿਚ ਲੱਖਾਂ-ਕਰੋੜਾਂ ਦਾ ਡੀਜ਼ਲ ਬਾਲਣ ਪਿੱਛੇ ਮੰਤਵ ਕੀ ਹੈ, ਸਮਝ ਨਹੀਂ ਪੈਂਦੀ। ਉੱਪਰ ਤੋਂ ਲੈ ਕੇ ਥੱਲੇ ਤੱਕ ਸਿਆਸੀ ਲਾਹਾ ਲੈਣ ਦੀ ਪ੍ਰਵਿਰਤੀ ਹਾਸੋ-ਹੀਣੀ ਹੱਦ ਤੱਕ ਨਜ਼ਰ ਆਉਂਦੀ ਹੈ। ਗੁਰੂ-ਆਸ਼ੇ ਦੇ ਉਲਟ, ਹਉਮੈ ਦਾ ਨੰਗਾ ਨਾਚ ਪ੍ਰਤੱਖ ਨਜ਼ਰ ਆਉਂਦਾ ਹੈ।

ਹਾਂ, ਇਹ ਵੀ ਮੰਨਣਾ ਪਵੇਗਾ ਕਿ ਇਨ੍ਹਾਂ ਮੌਕਿਆਂ 'ਤੇ ਬਹੁਤ ਸ਼ਰਧਾ ਅਤੇ ਸਦਭਾਵਨਾ ਨਾਲ ਕੰਮ ਕਰਨ ਵਾਲੇ ਕੁਝ ਇਕ ਅਫਸਰ ਮਨ-ਮਸਤਕ ਦੀ ਇਲਾਹੀ ਸ਼ਾਂਤੀ ਦੇ ਹਿੱਸੇਦਾਰ ਜ਼ਰੂਰ ਬਣ ਜਾਂਦੇ ਹਨ ਅਤੇ ਲੋਕ-ਮਨਾਂ ਵਿਚ ਵੀ ਵਸ ਜਾਂਦੇ ਹਨ। ਸ਼ਰਧਾਲੂ-ਜਨ ਸਦਾ ਵਾਂਗ ਗੁਰੂ ਤੋਂ ਆਪਾ ਵਾਰਨ ਨੂੰ ਤਿਆਰ ਨਜ਼ਰ ਪੈਂਦੇ ਹਨ।

**ਮੌਜੂਦਾ ਜ਼ਿੰਮੇਵਾਰ ਧਿਰਾਂ ਲਈ ਇੱਕ ਬਹੁਤ ਮਹੱਤਵ-ਪੂਰਨ ਤਾੜਨਾ:** ਅੱਜ ਸ਼ਤਾਬਦੀਆਂ ਮਨਾਉਣ ਵਾਲੇ ਰਾਜਨੀਤਕ ਸੱਤਾਧਾਰੀਆਂ ਨੂੰ ਇਹ ਸਾਫ-ਸਪੱਸ਼ਟ ਸਮਝ ਲੈਣਾ ਚਾਹੀਦਾ ਹੈ ਕਿ ਜੇ ਕੋਈ ਵੀ ਰਾਜਨੀਤਕ ਜਾਂ ਅਖੌਤੀ ਧਾਰਮਿਕ ਵਿਅਕਤੀ ਸ਼ਤਾਬਦੀਆਂ ਮਨਾਉਣ ਦਾ ਮਨੋਰਥ ਇਹ ਸਮਝੇ ਕਿ ਸ਼ਾਇਦ ਅਜਿਹਾ ਕਰਨ ਨਾਲ ਉਸਦੀ 'ਸਰਦਾਰੀ' ਸਥਾਈ ਅਤੇ ਸਦੀਵੀ ਹੋ ਨਿੱਬੜੇਗੀ ਅਤੇ ਉਸਦੀ ਪਾਰਟੀ ਨੂੰ ਬਹੁਤ ਵੱਡਾ ਸਿਆਸੀ ਲਾਹਾ ਮਿਲੇਗਾ ਤਾਂ ਉਹ ਪਿਛਾਂਹ ਨੂੰ ਧਿਆਨ ਮਾਰ ਕੇ ਵੇਖੇ ਕਿ ਕਿੱਥੇ ਹਨ ਉਹ ਸਿਆਸੀ ਹਸਤੀਆਂ ਜੋ ਫਲੈਕਸਾਂ 'ਤੇ ਗੁਰੂ ਜੀ ਦੇ ਬਰਾਬਰ ਆਪਣੀਆਂ ਸੂਰਤਾਂ ਸਜਾਉਂਦੀਆਂ ਹੁੰਦੀਆਂ ਸਨ ? ਇਹ ਸ਼ਤਾਬਦੀਆਂ 'ਸੇਵਾ ਬਿਨ ਮੇਵਾ' ਦੀ ਭਾਵਨਾ ਨਾਲ ਹੀ ਮਨਾਉਣੀਆਂ ਸੋਭਦੀਆਂ ਹਨ।


## NAME OF CHANGE

I, BHAGWAN SINGH KHELA S/O S. GAJJAN SINGH RESIDENT OF VPO KHELA, TEHSIL PHILLAUR, DISTT. JALANDHAR PUNJAB INDIA, PRESENTLY RESIDING AT 549 CORAL ST TULARE, CA USA HAS CHANGED MY NAME FROM BHAGWAN SINGH KHELA TO BHAGWAN SINGH. ALL CONCERNED PLEASE NOTE.

## ਨਾਂ ਦੀ ਬਦਲੀ

ਮੈਂ, ਭਗਵਾਨ ਸਿੰਘ ਖੇਲਾ ਪੁੱਤਰ ਸ੍ਰ. ਗੱਜਣ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਖੇਲਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਪੰਜਾਬ (ਭਾਰਤ) ਦਾ ਨਿਵਾਸੀ ਹਾਂ। ਇਸ ਸਮੇਂ ਮੈਂ 549 ਕੋਰਲ ਸੇਂਟ ਤੁਲਾਰੇ, CA USA ਰਹਿ ਰਿਹਾ ਹਾਂ। ਮੈਂ ਆਪਣਾ ਨਾਮ ਭਗਵਾਨ ਸਿੰਘ ਖੇਲਾ ਤੋਂ ਬਦਲ ਕੇ ਭਗਵਾਨ ਸਿੰਘ ਰੱਖ ਲਿਆ ਹੈ। ਸਬੰਧਤ ਨੋਟ ਕਰਨ।

# ਪੇਟ-ਦਰਦ ਬਣੀ ਆਮ ਸਮੱਸਿਆ

*''ਪੇਟ-ਦਰਦ ਕੰਮ ਕਰਦੇ ਹੋਏ, ਚਲਦੇ-ਫਿਰਦੇ, ਸਲੀਪ ਦੌਰਾਨ, ਘੱਟ ਜਾਂ ਤੇਜ਼ ਦਰਦ ਕਦੇ ਵੀ ਸ਼ੁਰੂ ਹੋ ਜਾਂਦਾ ਹੈ। ਅਚਾਨਕ ਤੇ ਜ਼ਿਆਦਾ ਸਮੇਂ ਤੱਕ ਰਹਿਣ ਵਾਲਾ ਦਰਦ ਗੰਭੀਰ ਵੀ ਹੋ ਸਕਦਾ ਹੈ। ਛੋਟੇ ਬੱਚੇ ਅਤੇ ਗਰਭਵਤੀ ਔਰਤਾਂ ਜ਼ਿਆਦਾ ਪ੍ਰੇਸ਼ਾਨ ਹੋ ਸਕਦੇ ਹਨ। ਦਰਦ ਦੌਰਾਨ ਕੁੱਝ ਵੀ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸਹੀ ਜਾਂਚ ਬਾਅਦ ਕਾਰਨ ਦਾ ਪਤਾ ਲੱਗਦਾ ਹੈ''- ਡਾ. ਅਨਿਲ ਧੀਰ. ਕਾਲਮਨਿਸਟ ਅਤੇ ਲੇਖਕ ''ਸੇਲਫ-ਕੇਅਰ ਟਿੱਪਸ ਐਨਸਾਈਕਲੋਪੀਡੀਆ''। ਹੈਲਥ ਐਜੂਕੇਟਰ ਅਵਾਰਡ ਵਿਜੇਤਾ. ਸੋਸ਼ਲ ਐਕਟੀਵਿਸਟ*

ਵਿਸ਼ਵ ਭਰ 'ਚ ਖਾਣ-ਪਾਣ ਅਤੇ ਰਹਿਣ-ਸਹਿਣ 'ਚ ਤੇਜ਼ੀ ਨਾਲ ਹੋ ਰਹੀ ਤਬਦੀਲੀ ਕਾਰਨ ਬਣੀ ਆਮ ਸਮੱਸਿਆ ਪੇਟ-ਦਰਦ। ਕਰੀਬਨ 60% ਆਬਾਦੀ ਪੇਟ-ਦਰਦ ਦੀ ਸ਼ਿਕਾਰ ਹੋ ਚੁੱਕੀ ਹੈ। ਆਮ ਤੌਰ 'ਤੇ ਇਹ ਲੱਛਣ ਜਾਨਲੇਵਾ ਬਿਮਾਰੀਆਂ ਦਾ ਕਾਰਨ ਤਾਂ ਨਹੀਂ, ਲੇਕਿਨ ਗੰਭੀਰ ਰੋਗ ਦੀ ਨਿਸ਼ਾਨੀ ਹੋ ਸਕਦੀ ਹੈ। ਹਰ ਉਮਰ ਦਾ ਵਿਅਕਤੀ ਇਸ ਦੇ ਘੇਰੇ 'ਚ ਦੇਖਿਆ ਜਾ ਰਿਹਾ ਹੈ। ਪੇਟ-ਦਰਦ ਮਿੰਟਾਂ ਤੋਂ ਲੈ ਕੇ ਦਿਨਾਂ ਤੱਕ ਵੀ ਰਹਿ ਸਕਦਾ ਹੈ।

ਰਿਸਰਚ ਮੁਤਾਬਿਕ ਇਸ ਦਾ ਕਾਰਨ ਲੱਭਣ 'ਚ ਖ਼ੂਨ ਪਿਸ਼ਾਬ ਦੇ ਐਕਸਰੇ, ਅਤੇ ਅਲਟ੍ਰਾਸਾਊਂਡ ਟੈਸਟ ਦੀ ਮਦਦ ਲਈ ਜਾ ਰਹੀ ਹੈ। ਆਮ ਤੌਰ 'ਤੇ ਪੇਟ ਅੰਦਰ ਦਰਦ- 8-19% ਗੈਸਟਰੋਐਂਟਰਾਈਟਸ, ਬਦਬੂਦਾਰ ਮੱਲ, ਕਬਜ਼ 3-14%, ਯੂਰੀਨ ਸਿਸਟਮ 5.5%, ਗੈਸਟਰਾਈਟਸ 5.8%, ਅਪੈਂਡਸਿਸ 2.5%,



ਅਨਿਲ ਧੀਰ
ਕਾਲਮਨਿਸਟ
healthmedia1@hotmail.com

ਡਾਈਵਰਟੀਕੁਲਾਇਟਸ 3.5%, ਬਿਲੀਰੀ-ਪੈਨਕ੍ਰੇਟਿਕ 4.5%, ਅਤੇ ਨਿਓਪਲਾਸਟਿਕ 1.5% ਵਗੈਰਾ ਗੰਭੀਰ ਕਾਰਨ ਹੋ ਸਕਦੇ ਹਨ।


ਪੇਟ-ਦਰਦ ਕੰਮ ਕਰਦੇ ਹੋਏ, ਚਲਦੇ-ਫਿਰਦੇ, ਸਲੀਪ ਦੌਰਾਣ, ਘੱਟ ਜਾਂ ਤੇਜ਼ ਦਰਦ ਕਦੇ ਵੀ ਸ਼ੁਰੂ ਹੋ ਜਾਂਦਾ ਹੈ। ਅਚਾਨਕ ਤੇ ਜ਼ਿਆਦਾ ਸਮੇਂ ਤੱਕ ਰਹਿਣ ਵਾਲਾ ਦਰਦ ਗੰਭੀਰ ਵੀ ਹੋ ਸਕਦਾ ਹੈ। ਛੋਟੇ ਬੱਚੇ ਅਤੇ ਗਰਭਵਤੀ ਔਰਤਾਂ ਜ਼ਿਆਦਾ ਪ੍ਰੇਸ਼ਾਨ ਹੋ ਸਕਦੇ ਹਨ। ਦਰਦ ਦੌਰਾਨ ਕੁੱਝ ਵੀ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸਹੀ ਜਾਂਚ ਬਾਅਦ ਕਾਰਨ ਦਾ ਪਤਾ ਲੱਗਦਾ ਹੈ। ਪੇਟ ਅੰਦਰ ਦਰਦ ਖਾਣਾ ਖਾਣ ਤੋਂ ਬਾਅਦ ਬਦਹਜ਼ਮੀ, ਪੇਚਿਸ, ਪੇਟ ਦੇ ਕੀੜੇ, ਪਥਰੀ ਕਾਰਨ ਸੋਜ਼, ਗੈਸ ਏਸੀਡਿਟੀ, ਅਲਸਰੇਟਿਵ ਕੋਲਾਈਟਸ ਦੀ ਮਾਂਸਪੇਸ਼ੀਆਂ ਦੀ ਸੱਟ, ਲੜਕੀਆਂ ਨੂੰ ਮਾਹਵਾਰੀ ਦੌਰਾਨ, ਇਨਫੈਕਸ਼ਨ, ਲੈਕਟੋਜ਼ ਦੀ ਅਸਹਿਣਸ਼ੀਲਤਾ, ਕਬਜ਼, ਬਾਸੀ ਭੋਜਨ 'ਤੇ ਲਗਾਤਾਰ ਜੰਕ ਫੂਡ ਅਤੇ ਨਸ਼ਿਆਂ ਦੀ ਵਰਤੋਂ ਗੰਭੀਰ ਪੇਟ-ਦਰਦ ਦੀ ਸ਼ਿਕਾਇਤ ਪੈਦਾ ਕਰ ਸਕਦੇ ਹਨ।


**ਪੇਟ-ਦਰਦ ਦਾ ਆਮ ਇਲਾਜ਼:**

- ਪੇਟ ਦੇ ਰੋਗੀਆਂ ਨੂੰ ਦਿਨ ਦੇ ਸਮੇਂ ਘੱਟ ਸਲੀਪ ਲੈਣੀ ਚਾਹੀਦੀ ਹੈ। ਪੇਟ ਅੰਦਰ ਏਸਿਡ ਪਿੱਛੇ ਅਤੇ ਛਾਤੀ ਵੱਲ ਵੱਧਣ ਦੀ ਸੰਭਾਵਨਾ ਹੁੰਦੀ ਹੈ। ਅਗਰ ਲੇਟਨਾ ਪਵੇ ਤਾਂ ਸਿਰ ਤੇ ਗਰਦਨ ਹੇਠਾਂ 30 ਡਿਗਰੀ ਦਾ ਪਿਲੋ ਇਸਤੇਮਾਲ ਕਰੋ।
- ਭੋਜਨ ਨੂੰ ਪਚਾਣ ਅਤੇ ਜਜ਼ਬ ਕਰਨ ਲਈ ਸਰੀਰ ਨੂੰ ਪਾਣੀ ਦੀ ਲੋੜ ਹੁੰਦੀ ਹੈ। ਔਰਤਾਂ ਨੂੰ ਦਿਨ 'ਚ 3 ਲੀਟਰ, ਮਰਦਾਂ ਨੂੰ 4 ਲੀਟਰ, ਛੋਟੇ ਬੱਚਿਆਂ ਨੂੰ 1 ਲੀਟਰ ਪਾਣੀ ਦੀ ਲੋੜ ਹੁੰਦੀ ਹੈ। ਪੇਟ ਦੇ ਰੋਗੀਆਂ ਨੂੰ ਕੋਸੇ ਪਾਣੀ 'ਚ ਨਿੰਬੂ ਰੱਸ ਮਿਲਾ ਕੇ ਪੀਣਾ ਚਾਹੀਦਾ ਹੈ।
- ਪੇਟ-ਦਰਦ ਦੇ ਸ਼ਿਕਾਰ, ਤਾਜ਼ੇ ਪੁਦੀਨਾ ਪੱਤੇ 12, ਛੋਟੀ ਇਲਾਚੀ 2, ਮੋਟੀ ਸੌਂਫ 1 ਚੁੱਟਕੀ, 1 ਕੱਪ ਪਾਣੀ 'ਚ ਉਬਾਲੋ, ਅੱਧਾ ਰਹਿ ਜਾਣ ਤੇ, ਦੁਪਹਿਰ ਅਤੇ ਡਿਨਰ ਤੋਂ 15 ਮਿਨਟ ਪਹਿਲਾਂ ਲਗਾਤਾਰ ਕੁੱਝ ਦਿਨ ਪੀਓ।
- ਪੁਦੀਨੇ 'ਚ ਮੌਜੂਦ ਰਸਾਇਣ ਅੰਤੜੀ ਅੰਦਰ ਮਾਂਸਪੇਸ਼ੀ ਸਪਾਜ਼ਮ ਘਟਾ ਕੇ ਬਦਹਜ਼ਮੀ, ਗੈਸ, ਉਲਟੀ, ਦਸਤ, ਘਬਰਾਹਟ ਦੀ ਹਾਲਤ 'ਚ ਆਰਾਮ ਦਿੰਦਾ ਹੈ। ਚਾਹ ਪੀਣ ਦੇ ਸ਼ੌਕੀਨ, ਤਾਜ਼ੇ ਪੁਦੀਨਾ ਪੱਤੇ ਵਾਲੀ ਚਾਹ ਹੀ ਪੀਣ।
- ਗਰਮ ਪਾਣੀ ਵਾਲੀ ਰਬੜ ਦੀ ਬੋਤਲ ਜਾਂ ਹੀਟਿੰਗ ਪੈਡ ਟੈਨਸ ਮਾਂਸਪੇਸ਼ੀਆਂ ਨੂੰ ਲਚੀਲਾ ਕਰਦੇ ਹਨ। ਰਬੜ ਦੀ ਬੋਤਲ ਦਾ ਸੇਕ ਪਾਣੀ ਕੋਸਾ ਹੋਣ ਤੱਕ ਦਿਓ ਅਤੇ ਹੀਟਿੰਗ ਪੈਡ ਦਾ ਇਸਤੇਮਾਲ ਲੋੜ ਮੁਤਾਬਿਕ ਕਰਨ ਨਾਲ ਪੇਟ-ਦਰਦ 'ਚ ਆਰਾਮ ਮਿਲਦਾ ਹੈ।
- ਪੇਟ ਦੀ ਸਮੱਸਿਆ 'ਚ ਤਾਜ਼ੇ ਅਦਰਕ ਦਾ ਰੱਸ ਅੱਧਾ ਚਮਚ, ਸ਼ਹਿਦ 1 ਚਮਚ, ਸਵੇਰੇ ਸ਼ਾਮ ਲੈਣ ਤੋਂ ਬਾਅਦ ਕੋਸਾ ਪਾਣੀ ਪੀਓ।

ਪੇਟ-ਦਰਦ 'ਤੇ ਦਸਤ ਦੀ ਹਾਲਤ 'ਚ ਦਹੀਂ, ਕੇਲਾ, ਚਾਵਲ, ਪਪੀਤਾ, ਬ੍ਰੈਡ ਟੋਸਟ ਅਤੇ ਖਿਚੜੀ, ਨਿੰਬੂ-ਪਾਣੀ ਲੈਣ ਨਾਲ ਰਾਹਤ ਮਿਲਦੀ ਹੈ।

ਨੋਟ: ਬਿਮਾਰੀ ਦੀ ਹਾਲਤ 'ਚ ਹਮੇਸ਼ਾ ਸਾਦਾ ਹਲਕਾ ਭੋਜਨ ਲਵੋ। ਮਿਰਚ-ਮਸਾਲੇ ਵਾਲੇ ਜੰਕ-ਫੂਡ ਦੇ ਸੇਵਨ ਤੋਂ ਬਚਣ ਦੀ ਲੋੜ ਹੁੰਦੀ ਹੈ। ਪੇਟ-ਦਰਦ ਲਗਾਤਾਰ ਰਹਿਣ ਦੀ ਹਾਲਤ 'ਚ ਬਿਨਾ ਦੇਰੀ ਆਪਣਾ ਇਲਾਜ ਕਰਾਓ।










# ਕੇਲੇ ਨਾਲ ਘਰੇਲੂ ਇਲਾਜ

ਕੇਲਾ ਹਰ ਮੌਸਮ ਵਿਚ ਆਸਾਨੀ ਨਾਲ ਪ੍ਰਾਪਤ ਹੋਣ ਵਾਲਾ ਫਲ ਹੈ। ਇਹ ਬਹੁਤ ਪੌਸ਼ਟਿਕ ਅਤੇ ਸੁਆਦੀ ਫਲ ਹੈ। ਕੇਲਾ ਰੌਚਕ, ਵਧੀਆ, ਸ਼ਕਤੀਸ਼ਾਲੀ, ਮਾਸ ਵਧਾਉਣ ਵਾਲਾ, ਅੱਖਾਂ ਦੇ ਦੋਸ਼ ਨੂੰ ਠੀਕ ਕਰਨ ਵਾਲਾ ਹੈ। ਪੱਕਿਆ ਹੋਇਆ ਕੇਲਾ ਹਰ ਰੋਜ਼ ਖਾਣ ਨਾਲ ਸਰੀਰ ਮਜ਼ਬੂਤ ਹੁੰਦਾ ਹੈ। ਇਹ ਕਫ, ਖ਼ੂਨ ਨੂੰ ਸਾਫ਼, ਗੈਸ ਅਤੇ ਪੇਟ 'ਚ ਪੈਦਾ ਹੋਣ ਜਲਣ ਨੂੰ ਠੀਕ ਕਰਦਾ ਹੈ।

- ਜੇਕਰ ਔਰਤਾਂ ਨੂੰ ਖ਼ੂਨ ਵਧੇਰੇ ਆਉਂਦਾ ਹੋਵੇ ਤਾਂ ਪੱਕੇ ਕੇਲੇ ਨੂੰ ਦੁੱਧ ਵਿਚ ਮਸਲ ਕੇ ਕੁਝ ਦਿਨ ਤੱਕ ਖਾਣ ਨਾਲ ਲਾਭ ਹੁੰਦਾ ਹੈ।
- ਜੇਕਰ ਸਰੀਰ ਦਾ ਕੋਈ ਹਿੱਸਾ ਸੜ ਜਾਵੇ ਤਾਂ ਕੇਲੇ ਦੇ ਗੁੱਦੇ ਨੂੰ ਮਸਲ ਕੇ ਸੜੀ ਹੋਈ ਜਗ ?ਹਾ 'ਤੇ ਬੰਨ੍ਹੋ, ਇਸ ਨਾਲ ਜਲਣ ਦੂਰ ਹੋ ਕੇ ਆਰਾਮ ਪਹੁੰਚਦਾ ਹੈ।
- ਪੇਟ ਖ਼ਰਾਬ ਹੋਣ 'ਤੇ ਥੋੜ੍ਹੇ ਜਿਹੇ ਦਹੀਂ ਵਿਚ ਕੇਲਾ ਮਿਲਾ ਕੇ ਖਾਣ ਨਾਲ ਫਾਇਦਾ ਹੁੰਦਾ ਹੈ।
- ਦੱਦਰ ਹੋਣ 'ਤੇ ਕੇਲੇ ਦੇ ਗੁੱਦੇ ਨੂੰ ਨੀਂਬੂ ਦੇ ਰਸ ਵਿਚ ਪੀਹ ਕੇ ਪੇਸਟ ਬਣਾ ਕੇ ਲਗਾਓ।



- ਪੇਟ 'ਚ ਜਲਣ ਹੋਣ 'ਤੇ ਦਹੀਂ ਵਿਚ ਖੰਡ ਅਤੇ ਪੱਕਿਆ ਕੇਲਾ ਮਿਲਾ ਕੇ ਖਾਓ, ਇਸ ਨਾਲ ਪੇਟ ਸੰਬੰਧੀ ਹੋਰ ਰੋਗ ਵੀ ਦੂਰ ਹੁੰਦੇ ਹਨ।
- ਅਲਸਰ ਦੇ ਰੋਗੀਆਂ ਲਈ ਕੱਚੇ ਕੇਲੇ ਦੀ ਸਬਜ਼ੀ ਖਾਣਾ ਰਾਮਬਾਣ ਔਸ਼ਧੀ ਹੈ।

ਭਾਸ਼ਣਾ ਬਾਂਸਲ

- ਕੇਲਾ ਖ਼ੂਨ ਵਿਚ ਵਾਧਾ ਕਰਕੇ ਸਰੀਰ ਦੀ ਤਾਕਤ ਵਧਾਉਣ ਵਿਚ ਮਦਦ ਕਰਦਾ ਹੈ। ਜੇਕਰ ਹਰ ਰੋਜ਼ ਕੇਲਾ ਖਾ ਕੇ ਦੁੱਧ ਪੀਤਾ ਜਾਵੇ ਤਾਂ ਕੁਝ ਹੀ ਦਿਨਾਂ ਵਿਚ ਵਿਅਕਤੀ ਤੰਦਰੁਸਤ ਹੋ ਜਾਂਦਾ ਹੈ।
- ਜੇਕਰ ਸੱਟ ਲੱਗ ਜਾਣ 'ਤੇ ਖ਼ੂਨ ਦਾ ਵਗਣਾ ਨਾ ਰੁਕੇ ਤਾਂ ਉਸ ਜਗ ?ਹਾ 'ਤੇ ਕੇਲੇ ਦੇ ਡੰਢਲ ਦਾ ਰਸ ਲਗਾਉਣ ਨਾਲ ਲਾਭ ਹੁੰਦਾ ਹੈ।
- ਕੇਲਾ ਛੋਟੇ ਬੱਚਿਆਂ ਲਈ ਉੱਤਮ ਅਤੇ ਪੌਸ਼ਟਿਕ ਆਹਾਰ ਹੈ। ਇਸ ਨੂੰ ਮਸਲ ਕੇ ਜਾਂ ਦੁੱਧ ਵਿਚ ਫੈਂਟ ਕੇ ਖਿਲਾਉਣ ਨਾਲ ਲਾਭ ਹੁੰਦਾ ਹੈ।
- ਕੇਲੇ ਵਿਚ ਮੈਗਨੀਸ਼ੀਅਮ ਦੀ ਕਾਫੀ ਮਾਤਰਾ ਹੁੰਦੀ ਹੈ, ਜਿਸ ਨਾਲ ਸਰੀਰ ਦੀਆਂ ਨਾੜੀਆਂ 'ਚ ਖ਼ੂਨ ਪਤਲਾ ਰਹਿਣ ਕਾਰਨ ਖ਼ੂਨ ਦਾ ਵਹਾਅ ਸਹੀ ਰਹਿੰਦਾ ਹੈ। ਇਸ ਤੋਂ ਇਲਾਵਾ ਪੂਰੀ ਮਾਤਰਾ ਵਿਚ ਮੈਗਨੀਸ਼ੀਅਮ ਲੈਣ ਨਾਲ ਕੋਲੈਸਟ ?ਰੋਲ ਦੀ ਮਾਤਰਾ ਵੀ ਘੱਟ ਹੁੰਦੀ ਹੈ ਅਤੇ ਦਿਲ ਦੀ ਧੜਕਣ ਰੋਗ ਦੇ ਮਰੀਜ਼ਾਂ ਲਈ ਕੇਲਾ ਖਾਣਾ ਕਾਫ਼ੀ ਫਾਇਦੇਮੰਦ ਹੈ।
- ਕੇਲੇ ਦਾ ਲਗਾਤਾਰ ਸੇਵਨ ਕਈ ਰੋਗਾਂ ਤੋਂ ਬਚਾਉਂਦਾ ਹੈ।

# ਸ਼ਹਿਰੀ ਬੱਚਿਆਂ ਨੂੰ ਸ਼ਿਕਾਰ ਬਣਾ ਰਹੀ ਹੈ ਸ਼ੂਗਰ

ਇਕ ਖੋਜ ਅਨੁਸਾਰ ਸ਼ਹਿਰੀ ਖੇਤਰਾਂ ਦੇ ਬੱਚਿਆਂ ਅਤੇ ਕਿਸ਼ੋਰਾਂ ਨੂੰ ਸ਼ੂਗਰ ਦਾ ਖ਼ਤਰਾ ਵਧਦਾ ਜਾ ਰਿਹਾ ਹੈ। ਸ਼ਹਿਰ ਦੇ ਨੌਂ ਫ਼ੀਸਦੀ ਬੱਚੇ ਸ਼ੂਗਰ ਟਾਈਪ ਇਕ ਨਾਲ ਪੀੜਤ ਹੁੰਦੇ ਹਨ ਅਤੇ ਅੱਠ ਫ਼ੀਸਦੀ ਬੱਚੇ ਸ਼ੂਗਰ ਟਾਈਪ ਦੋ ਦੇ ਸ਼ਿਕਾਰ ਹੁੰਦੇ ਜਾ ਰਹੇ ਹਨ। ਦੇਸ਼ ਦੇ ਵੱਖ-ਵੱਖ ਹਿੱਸਿਆਂ ਦੇ 6 ਹਸਪਤਾਲਾਂ ਵਿਚ 600 ਬੱਚਿਆਂ 'ਤੇ ਕੀਤੀ ਗਈ ਖੋਜ ਅਨੁਸਾਰ ਇਹ ਨੌਬਤ ਜੰਕ ਫੂਡ ਅਤੇ ਟੈਲੀਵਿਜ਼ਨ ਨਾਲ ਚਿਪਕੇ ਰਹਿਣ ਵਾਲੀ ਜੀਵਨਸ਼ੈਲੀ ਦੇ ਕਾਰਨ ਆਈ ਹੈ। ਡਾਕਟਰਾਂ ਦੀ ਸਲਾਹ ਹੈ ਕਿ ਬੱਚਿਆਂ ਨੂੰ ਉੱਚ ਕੈਲੋਰੀ ਵਾਲੇ ਜੰਕ ਫੂਡ ਅਤੇ ਬਾਹਰੀ ਖਾਣੇ ਤੋਂ ਬਚਾਉਣਾ ਚਾਹੀਦਾ ਹੈ। ਬੱਚਿਆਂ ਵਿਚ ਹੋਣ ਵਾਲੀ ਸ਼ੂਗਰ ਕਾਰਨ ਕਿਡਨੀ, ਅੱਖ, ਚਮੜੀ ਅਤੇ ਦਿਲ ਦੀਆਂ ਕਈ ਗੰਭੀਰ ਸ਼ਿਕਾਇਤਾਂ ਵੀ ਹੋ ਸਕਦੀਆਂ ਹਨ।



# ਕੁੜੀਆਂ ਦਾ ਸਕੂਲ ਛੱਡਣਾ: ਸਰੋਤਾਂ ਦੀ ਘਾਟ ਜਾਂ ਸਮਾਜਿਕ ਅਸਫਲਤਾ ?

## (‘ਕੁੜੀਆਂ ਸਕੂਲ ਕਿਉਂ ਛੱਡ ਰਹੀਆਂ ਹਨ ? ਸਵਾਲ ਸੜਕਾਂ, ਪਖਾਨਿਆਂ ਅਤੇ ਸੋਚ ਦਾ ਹੈ’ ‘39% ਕੁੜੀਆਂ ਸਕੂਲ ਤੋਂ ਬਾਹਰ: ਕਿਸਦੀ ਜ਼ਿੰਮੇਵਾਰੀ ?’ ‘ਬੇਟੀ ਪੜ੍ਹਾਓ’ ਦਾ ਸੱਚ: ਸਾਨੂੰ ਕਿਤਾਬਾਂ ਤੋਂ ਪਹਿਲਾਂ ਰਸਤੇ ਚਾਹੀਦੇ ਹਨ)

**ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਦੀ ਰਿਪੋਰਟ ਨੇ ਹੈਰਾਨ ਕਰਨ ਵਾਲੀ ਸੱਚਾਈ ਦਾ ਖੁਲਾਸਾ ਕੀਤਾ ਹੈ ਕਿ 15 ਤੋਂ 18 ਸਾਲ ਦੀ ਉਮਰ ਦੀਆਂ ਲਗਭਗ 39.4% ਕੁੜੀਆਂ ਨੇ ਸਕੂਲ ਛੱਡ ਦਿੱਤਾ ਹੈ। ਸਿੱਖਿਆ ਤੋਂ ਇਸ ਚੁੱਪ ਚਾਪ ਪਲਾਇਨ ਦੇ ਕਾਰਨ ਸਕੂਲਾਂ ਦੀ ਦੂਰੀ, ਆਵਾਜਾਈ ਦੀ ਅਣਹੋਂਦ, ਪਖਾਨਿਆਂ ਦੀ ਘਾਟ ਅਤੇ ਸੁਰੱਖਿਆ ਦਾ ਡਰ ਹਨ। ਇਹ ਸਥਿਤੀ ਨਾ ਸਿਰਫ ਇੱਕ ਪ੍ਰਣਾਲੀ ਦੀ ਅਸਫਲਤਾ ਨੂੰ ਦਰਸਾਉਂਦੀ ਹੈ ਬਲਕਿ ਸਮਾਜਿਕ ਮਾਨਸਿਕਤਾ ਦੀ ਕਮਜ਼ੋਰੀ ਨੂੰ ਵੀ ਦਰਸਾਉਂਦੀ ਹੈ। ਇਹ ਲੇਖ ਸਵਾਲ ਕਰਦਾ ਹੈ ਕਿ ਕੀ ਅਸੀਂ ਸੱਚਮੁੱਚ ਧੀਆਂ ਦੀ ਸਿੱਖਿਆ ਨੂੰ ਤਰਜੀਹ ਦੇ ਰਹੇ ਹਾਂ ਜਾਂ ਅਸੀਂ ਸਿਰਫ਼ ਨਾਅਰੇ ਲਗਾ ਕੇ ਆਤਮ-ਸੰਤੁਸ਼ਟੀ ਪ੍ਰਾਪਤ ਕਰ ਰਹੇ ਹਾਂ ?**

‘ਬੇਟੀ ਬਚਾਓ, ਬੇਟੀ ਪੜ੍ਹਾਓ’ ਦਾ ਨਾਅਰਾ ਹਰ ਗਲੀ ਦੇ ਕੋਨੇ, ਸਰਕਾਰੀ ਇਮਾਰਤਾਂ ਅਤੇ ਬੈਨਰਾਂ ’ਤੇ ਚਮਕਦਾ ਹੈ, ਪਰ ਇਹ ਨਾਅਰਾ ਉਨ੍ਹਾਂ ਪਿੰਡਾਂ ਅਤੇ ਬਸਤੀਆਂ ਤੱਕ ਨਹੀਂ ਪਹੁੰਚਦਾ ਜਿੱਥੇ ਧੀਆਂ ਹਰ ਰੋਜ਼ ਸਕੂਲ ਛੱਡ ਰਹੀਆਂ ਹਨ। ਇੱਕ ਤਾਜ਼ਾ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ 15 ਤੋਂ 18 ਸਾਲ ਦੀ ਉਮਰ ਵਰਗ ਦੀਆਂ 39.4% ਕੁੜੀਆਂ ਸਕੂਲ ਤੋਂ ਬਾਹਰ ਹਨ। ਇਹ ਅੰਕੜਾ ਸਿਰਫ਼ ਇੱਕ ਸੰਖਿਆ ਨਹੀਂ ਹੈ, ਇਹ ਸਾਡੇ ਸਮਾਜਿਕ ਢਾਂਚੇ ’ਤੇ ਇੱਕ ਸਖ਼ਤ ਟਿੱਪਣੀ ਹੈ।

ਘਰ ਤੋਂ ਸਕੂਲ ਦੀ ਦੂਰੀ, ਸੁਰੱਖਿਅਤ ਆਵਾਜਾਈ ਦੀ ਘਾਟ, ਉੱਚ ਸੈਕੰਡਰੀ ਸਕੂਲਾਂ ਦੀ ਘਾਟ, ਪਖਾਨਿਆਂ ਦੀ ਹਾਲਤ ਅਤੇ ਸਮਾਜਿਕ ਅਸੁਰੱਖਿਆ – ਇਹ ਸਾਰੀਆਂ ਚੀਜ਼ਾਂ ਕਿਸੇ ਖੋਜ ਪੱਤਰ ਦਾ ਵਿਸ਼ਾ ਨਹੀਂ ਹਨ, ਸਗੋਂ ਜ਼ਮੀਨੀ ਹਕੀਕਤਾਂ ਹਨ ਜਿਨ੍ਹਾਂ ਨਾਲ ਹਰ ਰੋਜ਼ ਹਜ਼ਾਰਾਂ ਕੁੜੀਆਂ ਜੂਝ ਰਹੀਆਂ ਹਨ ਅਤੇ ਅੰਤ ਵਿੱਚ ਉਨ੍ਹਾਂ ਨੂੰ ਸਿੱਖਿਆ ਛੱਡਣੀ ਪੈਂਦੀ ਹੈ। ਸਰਕਾਰੀ ਅੰਕੜੇ ਵਧੇ ਹੋਏ ਦਾਖਲੇ ਨੂੰ ਦਰਸਾ ਸਕਦੇ ਹਨ, ਪਰ ਅਸਲੀਅਤ ਇਹ ਹੈ ਕਿ ਦਾਖਲੇ ਤੋਂ ਬਾਅਦ ਕੁੜੀਆਂ ਸਕੂਲ ਵਿੱਚ ਨਹੀਂ ਰਹਿ ਸਕਦੀਆਂ।

ਇੱਕ ਆਮ ਪੇਂਡੂ ਦ੍ਰਿਸ਼ ਦੇਖੋ। ਪੰਜਵੀਂ ਜਮਾਤ ਤੱਕ ਦੇ ਸਕੂਲ ਨੇੜੇ-ਤੇੜੇ ਹਨ, ਪਰ ਅੱਠਵੀਂ ਜਮਾਤ ਤੋਂ ਬਾਅਦ ਸਕੂਲ ਬਹੁਤ ਦੂਰ ਹੈ। ਕੋਈ ਆਵਾਜਾਈ ਦੀ ਸਹੂਲਤ ਨਹੀਂ ਹੈ। ਨਾ ਬੱਸ ਹੈ, ਨਾ ਸਾਈਕਲ ਹੈ, ਨਾ ਕੋਈ ਔਰਤ ਸਾਥੀ ਜਾਂ ਗਾਈਡ ਹੈ। ਮਾਪੇ ਆਪਣੀ ਧੀ ਨੂੰ ਪੰਜ ਕਿਲੋਮੀਟਰ ਲਈ ਇਕੱਲੀ ਭੇਜਣ ਤੋਂ ਡਰਦੇ ਹਨ। ਉਨ੍ਹਾਂ ਨੂੰ ਚਿੰਤਾ ਹੈ ਕਿ ਰਸਤੇ ਵਿੱਚ ਕੋਈ ਛੇੜਛਾੜ ਹੋ ਸਕਦੀ ਹੈ, ਕੋਈ ਹਾਦਸਾ ਹੋ ਸਕਦਾ ਹੈ। ਇਸ ਚਿੰਤਾ ਕਾਰਨ ਕੁੜੀ ਸਕੂਲ ਜਾਣਾ ਬੰਦ ਕਰ ਦਿੰਦੀ ਹੈ।

ਪਖਾਨਿਆਂ ਦੀ ਗੱਲ ਕਰੀਏ ਤਾਂ ਇਹ ਸਿਰਫ਼ ਸਹੂਲਤ ਦਾ ਮਾਮਲਾ ਨਹੀਂ ਹੈ, ਸਗੋਂ ਸਵੈ-ਮਾਣ ਅਤੇ ਸਿਹਤ ਦਾ ਵੀ ਮਾਮਲਾ ਹੈ। ਕੁੜੀਆਂ ਕਿਸ਼ੋਰ ਅਵਸਥਾ ਦੌਰਾਨ ਇੱਕ ਤਬਦੀਲੀ ਦੇ ਦੌਰ ਵਿੱਚੋਂ ਲੰਘਦੀਆਂ ਹਨ ਜਿੱਥੇ ਇੱਕ ਸਾਫ਼ ਅਤੇ ਸੁਰੱਖਿਅਤ ਪਖਾਨਾ ਉਨ੍ਹਾਂ ਦੀ ਸਿੱਖਿਆ ਦੀ ਨਿਰੰਤਰਤਾ ਨੂੰ ਨਿਰਧਾਰਤ ਕਰ ਸਕਦਾ ਹੈ। ਪਰ ਜ਼ਿਆਦਾਤਰ ਸਰਕਾਰੀ ਸਕੂਲਾਂ ਵਿੱਚ ਜਾਂ ਤਾਂ ਪਖਾਨੇ ਨਹੀਂ ਹਨ ਜਾਂ ਜੇ ਹਨ, ਤਾਂ ਉਹ ਗੰਦੇ, ਅਸੁਰੱਖਿਅਤ ਜਾਂ ਖਰਾਬ ਹਨ। ਇਹ ਮਾਪਿਆਂ ਲਈ ਆਪਣੀਆਂ ਧੀਆਂ ਨੂੰ ਸਕੂਲ ਤੋਂ ਹਟਾਉਣ ਦਾ ਇੱਕ ਹੋਰ ਕਾਰਨ ਬਣ ਜਾਂਦਾ ਹੈ।

ਸੁਰੱਖਿਆ ਇੱਕ ਵੱਡਾ ਮੁੱਦਾ ਹੈ। ਕਿਸ਼ੋਰ ਕੁੜੀਆਂ ਨੂੰ ਉਨ੍ਹਾਂ ਸਕੂਲਾਂ ਵਿੱਚ ਭੇਜਣਾ ਜਿੱਥੇ ਕੋਈ ਔਰਤ ਅਧਿਆਪਕਾ ਨਹੀਂ ਹੈ, ਕੋਈ ਸੀਸੀਟੀਵੀ ਕੈਮਰੇ ਜਾਂ ਗਾਰਡ ਨਹੀਂ ਹਨ, ਅਜੇ ਵੀ ਮਾਪਿਆਂ ਲਈ ਇੱਕ ਖ਼ਤਰਾ ਹੈ। ਇਹ ਡਰ ਸਿਰਫ਼ ਹਫੜਾ-ਦਫੜੀ ਤੋਂ ਹੀ ਨਹੀਂ ਸਗੋਂ ਸਮਾਜ ਦੀ ਅਸੰਵੇਦਨਸ਼ੀਲਤਾ ਤੋਂ ਵੀ ਪੈਦਾ ਹੁੰਦਾ ਹੈ। ਰੋਜ਼ਾਨਾ ਦੀਆਂ ਘਟਨਾਵਾਂ ਅਤੇ ਖ਼ਬਰਾਂ ਵਿੱਚ ਛੇੜਛਾੜ ਦੀਆਂ ਖ਼ਬਰਾਂ ਇਸ ਡਰ ਨੂੰ ਹੋਰ ਡੂੰਘਾ ਕਰਦੀਆਂ ਹਨ।

ਇਸ ਸਭ ਤੋਂ ਇਲਾਵਾ, ਸਿੱਖਿਆ ਪ੍ਰਤੀ ਸਮਾਜ



-ਪ੍ਰਿਯੰਕਾ ਸੌਰਭ
70153-75570

ਦੀਆਂ ਤਰਜੀਹਾਂ ਵੀ ਸਪੱਸ਼ਟ ਨਹੀਂ ਹਨ। ਜੇ ਕੋਈ ਮੁੰਡਾ ਪੜ੍ਹਦਾ ਹੈ, ਤਾਂ ਇਹ ‘ਪਰਿਵਾਰ ਦਾ ਭਵਿੱਖ’ ਬਣਾਉਂਦਾ ਹੈ, ਪਰ ਜੇ ਕੋਈ ਕੁੜੀ ਪੜ੍ਹਦੀ ਹੈ, ਤਾਂ ਇਹ ‘ਵਿਆਹ ਦੀ ਉਮਰ ਗੁਆਉਣ ਦਾ ਡਰ’ ਪੈਦਾ ਕਰਦਾ ਹੈ। ਇਹ ਮਾਨਸਿਕਤਾ ਅਜੇ ਵੀ ਪੇਂਡੂ ਖੇਤਰਾਂ ਵਿੱਚ ਬਹੁਤ ਜ਼ਿਆਦਾ ਪ੍ਰਚਲਿਤ ਹੈ। ਕੁੜੀਆਂ ਦੀ ਸਿੱਖਿਆ ਨੂੰ ‘ਲਾਭ’ ਨਾਲੋਂ ‘ਖਰਚ’ ਜ਼ਿਆਦਾ ਮੰਨਿਆ ਜਾਂਦਾ ਹੈ।

ਹੁਣ ਜੇਕਰ ਕੋਈ ਧੀ ਇਨ੍ਹਾਂ ਹਾਲਾਤਾਂ ਵਿੱਚ ਸਕੂਲ ਛੱਡ ਦਿੰਦੀ ਹੈ, ਤਾਂ ਕੀ ਇਹ ਉਸਦੀ ਗਲਤੀ ਹੈ ? ਜਾਂ ਕੀ ਇਹ ਇੱਕ ਸਮੂਹਿਕ ਗਲਤੀ ਹੈ – ਸਿਸਟਮ ਦੀ, ਸਮਾਜ ਦੀ, ਅਤੇ ਸਾਡੀ ?

ਇਸ ਸਥਿਤੀ ਦਾ ਹੱਲ ਸਿਰਫ਼ ਸਰਕਾਰੀ ਯੋਜਨਾਵਾਂ ਹੀ ਨਹੀਂ ਸਗੋਂ ਠੋਸ ਲਾਗੂਕਰਨ ਹੋਵੇਗਾ। ਸਭ ਤੋਂ ਪਹਿਲਾਂ, ਇਹ ਯਕੀਨੀ ਬਣਾਉਣਾ ਹੋਵੇਗਾ ਕਿ ਹਰ ਪਿੰਡ ਤੋਂ ਤਿੰਨ ਕਿਲੋਮੀਟਰ ਦੇ ਘੇਰੇ ਵਿੱਚ ਇੱਕ ਉੱਚ ਸੈਕੰਡਰੀ ਸਕੂਲ ਹੋਵੇ। ਇਹ ਮੁੱਢਲਾ ਵਿਦਿਅਕ ਢਾਂਚਾ ਹਰ ਬੱਚੇ ਦਾ ਅਧਿਕਾਰ ਹੈ।

ਆਵਾਜਾਈ ਦੀਆਂ ਸਹੂਲਤਾਂ ਅਧਿਆਪਕ ਦੀ ਮੌਜੂਦਗੀ ਜਿੰਨੀਆਂ ਹੀ ਮਹੱਤਵਪੂਰਨ ਹਨ। ਜੇਕਰ ਕੁੜੀਆਂ ਸਕੂਲ ਨਹੀਂ ਪਹੁੰਚ ਸਕਦੀਆਂ, ਤਾਂ ਉਹ ਕਿਵੇਂ ਪੜ੍ਹਾਈ ਕਰਨਗੀਆਂ ? ਸਰਕਾਰ ਨੂੰ ਸਕੂਲ ਵੈਨਾਂ, ਵਿਦਿਆਰਥਣਾਂ ਲਈ ਸਾਈਕਲ ਯੋਜਨਾ ਜਾਂ ਜਨਤਕ ਆਵਾਜਾਈ ਵਿੱਚ ‘ਸਕੂਲ ਪਾਸ’ ਵਰਗੇ ਵਿਕਲਪ ਯਕੀਨੀ ਬਣਾਉਣੇ ਪੈਣਗੇ।

ਹਰੇਕ ਸਕੂਲ ਵਿੱਚ ਸਾਫ਼ ਅਤੇ ਵਰਤੋਂ ਯੋਗ ਪਖਾਨਿਆਂ ਦੀ ਜ਼ਰੂਰਤ ਸਿਰਫ਼ ‘ਸਵੱਛ ਭਾਰਤ ਮਿਸ਼ਨ’ ਦਾ ਹਿੱਸਾ ਨਹੀਂ ਹੋਣੀ ਚਾਹੀਦੀ, ਸਗੋਂ ’ਬੇਟੀ ਬਚਾਓ, ਬੇਟੀ ਪੜ੍ਹਾਓ’ ਦੇ ਅਸਲ ਤੱਤ ਦਾ ਆਧਾਰ ਹੋਣੀ ਚਾਹੀਦੀ ਹੈ। ਸਥਾਨਕ ਪ੍ਰਸ਼ਾਸਨ ਨੂੰ ਮਹਿਲਾ ਸਟਾਫ਼ ਦੀ ਨਿਯੁਕਤੀ, ਨਿਯਮਤ ਨਿਰੀਖਣ ਅਤੇ ਸਫਾਈ ਲਈ ਜ਼ਿੰਮੇਵਾਰ ਬਣਾਇਆ ਜਾਣਾ ਚਾਹੀਦਾ ਹੈ।

ਸੁਰੱਖਿਆ ਲਈ, ਹਰ ਸਕੂਲ ਵਿੱਚ ਮਹਿਲਾ ਅਧਿਆਪਕਾਂ ਦੀ ਮੌਜੂਦਗੀ ਵਧਾਈ ਜਾਣੀ ਚਾਹੀਦੀ ਹੈ। ਸਕੂਲ ਦੇ ਅਹਾਤੇ ਵਿੱਚ ਸੁਰੱਖਿਆ ਗਾਰਡ, ਸੀਸੀਟੀਵੀ ਕੈਮਰੇ ਅਤੇ ਮਾਪਿਆਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਇਹ ਕਦਮ ਨਾ ਸਿਰਫ਼ ਧੀਆਂ ਨੂੰ ਸੁਰੱਖਿਆ ਦਾ ਭਰੋਸਾ ਦੇਵੇਗਾ ਬਲਕਿ ਮਾਪਿਆਂ ਨੂੰ ਮਾਨਸਿਕ ਸ਼ਾਂਤੀ ਵੀ ਦੇਵੇਗਾ।

ਇਸ ਦੇ ਨਾਲ ਹੀ, ਸਕੂਲਾਂ ਦੀਆਂ ਇਮਾਰਤਾਂ ਅਤੇ ਬੁਨਿਆਦੀ ਢਾਂਚੇ ਨੂੰ ਸਿਰਫ਼ ਰਸਮੀ ਤੌਰ ’ਤੇ ਨਹੀਂ, ਸਗੋਂ ਗੁਣਵੱਤਾ ਨਾਲ ਵਿਕਸਤ ਕੀਤਾ ਜਾਣਾ ਚਾਹੀਦਾ ਹੈ। ਲਾਇਬ੍ਰੇਰੀ, ਕੰਪਿਊਟਰ ਰੂਮ, ਵਿਗਿਆਨ ਪ੍ਰਯੋਗਸ਼ਾਲਾਵਾਂ, ਖੇਡ ਦਾ ਮੈਦਾਨ – ਇਹ ਸਾਰੇ ਸਕੂਲ ਦੇ ਮਿਆਰੀ ਹਿੱਸੇ ਹੋਣੇ ਚਾਹੀਦੇ ਹਨ।

ਇੱਕ ਹੋਰ ਮਹੱਤਵਪੂਰਨ ਨੁਕਤਾ ਡਿਜੀਟਲ ਸਿੱਖਿਆ ਹੈ। ਮਹਾਂਮਾਰੀ ਨੇ ਦਿਖਾਇਆ ਹੈ ਕਿ ਜਿਨ੍ਹਾਂ ਕੋਲ ਮੋਬਾਈਲ, ਇੰਟਰਨੈੱਟ ਅਤੇ ਬਿਜਲੀ ਨਹੀਂ ਹੈ, ਉਹ ਪੜ੍ਹਾਈ ਤੋਂ ਵਾਂਝੇ ਰਹਿ ਗਏ ਹਨ। ਪੇਂਡੂ ਸਕੂਲਾਂ ਵਿੱਚ ਡਿਜੀਟਲ ਸਾਖਰਤਾ ਅਤੇ ਉਪਕਰਣਾਂ ਦੀ ਉਪਲਬਧਤਾ ਹੁਣ ਕੋਈ ਲਗਜ਼ਰੀ ਨਹੀਂ, ਸਗੋਂ ਇੱਕ ਜ਼ਰੂਰਤ ਹੈ।

ਸਿੱਖਿਆ ਵਿਭਾਗ ਨੂੰ ਉਨ੍ਹਾਂ ਕੁੜੀਆਂ ਦੀ ਨਿਯਮਤ ਸੂਚੀ ਬਣਾਉਣੀ ਚਾਹੀਦੀ ਹੈ ਜਿਨ੍ਹਾਂ ਨੇ ਸਕੂਲ ਛੱਡ ਦਿੱਤਾ ਹੈ। ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਹੈ ਕਿ ਉਹ



ਉਨ੍ਹਾਂ ਦੇ ਘਰ ਜਾ ਕੇ ਕਾਰਨ ਦਾ ਪਤਾ ਲਗਾਏ, ਉਨ੍ਹਾਂ ਨੂੰ ਵਾਪਸ ਆਉਣ ਲਈ ਪ੍ਰੇਰਿਤ ਕਰੇ ਅਤੇ ਮਾਪਿਆਂ ਨੂੰ ਵਿਸ਼ਵਾਸ ਵਿੱਚ ਲਵੇ।

ਇਸ ਦੇ ਨਾਲ ਹੀ, ਸਮਾਜ ਨੂੰ ਵੀ ਆਤਮ-ਨਿਰੀਖਣ ਕਰਨਾ ਪਵੇਗਾ। ਅਸੀਂ ਆਪਣੀਆਂ ਧੀਆਂ ਨੂੰ ਕਿਉਂ ਸਿੱਖਿਆ ਦੇਣਾ ਚਾਹੁੰਦੇ ਹਾਂ – ਨੌਕਰੀਆਂ ਲਈ, ਵਿਆਹ ਲਈ ਜਾਂ ਸਵੈ-ਨਿਰਭਰਤਾ ਲਈ ? ਜਿੰਨਾ ਚਿਰ ਸਮਾਜ ਦਾ ਜਵਾਬ ਅਸਪਸ਼ਟ ਰਹੇਗਾ, ਹੱਲ ਵੀ ਅਧੂਰਾ ਰਹੇਗਾ।

ਪ੍ਰਸ਼ਾਸਨ, ਸਮਾਜ ਅਤੇ ਪਰਿਵਾਰ ਨੂੰ ਇਹ ਯਕੀਨੀ ਬਣਾਉਣ ਦੀ ਜ਼ਿੰਮੇਵਾਰੀ ਲੈਣੀ ਪਵੇਗੀ ਕਿ ਕੋਈ ਵੀ ਕੁੜੀ ਸਿੱਖਿਆ ਤੋਂ ਵਾਂਝੀ ਨਾ ਰਹੇ। ਇਸਦਾ ਮਤਲਬ ਸਿਰਫ਼ ਸਕੂਲ ਖੋਲ੍ਹਣਾ ਹੀ ਨਹੀਂ ਹੈ, ਸਗੋਂ ਇਹ ਵੀ ਪੂਰੀ ਜ਼ਿੰਮੇਵਾਰੀ ਲੈਣੀ ਹੈ ਕਿ ਕੁੜੀ ਸਕੂਲ ਜਾਵੇ ਅਤੇ ਉੱਥੇ ਹੀ ਰਹੇ।

ਜੇਕਰ ‘ਬੇਟੀ ਬਚਾਓ, ਬੇਟੀ ਪੜ੍ਹਾਓ’ ਸਿਰਫ਼ ਇੱਕ ਬੈਨਰ ’ਤੇ ਇੱਕ ਲਾਈਨ ਨਹੀਂ ਰਹਿਣਾ ਹੈ, ਤਾਂ ਇਸਨੂੰ ਪੰਚਾਇਤਾਂ, ਸਕੂਲ ਕਮੇਟੀਆਂ, ਅਧਿਆਪਕ ਸੰਗਠਨਾਂ, ਮਾਪਿਆਂ ਅਤੇ ਵਿਦਿਆਰਥੀਆਂ ਦੇ ਸਾਂਝੇ ਯਤਨਾਂ ਵਿੱਚ ਬਦਲਣਾ ਪਵੇਗਾ। ਤਾਂ ਹੀ ਇੱਕ ਅਜਿਹਾ ਸਮਾਜ ਬਣੇਗਾ ਜਿੱਥੇ ਕੋਈ ਵੀ ਧੀ ਸਿੱਖਿਆ ਤੋਂ ਵਾਂਝੀ ਨਹੀਂ ਰਹੇਗੀ।








# ਸੇਵਾ ਦਾ ਸ਼ਿਖ਼ਰ ਭਗਤ ਪੂਰਨ ਸਿੰਘ

-ਡਾ. ਰੂਪ ਸਿੰਘ



ਜੀਅਹੁ ਨਿਰਮਲ ਬਾਹਰਹੁ ਨਿਰਮਲ, ਸੇਵਾ ਤੇ ਸੂਰਮਗਤੀ ਦੇ ਸਿਖ਼ਰ, ਫੱਕਰ ਦਰਵੇਸ਼ ਸ਼ਖ਼ਸੀਅਤ ਭਗਤ ਪੂਰਨ ਸਿੰਘ ਬਾਰੇ ਜੇ ਲਿਖਣਾ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਭਗਤ ਜੀ ਨੇ ਆਪਣਾ ਆਪਾ ਦੁਖੀ ਮਾਨਵਤਾ ਨੂੰ ਸਮਰਪਿਤ ਕਰ ਦਿੱਤਾ ਸੀ। ਤਿੰਨ ਜੂਨ 1904 ਨੂੰ ਪਿੰਡ ਰਾਜੇਵਾਲ ਤਹਿਸੀਲ, ਸਮਰਾਲਾ, ਜ਼ਿਲ੍ਹਾ ਲੁਧਿਆਣਾ ਦੇ ਇਕ ਹਿੰਦੂ ਪਰਿਵਾਰ ਵਿਚ ਪੈਦਾ ਹੋਏ 'ਰਾਮਜੀ ਦਾਸ' ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਪੂਰਨ ਸਿੰਘ ਬਣ ਗਏ। ਦਸਵੀਂ ਜਮਾਤ ਦੀ ਪੜ੍ਹਾਈ ਲੁਧਿਆਣਾ ਜ਼ਿਲ੍ਹੇ ਦੇ ਕਸਬਾ ਖੰਨਾ ਵਿੱਚੋਂ ਪ੍ਰਾਪਤ ਕੀਤੀ।

ਦਸਵੀਂ ਵਿੱਚੋਂ ਫੇਲ੍ਹ ਹੋ ਜਾਣ 'ਤੇ ਖ਼ਾਲਸਾ ਹਾਈ ਸਕੂਲ ਲਾਹੌਰ ਵਿਚ ਦਾਖ਼ਲ ਹੋ ਗਏ। ਲਾਹੌਰ ਵਿਚ ਹੀ ਉਨ੍ਹਾਂ ਦੀ ਮਾਤਾ ਭਾਂਡੇ ਮਾਂਜਣ ਦੀ ਸੇਵਾ ਕਰਦੇ ਸਨ। ਸਕੂਲ ਦੀ ਪੜ੍ਹਾਈ ਸਮੇਂ ਅਕਸਰ ਪੂਰਨ ਸਿੰਘ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਦਰਸ਼ਨ ਕਰਨ ਆਉਂਦੇ। ਇਹ ਗੱਲ 1932 ਦੀ ਹੈ ਜਦ ਪੂਰਨ ਸਿੰਘ ਆਪਣੇ ਜੀਵਨ-ਆਦਰਸ਼ ਦੀ ਪ੍ਰਾਪਤੀ ਸਬੰਧੀ ਗੁਰਦੁਆਰਾ ਸਾਹਿਬ ਦੇ ਮਹੰਤ ਗੋਪਾਲ ਸਿੰਘ ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਦੇ ਸਥਾਨਕ ਪ੍ਰਬੰਧਕਾਂ ਕੋਲ ਗਿਆ ਤੇ ਉਨ੍ਹਾਂ ਨੇ ਕਿਹਾ ਕਿ ਇਹ ਨੌਜਵਾਨ ਆਪਣਾ ਜੀਵਨ ਬੇਸਹਾਰਾ, ਪਾਗਲਾਂ, ਲੂਲ੍ਹਿਆਂ-ਲੰਗੜਿਆਂ, ਪਿੰਗਲਿਆਂ ਦੀ ਸੇਵਾ ਲਈ ਸਮਰਪਿਤ ਕਰਨਾ ਚਾਹੁੰਦਾ ਹੈ।

ਪ੍ਰਬੰਧਕਾਂ ਦੇ ਇਹ ਪੁੱਛਣ 'ਤੇ ਕਿ ਇਹ ਵਿਚਾਰ ਤੁਹਾਡੇ ਮਨ ਵਿਚ ਕਿਵੇਂ ਆਇਆ ਤਾਂ ਪੂਰਨ ਸਿੰਘ ਨੇ ਕਿਹਾ, "ਉਹ ਇਕ ਹਿੰਦੂ ਪਰਿਵਾਰ ਵਿੱਚੋਂ ਹਨ, ਮੇਰੀ ਮਾਤਾ ਜੀ ਧਾਰਮਿਕ ਬਿਰਤੀ ਰੱਖਦੇ ਹੋਏ ਹਮੇਸ਼ਾ ਰਾਹਗੀਰਾਂ, ਲੋੜਵੰਦਾਂ ਦੀ ਜਲ-ਪਾਣੀ ਨਾਲ ਸੇਵਾ ਕਰਿਆ ਕਰਦੀ ਹੈ ਅਤੇ ਰੋਜ਼ਾਨਾ ਜਪੁਜੀ ਸਾਹਿਬ ਦਾ ਪਾਠ ਨੇਮ ਨਾਲ ਕਰਦੀ ਹੈ। ਇਸ ਕਾਰਨ ਮੈਂ ਵੀ ਪੜ੍ਹਾਈ ਕਰਨ ਦੀ ਥਾਂ 'ਇਹ ਪੜ੍ਹਾਈ' ਕਰਨ ਦਾ ਮਨ ਬਣਾ ਲਿਆ। ਮੈਂ ਆਪਣਾ ਜੀਵਨ ਲੋੜਵੰਦਾਂ, ਦੁਖੀਆਂ ਦੀ ਮਦਦ ਕਰਨ ਲਈ ਸਮਰਪਣ ਕਰਨਾ ਚਾਹੁੰਦਾ ਹਾਂ।


ਇਸ ਆਦਰਸ਼ ਦੀ ਪ੍ਰਾਪਤੀ ਲਈ ਮੈਂ ਆਪਾ ਤਿਆਗ ਕੇ ਗੁਰਦੁਆਰਾ ਸਾਹਿਬ 'ਚ ਠਹਿਰ ਕੇ ਸੇਵਾ, ਸਿਮਰਨ ਤੇ ਪਰਉਪਕਾਰ ਦੀ ਸਿੱਖਿਆ ਲੈਣੀ ਚਾਹੁੰਦਾ ਹਾਂ।" ਇਹ ਉੱਚ ਵਿਚਾਰ ਸੁਣਦਿਆਂ ਹੀ ਪ੍ਰਬੰਧਕਾਂ ਨੇ ਪੂਰਨ ਸਿੰਘ ਦੇ ਖਾਣ-ਪੀਣ ਤੇ ਰਹਿਣ-ਸਹਿਣ ਦਾ ਪ੍ਰਬੰਧ ਕਰ ਦਿੱਤਾ। ਸੰਨ 1934 'ਚ ਗੁਰਦੁਆਰਾ ਡੇਹਰਾ ਸਾਹਿਬ ਦੇ ਦਰਸ਼ਨੀ ਡਿਊੜੀ 'ਤੇ ਕੋਈ ਨਿਰਦਈ ਦਿਲ ਇਕ ਚਾਰ ਕੁ ਸਾਲ ਦਾ ਪਿੰਗਲਾ ਤੇ ਗੂੰਗਾ ਬੱਚਾ ਛੱਡ ਗਿਆ। ਪੂਰਨ ਸਿੰਘ ਨੇ ਉਸ ਨੂੰ ਗੋਦ ਲੈ ਕੇ ਸਾਂਭ-ਸੰਭਾਲ ਸ਼ੁਰੂ ਕਰ ਦਿੱਤੀ ਪਰ ਆਪਣੀ ਨਿੱਤ ਦੀ ਕਿਰਤ ਵੀ ਜਾਰੀ ਰੱਖੀ। ਲਗਪਗ 14 ਸਾਲ ਉਸ ਬੱਚੇ ਦੀ ਸੇਵਾ-ਸੰਭਾਲ ਕਰਦੇ ਰਹੇ ਅਤੇ ਦੇਸ਼ ਦੀ ਵੰਡ ਸਮੇਂ 'ਪਿੰਗਲੇ' ਨੂੰ ਵਿਰਾਸਤੀ ਪੂੰਜੀ ਵਜੋਂ ਨਾਲ ਲੈ ਕੇ ਅੰਮ੍ਰਿਤਸਰ ਆ ਗਏ। ਖਾਲਸਾ ਕਾਲਜ ਅੰਮ੍ਰਿਤਸਰ ਵਿਚ ਸ਼ਰਨਾਰਥੀ ਕੈਂਪ ਲੱਗਾ ਹੋਇਆ ਸੀ ਜਿੱਥੇ ਭਗਤ ਜੀ ਨੇ ਤਨ-ਮਨ ਨਾਲ ਲੋੜਵੰਦਾਂ ਦੀ ਸੇਵਾ ਕੀਤੀ। ਭਗਤ ਪੂਰਨ ਸਿੰਘ ਦੇ ਲਿਖਣ ਅਨੁਸਾਰ, ਦੇਸ਼ ਵੰਡ ਸਮੇਂ ਮੈਂ ਆਪਣੇ ਨਾਲ ਇਕ ਰੁਪਇਆ, ਪੰਜ ਆਨੇ ਲੈ ਕੇ ਆਇਆ ਸਾਂ।

ਕਛਹਿਰਾ ਮੈਂ ਪਹਿਨਿਆ ਹੋਇਆ ਸੀ ਅਤੇ ਫੁਲਕਾਰੀ ਮੇਰੇ ਪਿੰਡੇ 'ਤੇ ਸੀ। ਇਸ ਤੋਂ ਇਲਾਵਾ ਮੇਰੇ ਕੋਲ ਇਕ ਲੋਹੇ ਦਾ ਬਾਟਾ, ਦੋ ਵੱਡੀਆਂ ਕਾਪੀਆਂ, ਦੋ ਅੰਗਰੇਜ਼ੀ ਰਸਾਲੇ ਤੇ 'ਲੂਲ੍ਹਾ' ਮੇਰੀ ਪਿੱਠ 'ਤੇ ਸੀ। ਮੈਂ ਸਦਾ ਹੀ ਵਾਹਿਗੁਰੂ ਨੂੰ ਹਾਜ਼ਰ-ਨਾਜ਼ਰ ਸਮਝਦਾ ਰਿਹਾ ਹਾਂ, ਇਸੇ ਭਰੋਸੇ 'ਤੇ ਮੈਂ ਹਰ ਕੰਮ ਨੂੰ ਬਿਨਾਂ ਝਿਜਕ ਦੇ ਹੱਥ ਪਾ ਲੈਂਦਾ ਹਾਂ। ਭਗਤ ਜੀ ਦਾ ਇਸ ਪਿੰਗਲੇ-ਲੂਲ੍ਹੇ ਬੱਚੇ ਨਾਲ ਕਿੰਨਾ ਪਿਆਰ ਸੀ, ਉਨ੍ਹਾਂ ਦੀ ਜ਼ੁਬਾਨੀ "ਜਿਗਰ ਦਾ ਟੁਕੜਾ ਲੂਲ੍ਹਾ ਬੱਚਾ ਮੇਰੀ ਜ਼ਿੰਦਗੀ ਦਾ ਸਭ ਤੋਂ ਵੱਡਾ ਸਹਾਰਾ ਰਿਹਾ ਹੈ, ਉਹ ਜੇ ਮੈਨੂੰ ਨਾ ਮਿਲਦਾ ਤਾਂ ਮੈਂ ਉਹ ਕੁਝ ਨਾ ਕਰ ਸਕਦਾ ਜੋ ਮੈਂ ਪਿੰਗਲਵਾੜੇ ਦੇ ਰੂਪ ਵਿਚ ਕੀਤਾ ਹੈ ਅਤੇ ਦੁਨੀਆ ਦਾ ਪਿਆਰ ਅਤੇ ਸਤਿਕਾਰ ਜਿੱਤਿਆ ਹੈ।

ਇਹ ਪਿੰਗਲਾ ਪਿਆਰਾ ਸਿੰਘ ਹੀ ਭਗਤ ਪੂਰਨ ਸਿੰਘ ਦੀ ਪਹਿਲੀ ਪੂੰਜੀ ਸੀ ਜਿਸ ਦੀ ਭਗਤ ਜੀ ਅੰਤਿਮ ਸੁਆਸਾਂ ਤੱਕ ਆਪਣੇ ਹੱਥੀਂ ਸੇਵਾ-ਸੰਭਾਲ ਕਰਦੇ ਰਹੇ। ਸੇਵਾ ਦੇ ਸਿੱਖ ਸੰਕਲਪ ਨੂੰ ਅਮਲੀ ਰੂਪ 'ਚ ਭਗਤ ਪੂਰਨ ਸਿੰਘ ਜੀ ਨੇ ਪ੍ਰਗਟ ਕੀਤਾ! ਸੇਵਾ ਬਾਰੇ ਬੋਲਣਾ-ਲਿਖਣਾ ਬਹੁਤ ਸੁਖੈਨ ਹੈ ਪਰ ਸੇਵਾ ਕਰਨੀ ਕਠਿਨ ਹੈ। ਨਿਸ਼ਕਾਮ ਸੇਵਾ ਨੂੰ ਅਮਲੀ ਰੂਪ 'ਚ ਜਿਵੇਂ ਭਗਤ ਜੀ ਨੇ ਕੀਤਾ, ਉਹ ਸੇਵਾ ਦੀ ਚਰਮ ਸੀਮਾ ਹੈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਗੁਰੂ ਦੇ ਆਸ਼ੇ ਅਨੁਸਾਰ ਸੇਵਾ ਕਰਨੀ ਉੱਤਮ ਤੇ ਪ੍ਰਮੁੱਖ ਕਾਰਜ ਹੈ ਤੇ ਇਸ ਨੂੰ ਕਰਨ ਵਾਲਾ ਵੀ ਸੂਰਮਾ ਹੈ : ਗੁਰ ਸੇਵਾ ਪਰਧਾਨੁ ਸੇਵਕ ਸੂਰ ਹੈ। (ਵਾਰਾਂ ਭਾਈ ਗੁਰਦਾਸ ਜੀ)। ਪਿੰਗਲਵਾੜੇ ਦੇ ਬਾਨੀ ਹੋਣ ਤੋਂ ਇਲਾਵਾ ਭਗਤ ਜੀ ਉੱਚ ਕੋਟੀ ਦੇ ਵਿਦਵਾਨ-ਲਿਖਾਰੀ ਵੀ ਸਨ। ਅਤਿ ਸੂਖਮ ਵਿਚਾਰਾਂ ਨੂੰ ਲੋਕ-ਭਾਸ਼ਾ ਵਿਚ ਲਿਖ ਕੇ ਆਮ ਲੋਕਾਂ ਤੱਕ ਪਹੁੰਚਾਉਣਾ ਭਗਤ ਜੀ ਵੱਲੋਂ ਕੀਤਾ ਜਾਂਦਾ ਪਰਉਪਕਾਰ ਦਾ ਦੂਸਰਾ ਵੱਡਾ ਕਾਰਜ ਸੀ। ਪੰਜਾਬੀ, ਹਿੰਦੀ, ਅੰਗਰੇਜ਼ੀ ਆਦਿ ਭਾਸ਼ਾਵਾਂ ਵਿਚ ਅਣਗਿਣਤ ਟ੍ਰੈਕਟ, ਸੰਦੇਸ਼, ਪੁਸਤਕਾਂ ਪ੍ਰਕਾਸ਼ਤ ਕਰਨਾ ਕੋਈ ਆਸਾਨ ਕੰਮ ਨਹੀਂ। ਇਨ੍ਹਾਂ ਲਿਖਤਾਂ ਦਾ ਮੁੱਖ ਵਿਸ਼ਾ ਗੁਰਮੁਖ ਜੀਵਨ, ਗੁਰਬਾਣੀ ਦੇ ਰਹੱਸਮਈ ਭੇਦ ਦੱਸਣਾ ਅਤੇ ਐਟਮੀ ਵਿਨਾਸ਼, ਪ੍ਰਦੂਸ਼ਣ ਦੀ ਨਾਮੁਰਾਦ ਬਿਮਾਰੀ, ਕੁਦਰਤ ਨਾਲ ਖਿਲਵਾੜ, ਸਿਗਰਟਨੋਸ਼ੀ ਦੇ ਬੁਰੇ ਪ੍ਰਭਾਵਾਂ ਆਦਿ ਤੋਂ ਲੋਕਾਂ ਨੂੰ ਜਾਗਰਿਤ ਕਰਨਾ ਸੀ। ਭਗਤ ਪੂਰਨ ਸਿੰਘ ਦੇ ਸੇਵਾ-ਕਾਰਜਾਂ ਨੂੰ ਤੱਕ ਭਾਰਤ ਸਰਕਾਰ ਵੱਲੋਂ ਉਨ੍ਹਾਂ ਨੂੰ 'ਪਦਮਸ੍ਰੀ' ਦੇ ਸਨਮਾਨ ਨਾਲ ਸਨਮਾਨਤ ਕੀਤਾ ਗਿਆ ਪਰ ਭਗਤ ਜੀ ਨੇ ਇਹ ਸਨਮਾਨ ਉਸ ਸਮੇਂ ਵਾਪਸ ਕਰ ਦਿੱਤਾ ਜਦ ਜਾਬਰ ਸਰਕਾਰ ਨੇ ਮਾਨਵਤਾ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਨੂੰ ਫ਼ੌਜੀ ਹਮਲੇ ਸਮੇਂ ਭਾਰੀ ਹਾਨੀ ਪਹੁੰਚਾਈ।

ਭਗਤ ਪੂਰਨ ਸਿੰਘ ਨੂੰ ਬਹੁਤ ਸਾਰੀਆਂ ਲੋਕ ਪ੍ਰਤਿਨਿਧ ਸੰਸਥਾਵਾਂ ਵੱਲੋਂ ਸਮੇਂ-ਸਮੇਂ ਸਨਮਾਨਤ ਕੀਤਾ ਗਿਆ ਜਿਨ੍ਹਾਂ ਦੇ ਉਹ ਪੂਰਨ ਰੂਪ ਵਿਚ ਹੱਕਦਾਰ ਸਨ। ਇਸ ਵੇਲੇ ਪਿੰਗਲਵਾੜੇ ਵਿਚ ਮਾਨਸਿਕ ਰੋਗੀ ਮਰਦ, ਇਸਤਰੀਆਂ, ਬੱਚੇ-ਬੱਚੀਆਂ ਤੋਂ ਇਲਾਵਾ ਬੇਸਹਾਰਾ ਅਪਾਹਜ ਬੱਚੇ-ਬੱਚੀਆਂ ਦੀ ਗਿਣਤੀ ਸੈਂਕੜਿਆਂ ਵਿਚ ਹੈ ਜਿਨ੍ਹਾਂ ਦੇ ਖਾਣ-ਪੀਣ, ਰਹਿਣ-ਸਹਿਣ ਤੇ ਦਵਾ-ਦਾਰੂ ਦੀ ਲੋੜ ਹੈ। ਇਸ ਸੰਸਥਾ ਦਾ ਇਸ ਸਮੇਂ ਖ਼ਰਚਾ ਰੋਜ਼ਾਨਾ ਹਜ਼ਾਰਾਂ ਵਿਚ ਹੈ। ਸਰਕਾਰ ਤੋਂ ਲੋਕ ਕਲਿਆਣ ਹਿੱਤ ਚੱਲ ਰਹੀ ਇਸ ਸੰਸਥਾ ਨੂੰ ਨਾਮਾਤਰ ਦੀ ਸਹਾਇਤਾ ਮਿਲਦੀ ਹੈ। ਭਗਤ ਜੀ ਦੀ ਅੰਤਿਮ ਅਰਦਾਸ ਵਿਚ ਜੁੜੀਆਂ ਸੰਗਤਾਂ ਦੇ ਵਿਸ਼ਾਲ ਇਕੱਠ ਵਿਚ ਤਤਕਾਲੀ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਵੱਲੋਂ ਤਿੰਨ ਐਲਾਨ ਕੀਤੇ ਗਏ ਜੋ ਪ੍ਰਸ਼ੰਸਾਯੋਗ ਕਹੇ ਜਾ ਸਕਦੇ ਹਨ।


ਪਹਿਲਾ ਇਹ ਕਿ ਇਸ ਸੰਸਥਾ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਮਾਸਿਕ ਸਹਾਇਤਾ ਦਿੱਤੀ ਜਾਵੇਗੀ। ਦੂਸਰਾ ਇਹ ਕਿ ਭਗਤ ਪੂਰਨ ਸਿੰਘ ਜੀ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਲਾਉਣੀ ਅਤੇ ਤੀਸਰਾ, ਭਗਤ ਪੂਰਨ ਸਿੰਘ ਦੇ ਨਾਂ 'ਤੇ ਸ਼੍ਰੋਮਣੀ ਸੇਵਾ ਸਨਮਾਨ ਸ਼ੁਰੂ ਕੀਤਾ ਜਾਵੇਗਾ। ਅਨਾਥਾਂ ਦੇ ਨਾਥ, ਬੇਸਹਾਰਿਆਂ ਨੂੰ ਸਹਾਰਾ ਪਹੁੰਚਾਉਣ ਵਾਲੇ ਭਗਤ ਪੂਰਨ ਸਿੰਘ ਭਾਵੇਂ ਅੱਜ ਸਰੀਰਕ ਰੂਪ 'ਚ ਇਸ ਸੰਸਾਰ ਵਿਚ ਨਹੀਂ ਰਹੇ ਪਰ ਉਨ੍ਹਾਂ ਦੇ ਆਰੰਭ ਕੀਤੇ ਕਾਰਜ ਉਨ੍ਹਾਂ ਨੂੰ ਹਮੇਸ਼ਾ ਜੀਵਤ ਰੱਖਣਗੇ। ਲੋੜ ਹੈ ਇਸ ਸੰਸਥਾ ਨੂੰ ਲੋਕਾਂ ਦੇ ਸਹਿਯੋਗ ਦੀ ਤਾਂ ਜੋ ਮਾਨਵ-ਸੇਵਾ ਦੇ ਰਣ ਖੇਤਰ ਵਿਚ ਪੰਥ ਸੇਵਕ, ਸੂਰਮਗਤੀ ਦੇ ਸਿਖਰ ਭਗਤ ਪੂਰਨ ਸਿੰਘ ਦੇ ਆਰੰਭੇ ਇਹ ਨਿਰਮਲ ਕਾਰਜ ਨਿਰੰਤਰ ਜਾਰੀ ਰਹਿ ਸਕਣ।









## ਰੋਕੋ ਲੈਂਡ ਪੂਲਿੰਗ !

'ਉੱਤਰ ਕਾਟੋ ਮੈਂ ਚੜ੍ਹਾਂ' ਤੋਂ 'ਔਕਿਆਂ' ਨੇ
ਝਾੜੂ ਲਈ ਸਿੰਘਾਸਣ ਸ਼ਿੰਗਾਰਿਆ ਸੀ।
ਚਾਅਵਾਂ ਰੀਝਾਂ ਦੇ ਨਾਲ ਪੰਜਾਬੀਆਂ ਨੇ
'ਪੰਜੇ-ਤੱਕੜੀ' ਤਾਈਂ ਦੁਰਕਾਰਿਆ ਸੀ।
ਕਾਰੇ ਪਹਿਲਿਆਂ ਵਾਲੇ ਨੀ ਕਰਨ ਲੱਗੇ
ਆਸ ਵਿਚ ਬਦਲਾਅ ਨਿਹਾਰਿਆ ਸੀ।
'ਸ਼ੋਭਾ ਵਾਲੇ' ਵੀ ਬਹੁਤ ਹਨ ਕਰੇ ਕਾਰਜ
ਸੀਨਾ ਜਿਨ੍ਹਾਂ ਨੇ ਲੋਕਾਂ ਦਾ ਠਾਰਿਆ ਸੀ।
ਇਹ 'ਚਿਤਾਵਨੀ' ਜਾਣੋ ਪੰਜਾਬੀਆਂ ਦੀ
ਛੇਤੀ ਲਈ ਨਾ ਵਾਪਸ ਜੇ 'ਲੈਂਡ ਪੂਲਿੰਗ'
ਸਮਾਂ ਮੁੱਕਦਾ ਜਾਂਦਾ ਇਹ 'ਸੋਚ ਲਓ' ਜੀ
ਹੋ ਨਾ ਜਾਵੇ ਸਤਾਈ ਵਿਚ 'ਸੈਡ ਕੂਲਿੰਗ'!



-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਨਾ ਦੇਵੀਂ ਸੂਟ ਭਾਬੀਏ...

ਨਾ ਦੇਵੀਂ ਸੂਟ ਭਾਬੀਏ,
ਮੈਨੂੰ ਵੀਰ ਮਿਲਣ ਦਾ ਚਾਅ।
ਤੂੰ ਵੀ ਜਾ ਆਵੀਂ ਪੇਕਿਆਂ ਨੂੰ,
ਤੇ ਮੈਨੂੰ ਵੀ ਆਖ ਦੇਵੀਂ 'ਆ'।
ਨਾਂ ਦੇਵੀਂ...
ਮੈਨੂੰ ਸੂਟਾਂ ਦਾ ਕੋਈ ਲਾਲਚ ਨਹੀਂ,
ਨਾ ਕੋਈ ਨਗਦੀ ਮੰਗਾਂ।
ਪਿਆਰ ਮੁਹੱਬਤ ਤੇ ਮੋਹ ਨਾਲ,
ਮੈਂ ਤਾਂ ਰੱਖੜੀ ਆਪਣੀ ਰੰਗਾਂ।
ਮੈਂ ਅੰਮੜੀ ਦੀ ਧੀ ਲਾਡਲੀ,
ਮੇਰੇ ਵੀਰਾਂ ਦੇ ਵਿੱਚ ਸਾਹ।
ਨਾਂ ਦੇਵੀਂ....
ਤੂੰ ਵੀਰੇ ਨੂੰ ਦੂਰ ਕਰੀ ਨਾ,
ਮੇਰੇ ਘਰ ਆਉਣ ਤੋਂ ਰੋਕੀ ਨਾ।
ਤੇਰੇ ਪੈਰਾਂ ਥਲੇ ਹੱਥ ਰੱਖਾਂ,
ਪੇਕੀਂ ਵੜਨੇ ਤੋਂ ਟੋਕੀ ਨਾ।
ਮੈਂ ਵੀ ਭਾਬੋ ਹਾਂ ਨਣਦਾਂ ਦੀ,
ਏਸੇ ਲਈ ਖੋਲ੍ਹੇ ਸਾਰੇ ਰਾਹ।
ਨਾ ਦੇਵੀਂ......
ਤਿਉਹਾਰ ਇਹ ਸੋਹਣੇ ਲੱਗਦੇ,
ਜਦ ਮਿਲਦੇ ਸਾਰੇ ਆਪਣੇ।
ਇਹ ਦਿਲਾਂ ਦੇ ਰਿਸ਼ਤੇ ਨੇ,
ਇਹ ਰੂਹਾਂ ਦੇ ਫ਼ਿਰ ਜਾਪਣੇ।
ਇਸ ਲੈਣ ਦੇਣ ਨੂੰ ਛੱਡ ਪਰਾਂ,
ਬੱਸ ਜੱਫ਼ੀ 'ਮਨਜੀਤ' ਨੂੰ ਪਾ।
ਨਾ ਦੇਵੀਂ.....



ਮਨਜੀਤ ਕੌਰ ਧੀਮਾਨ
9464633059

## ਪੀਂਘ ਵਾਲੀ ਫੱਟੀ

ਔਧੀ ਹੋਗੀ ਛੁੱਟੀ ਸਾਰੀ
ਛੇਤੀ ਘਰੇ ਜਾਣ ਦੀ ਤਿਆਰੀ
ਰੇਸ ਲੱਗੂ ਜੋਰ ਨਾਲ ਸਾਰੀ
ਨੇੜੇ ਦੱਸ ਹੱਟੀ ਕਿੱਥੇ ਆ
ਪੀਂਘ ਵਾਲੀ ਫੱਟੀ ਕਿੱਥੇ ਆ

ਤੇਰੇ ਮੁੱਛਾਂ ਮੇਰੇ ਦਾੜ੍ਹੀ
ਰੋਟੀ ਉੱਤੇ ਅੰਬ ਦੀ ਫਾੜੀ
ਕੁੰਡੀ ਕੁੱਟੀ ਚਟਨੀ ਕਰਾਰੀ
ਲੱਸੀ ਦੱਸੀਂ ਖੱਟੀ ਕਿੱਥੇ ਆ
ਪੀਂਘ ਵਾਲੀ ਫੱਟੀ ਕਿੱਥੇ ਆ

ਛੇਤੀ ਖਾਲਾ ਜਿਹੜਾ ਖਾਣਾ
ਜਲਦੀ ਵਿਹੜੇ ਦੇ ਵਿੱਚ ਜਾਣਾ
ਜੱਗ ਪਾਣੀ ਭਰ ਬਣ ਸਿਆਣਾ
ਕਿਹੜੇ ਖੂੰਜੇ ਸਿੱਟੀ ਦੱਸੀਂ ਰੱਸੀ ਕਿੱਥੇ ਆ
ਪੀਂਘ ਵਾਲੀ ਫੱਟੀ ਕਿੱਥੇ ਆ

ਉੱਪਰੋਂ ਦੁਪਹਿਰਾ ਚੱਲਿਆ ਹੋ
ਅੰਦਰ ਪੈ ਰਹੀਆ ਹੁਣ ਖੋਰ
ਚਾਹ ਲਿਆਈ ਚੜ੍ਹ ਗਿਆ ਚੌਅ
ਬੇਬੇ ਨਾਲ ਦੇਦੇ ਮੱਠੀ ਕਿੱਥੇ ਆ
ਪੀਂਘ ਵਾਲੀ ਫੱਟੀ ਕਿੱਥੇ ਆ

ਹੋਈਆਂ ਛੁੱਟੀਆਂ ਹੁਣ ਨਾ ਸਰਨਾ
ਦੇਸੀ ਬਿਸਕੁਟਾਂ ਨਾਲ ਢਿੱਡ ਭਰਨਾ
ਕਰਲਾ ਪੀਪੇ ਸਮਾਨ ਕੱਠਾ ਜੋ ਕਰਨਾ
ਲੱਭਲਾ ਪਿੰਡ ਭੱਠੀ ਕਿੱਥੇ ਆ
ਪੀਂਘ ਵਾਲੀ ਫੱਟੀ ਕਿੱਥੇ ਆ

ਚੇਤਨ ਬਿਰਧਨੋ
9617119111

## ਗ਼ਜ਼ਲ

ਲੱਭਦਾ ਜ਼ਮੀਰ ਔਖਾ ਜਿੱਥੇ ਅਮੀਰ ਮਿਲਦੇ।
ਹੁੰਦਾ ਹੈ ਰੱਬ ਤਾਂ ਓਥੇ ਜਿੱਥੇ ਫਕੀਰ ਮਿਲਦੇ।

ਸਹਿਬਾਂ ਦੇ ਵੀਰ ਬਚ 'ਗੇ ਮਿਰਜ਼ੇ ਦੀ ਮੌਤ ਕਰਕੇ
ਮਿਰਜ਼ੇ ਨੇ ਨਾ ਸੀ ਮਰਨਾ ਉਸਨੂੰ ਜੇ ਤੀਰ ਮਿਲਦੇ।

ਵਿਛੜੇ ਜਦੋਂ ਵੀ ਆਸ਼ਿਕ ਮਿਲਦੇ ਨਹੀਂ ਦੁਬਾਰਾ
ਫ਼ਿਲਮਾਂ 'ਚ ਹੀ ਇਹ ਹੁੰਦਾ ਆ ਕੇ ਅਖੀਰ ਮਿਲਦੇ।

ਕਿੱਦਾਂ ਮਿਟੇਗੀ ਦੂਰੀ ਹੱਦਾਂ ਤੇ ਹੈ ਪਈ ਜੋ
ਲੀਡਰ ਦਿਲਾਂ 'ਚ ਖਿੱਚ ਕੇ ਪੱਕੀ ਲਕੀਰ ਮਿਲਦੇ।

ਲਗਦਾ ਹੈ ਜਲਦੀ ਹੀ ਹੁਣ ਮੰਡੀ 'ਚ ਹੋਕਾ ਲੱਗਣਾ
ਏਥੇ ਇਮਾਨ ਮਿਲਦੇ ਏਥੇ ਜ਼ਮੀਰ ਮਿਲਦੇ।

ਦਿਸਦੇ ਨਾ ਰੁੱਖ ਕਿਤੇ ਵੀ ਬੰਜਰ ਜ਼ਮੀਨ ਹੋਈ
ਬਸ ਸੁਪਨਿਆਂ 'ਚ ਹੀ ਹੁਣ ਕਿੱਕਰ ਕਰੀਰ ਮਿਲਦੇ।

ਖ਼ਬਰੇ ਹਵਾ 'ਚ ਕੀ ਹੈ ਮੁੱਕੀ ਮਿਠਾਸ ਸਭ 'ਚੋਂ
ਨਿਵਕੇਂ ਨਾ ਕੋਈ ਮਿਲਦਾ ਬਣਕੇ ਸ਼ਤੀਰ ਮਿਲਦੇ।

ਹਰਦੀਪ ਬਿਰਦੀ
9041600900

## ਮਹਿੰਗੇ ਮੁੱਲ ਅਜ਼ਾਦੀ

ਰਾਜਗੁਰੂ, ਸੁਖਦੇਵ, ਭਗਤ ਸਿੰਘ,
ਗਏ ਦੇਸ਼ ਤੋਂ ਜਾਨਾਂ ਵਾਰ ਬੀਬਾ।

ਲੈ ਮਹਿੰਗੇ ਮੁੱਲ ਅਜ਼ਾਦੀ ਦਿੱਤੀ,
ਸੀ ਡਾਹਢਾ ਦੇਸ਼ ਪਿਆਰ ਬੀਬਾ।

ਕੀ ਪਾਇਆ ਮੁੱਲ ਕੁਰਬਾਨੀ ਦਾ,
ਅਸੀਂ ਕਰਦੇ ਵਣਜ ਵਪਾਰ ਬੀਬਾ।

ਸਤਲੁਜ ਦੇ ਕੰਢਿਆਂ ਤੋਂ ਪੁੱਛ ਲੈ,
ਜਿੱਥੇ ਦਿੱਤੇ ਬੁੱਤ ਉਸਾਰ ਬੀਬਾ।

ਆ ਸਾਲ ਛਿਮਾਹੀ ਬਾਅਦ ਲੀਡਰ,
ਪਾ ਦਿੰਦੇ ਨੇ ਗਲ ਹਾਰ ਬੀਬਾ।

ਪਹਿਰਾ ਦੇਵਾਂਗੇ ਥੋਡੀ ਸੋਚ 'ਤੇ,
ਜਾਂਦੇ ਨੇ ਨਾਅਰਾ ਮਾਰ ਬੀਬਾ।

ਮੁੜ ਕੋਈ ਬਾਤ ਨਹੀਂ ਪੁੱਛਦਾ,
ਪਿਆ ਬੁੱਤਾਂ ਦੁਆਲੇ ਖਿਲਾਰ ਬੀਬਾ।

ਵੱਟਦੇ ਨੇ ਮੁੱਲ ਸ਼ਹੀਦਾਂ ਦਾ,
ਬਣ ਦੇਸ਼ ਦੇ ਕਈ ਗ਼ਦਾਰ ਬੀਬਾ।

ਜੇ 'ਪੱਤੋ' ਦੀ ਚੰਗੀ ਸੋਚ ਹੋਵੇ,
ਤਾਂ ਸੁਫ਼ਨੇ ਹੋਣ ਸਕਾਰ ਬੀਬਾ।

ਹਰਪ੍ਰੀਤ ਪੱਤੋ
94658-21417

## ਆਪਣਾ ਆਪ ਪਛਾਣ

ਚਿਹਰੇ ਤੇ ਮੁਸਕਾਨ ਰੱਖ,
ਆਪਣੇ ਆਪ ਤੇ ਮਾਣ ਰੱਖ।
ਇੱਕ ਦਿਨ ਤੇਰਾ ਵੀ ਆਵੇਗਾ,
ਥੋੜੀ ਸਬਰ ਵਿੱਚ ਜਾਨ ਰੱਖ।
ਮਿਹਨਤ ਮੱਛੀ ਦੀ ਅੱਖ ਵਰਗੀ,
ਖਿੱਚ ਕੇ ਤੀਰ ਕਮਾਨ ਰੱਖ।
ਕਿਉਂ ਜ਼ਿੰਦਗੀ ਨੂੰ ਮਾੜਾ ਆਖੇਂ,
ਸੋਚਾਂ ਸਦਾ ਮਹਾਨ ਰੱਖ।
ਅੰਬਰ ਛੂਹਣ ਦੇ ਸੁਪਨੇ ਪਾਲ,
ਉੱਚੀ ਸਦਾ ਉਡਾਨ ਰੱਖ।
ਕੋਸ਼ਿਸ਼ ਕਰਦਾ ਤੁਰਿਆ ਜਾ,
ਹਰ ਦਿਨ ਹੀ ਇਮਤਿਹਾਨ ਰੱਖ।
ਸੱਚ ਸ਼ੁਕਰ ਦਾ ਰਾਹ ਨਾ ਛੱਡੀ,
ਸੀਨੇ ਵਿੱਚ ਭਗਵਾਨ ਰੱਖ।
ਤੂੰ ਭਲਾ ਕੀ ਘੱਟ ਕਿਸੇ ਤੋਂ
ਦਿਲ ਵਿੱਚ ਜਜ਼ਬੇ ਠਾਣ ਰੱਖ।
ਸਿੱਰੜ ਸਿਦਕ ਨਾ ਕਦੇ ਵਿਸਾਰੀ,
ਬੱਸ ਮੰਜਿਲ ਵਲ ਧਿਆਨ ਰੱਖ।



ਹੈਪੀ ਸ਼ਾਹਕੋਟੀ

## ਰੱਖੜੀ

ਭੈਣ ਆਈ ਆ ਰੱਖੜੀਆਂ ਲੈ ਕੇ
ਤੂੰ ਗੁੱਟ ਤੇ ਬਨਾ ਲੈ ਵੀਰ ਵੇ
ਆਇਆ ਸਾਲ ਪਿੱਛੋਂ ਦਿਨ ਵੇ
ਆ ਖੁਸ਼ੀ ਨਾਲ ਮਨਾਂ ਲੈ ਵੀਰ ਵੇ

ਰੱਖੜੀ ਚ ਗੂੜਾ ਹੁੰਦਾਂ
ਭੈਣ ਭਰਾ ਦਾ ਪਿਆਰ ਵੇ
ਸਾਲ ਪਿੱਛੋਂ ਆਉਂਦਾਂ ਇਹ
ਖੁਸ਼ੀ ਦਾ ਤਿਉਹਾਰ ਵੇ
ਸੋਹਣੇ ਗੁੱਟ ਤੇ ਰੱਖੜੀ ਸਜਾ ਤੀ
ਆ ਮਿੱਠਾ ਮੂੰਹ ਚ ਪਾ ਲਏ ਵੀਰ ਵੇ
ਭੈਣ ਆਈ ਆ ਰੱਖੜੀਆਂ ਲੈਕੇ
ਤੂੰ ਗੁੱਟ ਤੇ ਬਨਾ ਲੈ ਵੀਰ ਵੇ

ਬੜੇ ਚਾਵਾਂ ਨਾਲ ਬੰਨਾਂ
ਗੁੱਟ ਤੇਰੇ ਉਤੇ ਰੱਖੜੀ
ਕੱਚਾ ਧਾਗਾ ਨਹੀਂ ਇਹ
ਸਾਂਝ ਆਪਣੀ ਬੜੀ ਧਗੜੀ
ਆਪਾਂ ਇੱਕ ਵਾਂ ਅਮੀ ਦੇ ਜਾਏ
ਭੈਣ ਨੂੰ ਗਲ ਨਾਲ ਲਾ ਲੈ ਵੀਰ ਵੇ
ਭੈਣ ਆਈ ਆ ਰੱਖੜੀਆਂ ਲੈ ਕੇ
ਤੂੰ ਗੁੱਟ ਤੇ ਬਨਾ ਲੈ ਵੀਰ ਵੇ

ਲੋੜੀ ਦੇ ਤਿਉਹਾਰ ਜਾਂਦੇ ਵੀਰ
ਮੈਂ ਰਹੀਂ ਆਂ ਸੱਚ ਬੋਲ ਵੇ
ਰੱਖੜੀ ਦੇ ਤਿਉਹਾਰ ਉਤੇ
ਆਉਣ ਭੈਣਾਂ ਵੀਰਾਂ ਕੋਲ ਵੇ
ਪੈਸਿਆਂ ਨਾਲ ਨਹੀਂ ਵਰਤਿਆ ਜਾਦਾਂ
ਤੂੰ ਜੇਬ ਵਿੱਚ ਪਾ ਲੈ ਵੀਰ ਵੇ
ਭੈਣ ਆਈ ਆ ਰੱਖੜੀਆਂ ਲੈ ਕੇ
ਤੂੰ ਗੁੱਟ ਤੇ ਬਨਾ ਲੈ ਵੀਰ ਵੇ
ਆਇਆ ਸਾਲ ਪਿੱਛੋਂ ਦਿਨ ਵੇ
ਆ ਖੁਸ਼ੀ ਨਾਲ ਮਨਾਂ ਲੈ ਵੀਰ ਵੇ



ਗੁਰਚਰਨ ਸਿੰਘ ਧੰਜੂ

## ਸਾਵਣ ਦਾ ਦਰਦ

ਵੇ ਤੂੰ ਸਾਉਣ ਦੇ ਮਹੀਨੇ ਚ ਨਾ ਆਇਆ,
ਵੇ ਗੱਲ ਤੇਰੀ ਮਾੜੀ ਮੁੰਡਿਆ
ਮੇਰੇ ਦਿਲ ਨੂੰ ਤੂੰ ਬੜਾ ਤੜਫਾਇਆ,
ਵੇ ਗੱਲ ਤੇਰੀ ਮਾੜੀ ਮੁੰਡਿਆ।

ਸਾਉਂਣ ਦੇ ਮਹੀਨੇ ਜਦੋਂ ਬੋਲਦਾ ਏ ਮੋਰ ਵੇ
ਦਿਲ ਦੇ ਬਗੀਚੇ ਵਿੱਚ ਮੱਚ ਜਾਂਦਾ ਸ਼ੋਰ ਵੇ
ਤੇਰੇ ਬਾਝੋਂ ਮੈਨੂੰ ਕੁਝ ਵੀ ਨਾ ਭਾਇਆ
ਵੇ ਗੱਲ ਤੇਰੀ ਮਾੜੀ ਮੁੰਡਿਆ
ਮੇਰੇ ਦਿਲ ਨੂੰ...

ਤੇਰੇ ਹੀ ਖਿਆਲਾਂ ਵਿੱਚ ਨੈਣ ਰਹਿੰਦੇ ਖੋਏ ਵੇ
ਮਹਿੰਦੀ ਵਾਲੇ ਹੱਥ ਭੁੱਬਾਂ ਮਾਰ ਮਾਰ ਰੋਏ ਵੇ
ਵੰਗਾਂ ਮੇਰੀਆਂ ਨੇ ਰੋਸ ਜਤਾਇਆ
ਵੇ ਗੱਲ ਤੇਰੀ ਮਾੜੀ ਮੁੰਡਿਆ
ਮੇਰੇ ਦਿਲ ਨੂੰ...

ਵੱਢ ਵੱਢ ਖਾਣ ਮੈਨੂੰ ਕਾਲੀਆਂ ਇਹ ਰਾਤਾਂ ਵੇ
ਚੰਨ ਤਾਰਿਆਂ ਦੇ ਨਾਲ ਪਾਉਂਦੀ ਰਹੀ ਬਾਤਾਂ ਵੇ
ਤੇਰੇ ਲਾਰਿਆਂ ਨੇ ਬੜਾ ਹੀ ਸਤਾਇਆ
ਵੇ ਗੱਲ ਤੇਰੀ ਮਾੜੀ ਮੁੰਡਿਆ
ਮੇਰੇ ਦਿਲ ਨੂੰ...

ਜਾਣ ਜਾਣ ਛੇੜਦੀਆਂ ਸਖੀਆਂ ਸਹੇਲੀਆਂ
ਤੇਰੇ ਵਾਰੇ ਪੁੱਛਦੀਆਂ ਪਾ ਕੇ ਪਹੇਲੀਆਂ
ਪਿੱਛਾ ਉਹਨਾਂ ਕੋਲੋਂ ਕਿਵੇਂ ਮੈਂ ਛੁਡਾਇਆ
ਵੇ ਗੱਲ ਤੇਰੀ ਮਾੜੀ ਮੁੰਡਿਆ
ਮੇਰੇ ਦਿਲ ਨੂੰ...

ਲੱਗਦਾ ਏ ਸਾਹਿਬ ਤੇਰਾ ਹੋਊਗਾ ਕੁਆਰਾ ਵੇ
ਦਿਲ ਦੀ ਰਮਜ ਨਾ ਜੋ ਸਮਝਿਆ ਵਿਚਾਰਾ ਵੇ
ਉਸ ਚੰਦਰੇ ਦਾ ਕੀ ਸੀ ਚੁਰਾਇਆ
ਵੇ ਗੱਲ ਤੇਰੀ ਮਾੜੀ ਮੁੰਡਿਆ
ਮੇਰੇ ਦਿਲ ਨੂੰ...

ਚੱਲ ਛੱਡ ਪਰ੍ਹਾ ਹੁਣ ਛੇਤੀ ਗੇੜਾ ਮਾਰ ਵੇ
ਨਿਰਮਲਾ ਤਾਂ ਕਰੇ ਬਸ ਤੇਰਾ ਇੰਤਜ਼ਾਰ ਵੇ
ਦਿਲ ਵਾਂਗ ਹੈ ਪਪੀਹੇ ਤ੍ਰਿਹਾਇਆ
ਵੇ ਗੱਲ ਤੇਰੀ ਮਾੜੀ ਮੁੰਡਿਆ
ਲੈਕੇ ਛੁੱਟੀਆਂ ਨਾ ਸਾਉਣ ਵਿੱਚ ਆਇਆ
ਵੇ ਗੱਲ ਤੇਰੀ ਮਾੜੀ ਮੁੰਡਿਆ।

-ਨਿਰਮਲਾ ਗਰਗ

## ਗ਼ਜ਼ਲ

ਦਿਲ 'ਚੋਂ ਤੇਰਾ ਖਿਆਲ ਨਾ ਜਾਏ, ਤਾਂ ਕੀ ਕਰਾਂ।
ਰੱਗ ਰੱਗ 'ਚ ਤੇਰੀ ਯਾਦ ਸਮਾਏ, ਤਾਂ ਕੀ ਕਰਾਂ।

ਜੀ ਭਰ ਕੇ ਸੌਣਾ ਚੌਂਹਦਾ ਹਾਂ, ਮੈਂ ਤਾਂ ਸਾਰੀ ਹੀ ਰਾਤ।
ਜੇਕਰ ਤੇਰੀ ਯਾਦ ਸਤਾਏ, ਤਾਂ ਕੀ ਕਰਾਂ।

ਮੈਨੂੰ ਜਨੂੰਨ ਨਹੀਂ ਹੈ ਕਿ, ਮੈਂ ਜਾਗਾਂ ਸਾਰੀ ਰਾਤ।
ਜੇਕਰ ਤੇਰਾ ਖਿਆਲ ਜਗਾਏ, ਤਾਂ ਕੀ ਕਰਾਂ।

ਚਲੋ ਛੱਡਿਆ ਮੈਂ ਉਸ ਦੀ ਗਲੀ ਜਾਣਾ ਹਮੇਸ਼ਾ ਦੇ ਲਈ
ਜੇ ਫਿਰ ਆ ਕੇ ਪਿਆਰ, ਜਤਾਏ ਤਾਂ ਕੀ ਕਰਾਂ।

ਵੈਸੇ ਤਾਂ ਸ਼ਰਾਬ ਦਾ ਪੀਣਾ, ਹੀ ਹਰਾਮ ਹੈ।
ਜੇਕਰ ਕੋਈ ਨਜ਼ਰਾਂ ਨਾਲ, ਪਿਲਾਏ ਤਾਂ ਕੀ ਕਰਾਂ।

ਤੈਨੂੰ ਭੁਲੌਣ ਲਈ ਮੈਂ ਯਤਨ ਬਹੁਤ ਕੀਤੇ।
ਜੇਕਰ ਤੂੰ ਸੁਪਨੇ 'ਚ ਆ ਕਰਕੇ, ਗਲੇ ਲਗਾਏ ਤਾਂ ਕੀ ਕਰਾਂ।

ਜੇਕਰ ਦਰਦ ਦਿਲ ਦਾ ਹੋਵੇ, ਤਾਂ ਉਸ ਦਾ ਇਲਾਜ ਕਰਾਂ।
'ਹਜ਼ੂਰ' ਜੇਕਰ ਦਰਦ ਹੀ ਦਿਲ ਬਣ ਜਾਏ ਤਾਂ ਕੀ ਕਰਾਂ।



ਹਜ਼ੂਰਾ ਸਿੰਘ (ਰਿਟਾ. ਪ੍ਰਿੰਸੀਪਲ)
ਕੋਠੀ ਨੰ. 2426, ਸਾਊਥ ਵਾਸਕੋ ਰੋਡ
ਕੈਂਵਨ ਵੇ ਲਿਵਰਮੋਰ
925-660-5977

## ਮਿੱਤਰਤਾ

ਬੱਦਲਾਂ ਨੇ ਫਿਰ ਕਿਣਮਿਣ ਲਾਈ।
ਜਦ ਮਿੱਤਰਤਾ ਰੂਹ ਵਿੱਚ ਛਾਈ।

ਮਿੱਤਰ ਉਹ ਜੋ ਦੇਵੇ ਨਾ ਧੋਖਾ।
ਮਿੱਤਰਤਾ ਦਾ ਮਾਣ ਹੈ ਚੋਖਾ।

ਔਕੜ ਵਿੱਚੋਂ ਮਿੱਤਰ ਬਚਾਵੇ।
ਹੋਰ ਕੋਈ ਫਿਰ ਕੰਮ ਨਾ ਆਵੇ।

ਸੁਆਰਥ ਵਾਲੀ ਹੋਏ ਨਾ ਯਾਰੀ।
ਕੀਮਤ ਦੇਣੀ ਪੈਂਦੀ ਭਾਰੀ।

ਚੰਗੇ ਮਿੱਤਰ ਕਿੱਥੇ ਮਿਲਦੇ।
ਜੀਹਨੂੰ ਹਾਲ ਸੁਣਾਵਾਂ ਦਿਲ ਦੇ।

ਜੋ ਮਿੱਤਰਾਂ ਤੇ ਮਾਣ ਕਰੇਂਦੇ।
ਸਾਹੀਂ ਸਾਹ ਉਨ੍ਹਾਂ ਵਿੱਚ ਲੈਂਦੇ।

ਦਿਵਸ ਮਿੱਤਰਤਾ ਜਦ ਵੀ ਆਉਂਦਾ।
'ਨਵ ਸੰਗੀਤ' ਹੈ ਨਗਮੇ ਗਾਉਂਦਾ।



- ਪ੍ਰੋ. ਨਵ ਸੰਗੀਤ ਸਿੰਘ
9417692015

## ਅਜੋਕੇ ਸੰਨਿਆਸੀ ਤੇ ਬਾਬੇ

ਪੀਲੇ, ਨੀਲੇ ਤੇ ਚਿੱਟੇ, ਕਾਲੇ,
ਸਭ ਚਾਤੁਰਾਂ ਦੀ ਫੌਜ ਹੈ।

ਬਣਾਉਂਦੇ ਨੇ ਮੂਰਖ ਲੋਕਾਂ ਨੂੰ,
ਫਿਰ ਖੁਦ ਕਰਦੀ ਮੌਜ ਹੈ।

ਜਾਪਦਾ ਹੱਥ ਦੀ ਸਫ਼ਾਈ ਦੇ,
ਇਹ ਸਾਰੇ ਪੂਰੇ ਮਾਹਰ ਨੇ।

ਸਭ ਦੇ ਅੱਖੀਂ ਘੱਟਾ ਪਾ ਕੇ,
ਆਪ ਲੁੱਟਦੇ ਬਹਾਰ ਨੇ।

ਲੰਬੇ ਚੋਲੇ ਇਹ ਪਾਉਂਦੇ ਨੇ,
ਤੇ ਰੱਖਦੇ ਲੰਬੀ ਜ਼ੁਬਾਨ ਹੈ।

ਉੱਝ ਬੰਦਿਆਂ ਦੇ ਰੂਪ ਵਿੱਚ,
ਛੁੱਪ ਕੇ ਬੈਠਾ ਸ਼ੈਤਾਨ ਹੈ।

ਇਨ੍ਹਾਂ ਦਾ ਕੋਈ ਧਰਮ ਨਹੀਂ,
ਨਾ ਫਿਰਕਾ ਨਾ ਜਾਤ ਹੈ।

ਪਾਪ ਸੰਤਾਪ ਦੇ ਚੱਕਰਾਂ 'ਚ,
ਬੱਸ ਭਰਮਾਉਣਾ ਔਕਾਤ ਹੈ।



ਸੇਵਾ ਸਿੰਘ 'ਨੂਰਪੁਰੀ'

# ਰਵਾਇਤੀ ਸਿੱਖਿਆ ਲਈ ਏਆਈ ਕਿੰਨਾ ਖ਼ਤਰਾ ਪੈਦਾ ਕਰਦਾ ਹੈ ?





ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ

ਏਆਈ ਤਕਨਾਲੋਜੀ ਅਸਲੀ ਸੋਚ ਦੀ ਥਾਂ ਨਹੀਂ ਲੈ ਸਕਦੀ। ਇਹ ਇੱਕ ਕੈਲਕੂਲੇਟਰ ਵਾਂਗ ਗਣਨਾ ਕਰ ਸਕਦੀ ਹੈ, ਇਸ ਵਿੱਚ ਸਟੋਰ ਕੀਤੇ ਡੇਟਾ ਦੀ ਯਾਦਦਾਸ਼ਤ ਦੇ ਆਧਾਰ 'ਤੇ ਇੱਕ ਸਵਾਲ ਦੇ ਕਈ ਜਵਾਬ ਦੇ ਸਕਦੀ ਹੈ, ਹਰ ਵਾਰ ਉਹਨਾਂ ਵਿੱਚ ਕੁਝ ਨਵਾਂ ਲਿਆ ਸਕਦੀ ਹੈ, ਪਰ ਜਦੋਂ ਨਵੀਂ ਸਥਿਤੀ ਵਿੱਚ ਅਸਲੀ ਹੱਲ ਸੁਝਾਉਣ ਦੀ ਗੱਲ ਆਉਂਦੀ ਹੈ, ਤਾਂ ਮਾਮਲਾ ਫਸ ਜਾਂਦਾ ਹੈ।

ਲਗਭਗ ਤਿੰਨ ਸਾਲ ਪਹਿਲਾਂ, 30 ਨਵੰਬਰ, 2022 ਨੂੰ, ਜਦੋਂ ਓਪਨ ਏਆਈ ਨਾਮ ਦੀ ਇੱਕ ਕੰਪਨੀ ਨੇ ਪਹਿਲਾ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੁਆਰਾ ਸੰਚਾਲਿਤ ਭਾਸ਼ਾ ਚੈਟਬੋਟ - ਚੈਟਜੀਪੀਟੀ ਲਾਂਚ ਕੀਤਾ, ਤਾਂ ਇਸ ਸਨਸਨੀਖੇਜ਼ ਕਾਢ ਪ੍ਰਤੀ ਸਭ ਤੋਂ ਸਖ਼ਤ ਪ੍ਰਤੀਕਿਰਿਆ ਸਿੱਖਿਆ ਦੀ ਦੁਨੀਆ ਤੋਂ ਆਈ। ਚੈਟਜੀਪੀਟੀ ਨੇ ਆਪਣੀ ਸ਼ੁਰੂਆਤ ਦੇ ਪੰਜ ਦਿਨਾਂ ਦੇ ਅੰਦਰ ਦੁਨੀਆ ਭਰ ਵਿੱਚ ਇੱਕ ਮਿਲੀਅਨ ਗਾਹਕ ਪ੍ਰਾਪਤ ਕਰਨ ਦੇ ਬਾਵਜੂਦ, ਸ਼ੁਰੂਆਤੀ ਦਿਨਾਂ ਵਿੱਚ ਹੀ ਅਮਰੀਕਾ ਦੀਆਂ ਕੁਝ ਯੂਨੀਵਰਸਿਟੀਆਂ ਵਿੱਚ ਚੈਟਜੀਪੀਟੀ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਨਿਊਯਾਰਕ ਅਤੇ ਸੀਏਟਲ ਦੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਪ੍ਰਸ਼ਾਸਨ ਨੇ ਇਹ ਯਕੀਨੀ ਬਣਾਇਆ ਸੀ ਕਿ ਉਨ੍ਹਾਂ ਦੇ ਵਿਦਿਆਰਥੀ ਕੈਂਪਸ ਵਿੱਚ ਮੌਜੂਦ ਆਪਣੇ ਸਮਾਰਟਫੋਨ ਅਤੇ ਲੈਪਟਾਪਾਂ ਅਤੇ ਸਰਵਰ ਨਾਲ ਜੁੜੇ ਕੰਪਿਊਟਰਾਂ 'ਤੇ ਚੈਟਜੀਪੀਟੀ ਨਹੀਂ ਖੋਲ੍ਹ ਸਕਦੇ। ਇਸ ਸਮੇਂ ਇਸ ਚਰਚਾ ਦੀ ਮਹੱਤਤਾ ਇਹ ਹੈ ਕਿ ਓਪਨਏਆਈ ਦੇ ਸੰਸਥਾਪਕ ਅਤੇ ਸੀਈਓ ਸੈਮ ਆਲਟਮੈਨ - ਉਹ ਕੰਪਨੀ ਜਿਸਨੇ ਚੈਟਜੀਪੀਟੀ ਨੂੰ ਹੋਂਦ ਵਿੱਚ ਲਿਆਂਦਾ, ਨੇ ਦਾਅਵਾ ਕੀਤਾ ਹੈ ਕਿ ਜਿਸ ਗਤੀ ਨਾਲ ਏਆਈ ਤਕਨਾਲੋਜੀ ਦੁਨੀਆ ਵਿੱਚ ਫੈਲ ਰਹੀ ਹੈ, ਉਸਨੂੰ ਨਹੀਂ ਲੱਗਦਾ ਕਿ ਉਸਦਾ ਪੁੱਤਰ ਹੋਰ ਪੜ੍ਹਾਈ ਲਈ ਕਾਲਜ ਜਾਵੇਗਾ।

ਹਾਲਾਂਕਿ, ਆਲਟਮੈਨ ਦਾ ਬਿਆਨ ਭਾਰਤ ਨਾਲੋਂ ਅਮਰੀਕੀ-ਯੂਰਪੀ ਯੂਨੀਵਰਸਿਟੀਆਂ ਲਈ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ, ਕਿਉਂਕਿ ਉਹ ਆਪਣੇ ਉੱਚ ਪੱਧਰੀ ਸਿੱਖਿਆ ਮਿਆਰਾਂ ਦੇ ਆਧਾਰ 'ਤੇ ਦੁਨੀਆ ਭਰ ਦੇ ਵਿਦਿਆਰਥੀਆਂ ਲਈ ਖਿੱਚ ਦਾ ਕੇਂਦਰ ਰਹੀਆਂ ਹਨ। ਜੇਕਰ ਅਸੀਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਜੋ ਦੂਜੀ ਵਾਰ ਸੱਤਾ ਵਿੱਚ ਆਏ ਹਨ, ਅਮਰੀਕੀ ਯੂਨੀਵਰਸਿਟੀਆਂ ਵਿੱਚ ਪ੍ਰਵਾਸੀਆਂ ਅਤੇ ਸੋਚ ਦੀ ਆਜ਼ਾਦੀ ਦੇ ਮੁੱਦੇ 'ਤੇ ਜਿਸ ਤਰ੍ਹਾਂ ਦੇ ਟਕਰਾਅ ਵਿੱਚ ਹਨ, ਉਸ ਨੂੰ ਨਜ਼ਰਅੰਦਾਜ਼ ਕਰੀਏ, ਤਾਂ ਇਨ੍ਹਾਂ ਦੇਸ਼ਾਂ ਦੀਆਂ ਉੱਚ-ਪੱਧਰੀ ਯੂਨੀਵਰਸਿਟੀਆਂ ਦੀ ਸਾਖ ਹੁਣ ਤੱਕ ਬਰਕਰਾਰ ਹੈ। ਪਰ ਜਿਸ ਗਤੀ ਨਾਲ ਏਆਈ ਦੇ ਵੱਖ-ਵੱਖ ਮਾਡਲ ਬਣਾਉਣ ਵਾਲੀਆਂ ਕੰਪਨੀਆਂ ਸਿੱਖਿਆ ਲਈ ਚੁਣੌਤੀਆਂ ਖੜ੍ਹੀਆਂ ਕਰ ਰਹੀਆਂ ਹਨ, ਉਸ ਨਾਲ ਆਲਟਮੈਨ ਦੁਆਰਾ ਉਠਾਇਆ ਗਿਆ ਚਿੰਤਾਜਨਕ ਖਦਸ਼ਾ ਸਹੀ ਜਾਪਦਾ ਹੈ ਕਿ ਰਵਾਇਤੀ ਸਿੱਖਿਆ ਦਾ ਭਵਿੱਖ ਸੱਚਮੁੱਚ ਖ਼ਤਰੇ ਵਿੱਚ ਹੈ।

ਅਧਿਆਪਕਾਂ ਲਈ ਚੁਣੌਤੀ ਇਹ ਹੈ ਕਿ ਆਪਣੇ ਵਿਦਿਆਰਥੀਆਂ ਨੂੰ ਏਆਈ ਦੀ ਵਰਤੋਂ ਕਰਨ ਤੋਂ ਕਿਵੇਂ ਰੋਕਿਆ ਜਾਵੇ। ਸਕੂਲ ਅਤੇ ਕਾਲਜ ਦੇ ਆਮ ਕੋਰਸਾਂ ਵਿੱਚ ਹੀ ਨਹੀਂ, ਪੀਐਚਡੀ ਲਈ ਖੋਜ ਕਾਰਜ ਕਰਨ ਵਾਲੇ ਵਿਦਿਆਰਥੀ ਵੀ ਆਪਣੇ ਖੋਜ ਪੱਤਰਾਂ ਆਦਿ ਵਿੱਚ ਖੁੱਲ੍ਹ ਕੇ ਏਆਈ ਦੀ ਮਦਦ ਲੈ ਰਹੇ ਹਨ। ਅਜਿਹਾ ਹੀ ਇੱਕ ਮਸ਼ਹੂਰ ਮਾਮਲਾ ਅਮਰੀਕਾ ਦੀ ਮਿਨੀਸੋਟਾ ਯੂਨੀਵਰਸਿਟੀ ਦਾ ਹੈ, ਜਿੱਥੇ ਇੱਕ ਪੀਐਚਡੀ ਵਿਦਿਆਰਥੀ ਨੂੰ ਪ੍ਰੀਖਿਆ ਵਿੱਚ ਏਆਈ ਦੀ ਵਰਤੋਂ ਕਰਨ ਦੇ ਦੋਸ਼ੀ ਪਾਏ ਜਾਣ ਤੋਂ ਬਾਅਦ ਕੱਢ ਦਿੱਤਾ ਗਿਆ ਸੀ। ਖੋਜ ਕਾਰਜ ਦੀ ਗੁੰਝਲਤਾ, ਪਵਿੱਤਰਤਾ ਅਤੇ ਮਹੱਤਤਾ ਨੂੰ ਦੇਖਦੇ ਹੋਏ, ਇਸ ਕਾਰਵਾਈ ਨੂੰ ਜਾਇਜ਼ ਠਹਿਰਾਇਆ ਜਾ ਸਕਦਾ ਹੈ, ਹਾਲਾਂਕਿ ਵਿਦਿਆਰਥੀ ਨੇ ਏਆਈ ਨਾਲ ਸਬੰਧਤ ਜਾਂਚ ਵਿੱਚ ਬੇਨਿਯਮੀਆਂ ਦਾ ਦੋਸ਼ ਲਗਾਉਂਦੇ ਹੋਏ, ਯੂਨੀਵਰਸਿਟੀ ਵਿਰੁੱਧ ਸਹੀ ਪ੍ਰਕਿਰਿਆ ਦੀ ਪਾਲਣਾ ਨਾ ਕਰਨ ਅਤੇ ਪ੍ਰੋਫੈਸਰ ਵਿਰੁੱਧ ਮਾਣਹਾਨੀ ਦਾ ਕੇਸ ਦਾਇਰ ਕੀਤਾ। ਇਸ ਦੇ ਉਲਟ, ਨੌਰਥਈਸਟਰਨ ਯੂਨੀਵਰਸਿਟੀ ਦਾ ਇੱਕ ਮਾਮਲਾ ਹੈ, ਜਿੱਥੇ ਇੱਕ ਸੀਨੀਅਰ ਵਿਦਿਆਰਥੀ ਨੇ ਆਪਣੇ ਪ੍ਰੋਫੈਸਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਕਿ ਉਸਨੇ ਪੜ੍ਹਾਉਣ ਲਈ ਵਰਤੀ ਗਈ ਸਮੱਗਰੀ ਬਿਲਕੁਲ ਏਆਈ ਟੂਲਸ ਦੀ ਵਰਤੋਂ ਕਰਕੇ ਤਿਆਰ ਕੀਤੀ ਗਈ ਸੀ। ਵਿਦਿਆਰਥੀ ਨੇ ਇਸ ਆਧਾਰ 'ਤੇ ਆਪਣੀ ਟਿਊਸ਼ਨ ਫੀਸ ਵਾਪਸ ਕਰਨ ਦੀ ਮੰਗ ਕੀਤੀ। ਪ੍ਰੋਫੈਸਰ ਨੇ ਕਈ ਏਆਈ ਦੀ ਵਰਤੋਂ ਸਵੀਕਾਰ ਕਰ ਲਈ ਅਤੇ ਪਾਰਦਰਸ਼ਤਾ ਦੀ ਜ਼ਰੂਰਤ ਨੂੰ ਸਵੀਕਾਰ ਕਰ ਲਿਆ।

ਜੇਕਰ ਅਸੀਂ ਇਨ੍ਹਾਂ ਘਟਨਾਵਾਂ ਨੂੰ ਇਸ ਰੌਸ਼ਨੀ ਵਿੱਚ ਵੇਖੀਏ, ਤਾਂ ਜਿਸ ਚੁਣੌਤੀ ਅਤੇ ਖਦਸ਼ੇ ਦੀ ਗੱਲ ਆਲਟਮੈਨ ਕਰ ਰਹੇ ਹਨ, ਉਹ ਆਪਣੀ ਜਗ ?ਹਾ ਸਹੀ ਜਾਪਦੀ ਹੈ। ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਜੇਕਰ ਚੋਟੀ ਦੀਆਂ ਯੂਨੀਵਰਸਿਟੀਆਂ ਵਿੱਚ ਦਿੱਤੇ ਜਾ ਰਹੇ ਸਿੱਖਿਆ ਦੇ ਤਰੀਕੇ ਅਤੇ ਕਿਸਮ ਨੂੰ ਨਾ ਬਦਲਿਆ ਗਿਆ, ਤਾਂ ਅਗਲੇ ਪੰਜ-ਸੱਤ ਸਾਲਾਂ ਵਿੱਚ ਵਿਦਿਆਰਥੀ ਏਆਈ ਗੁਰੂ ਦੇ ਪੈਰ ਛੂਹਦੇ ਦਿਖਾਈ ਦੇਣਗੇ। ਇਸ ਲਈ, ਜੇਕਰ ਅਸੀਂ ਰਵਾਇਤੀ ਸਿੱਖਿਆ ਦੇ ਕੇਂਦਰਾਂ ਅਤੇ ਮਾਡਲ ਨੂੰ ਬਚਾਉਣਾ ਚਾਹੁੰਦੇ ਹਾਂ, ਤਾਂ ਸਾਨੂੰ ਇਸ ਨੂੰ ਬਚਾਉਣ ਲਈ ਉਸ ਯੁੱਧ ਨਾਲੋਂ ਕਈ ਗੁਣਾ ਜ਼ਿਆਦਾ ਤਾਕਤ ਨਾਲ ਜੰਗ ਛੇੜਨੀ ਪਵੇਗੀ ਜਿਸ 'ਤੇ ਏਆਈ ਇਸਨੂੰ ਤਬਾਹ ਕਰਨ 'ਤੇ ਤੁਲਿਆ ਹੋਇਆ ਹੈ।

ਸਵਾਲ ਇਹ ਹੈ ਕਿ ਕੀ ਕਰਨ ਦੀ ਲੋੜ ਹੈ ਤਾਂ ਜੋ ਉੱਚ ਸਿੱਖਿਆ ਦੀ ਨੈਤਿਕਤਾ, ਪਵਿੱਤਰਤਾ ਅਤੇ ਅਖੰਡਤਾ ਨੂੰ ਬਣਾਈ ਰੱਖਿਆ ਜਾ ਸਕੇ। ਸਾਨੂੰ ਰੁਕ ਕੇ ਸੋਚਣਾ ਪਵੇਗਾ ਕਿ ਉੱਚ ਸਿੱਖਿਆ ਆਪਣੇ ਵਿਦਿਆਰਥੀਆਂ ਨੂੰ ਇਸਦੇ ਅਸਲ ਰੂਪ ਵਿੱਚ ਕੀ ਦਿੰਦੀ ਹੈ। ਅੱਜ ਸਾਡੇ ਦੇਸ਼ ਵਿੱਚ ਜਿਸ ਤਰ੍ਹਾਂ ਦਾ ਸਿੱਖਿਆ ਮਾਡਲ ਅਪਣਾਇਆ ਜਾ ਰਿਹਾ ਹੈ, ਜਿਸ ਵਿੱਚ ਉੱਚ ਸਿੱਖਿਆ ਦਾ ਅਰਥ ਹੈ ਦਰਜਾਬੰਦੀ ਅਤੇ ਇੱਕ ਖੋਜ ਪ੍ਰਣਾਲੀ ਅਪਣਾਉਣ 'ਤੇ ਜ਼ੋਰ ਜੋ ਵੱਖ-ਵੱਖ ਸਿਤਾਰੇ ਪਾਉਂਦੀ ਹੈ, ਇਹ ਕਾਗਜ਼ 'ਤੇ ਉੱਚ ਦਰਜੇ ਦਾ ਦਿਖਾਈ ਦਿੰਦਾ ਹੈ। ਅਜਿਹੇ ਨਿਯਮਾਂ ਅਤੇ ਨਿਯਮਾਂ ਦੀ ਪਾਲਣਾ ਕਰਨ ਵਾਲੇ ਵਿਦਿਅਕ ਅਦਾਰੇ ਆਪਣੀ ਦਰਜਾਬੰਦੀ ਬਾਰੇ ਬਹੁਤ ਰੌਲਾ ਪਾਉਂਦੇ ਹਨ। ਇਸ ਦੇ ਆਧਾਰ 'ਤੇ, ਉਹ ਪੈਸਾ ਖਰਚ ਕਰਨ ਵਾਲੇ ਵਿਦਿਆਰਥੀਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਵਿੱਚ ਵੀ ਸਫਲ ਹੁੰਦੇ ਹਨ। ਪਰ ਇਨ੍ਹਾਂ ਵਿਦਿਅਕ ਅਦਾਰਿਆਂ ਦੇ ਵਿਦਿਆਰਥੀ ਨਾ ਤਾਂ ਰੁਜ਼ਗਾਰ ਬਾਜ਼ਾਰ ਵਿੱਚ ਆਪਣੀ ਯੋਗਤਾ ਸਾਬਤ ਕਰਨ ਦੇ ਯੋਗ ਹਨ ਅਤੇ ਨਾ ਹੀ ਉਨ੍ਹਾਂ ਦੀ ਖੋਜ ਨੂੰ ਉਦਯੋਗ ਵਿੱਚ ਕਿਸੇ ਉਪਯੋਗੀ ਮੰਨਿਆ ਜਾਂਦਾ ਹੈ। ਜੇਕਰ ਇਹ ਵਿਦਿਅਕ ਅਦਾਰੇ ਇੰਨੇ ਸਮਰੱਥ ਸਨ, ਤਾਂ ਉਨ੍ਹਾਂ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਵਿਦਿਆਰਥੀ ਅੱਜ ਤੱਕ ਗੂਗਲ, ਟਵਿੱਟਰ, ਟਿੱਕਟੋਕ, ਡੀਪਸੀਕ ਜਾਂ ਚੈਟਜੀਪੀਟੀ ਵਰਗਾ ਮਾਡਲ ਕਿਉਂ ਨਹੀਂ ਬਣਾ ਸਕੇ। ਭਾਰਤ ਵਿੱਚ ਆਈਫੋਨ ਕਿਉਂ ਨਹੀਂ ਬਣਾਇਆ ਗਿਆ, ਸਾਡੇ ਦੇਸ਼ ਵਿੱਚ ਸੂਰਜੀ ਊਰਜਾ ਤਕਨਾਲੋਜੀ ਕਿਉਂ ਵਿਕਸਤ ਨਹੀਂ ਕੀਤੀ ਗਈ ਕਿ ਦੁਨੀਆ ਇਸਦੀ ਪ੍ਰਸ਼ੰਸਾ ਕਰਦੀ। ਨਕਲ ਕਰਨਾ ਇੱਕ ਗੱਲ ਹੈ, ਆਲੋਚਨਾਤਮਕ ਸੋਚ ਨਾਲ ਕੁਝ ਖੋਜਣਾ ਦੂਜੀ ਗੱਲ ਹੈ। ਸਮੱਸਿਆ ਇਹ ਹੈ ਕਿ ਅੱਜ ਜੇਕਰ ਕੋਈ ਅਧਿਆਪਕ ਆਪਣੇ ਸੰਸਥਾਨ ਦੇ ਖੋਜ ਪ੍ਰਬੰਧਨ ਯੂਨਿਟ ਵਿੱਚ ਕੋਈ ਅਸਲੀ ਖੋਜ ਪ੍ਰਸਤਾਵ ਜਾਂ ਬੀਜ ਗ੍ਰਾਂਟ ਆਦਿ ਲਈ ਵਿਚਾਰ ਲੈ ਕੇ ਜਾਂਦਾ ਹੈ, ਤਾਂ ਉਸਨੂੰ ਇਹ ਕਹਿ ਕੇ ਝਿੜਕਿਆ ਜਾਂਦਾ ਹੈ ਕਿ ਇਹ ਅਮਰੀਕਾ ਵਿੱਚ ਨਹੀਂ ਹੋਇਆ, ਤੁਸੀਂ ਇਹ ਪ੍ਰਸਤਾਵ ਸਾਡੇ ਕੋਲ ਵਿਅਰਥ ਲਿਆਏ ਹੋ। ਅਸਲੀ ਸੋਚ ਅਤੇ ਅਸਲੀ ਖੋਜ ਬਾਰੇ ਇਸ ਨਕਾਰਾਤਮਕ ਸੋਚ ਦਾ ਨਤੀਜਾ ਇਹ ਹੈ ਕਿ ਸਾਡੀਆਂ ਜ਼ਿਆਦਾਤਰ ਯੂਨੀਵਰਸਿਟੀਆਂ ਸਿਰਫ਼ ਡਿਗਰੀਆਂ ਦੇਣ ਵਾਲੀਆਂ ਥਾਵਾਂ ਵਿੱਚ ਬਦਲ ਗਈਆਂ ਹਨ। ਯਾਦ ਰੱਖੋ ਕਿ ਏਆਈ ਤਕਨਾਲੋਜੀ ਅਸਲੀ ਸੋਚ ਦੀ ਥਾਂ ਨਹੀਂ ਲੈ ਸਕਦੀ। ਇਹ ਇੱਕ ਕੈਲਕੂਲੇਟਰ ਵਾਂਗ ਗਣਨਾ ਕਰ ਸਕਦੀ ਹੈ, ਇਸ ਵਿੱਚ ਸਟੋਰ ਕੀਤੇ ਡੇਟਾ ਦੀ ਯਾਦਦਾਸ਼ਤ ਦੇ ਅਧਾਰ ਤੇ ਇੱਕ ਪ੍ਰਸ਼ਨ ਦੇ ਕਈ ਉੱਤਰ ਦੇ ਸਕਦੀ ਹੈ, ਹਰ ਵਾਰ ਉਹਨਾਂ ਵਿੱਚ ਕੁਝ ਨਵਾਂ ਲਿਆ ਸਕਦੀ ਹੈ, ਪਰ ਜਦੋਂ ਇੱਕ ਨਵੀਂ ਸਥਿਤੀ ਵਿੱਚ ਅਸਲ ਹੱਲ ਸੁਝਾਉਣ ਦੀ ਗੱਲ ਆਉਂਦੀ ਹੈ, ਤਾਂ ਮਾਮਲਾ ਫਸ ਜਾਂਦਾ ਹੈ। ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ ਕਿ ਚੈਟਜੀਪੀਟੀ ਵਰਗੇ ਵੱਡੇ ਭਾਸ਼ਾ ਮਾਡਲਾਂ ਕੋਲ ਬਹੁਤ ਸਾਰਾ ਇਤਿਹਾਸਕ ਡੇਟਾ ਹੁੰਦਾ ਹੈ, ਪਰ ਉਹ ਇਤਿਹਾਸ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਨੂੰ ਸਹੀ ਢੰਗ ਨਾਲ ਨਹੀਂ ਸਮਝਦੇ। ਅਜਿਹੀ ਸਥਿਤੀ ਵਿੱਚ, ਉਹ ਜਾਂ ਤਾਂ ਪ੍ਰਸ਼ਨ ਦੀ ਭਾਸ਼ਾ ਅਤੇ ਉਪਲਬਧ ਡੇਟਾ ਦੇ ਅਧਾਰ ਤੇ ਜੋ ਤੁਸੀਂ ਸੁਣਨਾ ਚਾਹੁੰਦੇ ਹੋ ਉਸਦਾ ਨੇੜਲਾ ਜਵਾਬ ਦੇਣ ਦੀ ਕੋਸ਼ਿਸ਼ ਕਰਦੇ ਹਨ। ਇਹਨਾਂ ਮਾਡਲਾਂ ਤੋਂ ਕਿਸੇ ਵੀ ਅਸਲ ਜਵਾਬ ਦੀ ਉਮੀਦ ਕਰਨਾ ਵਿਅਰਥ ਹੈ।

# 'ਕਦੋਂ ਚੜ੍ਹੇਗਾ ਮਣੀਪੁਰ 'ਚ ਸ਼ਾਂਤੀ ਦਾ ਸੂਰਜ' ਦੇਸ਼ ਦੀ ਏਕਤਾ-ਅਖੰਡਤਾ ਦਾਅ 'ਤੇ !

3 ਮਈ, 2023 ਨੂੰ ਦੇਸ਼ ਦੇ ਪੂਰਬੀ-ਉੱਤਰ ਰਾਜ ਮਣੀਪੁਰ 'ਚ 'ਮੈਤੇਈ ਭਾਈਚਾਰੇ' ਨੂੰ ਐੱਸ. ਟੀ. ਦਾ ਦਰਜਾ ਦਿੱਤੇ ਜਾਣ 'ਤੇ ਹਾਈਕੋਰਟ ਦੇ ਹੁਕਮ ਦੇ ਵਿਰੁੱਧ 'ਕੁਕੀ' ਭਾਈਚਾਰੇ ਵਲੋਂ ਸਮਰਥਿਤ 'ਆਦਿਵਾਸੀ ਵਿਦਿਆਰਥੀ ਸੰਘ' ਵਲੋਂ ਕੱਢੇ ਗਏ 'ਇਕਜੁੱਟਤਾ ਮਾਰਚ' ਦੇ ਬਾਅਦ ਸੂਬੇ 'ਚ ਭੜਕੀ ਹਿੰਸਾ 2 ਸਾਲ ਬਾਅਦ ਵੀ ਜਾਰੀ ਹੈ।

ਇਸ 'ਚ ਹੁਣ ਤੱਕ 300 ਤੋਂ ਵੱਧ ਲੋਕਾਂ ਦੀ ਮੌਤ ਅਤੇ ਹਜ਼ਾਰਾਂ ਲੋਕ ਬੇਘਰ ਹੋ ਚੁੱਕੇ ਹਨ। ਇਸ ਹਿੰਸਾ ਦੌਰਾਨ ਸਮਾਜ ਵਿਰੋਧੀ ਤੱਤਾਂ ਨੇ ਪੁਲਸ ਦੇ ਅਸਲਾਖਾਨਿਆਂ ਤੋਂ ਗੋਲਾ-ਬਾਰੂਦ ਅਤੇ ਹਜ਼ਾਰਾਂ ਦੀ ਗਿਣਤੀ 'ਚ ਹਥਿਆਰ ਵੀ ਲੁੱਟੇ ਹਨ।

ਪਿਛਲੀ ਵਾਰ ਮਣੀਪੁਰ 'ਚ ਇਸ ਪੱਧਰ ਦੀ ਹਿੰਸਾ ਸਾਲ 1992 'ਚ ਹੋਈ ਸੀ ਜਦੋਂ 'ਨੈਸ਼ਨਲ ਸੋਸ਼ਲਿਸਟ ਕਾਊਂਸਿਲ ਆਫ ਨਾਗਾਲੈਂਡ' (ਇਸਾਕ ਮੁਈਵਾਹ) ਭਾਵ 'ਐੱਨ. ਐੱਸ. ਸੀ. ਐੱਨ. (ਆਈ. ਐੱਮ.)' ਅਤੇ 'ਕੁਕੀ ਭਾਈਚਾਰੇ' ਦੇ ਵਿਚਾਲੇ ਹੋਏ ਹਿੰਸਕ ਸੰਘਰਸ਼ 'ਚ 'ਕੁਕੀ' ਭਾਈਚਾਰੇ ਦੇ ਲਗਭਗ 100 ਲੋਕ ਮਾਰੇ ਗਏ ਸਨ।

ਹਾਲਾਂਕਿ 11 ਅਗਸਤ, 2023 ਨੂੰ ਲੋਕ ਸਭਾ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਸੀ ਕਿ ਮਣੀਪੁਰ 'ਚ ਜਲਦੀ ਹੀ ਸ਼ਾਂਤੀ ਦਾ ਸੂਰਜ ਜ਼ਰੂਰ ਚੜ੍ਹੇਗਾ ਅਤੇ ਉਨ੍ਹਾਂ ਦੇ ਉਸ ਬਿਆਨ 'ਤੇ ਸਦਨ 'ਚ ਮੌਜੂਦ ਜ਼ਿਆਦਾਤਰ ਸੰਸਦ ਮੈਂਬਰਾਂ ਨੇ ਮੇਜ਼ਾਂ ਥਪਥਪਾ ਕੇ ਖੁਸ਼ੀ ਜ਼ਾਹਿਰ ਕੀਤੀ ਸੀ ਅਤੇ ਉਨ੍ਹਾਂ ਨੂੰ ਆਪਣਾ ਸਮਰਥਨ ਦਿੱਤਾ ਸੀ ਪਰ ਮਣੀਪੁਰ ਨੂੰ ਸ਼ਾਂਤੀ ਦਾ ਸੂਰਜ ਚੜ੍ਹਨ ਦੀ ਅਜੇ ਵੀ ਉਡੀਕ ਹੈ।

ਪ੍ਰਧਾਨ ਮੰਤਰੀ ਦੀ ਆਵਾਜ਼ 'ਚ ਵੀ ਇਕ ਅਜਿਹਾ ਵਿਸ਼ਵਾਸ ਸੀ ਕਿ ਸਭ ਨੂੰ ਲੱਗਣ ਲੱਗਾ ਸੀ ਕਿ ਮਣੀਪੁਰ ਦੇ ਹਾਲਾਤ ਜਲਦੀ ਸੁਧਰ ਜਾਣਗੇ ਪਰ ਉਸ ਬਿਆਨ ਨੂੰ ਦਿੱਤੇ 2 ਸਾਲ ਪੂਰੇ ਹੋਣ ਨੂੰ ਹਨ ਅਤੇ ਇਹ ਰਾਜ ਵਾਰ-ਵਾਰ ਲੱਗਣ ਵਾਲੇ ਕਰਫਿਊ ਤੋਂ ਇਲਾਵਾ ਰਹਿ-ਰਹਿ ਕੇ ਭੜਕ ਉੱਠਣ ਵਾਲੀ ਹਿੰਸਾ ਦੀ ਅੱਗ 'ਚ ਸੁਲਗ ਰਿਹਾ ਹੈ।

18 ਅਕਤੂਬਰ, 2024 ਨੂੰ ਭਾਜਪਾ ਦੇ 19 ਵਿਧਾਇਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਭੇਜ ਕੇ ਮੁੱਖ ਮੰਤਰੀ 'ਐੱਨ. ਬੀਰੇਨ ਸਿੰਘ' ਨੂੰ ਹਟਾਉਣ ਦੀ ਮੰਗ ਕੀਤੀ ਅਤੇ 3 ਫਰਵਰੀ, 2025 ਨੂੰ ਮਣੀਪੁਰ ਦੇ ਪੰਚਾਇਤੀ ਰਾਜ ਮੰਤਰੀ 'ਯੁਮਨਾਮ ਖੇਮਚੰਦ ਸਿੰਘ' ਨੇ ਨਵੀਂ ਦਿੱਲੀ ਜਾ ਕੇ ਭਾਜਪਾ ਲੀਡਰਸ਼ਿਪ ਨੂੰ ਚਿਤਾਵਨੀ ਦਿੱਤੀ ਕਿ ਮੁੱਖ ਮੰਤਰੀ 'ਐੱਨ. ਬੀਰੇਨ ਸਿੰਘ' ਨੂੰ ਨਾ ਬਦਲਣ 'ਤੇ ਸਰਕਾਰ ਡਿੱਗਣ ਦੀ ਸੰਭਾਵਨਾ ਹੈ।



'ਐੱਨ. ਬੀਰੇਨ ਸਿੰਘ' ਵਲੋਂ 9 ਫਰਵਰੀ, 2025 ਨੂੰ ਅਸਤੀਫਾ ਦੇ ਦੇਣ ਦੇ ਬਾਅਦ 13 ਫਰਵਰੀ, 2025 ਨੂੰ ਰਾਜ 'ਚ ਰਾਸ਼ਟਰਪਤੀ ਰਾਜ ਲਗਾ ਦਿੱਤਾ ਗਿਆ। ਇਸ ਨੂੰ ਹੁਣ 6 ਮਹੀਨਿਆਂ ਲਈ ਹੋਰ ਵਧਾ ਦਿੱਤਾ ਗਿਆ ਹੈ ਜੋ 13 ਫਰਵਰੀ, 2026 ਤੱਕ ਲਾਗੂ ਰਹੇਗਾ।

ਕੇਂਦਰ ਸਰਕਾਰ ਨੇ ਇਹ ਫੈਸਲਾ ਸੂਬੇ 'ਚ ਭਾਜਪਾ ਵਿਧਾਇਕਾਂ ਵਲੋਂ ਬਹੁਮਤ ਦਾ ਦਾਅਵਾ ਅਤੇ ਸਰਕਾਰ ਗਠਨ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਲਿਆ ਹੈ ਜਦਕਿ 'ਮੈਤੇਈ' ਅਤੇ 'ਨਾਗਾ' ਵਿਧਾਇਕ ਸੂਬੇ 'ਚ ਸਰਕਾਰ ਬਣਾਉਣ ਲਈ ਇਕ ਮਹੀਨੇ ਤੋਂ ਮੁਹਿੰਮ ਚਲਾ ਰਹੇ ਹਨ। ਇਸ ਦੌਰਾਨ ਰਾਜ 'ਚ ਹਿੰਸਾ ਲਗਾਤਾਰ ਜਾਰੀ ਹੈ ਅਤੇ ਸੁਰੱਖਿਆ ਬਲਾਂ ਵਲੋਂ ਹਥਿਆਰ ਬਰਾਮਦ ਕਰਨ ਤੋਂ ਇਲਾਵਾ ਅੱਤਵਾਦੀ ਫੜੇ ਜਾ ਰਹੇ ਹਨ ਜਿਨ੍ਹਾਂ ਦੀਆਂ ਪਿਛਲੇ 7 ਦਿਨਾਂ ਦੀਆਂ ਕੁਝ ਉਦਾਹਰਣਾਂ ਹੇਠਾਂ ਦਰਜ ਹਨ :

24 ਜੁਲਾਈ ਨੂੰ ਰਾਜ 'ਚ ਪਾਬੰਦੀ ਲੱਗੇ ਸੰਗਠਨਾਂ ਦੇ 10 ਅੱਤਵਾਦੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ ਭਾਰੀ ਮਾਤਰਾ 'ਚ ਹਥਿਆਰ ਬਰਾਮਦ ਕੀਤੇ ਗਏ।

26 ਜੁਲਾਈ ਨੂੰ ਮਣੀਪੁਰ ਦੇ 5 ਜ਼ਿਲਿਆਂ 'ਚ ਨਾਲੋਂ-ਨਾਲ ਚਲਾਈਆਂ ਗਈਆਂ ਮੁਹਿੰਮਾਂ ਦੌਰਾਨ ਸੁਰੱਖਿਆਂ ਬਲਾਂ ਨੇ 5 ਅੱਤਵਾਦੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਕੋਲੋਂ 90 ਬੰਦੂਕਾਂ, 700 ਤੋਂ ਵੱਧ ਗੋਲਾ-ਬਾਰੂਦ ਅਤੇ ਧਮਾਕਾਖੇਜ਼ ਜ਼ਬਤ ਕੀਤਾ।

28 ਜੁਲਾਈ ਨੂੰ ਸੁਰੱਖਿਆ ਬਲਾਂ ਨੇ 3 ਪਾਬੰਦੀ ਲੱਗੇ ਸੰਗਠਨਾਂ ਦੇ 5 ਅੱਤਵਾਦੀਆਂ ਨੂੰ ਗ੍ਰਿਫਤਾਰ ਕੀਤਾ।

31 ਜੁਲਾਈ ਨੂੰ ਸੁਰੱਖਿਆ ਬਲਾਂ ਨੇ ਮਣੀਪੁਰ ਦੇ ਵੱਖ-ਵੱਖ ਹਿੱਸਿਆਂ ਤੋਂ ਪਾਬੰਦੀ ਲੱਗੇ ਸੰਗਠਨਾਂ ਦੇ 4 ਅੱਤਵਾਦੀਆਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ 'ਚੋਂ ਇਕ ਪਿਸਤੌਲ, ਮੈਗਜ਼ੀਨ, 3 ਡੈਟੋਨੇਟਰ, 2 ਰੇਡੀਓ ਸੈੱਟ, 1 ਆਈ. ਈ. ਡੀ. ਕੈਪ ਅਤੇ 3 ਦੇਸੀ ਮੋਰਟਾਰ ਬਰਾਮਦ ਕੀਤੇ।

ਪਿਛਲੇ 26 ਤੋਂ ਵੱਧ ਮਹੀਨਿਆਂ ਤੋਂ ਮਣੀਪੁਰ 'ਚ 'ਕੁਕੀ' ਅਤੇ 'ਮੈਤੇਈ' ਭਾਈਚਾਰਿਆਂ ਵਿਚਾਲੇ ਜਾਰੀ ਹਿੰਸਾ 'ਚ ਸ਼ਾਂਤੀ ਇਕ ਛਲਾਵਾ ਹੀ ਬਣੀ ਹੋਈ ਹੈ। ਅਜਿਹੇ ਹਾਲਾਤ 'ਚ ਲੋੜ ਇਸ ਗੱਲ ਦੀ ਹੈ ਕਿ ਜਲਦੀ ਤੋਂ ਜਲਦੀ ਸਾਰੀਆਂ ਧਿਰਾਂ ਦੇ ਨੇਤਾਵਾਂ ਨੂੰ ਨਾਲ ਲੈ ਕੇ ਰਾਜ 'ਚ ਸ਼ਾਂਤੀ ਸਥਾਪਨਾ ਦੀ ਕੋਸ਼ਿਸ਼ ਕੀਤੀ ਜਾਵੇ।

ਅਜਿਹਾ ਕਰਨਾ ਇਸ ਲਈ ਜ਼ਰੂਰੀ ਹੈ ਕਿਉਂਕਿ ਇਸ ਸਮੇਂ ਮਣੀਪੁਰ 'ਚ ਜਾਰੀ ਹਿੰਸਾ ਕਾਰਨ ਰਾਜ ਦੇ ਲੋਕਾਂ ਦੀ ਸੁਰੱਖਿਆ ਅਤੇ ਸੰਪਤੀ ਹੀ ਨਹੀਂ ਸਗੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਵੀ ਦਾਅ 'ਤੇ ਲੱਗੀ ਹੋਈ ਹੈ।

Dosanjh Family
AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
FREMONT CHEVROLET
CONCORD CHEVROLET

DUBLIN CADILLAC
FREMONT CADILLAC
ACURA OF CONCORD

DUBLIN BUICK GMC
FREMONT BUICK GMC
CONCORD NISSAN

DUBLIN KIA
STEVENS CREEK CHEVROLET
LIVERMORE TOYOTA

DUBLIN NISSAN
STEVENS CREEK CADILLAC
FREMONT FORD

DUBLIN INFINITI
FREMONT HYUNDAI